ਜਪੁਜੀ ਸਾਹਿਬ ਬਾਰੇ ਪ੍ਰਸ਼ਨ ਉੱਤਰ

ਪ੍ਰਸ਼ਨ ੧:ਜਪੁਜੀ ਸਾਹਿਬ ਕਿਹੜੇ ਗੁਰੂ ਸਾਹਿਬਾਨ ਜੀ ਨੇ ਉਚਾਰਨ ਕੀਤਾ ਅਤੇ ਕਿਸ ਅਸਥਾਨ ਤੇ ਕੀਤਾ ਹੈ ?

ਉੱਤਰ – ਜਪੁਜੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁਮੇਰ ਪਰਬਤ ਤੇ ਸਿੱਧਾਂ ਦੇ ਪ੍ਰਥਾਇ ਉਚਾਰਨ ਕੀਤਾ ਹੈ ।

ਪ੍ਰਸ਼ਨ ੨ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਪੁਜੀ ਸਾਹਿਬ ਜੀ ਦਾ ਕੀ ਨਾਮ ਹੈ ?

ਉੱਤਰ –ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਪੁਜੀ ਸਾਹਿਬ ਜੀ ਦਾ ਨਾਮ " ਜਪੁ '' ਹੈ ।

ਪ੍ਰਸ਼ਨ ੩ :ਜਪੁਜੀ ਸਾਹਿਬ ਦਾ ਨਿਤਨੇਮ ਕਿਸ ਵੇਲੇ ਕੀਤਾ ਜਾਂਦਾ ਹੈ ?

ਉੱਤਰ –ਜਪੁਜੀ ਸਾਹਿਬ ਦਾ ਨਿਤਨੇਮ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ ,ਜੇ ਨਿਤਨੇਮ ਤੋਂ ਬਗੈਰ ਜਪੁਜੀ ਸਾਹਿਬ ਜੀ ਦੇ ਪਾਠ ਕਰਨੇ ਹੋਣ ਤਾਂ ਕਿਸੇ ਵੇਲੇ ਵੀ ਕੀਤੇ ਜਾ ਸਕਦੇ ਹਨ ।

ਪ੍ਰਸ਼ਨ ੪ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੂਲ ਰੂਪ (ਮੂਲਮੰਤ੍ਰ) ਪੂਰਾ ਲਿਖੋ ?

ਉੱਤਰ – ਸ੍ਰੀ ਗੁਰੂ ਗ੍ਰੰਥ ਜੀ ਦਾ ਮੂਲ ਰੂਪ ਮੂਲਮੰਤਰ ਇਹ ਹੈ :-

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਜਪੁ ॥ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥ ਤਕ ਮੂਲਮੰਤਰ ਪੂਰਾ ਹੈ । ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇੱਕੋ ਵਾਰੀ ਮੁਢ ਵਿਚ ਲਿਖਾਇਆ ਹੈ ।

ਪ੍ਰਸ਼ਨ ੫: ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਾਂ ਮੰਤ੍ਰ ਕਿੱਥੇ ਤਕ ਲਿਖਾਇਆ ਹੈ ,ਤੇ ਕਿੰਨੀ ਵਾਰੀ ਲਿਖਾਇਆ ਤੇ ਕਿੰਨੇ ਰੂਪਾਂ ਵਿਚ ਲਿਖਾਇਆ ਹੈ ?

ਉੱਤਰ – ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਾਂ ਮੰਤ੍ਰ ਗੁਰਪ੍ਰਸਾਦਿ ॥ ਤਕ ਲਿਖਾਇਆ ਹੈ ਤੇ ੩੩ ਵਾਰੀ ਲਿਖਾਇਆ ਹੈ ਇਹ ਹੈ ।(੧) ੧ੳ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

(੨) ੧ੳ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥ ਇਹ ਮਹਾਂ ਮੰਤ੍ਰ ਦਾ ਛੋਟਾ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੮ ਵਾਰੀ ਲਿਖਾਇਆ ਹੈ ।

(੩) ੧ੳ ਸਤਿਨਾਮੁ ਗੁਰਪ੍ਰਸਾਦਿ ॥ ਇਹ ਮਹਾਂ ਮੰਤ੍ਰ ਦਾ ਉਸਤੋਂ ਵੀ ਛੋਟਾ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੨ ਵਾਰੀ ਲਿਖਾਇਆ ਹੈ ।

ਪ੍ਰਸ਼ਨ ੬ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੀਜ ਮੰਤਰ ਕਿੰਨੀ ਵਾਰੀ ਲਿਖਿਆ ਹੈ ?

ਉੱਤਰ –੧ੳ ਸਤਿਗੁਰ ਪ੍ਰਸਾਦਿ , ਇਹ ਬੀਜ ਮੰਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੫੨੪ ਵਾਰੀ ਲਿਖਾਇਆ ਹੈ ।

ਪ੍ਰਸ਼ਨ ੭ : ਮੂਲਮੰਤਰ ਅਤੇ ਮਹਾਂ ਮੰਤਰ ਬਾਰੇ ਵਿਸਥਾਰ ਨਾਲ ਦੱਸੋ ?

ਉੱਤਰ – ਮੂਲਮੰਤਰ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੂਲ ਰੂਪ ਹੈ , ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੁਢ ਵਿਚ ਇੱਕੋ ਵਾਰੀ ਲਿਖਿਆ ਹੈ , ਮੂਲ ਨਾਮ ਮੁਢ ਦਾ ਹੈ , ਜਿਸ ਤਰ੍ਹਾਂ ਹਰ ਬ੍ਰਿਛ ਦਾ ਮੁਢ ਇਕ ਹੀ ਹੁੰਦਾ ਹੈ , ਬਹੁਤੇ ਮੁਢ ਨਹੀਂ ਹੁੰਦੇ ਇਸੇ ਤਰ੍ਹਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁਢ ਇਕ ਮੂਲ ਮੰਤਰ ਹੀ ਹੈ ! ਤੇ ਦੂਜੀ ਗੱਲ ਇਹ ਹੈ ਕਿ ਮੂਲ ਮੰਤਰ ਦਾ ਏਕਾ (੧) ਨਾਨਕ ਹੋਸੀ ਭੀ ਸੱਚ , ਤੇ ਲੱਗਾ ਹੈ , ਅਤੇ ਪਉੜੀ ਦਾ ਏਕਾ (੧) ਉਸ ਤੋਂ ਅਗੇ ਹੈ । ਮਹਾ ਮੰਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੩੩ ਵਾਰੀ ਲਿਖਿਆ ਹੈ ।

ਜੇਕਰ ਮਹਾਂ ਮੰਤਰ ਨੂ ਮੂਲ ਮੰਤਰ ਮੰਨ ਲਿਆ ਜਾਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੩ ਮੁਢ ਮੰਨਣੇ ਪੈਣਗੇ , ਜੋ ਅਸੂਲਨ ਬਿਲਕੁਲ ਹੀ ਉਲਟ ਹੈ ,ਕਿਉਕਿ ਕਿਸੇ ਵੀ ਦ੍ਰਖ਼ਤ ਦੇ ਮੂਲ ਮੁਢ ੩੩ ਨਹੀਂ ਹੁੰਦੇ । ਜਪੁਜੀ ਸਾਹਿਬ ਜੀ ਦੇ ਮੁਢ ਅਤੇ ਸਮਾਪਤੀ ਤੇ ਦੋਵੇਂ ਵਾਰੀ ਹੀ (੧) ਏਕਾ ਸਿੱਧ ਕਰਦਾ ਹੈ ਕਿ ਸੁਰੂ ਵਿਚ ਏਕਾ ਮੂਲ ਮੰਤ੍ਰ ਦਾ ਹੈ ,ਅਤੇ ਸਮਾਪਤੀ ਤੇ (੧) ਏਕਾ ਸਲੋਕ ਦਾ ਜਣਾਇਕ ਹੈ ।

ਕਈ ਸੱਜਣ ; ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥ ਨੂੰ ਸਲੋਕ ਮੰਨਦੇ ਹਨ ਜੇ ਇਹ ਜਪੁਜੀ ਸਾਹਿਬ ਜੀ ਦੇ ਆਦਿ ਵਿਚ ਪਹਿਲਾ ਸਲੋਕ ਮੰਨ ਲਿਆ ਜਾਵੇ ਤਾਂ ਜਪੁਜੀ ਸਾਹਿਬ ਦੇ ਅੰਤ ਵਾਲੇ ਸਲੋਕ ਵਿਚ (੨) ਲਿਖਾਇਆ ਹੋਣਾ ਚਾਹੀਦਾ ਹੈ ,ਉੱਥੇ ਵੀ ਏਕਾ (੧) ਹੀ ਲਿਖਿਆ ਹੈ ।

ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਾਹਮਣੇ ਦਰਵਾਜੇ ਤੇ ਵੀ ਮੂਲ ਮੰਤ੍ਰ ੴ ਤੋਂ ਲੈ ਕੇ ਨਾਨਕ ਹੋ ਸੀ ਭੀ ਸੱਚ ॥ ੧ ॥ ਤੱਕ ਹੀ ਲਿਖਿਆ ਹੈ ।

ਸ੍ਰੀ ਅਕਾਲ ਤਖਤ ਸਾਹਿਬ ਜੀ ਤੇ ,ਬਾਬਾ ਦੀਪ ਸਿੰਘ ਜੀ ਸ਼ਹੀਦ ਜੀ ਦੇ ਸੀਸ ਉੱਪਰ ਸਜਾਉਣ ਵਾਲਾ ਚੱਕਰ ਸ਼ੁ-ਸ਼ੋਭਿਤ ਹੈ ਉਸ ਉੱਪਰ ਵੀ ਮੂਲ ਮੰਤਰ ੴ ਤੋਂ ਲੈ ਕੇ ਨਾਨਕ ਹੋਸੀ ਭੀ ਸਚੁ ॥੧॥ਤਕ ਹੀ ਲਿਖਿਆ ਹੈ ,ਉੱਥੇ ਸ਼ਾਮ ਨੂੰ ਰਹਿਰਾਸ ਸਾਹਿਬ ਜੀ ਦੇ ਪਾਠ ਤੋਂ ਬਾਅਦ ਜਦੋਂ ਸ਼ਸਤਰਾਂ ਦੇ ਦਰਸ਼ਨ ਕਰਾਉਦੇ ਹਨ ਤਾਂ ਦਸਦੇ ਹਨ ,ਕਿ ਇਹ ਚੱਕਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਸੀਸ ਉੱਪਰ ਸਜਾਉਣ ਵਾਲਾ ਹੈ ਇਸ ਵਿਚ ਪੂਰਾ ਮੂਲ ਮੰਤ੍ਰ ੴ ਤੋਂ ਲੈ ਕੇ ਨਾਨਕ ਹੋਸੀ ਭੀ ਸੱਚ ਤੱਕ ਲਿਖਿਆ ਹੈ । ਭਾਈ ਗੁਰਦਾਸ ਜੀ ਨੇ ੴ ਤੋਂ ਲੈ ਕੇ ਨਾਨਕ ਹੋਸੀ ਭੀ ਸਚੁ ॥੧॥ ਤੱਕ ਆਪਣੀਆਂ ਵਾਰਾਂ ਵਿਚ ਮੂਲ ਮੰਤਰ ਦਾ ਇਸ ਤਰਾਂ ਉਚਾਰਨ ਕੀਤਾਂ ਹੈ ,ਜੋ ਸਬ ਤੋਂ ਵੱਡਾ ਸਬੂਤ ਹੈ ।

ਓਕੰਕਾਰ ਇਕਾਗ ਲਿਖ ਊੜਾ ਓਅੰਕਾਰ ਲਿਖਾਇਆ ॥
ਸਤਿਨਾਮੁ ਕਰਤਾ ਪੁਰਖ ਨਿਰਭਉ ਹੁਇ ਨਿਰਵੈਰ ਸਦਾਇਆ ॥
ਅਕਾਲ ਮੂਰਤਿ ਪ੍ਰਤਖ ਸੋਇ ਨਾਉ ਅਜੂਨੀ ਸੈਭੰ ਭਾਇਆ ॥
ਗੁਰ ਪ੍ਰਸਾਦਿ ਸੁ ਆਦਿ ਸਚੁ ਜੁਗਹ ਜੁਗੰਤਰ ਹੋਦਾ ਆਇਆ ॥
ਹੈ ਭੀ ਹੋਸੀ ਸਚ ਨਾਉ ਸਚੁ ਦਰਸਨ ਸਤਿਗੁਰੂ ਦਿਖਾਇਆ ॥
ਸਬਦ ਸੁਰਤਿ ਲਿਵਲੀਣ ਹੁਇ ਗੁਰ ਚੇਲਾ ਪਰਚਾ ਪਰਚਾਇਆ ॥

ਪ੍ਰਸ਼ਨ ੮ : ੴ ਦਾ ਸੁਧ ਉਚਾਰਨ ਕਿਸ ਤਰ੍ਹਾਂ ਕੀਤਾ ਜਾਂਦਾ ਹੈ ?

ਉੱਤਰ – ੴ ਦਾ ਸੁਧ ਉਚਾਰਨ ਇਕ ਓਅੰਕਾਰ ਕੀਤਾ ਜਾਂਦਾ ਹੈ ।

ਪ੍ਰਸ਼ਨ ੯ : ੴ ਲਿਖਣ ਵਿਚ ਸ੍ਰੀ ਗੁਰੂ ਸਾਹਿਬ ਜੀ ਨੇ ਕਿਹੜੀ ਕਿਹੜੀ ਵਿਦਿਆ ਦੀ ਵਰਤੋਂ ਕੀਤੀ ਹੈ ?

ਉੱਤਰ – ੴ ਲਿਖਣ ਵਿਚ ਸ੍ਰੀ ਗੁਰੂ ਸਾਹਿਬ ਜੀ ਨੇ ਤਿੰਨ ਪ੍ਰਕਾਰ ਦੀ ਵਿਦਿਆ ਦੀ ਵਰਤੋਂ ਕੀਤੀ ਹੈ ।

੧ (ਇਕ ਅੰਕ) ਗਣਿਤ ਵਿਦਿਆ ਦਾ ਅੱਖਰ ਹੈ । ਓ , ਅੱਖਰ(ਪੰਜਾਬੀ) ਲਿਪੀ ਵਿਦਿਆ ਦਾ ਜਣਾਇਕ ਹੈ ।(ਕਾਰ) ਉਤਲੀ ਲਕੀਰ ਸੰਕੇਤ ਵਿਦਿਆ ਦਾ ਜਣਾਇਕ ਲਿਖਾਇਆ ਹੈ ।

ੴ ਦੇ ਅਰਥ ਸਮਝਣੇ ਜਰੂਰੀ ਹਨ । ੧ ਅਤੇ ਯਸ਼ ਦੋ ਵਖਰੇ-ਵਖਰੇ ਸ਼ਬਦ ਹਨ । ਜਗਤ ਦੇ ਸਿਰਜਣ ਹਾਰ ਪ੍ਰਭੂ ਜੀ ਦੇ ਦੋ ਰੂਪ ਹਨ ।ਇਕ ਨਿਰਾਕਾਰ ਤੇ ਦੂਜਾ ਸਾਕਾਰ । ਨਿਰਾਕਾਰ ਰੂਪ ਨਿਰਗੁਣ ਕਿਹਾ ਜਾਂਦਾ ਹੈ ,ਅਤੇ ਸਾਕਾਰ ਰੂਪ ਸਰਗੁਣ ਕਿਹਾ ਜਾਂਦਾ ਹੈ ।ਨਿਰਾਕਾਰ ਬ੍ਰਹਮ ਪ੍ਰਕਾਸ਼ ਰੂਪ ਤੇ ਸਰਬ ਬਿਆਪਕ ਹੈ ।ਸਾਕਾਰ ਰੂਪ, ਪ੍ਰਤੱਖ ਰੂਪ ਵਿਚ ਦਿਖਾਈ ਦੇਣ ਵਾਲਾ ਹੈ ,ਜਿਸ ਤਰ੍ਹਾਂ ਅਕਾਲ ਪੁਰਖ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਤੇ ਦਸਾਂ ਹੀ ਪਾਤਿਸ਼ਾਹੀਆਂ ਦਾ ਪ੍ਰਤਖ ਰੂਪ ਧਾਰ ਕੇ ਅਵਤਾਰ ਧਾਰਿਆ ਸੀ ।

ਪ੍ਰਸ਼ਨ ੧੦ :ਜਪੁਜੀ ਸਾਹਿਬ ਦੀਆਂ ਕਿੰਨੀਆਂ ਪਉੜੀਆਂ ਹਨ ?

ਉੱਤਰ – ਮੂਲ ਮੰਤਰ ਤੇ ਸਲੋਕ ਤੋਂ ਬਗੈਰ ਜਪੁਜੀ ਸਾਹਿਬ ਦੀਆਂ ਅਠੱਤੀ (੩੮) ਪੌੜੀਆਂ ਹਨ ।

ਪ੍ਰਸ਼ਨ ੧੧ : ਸਵੇਰੇ ਦੇ ਨਿਤਨੇਮ ਦੀਆਂ ਪੰਜ ਬਾਣੀਆਂ ਦੇ ਨਾਮ ਦੱਸੋ ?

ਉੱਤਰ – ਸਵੇਰੇ ਦੇ ਨਿਤਨੇਮ ਦੀਆਂ ਪੰਜਾ ਬਾਣੀਆਂ ਦੇ ਨਾਮ ਇਸ ਤਰ੍ਹਾਂ ਹਨ :- ਜਪੁਜੀ ਸਾਹਿਬ, ਜਾਪੁ ਸਾਹਿਬ , ਤ੍ਵਪ੍ਰਸਾਦਿ ਸਵਯੇ (ਸ੍ਰਾਵਗ ਸੁਧ ਵਾਲੇ),ਕਬਿਉ ਬਾਚ ਬੇਨਤੀ ਚੌਪਈ ,ਤੇ ਅਨੰਦ ਸਾਹਿਬ ੪੦ ਪਉੜੀਆਂ ।

ਪ੍ਰਸ਼ਨ ੧੨ : ਸ਼ਾਮ ਦੇ ਨਿਤਨੇਮ ਦੀਆਂ ਬਾਣੀਆਂ ਦੇ ਨਾਮ ਦੱਸੋ ?

ਉੱਤਰ – ਸ਼ਾਮ ਦੇ ਨਿਤਨੇਮ ਦੀਆਂ ਬਾਣੀਆਂ ਦੇ ਨਾਮ ਇਸ ਪ੍ਰਕਾਰ ਹਨ :- ਸੰਧਿਆ ਵੇਲੇ ਰਹਿਰਾਸ ਸਾਹਿਬ ਤੇ ਸੌਣ ਲਗਿਆਂ ਕੀਰਤਨ ਸੋਹਿਲੇ ਦੀ ਬਾਣੀ ਦਾ ਪਾਠ ਕਰਨਾ ਹੈ ।

ਪ੍ਰਸ਼ਨ ੧੩ : ਸਵੇਰ ਦੇ ਨਿਤਨੇਮ ਦੀਆਂ ਬਾਣੀਆਂ ਵਿੱਚੋਂ ਕਿਹੜੀ ਬਾਣੀ ਵਿਚ (ਅੱਠ) ਅੱਖਰ ਇੱਕਠੇ ਆਉਦੇ ਹਨ ?

ਉੱਤਰ – ਸਵੇਰ ਦੇ ਨਿਤਨੇਮ ਦੀਆਂ ਬਾਣੀਆਂ ਵਿੱਚੋਂ ਜਾਪੁ ਸਾਹਿਬ ਵਿਚ " ਸਰਬਾਭਰਣਾਡਯ " ਇਹ ਅੱਠ (੮) ਅੱਖਰ ਇਕੱਠੇ ਆਉਦੇ ਹਨ ।

ਪ੍ਰਸ਼ਨ ੧੪ : ਸਵੇਰ ਦੇ ਨਿਤਨੇਮ ਦੀ ਕਿਹੜੀ ਬਾਣੀ ਵਿਚ ਨਾਨਕ ਨਾਮ ਦਾ ਕੱਕਾ ਮੁਕਤਾ ਨਹੀਂ ਹੈ , ਉਸਨੂੰ ਔਂਕੜ ਜਾਂ ਕੰਨਾਂ ਜਰੂਰ ਲੱਗਾ ਹੈ ?

ਉੱਤਰ – ਸਵੇਰ ਦੇ ਨਿਤਨੇਮ ਦੀ ਬਾਣੀ ਅਨੰਦੁ ਸਾਹਿਬ ਵਿਚ ਜਿੰਨੇ ਨਾਨਕ ਲਿਖੇ ਹਨ , ਕੱਕੇ ਨੂੰ ਔਂਕੜ ਜਾਂ ਕੰਨਾ

ਜਰੂਰ ਲੱਗਾ ਹੈ ।

ਪ੍ਰਸਨ ੧੫ : ਅਨੰਦ ਸਾਹਿਬ ਵਿਚ 'ਕਹੈ ਨਾਨਕ' ਕਿੰਨੀਆਂ ਪਉੜੀਆਂ ਵਿਚ ਆਉਦਾ ਹੈ,ਤੇ ਕਿੰਨੀਆਂ ਵਿਚ ਨਹੀਂ ਆਉਦਾ ?

ਉੱਤਰ – ਅਨੰਦ ਸਾਹਿਬ ਵਿਚ 'ਕਹੈ ਨਾਨਕ' ਅਠੱਤੀ ਪਉੜੀਆਂ ਵਿਚ ਆਉਦਾ ਹੈ, ਤੇ ਦੋ ਪਉੜੀਆਂ ਵਿਚ ਕਹੈ ਨਾਨਕ ਨਹੀਂ ਲਿਖਿਆ ਹੈ । ਤੀਹਵੀਂ ਅਤੇ ਚਾਲੀਹਵੀਂ ਪਉੜੀ ਵਿਚ ਇਸ ਤਰ੍ਹਾਂ ਪੰਗਤੀ ਲਿਖੀ ਹੈ :-

'ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ ਜਿਨ ਹਰਿ ਪਲੈ ਪਾਇ ॥੩੦॥ ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥'

ਪ੍ਰਸ਼ਨ ੧੬ : ਜਪੁਜੀ ਸਾਹਿਬ ਦੀਆਂ ਕਿਹੜੀਆਂ ਕਿਹੜੀਆਂ ਪਉੜੀਆਂ ਵਿਚ ਨਾਨਕ ਨਾਮ ਲਿਖਿਆ ਨਹੀ ਆਉਂਦਾ ?

ਉੱਤਰ – ਜਪੁਜੀ ਸਾਹਿਬ ਦੀਆਂ (੧੨)ਪੌੜੀਆਂ ਵਿਚ ਨਾਨਕ ਨਾਮ ਲਿਖਿਆ ਨਹੀ ਅਉਂਦਾ ਉਹ ਪੌੜੀਆਂ ਇਹ ਹਨ ।:- ੬ ਵੀਂ,੧੨ ਵੀਂ,੧੩ ਵੀਂ, ੧੪ਵੀਂ,੧੬ਵੀਂ,੧੭ਵੀਂ,੧੯ਵੀਂ,੨੩ਵੀਂ,੨੮ਵੀਂ,੨੯ਵੀਂ,੩੦ਵੀਂ,੩੬ਵੀਂ, ।

ਪ੍ਰਸ਼ਨ ੧੭ : ਜਪੁਜੀ ਸਾਹਿਬ ਦੀਆਂ ਕਿਹੜੀਆਂ ਕਿਹੜੀਆਂ ਪਉੜੀਆਂ ਵਿਚ ਦੋ ਦੋ ਵਾਰੀ ਨਾਨਕ ਨਾਮ ਲਿਖਿਆ ਅਉਦਾ ਹੈ ?

ਉੱਤਰ – ਜਪੁਜੀ ਸਾਹਿਬ ਦੀ ਇੱਕੀਵੀਂ (੨੧) ਅਤੇ ਸਤਾਈਵੀਂ (੨੭) ਪੌੜੀ ਵਿਚ ਦੋ ਦੋ ਵਾਰੀ ਨਾਨਕ ਨਾਮ ਲਿਖਿਆ ਆਉਂਦਾ ਹੈ ।

ਪ੍ਰਸ਼ਨ ੧੮ : ਜਪੁਜੀ ਸਾਹਿਬ ਵਿਚ ਕਿਸ ਪਉੜੀ ਦੇ ਇੱਕੋ ਪੰਗਤੀ ਵਿਚ ਸਤ (੭) ਸੱਸੇ ਆਉਦੇ ਹਨ ?

ਉੱਤਰ – ਜਪੁਜੀ ਸਾਹਿਬ ਦੀ ਸਤਾਈਵੀਂ (੨੭) ਪਉੜੀ ਦੀ ਸੋਈ ਸੋਈ ਵਾਲੀ ਪੰਗਤੀ ਵਿਚ ਸਤ (੭) ਸੱਸੇ ਇੱਕੋ ਪੰਗਤੀ ਵਿਚ ਆਉਂਦੇ ਹਨ ।

ਪ੍ਰਸਨ ੧੯: ਜਪੁਜੀ ਸਾਹਿਬ ਦੀ ਕਿਹੜੀ ਕਿਹੜੀ ਪਉੜੀ ਵਿਚ ਇੱਕੋ ਇੱਕੋ ਪੰਗਤੀ ਵਿਚ ਚਾਰ ਚਾਰ ਪੱਪੇ ਆਉਂਦੇ ਹਨ ?

ਉੱਤਰ – ਜਪੁਜੀ ਸਾਹਿਬ ਦੀ ੧੬ ਵੀ ਪਉੜੀ ਦੀ "ਪੰਚ ਪਰਵਾਣ ਵਾਲੀ ਪੰਗਤੀ ਅਤੇ ੧੮ ਵੀ ਪਉੜੀ ਦੀ ਅਸੰਖ ਪਾਪੀ ਪਾਪ ਕਰਿ ਜਾਹਿ " ਵਾਲੀ ਪੰਗਤੀ ਵਿਚ ਚਾਰ ਚਾਰ ਪੱਪੇ ਆਉਦੇ ਹਨ ।

ਪ੍ਰਸ਼ਨ ੨੦: ਜਪੁਜੀ ਸਾਹਿਬ ਵਿਚ ਨਾਨਕ ਨਾਮ ਲਿਖਿਆ ਕਿੰਨੀ ਵਾਰੀ ਆਉਦਾ ਹੈ ?

ਉੱਤਰ – ਜਪੁਜੀ ਸਾਹਿਬ ਵਿਚ ਨਾਨਕ ਨਾਮ ਲਿਖਿਆ ੩੦ ਵਾਰੀ ਆਉਦਾ ਹੈ ।

ਪ੍ਰਸ਼ਨ ੨੧: ਜਪੁਜੀ ਸਾਹਿਬ ਵਿਚ ਇਕੱਲਾ (ਨੋ) ਕਿਸ ਪਉੜੀ ਵਿਚ ਆਇਆ ਹੈ ?

ਉੱਤਰ – ਜਪੁਜੀ ਸਾਹਿਬ ਵਿਚ ਇਕੱਲਾ (ਨੋ) ੨੫ ਵੀਂ ਪਉੜੀ ਵਿਚ ਇਕ ਵਾਰੀ ਆਇਆ ਹੈ ।

ਪ੍ਰਸ਼ਨ ੨੨: ਜਪੁਜੀ ਸਾਹਿਬ ਵਿਚ ਇਕੱਲਾ (ਹੀ) ਕਿਹੜੀ ਪਉੜੀ ਵਿਚ ਆਇਆ ਹੈ ?

ਉੱਤਰ – ਜਪੁਜੀ ਸਾਹਿਬ ਵਿਚ ਇਕੱਲਾ (ਹੀ) ੨੦ ਵੀਂ ਪਉੜੀ ਵਿਚ ਇਕ ਵਾਰੀ ਆਇਆ ਹੈ ।

ਪ੍ਰਸ਼ਨ ੨੩: ਜਪੁਜੀ ਸਾਹਿਬ ਵਿਚ ਇਕੱਲਾ (ਤੈ) ਕਿਹੜੀ ਪਉੜੀ ਵਿਚ ਆਇਆ ਹੈ ?

ਉੱਤਰ – ਜਪੁਜੀ ਸਾਹਿਬ ਵਿਚ ਟਿਕੱਲਾ (ਤੈ) ੨੬ ਵੀਂ ਪਉੜੀ ਵਿਚ ਇਕ ਵਾਰੀ ਆਇਆ ਹੈ ।

ਪ੍ਰਸ਼ਨ ੨੪: ਜਪੁਜੀ ਸਾਹਿਬ ਵਿਚ ਇਕੱਲਾ (ਸੇ) ਕਿਹੜੀ ਪਉੜੀ ਵਿਚ ਆਇਆ ਹੈ ?

ਉੱਤਰ – ਜਪੁਜੀ ਸਾਹਿਬ ਵਿਚ ਇਕੱਲਾ (ਸੇ) ੨੭ਵੀਂ ਪਉੜੀ ਵਿਚ ਇਕ ਵਾਰੀ ਆਇਆ ਹੈ ।

ਪ੍ਰਸ਼ਨ ੨੫: ਜਪੁਜੀ ਸਾਹਿਬ ਵਿਚ ਇਕੱਲਾ (ਧੂ) ਕਿਹੜੀ ਪਉੜੀ ਵਿਚ ਆਇਆ ਹੈ ? ०००

ਉੱਤਰ – ਜਪੁਜੀ ਸਾਹਿਬ ਵਿਚ ਇਕੱਲਾ (ਧੂ) ੩੫ ਵੀਂ ਪਉੜੀ ਵਿਚ ਇਕ ਵਾਰੀ ਆਇਆ ਹੈ । ०००

ਪ੍ਰਸ਼ਨ ੨੬: ਜਪੁਜੀ ਸਾਹਿਬ ਵਿਚ ਇਕੱਲਾ (ਹੈ) ਕਿਹੜੀ ਪਉੜੀ ਵਿਚ ਆਇਆ ਹੈ ?

ਉੱਤਰ – ਜਪੁਜੀ ਸਾਹਿਬ ਵਿਚ ਇਕੱਲਾ (ਹੈ) ਮੂਲ ਮੰਤਰ ਤੇ ੨੭ ਵੀਂ ਪਉੜੀ ਵਿਚ ਇਕ – ਇਕ ਵਾਰੀ ਆਇਆ ਹੈ ।

ਪ੍ਰਸ਼ਨ ੨੭: ਜਪੁਜੀ ਸਾਹਿਬ ਵਿਚ ਇਕੱਲਾ (ਭੀ) ਕਿਹੜੀ ਪਉੜੀ ਵਿਚ ਆਇਆ ਹੈ ?

ਉੱਤਰ – ਜਪੁਜੀ ਸਾਹਿਬ ਵਿਚ ਇਕੱਲਾ (ਭੀ)ਦੋ ਵਾਰੀ ਮੂਲ ਮੰਤਰ ਵਿਚ ਤੇ ਇਕ ਵਾਰੀ ੨੭ ਵੀ ਪਉੜੀ ਵਿਚ ਆਇਆ ਹੈ ।

ਪ੍ਰਸ਼ਨ ੨੮ ਜਪੁਜੀ ਸਾਹਿਬ ਵਿਚ ਇਕੱਲਾ (ਭਿ) ਕਿਹੜੀ ਪਉੜੀ ਵਿਚ ਆਇਆ ਹੈ ?

ਉੱਤਰ – ਜਪੁਜੀ ਸਾਹਿਬ ਵਿਚ ਇਕੱਲਾ (ਭਿ) ਦੋ ਵਾਰੀ ੨੫ ਵੀਂ ਪਉੜੀ ਵਿਚ ਆਇਆ ਹੈ ।

ਪ੍ਰਸ਼ਨ ੨੯: ਜਪੁਜੀ ਸਾਹਿਬ ਵਿਚ ਇਕੱਲਾ (ਸੀ) ਕਿਹੜੀ ਪਉੜੀ ਵਿਚ ਆਇਆ ਹੈ ?

ਉੱਤਰ – ਜਪੁਜੀ ਸਾਹਿਬ ਵਿਚ ਇਕੱਲਾ (ਸੀ) ੨੧ ਵੀਂ ਤੇ ੨੫ ਵੀਂ ਪਉੜੀ ਵਿਚ ਇਕ– ਇਕ ਵਾਰੀ ਆਇਆ ਹੈ ।

ਪ੍ਰਸ਼ਨ ੩੦: ਜਪੁਜੀ ਸਾਹਿਬ ਵਿਚ ਇਕੱਲਾ(ਸੁ) ਕਿਹੜੀ ਪਉੜੀ ਵਿਚ ਆਇਆ ਹੈ ?

ਉੱਤਰ – ਜਪੁਜੀ ਸਾਹਿਬ ਵਿਚ ਇਕੱਲਾ (ਸੁ) ੨੦ਵੀਂ –੨੧ਵੀਂ ਤੇ ੩੧ਵੀਂ ਪਉੜੀ ਵਿਚ ਇਕ – ਇਕ ਵਾਰੀ ਆਇਆ ਹੈ ।

ਪ੍ਰਸ਼ਨ ੩੧: ਜਪੁਜੀ ਸਾਹਿਬ ਵਿਚ ਇਕੱਲਾ(ਸੋ) ਕਿਹੜੀ ਪਉੜੀ ਵਿਚ ਆਇਆ ਹੈ ?

ਉੱਤਰ – ਜਪੁਜੀ ਸਾਹਿਬ ਵਿਚ ਇਕੱਲਾ(ਸੋ)੫ ਵੀਂ –੬ਵੀਂ ਪਉੜੀ ਵਿਚ ਇਕ ਇਕ ਵਾਰੀ ਤੇ ੨੩ਵੀਂ ਪਉੜੀ

ਵਿਚ ਤਿੰਨ ਵਾਰੀ ਆਇਆ ਹੈ ।

ਪ੍ਰਸ਼ਨ ੩੨: ਜਪੁਜੀ ਸਾਹਿਬ ਵਿਚ ਇਕੱਲਾ (ਤ) ਕਿਹੜੀ ਪਉੜੀ ਵਿਚ ਆਇਆ ਹੈ ?

ਉੱਤਰ - ਜਪੁਜੀ ਸਾਹਿਬ ਵਿਚ ਇਕੱਲਾ (ਤ)੧ ਪਹਿਲੀ -੨ਦੂਸਰੀ ੭ ਵੀਂ ੨੨ ਵੀਂ ਤੇ ੩੭ ਵੀਂ ਇਹਨਾ ਪਉੜੀਆਂ ਵਿਚ ਇਕ ਇਕ ਵਾਰੀ ਆਇਆ ਹੈ ।

ਪ੍ਰਸ਼ਨ ੩੩: ਜਪੁਜੀ ਸਾਹਿਬ ਵਿਚ ਇਕੱਲਾ(ਤੂ) ਕਿਹੜੀ ਪਉੜੀ ਵਿਚ ਆਇਆ ਹੈ ?

ਉੱਤਰ - ਜਪੁਜੀ ਸਾਹਿਬ ਵਿਚ ਇਕੱਲਾ (ਤੂ) ੧੬ਵੀਂ ੧੭ ਵੀਂ ੧੮ ਵੀਂ - ਤੇ ੧੯ ਵੀਂ ਇਹਨਾ ਪਉੜੀਆਂ ਵਿਚ ਇਕ ਇਕ ਵਾਰੀ ਆਇਆ ਹੈ ।

ਪ੍ਰਸ਼ਨ ੩੪: ਜਪੁਜੀ ਸਾਹਿਬ ਵਿਚ ਇਕੱਲਾ (ਤਾ) ਕਿਹੜੀ ਕਿਹੜੀ ਪਉੜੀ ਵਿਚ ਆਇਆ ਹੈ ?

ਉੱਤਰ- ਜਪੁਜੀ ਸਾਹਿਬ ਵਿਚ ਇਕੱਲਾ (ਤਾ) ੨੪ ਵੀਂ ੩੬ ਵੀਂ ੩੭ ਵੀਂ ਪਉੜੀ ਵਿਚ ਇਕ ਇਕ ਵਾਰੀ ਤੇ ੨੬ਵੀ ਪਉੜੀ ਵਿਚ ਦੋ ਵਾਰੀ ਆਇਆ ਹੈ ।

ਪ੍ਰਸ਼ਨ ੩੫: ਜਪੁਜੀ ਸਾਹਿਬ ਵਿਚ ਇਕੱਲਾ (ਤੇ) ਕਿਹੜੀ ਕਿਹੜੀ ਪਉੜੀ ਵਿਚ ਆਇਆ ਹੈ ?

ਉੱਤਰ - ਜਪੁਜੀ ਸਾਹਿਬ ਵਿਚ ਇਕੱਲਾ (ਤੇ) ਦੋ ਵਾਰੀ ੧੬ਵੀਂ ਪਉੜੀ ਤੇ ਇਕ ਵਾਰੀ ਸਲੋਕ ਵਿਚ ਆਇਆ ਹੈ ।

ਪ੍ਰਸ਼ਨ ੩੬: ਜਪੁਜੀ ਸਾਹਿਬ ਵਿਚ ਇਕੱਲਾ (ਦੇ) ਕਿੰਨੀ ਵਾਰੀ ਆਇਆ ਹੈ ?

ਉੱਤਰ- ਜਪੁਜੀ ਸਾਹਿਬ ਵਿਚ ਇਕੱਲਾ (ਦੇ) ੩ (ਤੀਜੀ)੭ ਵੀਂ-੨੦ ਵੀਂ ਪਉੜੀ ਵਿਚ ਇਕ ਇਕ ਵਾਰੀ ਆਇਆ ਹੈ ।

ਪ੍ਰਸ਼ਨ ੩੭: ਜਪੁਜੀ ਸਾਹਿਬ ਵਿਚ ਇਕੱਲਾ (ਲੈ) ਕਿੰਨੀ ਵਾਰੀ ਆਇਆ ਹੈ ?

ਉੱਤਰ - ਜਪੁਜੀ ਸਾਹਿਬ ਵਿਚ ਇਕੱਲਾ (ਲੈ) ੫ ਵੀਂ- ੨੦ ਵੀਂ-੨੬ ਵੀਂ ਪਉੜੀ ਵਿਚ ਇਕ ਇਕ ਵਾਰੀ , ਤੇ ੨੫ ਪਉੜੀ ਵਿਚ ਦੋ ਵਾਰੀ ਆਇਆ ਹੈ ।

ਪ੍ਰਸ਼ਨ ੩੮: ਜਪੁਜੀ ਸਾਹਿਬ ਵਿਚ ਇਕੱਲਾ (ਦੀ) ਕਿੰਨੀ ਵਾਰੀ ਆਇਆ ਹੈ ?

ਉੱਤਰ - ਜਪੁਜੀ ਸਾਹਿਬ ਵਿਚ ਇਕੱਲਾ (ਦੀ) ੨੭ ਵੀਂ- ੩੦ ਵੀਂ ਪਉੜੀ ਵਿਚ ਇਕ ਇਕ ਵਾਰੀ ਆਇਆ ਹੈ ।

ਪ੍ਰਸ਼ਨ ੩੯: ਜਪੁਜੀ ਸਾਹਿਬ ਵਿਚ ਇਕੱਲਾ (ਮੈ) ਕਿਹੜੀ ਕਿਹੜੀ ਪਉੜੀ ਵਿਚ ਆਇਆ ਹੈ ?

ਉੱਤਰ - ਜਪੁਜੀ ਸਾਹਿਬ ਵਿਚ ਇਕੱਲਾ (ਮੈ) ੫ ਵੀਂ- ੬ਵੀਂ-੨੧ਵੀਂ ਤੇ ੨੭ਵੀਂ ਪਉੜੀ ਵਿਚ ਇਕ ਇਕ ਵਾਰੀ ਆਇਆ ਹੈ ।

ਪ੍ਰਸ਼ਨ ੪੦: ਜਪੁਜੀ ਸਾਹਿਬ ਵਿਚ ਇਕੱਲਾ (ਜਾ) ਕਿੰਨੀ ਵਾਰੀ ਆਇਆ ਹੈ ?

ਉੱਤਰ - ਜਪੁਜੀ ਸਾਹਿਬ ਵਿਚ ਇਕੱਲਾ (ਜਾ) ੨੧ ਵੀਂ- ੨੯ ਵੀਂ ਪਉੜੀ ਵਿਚ ਇਕ ਇਕ ਵਾਰੀ ਆਇਆ ਹੈ ।

ਪ੍ਰਸ਼ਨ ੪੧: ਜਪੁਜੀ ਸਾਹਿਬ ਵਿਚ ਇਕੱਲਾ (ਜਿ) ਕਿੰਨੀ ਵਾਰੀ ਆਇਆ ਹੈ ?

ਉੱਤਰ - ਜਪੁਜੀ ਸਾਹਿਬ ਵਿਚ ਇਕੱਲਾ (ਜਿ) ੨੧ ਵੀਂ ਪਉੜੀ ਵਿਚ ਦੋ ਵਾਰੀ ਤੇ ੨੯ ਵੀਂ ਪਉੜੀ ਵਿਚ ਇਕ ਵਾਰੀ ਆਇਆ ਹੈ ।

ਪ੍ਰਸ਼ਨ ੪੨: ਜਪੁਜੀ ਸਾਹਿਬ ਵਿਚ ਇਕੱਲਾ (ਜੋ) ਕਿੰਨੀ ਵਾਰੀ ਆਇਆ ਹੈ ?

ਉੱਤਰ - ਜਪੁਜੀ ਸਾਹਿਬ ਵਿਚ ਇਕੱਲਾ (ਜੋ) ੧੬ ਵੀਂ- ੧੭ ਵੀਂ-੧੮ ਵੀਂ-੧੯ ਵੀਂ-੩੧ ਵੀਂ ਪਉੜੀ ਵਿਚ ਇਕ ਇਕ ਵਾਰੀ ਤੇ ੧੭ਵੀਂ ਪਉੜੀ ਵਿਚ ਦੋ ਵਾਰੀ ਆਇਆ ਹੈ ।

ਪ੍ਰਸ਼ਨ ੪੩: ਜਪੁਜੀ ਸਾਹਿਬ ਵਿਚ ਇਕੱਲਾ (ਜੇ) ਕਿੰਨੀ ਵਾਰੀ ਆਇਆ ਹੈ ?

ਉੱਤਰ - ਜਪੁਜੀ ਸਾਹਿਬ ਵਿਚ ਇਕੱਲਾ (ਜੇ) ੨੩ ਵਾਰੀ ਆਇਆ ਹੈ ।

ਪ੍ਰਸ਼ਨ ੪੪: ਜਪੁਜੀ ਸਾਹਿਬ ਵਿਚ ਇਕੱਲਾ (ਕਿ)ਕਿੰਨੀ ਵਾਰੀ ਆਇਆ ਹੈ ?

ਉੱਤਰ - ਜਪੁਜੀ ਸਾਹਿਬ ਵਿਚ ਇਕੱਲਾ ਇਕੱਲਾ (ਕਿ) ਇਕ ਵਾਰੀ ਚੌਥੀ ਪਉੜੀ ਵਿਚ ਤੇ ਦੋ ਵਾਰੀ ੬ਵੀਂ ਪਉੜੀ ਵਿਚ ਆਇਆ ਹੈ ।

ਪ੍ਰਸ਼ਨ ੪੫: ਜਪੁਜੀ ਸਾਹਿਬ ਵਿਚ ਇਕੱਲਾ (ਕੈ)ਕਿੰਨੀ ਵਾਰੀ ਆਇਆ ਹੈ ?

ਉੱਤਰ - ਜਪੁਜੀ ਸਾਹਿਬ ਵਿਚ ਇਕੱਲਾ (ਕੈ) ੭ ਵੀਂ- ੧੩ ਵੀਂ -੧੬ ਵੀਂ-੩੭ ਵੀਂ ਇਹਨਾਂ ਪਉੜੀਆਂ ਵਿਚ ਇਕ ਇਕ ਵਾਰੀ ਤੇ ੨੦ ਵੀਂ ਪਉੜੀ ਵਿਚ ਦੋ ਵਾਰੀ ਆਇਆ ਹੈ ।

ਪ੍ਰਸ਼ਨ ੪੬: ਜਪੁਜੀ ਸਾਹਿਬ ਵਿਚ ਇਕੱਲਾ (ਕਾ)ਕਿੰਨੀ ਵਾਰੀ ਆਇਆ ਹੈ ?

ਉੱਤਰ - ਜਪੁਜੀ ਸਾਹਿਬ ਵਿਚ ਇਕੱਲਾ (ਕਾ) ੧੪ ਵਾਰੀ ਆਇਆ ਹੈ ।

ਪ੍ਰਸ਼ਨ ੪੭: ਜਪੁਜੀ ਸਾਹਿਬ ਵਿਚ ਇਕੱਲਾ (ਕੀ)ਕਿੰਨੀ ਵਾਰੀ ਆਇਆ ਹੈ ?

ਉੱਤਰ - ਜਪੁਜੀ ਸਾਹਿਬ ਵਿਚ ਇਕੱਲਾ (ਕੀ) ੯ ਵਾਰੀ ਆਇਆ ਹੈ ।

ਪ੍ਰਸ਼ਨ ੪੮: ਜਪੁਜੀ ਸਾਹਿਬ ਵਿਚ ਇਕੱਲਾ ‘ਕੇ’ ਕਿੰਨੀ ਵਾਰੀ ਆਇਆ ਹੈ ?

ਉੱਤਰ - ਜਪੁਜੀ ਸਾਹਿਬ ਵਿਚ ਇਕੱਲਾ 'ਕੇ' ੧੧ ਵਾਰੀ ਆਇਆ ਹੈ ।

ਪ੍ਰਸ਼ਨ ੪੯: ਜਪੁਜੀ ਸਾਹਿਬ ਵਿਚ ਇਕੱਲਾ (ਕੋ) ਕਿੰਨੀ ਵਾਰੀ ਆਇਆ ਹੈ ?

ਉੱਤਰ - ਜਪੁਜੀ ਸਾਹਿਬ ਵਿਚ ਇਕੱਲਾ (ਕੋ) ੨੪ ਵਾਰੀ ਆਇਆ ਹੈ ।

ਪ੍ਰਸ਼ਨ ੫੦: ਜਪੁਜੀ ਸਾਹਿਬ ਵਿਚ ਇਕੱਲਾ (ਨ) ਨੰਨਾ ਕਿੰਨੀ ਵਾਰੀ ਆਇਆ ਹੈ ?

ਉੱਤਰ- ਜਪੁਜੀ ਸਾਹਿਬ ਵਿਚ ਇਕੱਲਾ (ਨ) ਨੰਨਾ ੬੯ ਵਾਰੀ ਆਇਆ ਹੈ ।

ਪ੍ਰਸ਼ਨ ੫੧: ਜਪੁਜੀ ਸਾਹਿਬ ਵਿਚ ਇਕੱਲਾ (ਨਾ) ਕਿੰਨੀ ਵਾਰੀ ਆਇਆ ਹੈ ?

ਉੱਤਰ - ਜਪੁਜੀ ਸਾਹਿਬ ਵਿਚ ਇਕੱਲਾ (ਨਾ) ੧੩ ਵੀਂ- ੨੫ਵੀਂ -੩੬ਵੀਂ-੩੭ਵੀਂ ਇਹਨਾਂ ਪਉੜੀਆਂ ਵਿਚ ਇਕ ਇਕ ਵਾਰੀ ਤੇ ੨੧ ਵੀਂ ਪਉੜੀ ਵਿਚ ਦੋ ਵਾਰੀ ਆਇਆ ਹੈ ।

ਪ੍ਰਸ਼ਨ ੫੨: ਜਪੁਜੀ ਸਾਹਿਬ ਦੀ ਕਿਹੜੀ ਪਉੜੀ ਵਿਚ ਇਕੱਲਾ ਅੱਖਰ ਕੋਈ ਨਹੀਂ ਆਇਆ ?

ਉੱਤਰ - ਜਪੁਜੀ ਸਾਹਿਬ ਦੀ ੩੮ਵੀਂ ਪਉੜੀ ਵਿਚ ਇਕੱਲਾ ਅੱਖਰ ਕੋਈ ਨਹੀਂ ਆਇਆ ।

ਪ੍ਰਸ਼ਨ ੫੩: ਜਪਜੀ ਸਾਹਿਬ ਵਿਚ ਕਿੰਨੀਆਂ ਬਿੰਦੀਆਂ ਆਉਦੀਆਂ ਹਨ ?

ਉੱਤਰ - ਜਪਜੀ ਸਾਹਿਬ ਵਿਚ ਇਕ ਬਿੰਦੀ ੩੮ ਵੀਂ ਪਉੜੀ ਵਿਚ 'ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥'ਇੱਥੇ ਇਕ ਬਿੰਦੀ ਆਈ ਹੈ ।

ਪ੍ਰਸ਼ਨ ੫੪: ਰਹਿਰਾਸ ਸਾਹਿਬ ਵਿਚ ਕਿੰਨੇ ਰਹਾਉ ਆਉਂਦੇ ਹਨ ?

ਉੱਤਰ - ਰਹਿਰਾਸ ਸਾਹਿਬ ਵਿਚ ਅੱਠ (੮) ਰਹਾਉ ਆਉਦੇ ਹਨ ।

ਪ੍ਰਸ਼ਨ ੫੫: ਰਹਿਰਾਸ ਸਾਹਿਬ ਵਿਚ ਨਾਨਕ ਨਾਮ ਕਿੰਨੇ ਵਾਰੀ ਆਂਉਂਦਾ ਹੈ ?

ਉੱਤਰ - ਰਹਿਰਾਸ ਸਾਹਿਬ ਵਿਚ ਨਾਨਕ ਨਾਮ ਛੱਬੀ (੨੬) ਵਾਰੀ ਆਉਦਾਂ ਹੈ ।

ਪ੍ਰਸ਼ਨ ੫੬: ਕੀਰਤਨ ਸੋਹਿਲੇ ਦੀ ਬਾਣੀ ਵਿਚ ਕਿੰਨੇ ਸਬਦ ਹਨ ?

ਉੱਤਰ - ਕੀਰਤਨ ਸੋਹਿਲੇ ਦੀ ਬਾਣੀ ਵਿਚ ਕੁਲ ਪੰਜ (੫) ਸ਼ਬਦ ਹਨ ।

ਪ੍ਰਸ਼ਨ ੫੭: ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਲੱਗਿਆਂ ਕਿਹੜੀਆਂ ਬਾਣੀਆਂ ਪੜ੍ਹਦੇ ਹਨ ?

ਉੱਤਰ - ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਲਗਿਆਂ, ਅੰਮ੍ਰਿਤ ਵੇਲੇ ਦੇ ਨਿਤਨੇਮ ਦੀਆਂ ਪੰਜ ਬਾਣੀਆਂ ਪੜ੍ਹਦੇ ਹਨ । ਜਪੁਜੀ ਸਾਹਿਬ , ਜਾਪੁ ਸਾਹਿਬ , ਤ੍ਵਪ੍ਰਸਾਦਿ ਸ੍ਵਯੇ ਸ੍ਰਾਵਗ ਸੁਧ ਵਾਲੇ,ਕਬਿਉ ਬਾਚ ਬੇਨਤੀ ਚੌਪਈ ਸਾਹਿਬ ,ਤੇ ਅਨੰਦੁ ਸਾਹਿਬ ੪੦ ਪਉੜੀਆਂ ਪੜ੍ਹਦੇ ਹਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਪ੍ਰਸ਼ਨ ਉੱਤਰ

ਪ੍ਰਸ਼ਨ ੧: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਨਾ ਕਿਹੜੇ ਗੁਰੂ ਸਾਹਿਬਾਂਨ ਨੇ ਕੀਤੀ ?

ਉੱਤਰ - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ ।

ਪ੍ਰਸ਼ਨ ੨: ਸ੍ਰੀ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਨਾ ਪੂਰੀ ਕਰਕੇ ਕਦੋਂ ਪਹਿਲਾ ਪ੍ਰਕਾਸ਼ ਕੀਤਾ ?

ਉੱਤਰ - ਸ੍ਰੀ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਨਾਂ ਪੂਰੀ ਕਰਕੇ, ਸ੍ਰੀ ਹਰਿਮੰਦਰ ਸਾਹਿਬ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਸੰਮਤ ੧੬੬੧ ਬਿ: ੧੭ ਭਾਦਰੋਂ,ਭਾਦਰੋਂ ਸੁਦੀ ਏਕਮ ਮੁਤਾਬਿਕ **੧੬੦੪** ਈਸਵੀ **੧੬** ਅਗਸਤ ਨੂੰ ਕੀਤਾ ।

ਪ੍ਰਸ਼ਨ ੩: ਸ੍ਰੀ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਾਸਤੇ ਪਹਿਲੇ ਗ੍ਰੰਥੀ ਕਿਸ ਨੂੰ ਲਾਇਆ ਸੀ ?

ਉੱਤਰ - ਸ੍ਰੀ ਗੁਰੂ ਜੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸੇਵਾ ਵਾਸਤੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਲਾਇਆ ਸੀ ।

ਪ੍ਰਸ਼ਨ ੪: ਸ੍ਰੀ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਕਿਸ ਅਸਥਾਨ ਤੇ ਲਿਖਵਾਇਆ ਸੀ ?

ਉੱਤਰ - ਸ੍ਰੀ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਗੁਰਦੁਆਰਾ ਰਾਮਸਰ ਸਾਹਿਬ (ਸ੍ਰੀ ਅੰਮ੍ਰਿਤਸਰ)ਵਾਲੇ ਅਸਥਾਨ ਤੇ ਲਿਖਵਾਇਆ ਸੀ ।

ਪ੍ਰਸ਼ਨ ੫: ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਹੜੇ ਕਿਹੜੇ ਗੁਰੂ ਸਾਹਿਬਾਨਾਂ ਦੀ ਬਾਣੀ ਦਰਜ ਕੀਤੀ ਹੈ ?

ਉੱਤਰ - ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ (੧)ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ , (੨) ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ , (੩) ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ,(੪)ਚੌਥੇ ਗੁਰੂ ਸ੍ਰੀ ਗੁਰੂ ਰਾਮ ਦਾਸ ਜੀ ਦੀ ਬਾਣੀ ,(੫) ਨਾਲ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਦਰਜ ਕਰਾਈ ਹੈ ।

ਪ੍ਰਸ਼ਨ ੬: ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਿਹੜੀ ਬਾਣੀ ਉਚਾਰੀ , ਉਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿੱਥੇ ਕਿੱਥੇ ਦਰਜ ਹੈ ?

ਉੱਤਰ – ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਨੌ (੯) ਧੁਨਾਂ ਉਚਾਰੀਆਂ ਹਨ ,ਉਹ ਧੁਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਤਰਾਂ ਹਨ :–

(੧) ਵਾਰ ਮਾਝ ਕੀ ਤਥਾ ਸਲੋਕ ਮਹਲਾ ॥੧॥ (ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ ॥ ਅੰਗ ੧੩੭)

(੨) ਗਉੜੀ ਕੀ ਵਾਰ ਮਹਲਾ ੫ (ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ), ਅੰਗ ੩੧੮)

(੩) ਟੁੰਡੇ ਅਸ ਰਾਜੈ ਕੀ ਧੁਨੀ ॥{ਆਸਾ ਦੀ ਵਾਰ ਅੰਗ -੪੬੨}

(੪) ਗੂਜਰੀ ਕੀ ਵਾਰ ਮਹਲਾ ੩ (ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਉਣੀ,ਅੰਗ ੫੦੮)

(੫) ਵਡਹੰਸ ਕੀ ਵਾਰ ਮਹਲਾ ੪ (ਲਲਾਂ ਬਹਲੀਮਾ ਕੀ ਧੁਨੀ ਗਾਵਣੀ,ਅੰਗ ੫੮੫)

(੬) ਰਾਮਕਲੀ ਕੀ ਵਾਰ ਮਹਲਾ ੩ (ਜੋਧੈ ਵੀਰੈ ਪੂਰਬਾਣੀ ਕੀ ਧੁਨੀ, ਅੰਗ ੯੪੭)

(੭) ਸਾਰੰਗ ਕੀ ਵਾਰ ਮਹਲਾ ੪ (ਰਾਇ ਮਹਮੇ ਕੀ ਧੁਨੀ , ਅੰਗ ੧੨੩੭)

(੮) ਵਾਰ ਮਲਾਰ ਕੀ ਮਹਲਾ ੧ (ਰਾਇ ਕੈਲਾਸ ਤਥਾ ਮਾਲਦੇ ਕੀ ਧੁਨਿ , ਅੰਗ ੧੨੭੮)

(੯) ਕਾਨੜੇ ਕੀ ਵਾਰ ਮਹਲਾ ੪ (ਮੂਸੇ ਕੀ ਵਾਰ ਕੀ ਧੁਨੀ , ਅੰਗ ੧੩੧੨)

ਪ੍ਰਸ਼ਨ ੭: ਗੁਰੂ ਜੀ ਨੇ ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਖਾਉਣ ਲਗਿਆਂ ਕਿਹੜੀ ਬਾਣੀ ਤੋਂ ਆਰੰਭ ਕੀਤਾ ਤੇ,ਪੂਰਾ ਸਰੂਪ ਲਿਖਾਕੇ ਕਿਸ ਬਾਣੀ ਤੇ ਸਮਾਪਤੀ ਕੀਤੀ ?

ਉੱਤਰ – ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਖਾਉਣ ਲੱਗਿਆਂ ਆਰੰਭ ਵਿਚ ਜਪੁਜੀ ਸਾਹਿਬ ਜੀ ਦੀ ਬਾਣੀ ਲਿਖਾਈ ਤੇ ਰਾਗ ਮਾਲਾ ਲਿਖਵਾ ਕੇ ਸਮਾਪਤੀ ਕੀਤੀ ।

ਪ੍ਰਸ਼ਨ ੮: ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਤਨੇ ਭਗਤਾਂ ਦੀ ਬਾਣੀ ਲਿਖਾਈ ?

ਉੱਤਰ – ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੧੫ ਭਗਤਾਂ ਦੀ ਬਾਣੀ ਲਿਖਾਈ ।

ਪ੍ਰਸ਼ਨ ੯: ਗੁਰੂ ਜੀ ਨੇ ਜਿਹਨਾ ੧੫ ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਾਈ ਹੈ ਉਹਨਾ ਦੇ ਨਾਮ ਦੱਸੋ ?

ਉੱਤਰ – ਗੁਰੂ ਜੀ ਨੇ ਜਿਹਨਾ ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਾਈ ਹੈ ਉਹਨਾਂ ਦੇ ਨਾਮ ਇਸ ਤਰਾਂ ਹਨ :–

(੧)ਭਗਤ ਕਬੀਰ ਜੀ (੨)ਭਗਤ ਰਾਮਾ ਨੰਦ ਜੀ (੩)ਭਗਤ ਨਾਮਦੇਵ ਜੀ (੪)ਭਗਤ ਰਵਿਦਾਸ ਜੀ
(੫)ਭਗਤ ਧੰਨਾ ਜੀ (੬)ਭਗਤ ਤ੍ਰਿਲੋਚਨ ਜੀ (੭)ਭਗਤ ਭੀਖਨ ਜੀ (੮)ਭਗਤ ਜੈਦੇਵ ਜੀ
(੯) ਭਗਤ ਬੇਣੀ ਜੀ (੧੦)ਭਗਤ ਪੀਪਾ ਜੀ (੧੧) ਭਗਤ ਸੇਖ ਫਰੀਦ ਜੀ (੧੨)ਭਗਤ ਸੈਣ ਜੀ
(੧੩)ਭਗਤ ਸਧਨਾ ਜੀ (੧੪)ਭਗਤ ਪਰਮਾਨੰਦ ਜੀ (੧੫) ਭਗਤ ਸੂਰਦਾਸ ਜੀ ।

ਪ੍ਰਸ਼ਨ ੧੦: ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਤਨੇ ਸਿੱਖਾਂ ਦੀ ਬਾਣੀ ਲਿਖਾਈ ?

ਉੱਤਰ – ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਤਿੰਨ ਸਿੱਖਾਂ ਦੀ ਬਾਣੀ ਲਿਖਾਈ ।

ਪ੍ਰਸ਼ਨ ੧੧: ਜਿਹਨਾ ਸਿੱਖਾਂ ਦੀ ਬਾਣੀ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਾਈ ਉਹਨਾਂ ਦੇ ਨਾਮ ਦੱਸੋ ?

ਉੱਤਰ – ਜਿਹਨਾ ਸਿੱਖਾਂ ਦੀ ਬਾਣੀ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਾਈ ਉਹਨਾਂ ਦੇ ਨਾਮ ਇਹ ਹਨ । ਭਾਈ ਸੁੰਦਰ ਜੀ ,ਭਾਈ ਸੱਤਾ ਤੇ ਭਾਈ ਬਲਵੰਡਾ ਜੀ ।

ਪ੍ਰਸ਼ਨ ੧੨: ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਤਨੇ ਰਾਗਾਂ ਵਿਚ ਬਾਣੀ ਲਿਖਾਈ ?

ਉੱਤਰ – ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੩੧ ਰਾਗਾਂ ਵਿਚ ਬਾਣੀ ਲਿਖਾਈ ।

ਪ੍ਰਸ਼ਨ ੧੩: ਗੁਰੂ ਜੀ ਨੇ ਜਿਹਨਾਂ ੩੧ ਰਾਗਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਲਿਖਾਈ ਉਹਨਾਂ ਦਾ ਵੇਰਵਾ ਦੱਸੋ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੇ ਰਾਗਾਂ ਦਾ ਵੇਰਵਾ ਇਸ ਤਰਾਂ ਹੈ :–

(੧)ਸਿਰੀ ਰਾਗ (੨)ਮਾਝ ਰਾਗ (੩)ਗਉੜੀ ਰਾਗ (੪)ਆਸਾ ਰਾਗ (੫)ਗੂਜਰੀ ਰਾਗ (੬)ਦੇਵਗੰਧਾਰੀ ਰਾਗ(੭)ਬਿਹਾਗੜਾ (੮)ਵਡਹੰਸ ਰਾਗ (੯)ਸੋਰਠਿ ਰਾਗ (੧੦)ਧਨਾਸਰੀ ਰਾਗ (੧੧)ਜੈਤਸਰੀ ਰਾਗ (੧੨)ਟੋਡੀ ਰਾਗ (੧੩)ਬੈਰਾੜੀ ਰਾਗ (੧੪)ਤਿਲੰਗ ਰਾਗ (੧੫)ਸੂਹੀ ਰਾਗ (੧੬)ਬਿਲਾਵਲ ਰਾਗ (੧੭)ਗੌਂਡ ਰਾਗ (੧੮)ਰਾਮਕਲੀ ਰਾਗ (੧੯)ਨਟ ਨਾਰਾਇਨ ਰਾਗ (੨੦)ਮਾਲੀ ਗਉੜਾ ਰਾਗ (੨੧)ਮਾਰੂ ਰਾਗ (੨੨)ਤੁਖਾਰੀ ਰਾਗ (੨੩)ਕੇਦਾਰਾ ਰਾਗ (੨੪)ਭੈਰਉ ਰਾਗ (੨੫)ਬਸੰਤ ਰਾਗ (੨੬)ਸਾਰੰਗ ਰਾਗ (੨੭)ਮਲਾਰ ਰਾਗ (੨੮)ਕਾਨੜਾ ਰਾਗ (੩੯)ਕਲਿਆਨ ਰਾਗ (੩੦)ਪ੍ਰਭਾਤੀ ਰਾਗ (੩੧)ਜੈਜਾਵੰਤੀ ਰਾਗ ।

ਪ੍ਰਸ਼ਨ ੧੪:ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਭਈ ਗੁਰਦਾਸ ਜੀ ਪਾਸੋਂ ਪੰਜਵੇਂ ਪਾਤਿਸ਼ਾਹ ਜੀ ਨੇ ਲਿਖਵਾਇਆ ਸੀ ,ਉਹ ਸਰੂਪ ਹੁਣ ਕਿੱਥੇ ਹੈ ?

ਉੱਤਰ – ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ,ਪੰਜਵੇਂ ਪਾਤਿਸ਼ਾਹ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਲਿਖਵਾਇਆ ਸੀ ,ਉਹ ਸਰੂਪ ਹੁਣ ਕਰਤਾਰਪੁਰ ਸਾਹਿਬ (ਜਲੰਧਰ)ਵਿਖੇ ਹੈ ਜੋ ਹੁਣ ਕਰਤਾਪੁਰ ਦਾ ਸਰੂਪ ਜਾਂ ਬੀੜ ਕਰਕੇ ਮਸ਼ਹੂਰ ਹੈ ।

ਪ੍ਰਸ਼ਨ ੧੫: ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਪੰਜਵੇਂ ਪਾਤਿਸਾਹ ਜੀ ਨੇ ਲਿਖਵਾਇਆ ਸੀ ,ਉਹ ਸਰੂਪ ਕਰਤਾਰਪੁਰ ਕਿਹਨਾਂ ਦੇ ਪਾਸ ਹੈ ?

ਉੱਤਰ – ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਸਨ ,ਉਨ੍ਹਾਂ ਦਾ ਵੱਡਾ ਪੁੱਤਰ ਧੀਰਮਲ ਸੀ ,ਉਹਨਾਂ ਦੀ ਔਲਾਦ ਪਾਸ ਪੰਜਵੇਂ ਪਾਤਿਸ਼ਾਹ ਜੀ ਦਾ ਲਿਖਵਾਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਹੁਣ ਵੀ ਸ਼ਸ਼ੋਭਿਤ ਹੈ ।

ਪ੍ਰਸ਼ਨ ੧੬: ਗੁਰੂ ਜੀ ਨੇ ਰਾਗ ਮਾਲਾ ਵਿਚ ਕਿਤਨੇ ਰਾਗ ਲਿਖਾਏ ਹਨ ?

ਉੱਤਰ – ਗੁਰੂ ਜੀ ਨੇ ਰਾਗ ਮਾਲਾ ਵਿਚ ੮੪ ਰਾਗ ਲਿਖਾਏ ਹਨ ।

ਪ੍ਰਸ਼ਨ ੧੭: ੮੪ ਰਾਗਾਂ ਤੋਂ ਬਗੈਰ ਹੋਰ ਵੀ ਰਾਗ ਹਨ ਜਾਂ ਨਹੀ ?

ਉੱਤਰ – ੮੪ ਰਾਗਾਂ ਤੋਂ ਬਗੈਰ ਹੋਰ ਵੀ ਬਹੁਤ ਸਾਰੇ ਰਾਗ ਹਨ ।

ਪ੍ਰਸ਼ਨ ੧੮: ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੁਬਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਕਿਉਂ ਲਿਖਵਾਇਆ ਸੀ ?

ਉੱਤਰ – ਜਦੋਂ ਗੁਰੂ ਜੀ ਅਨੰਦਪੁਰ ਸਾਹਿਬ ਤੋਂ ਜੰਗ ਜੁੱਧ ਕਰਦੇ ਹੋਏ ਸਾਬੋ ਕੀ ਤਲਵੰਡੀ (ਬਠਿੰਡਾ) ਪਹੁੰਚੇ ਤਾਂ ਸਿੰਘਾਂ ਨੇ ਬੇਨਤੀ ਕੀਤੀ ਸੱਚੇ ਪਾਤਿਸ਼ਾਹ ਜੀ , ਆਪ ਜੀ ਨੇ ਅਨੰਦਪੁਰ ਸਾਹਿਬ ਬਚਨ ਕੀਤਾ ਸੀ ਕਿ ਤੁਹਾਨੂੰ ਜੰਗਾਂ ਜੁੱਧਾਂ ਤੋਂ ਵਿਹਲੇ ਹੋ ਕੇ ਗੁਰਬਾਣੀ ਦੇ ਅਰਥ ਪੜ੍ਹਾਵਾਂ ਗੇ , ਹੁਣ ਆਪ ਜੀ ਜੰਗਾਂ ਜੁੱਧਾਂ ਤੋਂ ਵਿਹਲੇ ਹੋ ਗਏ ਹੋ ਹੁਣ ਸਾਡੀ ਬੇਨਤੀ ਪਰਵਾਨ ਕਰੋ ।

ਪ੍ਰਸ਼ਨ ੧੯: ਸਿੰਘਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਕੀ ਉੱਤਰ ਦਿਤਾ ?

ਉੱਤਰ – ਗੁਰੂ ਜੀ ਨੇ ਕਿਹਾ ਪੰਜਵੇਂ ਪਾਤਿਸ਼ਾਹ ਜੀ ਦਾ ਲਿਖਵਾਇਆ ਸਰੂਪ ਕਰਤਾਰਪੁਰ(ਜਲੰਧਰ)ਧੀਰਮਲ ਦੇ ਪਾਸ ਹੈ, ਉਹ ਸਰੂਪ ਉਸ ਤੋਂ ਮੰਗਕੇ ਲਿਆਉ , ਉਸ ਵਿੱਚੋਂ ਗੁਰਬਾਣੀ ਵੇਖ ਕੇ ਤੁਹਾਨੂੰ ਸਾਰੀ ਗੁਰਬਾਣੀ ਦੇ ਅਰਥ ਪੜ੍ਹਾ ਦਿਆਂਗੇ ।

ਪ੍ਰਸ਼ਨ ੨੦: ਜਦੋਂ ਸਿੰਘ ਗੁਰੂ ਜੀ ਦੀ ਆਗਿਆ ਪਾ ਕੇ ਕਰਤਾਰਪੁਰ ਧੀਰਮਲ ਪਾਸ ਗਏ ,ਜਾ ਕੇ ਉਸ ਨੂੰ ਗੁਰੂ ਜੀ ਦਾ ਹੁਕਮ ਦਸਿਆ ਤਾਂ ਉਸਨੇ ਕੀ ਜਵਾਬ ਦਿੱਤਾ ?

ਉੱਤਰ – ਧੀਰਮਲ ਨੇ ਸਿੰਘਾਂ ਨੂੰ ਕਿਹਾ ਜੇ ਗੁਰੂ ਗੋਬਿੰਦ ਸਿੰਘ ਜੀ ਸੰਮ੍ਰਥ ਹਨ ਤਾਂ ਆਪ ਜਬਾਂਨੀ ਬਾਣੀ ਉਚਾਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਤਿਆਰ ਕਿਉਂ ਨਹੀ ਕਰ ਲੈਂਦੇ , ਮੇਰੇ ਪਾਸੋਂ ਵਡਿਆਂ ਦੀ ਬਖਸ਼ਿਸ਼ ਕਿਉਂ ਖੋਂਹਦੇ ਹਨ,ਇਹ ਆਖਕੇ ਉਸਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਦੇਣ ਤੋਂ ਨਾਹ ਕਰ ਦਿਤੀ ।

ਪ੍ਰਸ਼ਨ ੨੧: ਜਦੋਂ ਸਿੰਘ ਕਰਤਾਰਪੁਰ ਸਾਹਿਬ ਤੋਂ ਗੁਰੂ ਜੀ ਪਾਸ ਖਾਲੀ ਹੱਥ ਮੁੜ ਆਏ , ਤੇ ਸਾਰੀ ਗਲ ਗੁਰੂ ਜੀ ਨੂੰ ਜਾ ਦੱਸੀ ਤਾਂ ਗੁਰੂ ਜੀ ਨੇ ਕੀ ਕੀਤਾ ?

ਉੱਤਰ – ਤਾਂ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਖਾਉਣ ਵਾਸਤੇ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾਇਆ ,ਰੋਜ ਅਪਣੇ ਕੰਠੋਂ ਜਿਤਨੀ ਬਾਣੀ ਸਵੇਰ ਦੇ ਸਮੇਂ ਲਿਖਵਾ ਲੈਂਦੇ ਉਤਨੀ ਹੀ ਬਾਣੀ ਦੀ ਸ਼ਾਮ ਦੇ ਸਮੇ ਸਿੰਘਾ ਨੂੰ ਕਥਾ ਸੁਣਾਉਂਦੇ ਬਾਅਦ ਵਿਚ ਸਿੰਘ ਉਸ ਕਥਾ ਦੀ ਵਿਚਾਰ ਕਰ ਲੈਂਦੇ ।

ਪ੍ਰਸ਼ਨ ੨੨: ਸਤਿਗੁਰੂ ਜੀ ਨੇ ਕਿਤਨੇ ਮਹੀਨਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਖਾਉਣ ਤੇ ਕਥਾ ਸੁਣਾਉਣ ਦਾ ਸੁਭ ਕਾਰਜ ਪੂਰਾ ਕੀਤਾ ?

ਉੱਤਰ – ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਖਾਉਣ ਤੇ ਕਥਾ ਸੁਣਾਉਣ ਦਾ ਸੁਭ ਕਾਰਜ ੯ ਮਹੀਨੇ ਤੇ ੯ਦਿਨਾਂ ਵਿਚ ਪੂਰਾ ਕੀਤਾ ।

ਪ੍ਰਸ਼ਨ ੨੩: ਜਦੋਂ ਦਸਵੇਂ ਪਾਤਿਸ਼ਾਹ ਜੀ ਨੇ ਦਮਦਮੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਖਵਾਇਆ, ਪੰਜਵੇ ਪਾਤਿਸ਼ਾਹ ਜੀ ਦੇ ਲਿਖਵਾਏ ਸਰੂਪ ਨਾਲੋਂ ਕੀ ਵਾਧਾ ਕੀਤਾ ?

ਉੱਤਰ – ਜਦੋਂ ਦਸਵੇਂ ਪਾਤਿਸ਼ਾਹ ਜੀ ਨੇ ਦਮਦਮੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਖਵਾਇਆ ਉਸ ਵਿਚ ਨੌਵੇਂ ਪਾਤਿਸ਼ਾਹ ਜੀ ਦੀ ਬਾਣੀ ਤੇ ਆਪਣੀ ਬਾਣੀ ਲਿਖਵਾਉਣ ਦਾ ਵਾਧਾ ਕੀਤਾ ।

ਪ੍ਰਸ਼ਨ ੨੪: ਗੁਰੂ ਜੀ ਨੇ ਨੌਵੇਂ ਪਾਤਿਸ਼ਾਹ ਜੀ ਦੀ ਬਾਣੀ ਕਿਹੜੇ ਕਿਹੜੇ ਰਾਗ ਵਿਚ ਲਿਖਵਾਈ ?

ਉੱਤਰ – ਗੁਰੂ ਜੀ ਨੇ ਨੌਵੇਂ ਪਾਤਿਸਾਹ ਜੀ ਦੀ ਬਾਣੀ ਇਸ ਤਰ੍ਹਾਂ ਤਰਤੀਬ ਨਾਲ ਲਿਖਵਾਈ (੧) ਗਉੜੀ ਰਾਗ (੨) ਆਸਾ ਰਾਗ (੩)ਦੇਵਗੰਧਾਰੀ ਰਾਗ (੪)ਬਿਹਾਗੜਾ ਰਾਗ (੫)ਸੋਰਠਿ ਰਾਗ (੬) ਧਨਾਸਰੀ ਰਾਗ

(੭)ਜੈਤਸਰੀ ਰਾਗ (੮)ਟੋਡੀ ਰਾਗ (੯)ਤਿਲੰਗ ਰਾਗ (੧੦)ਬਿਲਾਵਲ ਰਾਗ (੧੧)ਰਾਮਕਲੀ ਰਾਗ (੧੨)ਮਾਰੂ ਰਾਗ (੧੩)ਬਸੰਤ ਰਾਗ (੧੪)ਸਾਰੰਗ ਰਾਗ (੧੫)ਜੈਜਾਵੰਤੀ ਰਾਗ (੧੬)ਸਲੋਕ ਮਹਲਾ ੯ ਭੋਗ ਦੇ ਸਲੋਕ ।

ਪ੍ਰਸ਼ਨ ੨੫: ਦਸਵੇਂ ਪਾਤਿਸ਼ਾਹ ਜੀ ਨੇ ਆਪਣੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿੱਥੇ ਲਿਖਵਾਈ ?

ਉੱਤਰ – ਦਸਵੇਂ ਪਾਤਿਸ਼ਾਹ ਜੀ ਨੇ ਆਪਣੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭੋਗ ਦੇ ਸਲੋਕਾਂ ਵਿਚ ੫੪ ਵਾਂ ਸਲੋਕ"ਬਲ ਹੋਆ ਬੰਧਨ ਛੁਟੇ ਸਭ ਕਿਛ ਹੋਤ ਉਪਾਇ ॥ ਨਾਨਕ ਸਭ ਕਿਛ ਤੁਮਰੇ ਹਾਥ ਮੈ ਤੁਮਹੀ ਹੋਤ ਸਹਾਇ ॥" ਪਰ ਗੁਰੂ ਜੀ ਨੇ ਆਪਣੀ ਬਾਣੀ ਦਾ ਵਖਰੇਵਾਂ ਕੁਝ ਨਹੀ ਲਿਖਿਆ ।

ਪ੍ਰਸ਼ਨ ੨੬: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਤਨੀਆਂ ਵਾਰਾਂ ਹਨ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੨੨ ਵਾਰਾਂ ਹਨ ।

ਪ੍ਰਸ਼ਨ ੨੭: ਗੁਰੂ ਜੀ ਨੇ ਕਿਹੜੀਆਂ ਕਿਹੜੀਆਂ ਵਾਰਾਂ ਵਿਚ ਰਹਾਉ ਸਬਦ ਲਿਖਿਆ ਹੈ ?

ਉੱਤਰ – ਗੁਰੂ ਜੀ ਨੇ ਆਸਾ ਦੀ ਵਾਰ ਤੇ ਰਾਮਕਲੀ ਦੀ ਪਹਿਲੀ ਵਾਰ ਵਿਚ ਰਹਾਉ ਸ਼ਬਦ ਲਿਖਿਆ ਹੈ ।

ਪ੍ਰਸ਼ਨ ੨੮: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ "ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ਇਹ ਪੰਗਤੀ ਕਿਸ ਵਾਰ ਦੀ ਪਉੜੀ ਵਿਚ ਆਉਦੀ ਹੈ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ "ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ "ਪੰਗਤੀ ੯੪੭ ਅੰਗ ਤੇ ॥ ਰਾਮਕਲੀ ਦੀ ਪਹਿਲੀ ਵਾਰ ਦੀ ਪਹਿਲੀ ਪਉੜੀ ਦੇ ਅਖੀਰ ਵਿਚ ਆਉਂਦੀ ਹੈ ।

ਪ੍ਰਸ਼ਨ ੨੯: ਇਹ ਪੰਗਤੀ ਇਸ ਵਾਰ ਦੇ ਸਾਰੀਆਂ ਪਉੜੀਆਂ ਦੇ ਅਖੀਰ ਵਿਚ ਪੜਨ ਦਾ ਹੁਕਮ ਕਿਹੜੇ ਗੁਰੂ ਸਾਹਿਬ ਜੀ ਨੇ ਕੀਤਾ ?

ਉੱਤਰ – : ਇਹ ਪੰਗਤੀ ਇਸ ਵਾਰ ਦੇ ਸਾਰੀਆਂ ਪਉੜੀਆਂ ਦੇ ਅਖੀਰ ਵਿਚ ਪੜਨ ਦਾ ਹੁਕਮ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਕੀਤਾ ।

ਪ੍ਰਸ਼ਨ ੩੦: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਘਟ ਬਾਣੀ ਕਿਸ ਰਾਗ ਵਿਚ ਹੈ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਘਟ ਬਾਣੀ ਜੈਜਾਵੰਤੀ ਰਾਗ ਵਿਚ ਹੈ ।

ਪ੍ਰਸ਼ਨ ੩੧: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਵਧ ਬਾਣੀ ਕਿਸ ਰਾਗ ਵਿਚ ਹੈ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਵਧ ਬਾਣੀ ਗਉੜੀ ਰਾਗ ਵਿਚ ਹੈ ।

ਪ੍ਰਸ਼ਨ ੩੨: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਰਹ ਮਾਹ ਮਾਂਝ ਕਿਤਨੇ ਅੰਗ ਤੇ ਹੈ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਰਹ ਮਾਹ ਮਾਂਝ ੧੩੩ ਅੰਗ ਤੇ ਹੈ ।

ਪ੍ਰਸ਼ਨ ੩੩: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੁਖਮਨੀ ਸਾਹਿਬ ਕਿਤਨੇ ਅੰਗ ਤੇ ਹੈ ਉਸ ਵਿਚ ਕਿਤਨੇ ਰਹਾਉ ਆਉਂਦੇ ਹਨ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੁਖਮਨੀ ਸਾਹਿਬ ੨੬੨ ਅੰਗ ਤੇ ਹੈ ,ਤੇ ਉਸ ਵਿਚ ,੧,ਰਹਾਉ ਆਉਦਾ ਹੈ ।

ਪ੍ਰਸ਼ਨ ੩੪: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਵਨ ਅਖਰੀ ਕਿਤਨੇ ਅੰਗ ਤੇ ਹੈ , ਉਸ ਵਿਚ ਕਿਤਨੇ ਰਹਾਉ ਹਨ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਵਨ ਅਖਰੀ ੩੪੦ ਅੰਗ ਤੇ ਹੈ ,ਉਸ ਵਿਚ ,੧,ਰਹਾਉ ਆਉਦਾ ਹੈ ।

ਪ੍ਰਸ਼ਨ ੩੫: ਬਾਵਨ ਅਖਰੀ ਵਿਚ ਪਉੜੀ ਤੇ ਪਵੜੀ ਕਿਤਨੀ ਵਾਰੀ ਲਿਖਿਆ ਹੈ ?

ਉੱਤਰ – ਬਾਵਨ ਅਖਰੀ ਵਿਚ ਪਉੜੀ ੫੦ ਵਾਰੀ ਤੇ ਪਵੜੀ ੫ ਵਾਰੀ ਲਿਖਿਆ ਹੈ ।

ਪ੍ਰਸ਼ਨ ੩੬: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਸਾ ਦੀ ਵਾਰ ਕਿਤਨੇ ਅੰਗ ਤੇ ਹੈ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਸਾ ਦੀ ਵਾਰ ੪੬੨ ਅੰਗ ਤੇ ਹੈ ।

ਪ੍ਰਸ਼ਨ ੩੭: ਆਸਾ ਜੀ ਦੀ ਵਾਰ ਦੇ ਕਿਤਨੇ ਸਲੋਕ ਮਹਲੇ ਤੇ ਪਉੜੀਆਂ ਹਨ ?

ਉੱਤਰ – ਆਸਾ ਜੀ ਦੀ ਵਾਰ ਦੇ ੨੫ ਸਲੋਕ ੩੫ ਮਹਲੇ ੨੪ ਪਉੜੀਆਂ , ਇਹਨਾਂ ਸਾਰਿਆਂ ਦੀ ਗਿਣਤੀ ੮੪ ਬਣਦੀ ਹੈ ।

ਪ੍ਰਸ਼ਨ ੩੮: ਆਸਾ ਜੀ ਦੀ ਵਾਰ ਦੇ ੨੫ ਸਲੋਕ ਕਿਸ ਤਰਾਂ ਪੂਰੇ ਹੂੰਦੇ ਹਨ ?

ਉੱਤਰ – ਆਸਾ ਜੀ ਦੀ ਵਾਰ ਦੇ ੧੨ਵੇਂ ਸਲੋਕ ਵਿਚ ਦੋ ਸਲੋਕ ਇਕੱਠੇ ਹਨ ਇਸ ਤਰਾਂ ੨੫ ਸਲੋਕ ਪੂਰੇ ਹੂੰਦੇ ਹਨ ।

ਪ੍ਰਸ਼ਨ ੩੯: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਲਾਹਣੀਆਂ ਬਾਣੀ ਕਿਤਨੇ ਅੰਗ ਤੇ ਹੈ ?

ਉੱਤਰ – ਸ੍ਰੀ ਗੁਰੂ ਗ੍ਰਥ ਸਾਹਿਬ ਜੀ ਵਿਚ ਅਲਾਹਣੀਆਂ ਬਾਣੀ ੫੭੮ ਅੰਗ ਤੇ ਹੈ ।

ਪ੍ਰਸ਼ਨ ੪੦: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੈਤਸਰੀ ਦੀ ਵਾਰ ਕਿਤਨੇ ਅੰਗ ਤੇ ਹੈ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੈਤਸਰੀ ਦੀ ਵਾਰ ੭੦੫ ਅੰਗ ਤੇ ਹੈ ।

ਪ੍ਰਸ਼ਨ ੪੧: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਾਵਾਂ ਕਿਤਨੇ ਅੰਗ ਤੇ ਹਨ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਾਵਾਂ ੭੭੩ ਅੰਗ ਤੇ ਸੂਹੀ ਰਾਗ ਵਿਚ ਹਨ ।

ਪ੍ਰਸ਼ਨ ੪੨: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨੰਦ ਸਾਹਿਬ ਕਿਤਨੇ ਅੰਗ ਤੇ ਹੈ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨੰਦ ਸਾਹਿਬ ੯੧੭ ਅੰਗ ਤੇ ਹੈ ।

ਪ੍ਰਸ਼ਨ ੪੩: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਮਕਲੀ ਸਦ ਕਿਤਨੇ ਅੰਗ ਤੇ ਹੈ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਮਕਲੀ ਸਦ ੯੨੩ ਅੰਗ ਤੇ ਹੈ ।

ਪ੍ਰਸ਼ਨ ੪੪: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਖਣੀ ਓਅੰਕਾਰ ਕਿਤਨੇ ਅੰਗ ਤੇ ਹੈ ਤੇ ਉਸ ਵਿਚ ਕਿਤਨੇ ਰਹਾਉ ਆਉਂਦੇ ਹਨ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਖਣੀ ਓਅੰਕਾਰ ੯੨੯ਅੰਗ ਤੇ ਹੈ, ਤੇ ਉਸ ਵਿਚ ਇਕ ਰਹਾਉ ਆਉਂਦਾ ਹੈ ।

ਪ੍ਰਸ਼ਨ ੪੫: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਿਧ ਗੋਸਟਿ ਕਿਤਨੇ ਅੰਗ ਤੇ ਹੈ,ਉਸ ਵਿਚ ਕਿਤਨੇ ਰਹਾਉ ਆਉਂਦੇ ਹਨ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਿਧ ਗੋਸਟਿ ੯੩੮ ਅੰਗ ਤੇ ਹੈ ,ਉਸ ਵਿਚ ,੧, ਰਹਾਉ ਆਉਂਦਾ ਹੈ ।

ਪ੍ਰਸ਼ਨ ੪੬: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਸੰਤ ਕੀ ਵਾਰ ਕਿਤਨੇ ਅੰਗ ਤੇ ਹੈ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਸੰਤ ਕੀ ਵਾਰ ੧੧੯੩ ਅੰਗ ਤੇ ਹੈ ।

ਪ੍ਰਸ਼ਨ ੪੭: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਰਹਾਉ'ਕਿਹੜੀ-ਕਿਹੜੀ ਬਾਣੀ ਵਿਚ ਨਹੀ ਆਉਂਦਾ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਰਹਾਉ'ਜਪੁਜੀ ਸਾਹਿਬ , ਅਨੰਦ ਸਾਹਿਬ , ਵੀਹ ਵਾਰਾਂ ਵਿਚ, ਛੰਤਾਂ ਵਿਚ, ਬਾਵਨ ਅਖਰੀ ਕਬੀਰ ਜੀ ਵਿਚ,ਬਹੁਤੇ ਥਾਈਂ ਅਸਟ ਪਦੀਆਂ ਵਿਚ , ਅਲਾਹਣੀਆਂ ਦੇ ਪੰਜਾਂ ਸਬਦਾਂ ਵਿੱਚੋਂ ਤੀਜੇ ਸਬਦ ਵਿਚ 'ਰਹਾਉ'ਆਇਆ ਹੈ ।ਲਾਵਾਂ ਵਿਚ, ਰਾਮਕਲੀ ਸਦ ਵਿਚ,ਸਮੁਚੇ ਤੁਖਾਰੀ ਰਾਗ ਵਿਚ, ਸਲੋਕ ਸਹਸਕ੍ਰਿਤੀ , ਗਾਥਾ , ਫੁਨਹੇ ,ਚਉਬੋਲੇ ,ਸਲੋਕ ਭਗਤ ਕਬੀਰ ਜੀ , ਸਲੋਕ ਭਗਤ ਫਰੀਦ ਜੀ ,ਸਵਈਆਂ ਵਿਚ , ਸਲੋਕ ਵਾਰਾਂ ਤੇ ਵਧੀਕ ,ਭੋਗ ਦੇ ਸਲੋਕਾਂ ਵਿਚ, ਮੁੰਦਾਵਣੀ ਮਹਲਾ ੫ ॥ਤੇ ਸਲੋਕ ਮਹਲਾ ੫ ॥ ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥ ਵਿਚ ਨਹੀਂ ਆਇਆ ।

ਪ੍ਰਸ਼ਨ ੪੮: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਿੰਨੀਆਂ ਵਾਰਾਂ ਵਿਚ ਰਹਾਉ ਆਉਂਦਾ ਹੈ ? ੦੦੦੦੦

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਸਾ ਦੀ ਵਾਰ ਤੇ ਰਾਮਕਲੀ ਦੀ ਪਹਿਲੀ ਵਾਰ ਵਿਚ ਇਕ -ਇਕ ਰਹਾਉ ਆਉਂਦਾ ਹੈ ।

ਪ੍ਰਸ਼ਨ ੪੯: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਵਧ ਬਾਣੀ ਕਿਸ ਭਗਤ ਜੀ ਦੀ ਤੇ ਸਭ ਤੋਂ ਘਟ ਬਾਣੀ ਕਿਸ ਭਗਤ ਜੀ ਦੀ ਹੈ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਵਧ ਬਾਣੀ ਭਗਤ ਕਬੀਰ ਜੀ ਦੀ ਤੇ ਸਭ ਤੋਂ ਘਟ ਬਾਣੀ ਭਗਤ ਸੂਰਦਾਸ ਜੀ ਦੀ ਹੈ ।

ਪ੍ਰਸ਼ਨ ੫੦: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੋ ਕਿਹੜੇ ਰਾਗ ਹਨ ਜਿਹਨਾਂ ਦੇ ਰਾਗ ਜਾਂ ਸਬਦ ਦੇ ਸੁਰੂ ਵਿਚ ਘਰ ਲਿਖਿਆ ਨਹੀ ਆਉਂਦਾ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਨਟ ਨਾਰਾਇਨ , ਰਾਗ ਮਾਲੀ ਗਉੜਾ ਵਿਚ ਰਾਗ ਜਾਂ ਸ਼ਬਦ ਦੇ ਸੁਰੂ ਵਿਚ ਘਰ ਲਿਖਿਆ ਨਹੀ ਆਉਂਦਾ ।

ਪ੍ਰਸ਼ਨ ੫੧: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਹਸਕ੍ਰਿਤੀ ਕਿਤਨੇ ਅੰਗ ਤੋਂ ਸੁਰੂ ਹੁੰਦੀ ਹੈ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਹਸਕ੍ਰਿਤੀ ੧੩੫੩ ਅੰਗ ਤੋਂ ਸੁਰੂ ਹੁੰਦੀ ਹੈ ।

ਪ੍ਰਸ਼ਨ ੫੨: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਵੱਯੇ ਕਿਤਨੇ ਅੰਗ ਤੋਂ ਸੁਰੂ ਹੁੰਦੇ ਹਨ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਵੱਯੇ ੧੩੮੫ ਅੰਗ ਤੋਂ ਸੁਰੂ ਹੁੰਦੇ ਹੈ ।

ਪ੍ਰਸ਼ਨ ੫੩: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨੌਵੇਂ ਪਾਤਿਸ਼ਾਹ ਜੀ ਦੇ ਭੋਗ ਦੇ ਸਲੋਕ ਕਿਤਨੇ ਅੰਗ ਤੋਂ ਸੁਰੂ ਹੂੰਦੇ ਹਨ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨੌਵੇਂ ਪਾਤਿਸ਼ਾਹ ਜੀ ਦੇ ਭੋਗ ਦੇ ਸਲੋਕ ੧੪੨੬ ਅੰਗ ਤੋਂ ਸੁਰੂ ਹੂੰਦੇ ਹਨ ।

ਪ੍ਰਸ਼ਨ ੫੪: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਮਾਲਾ ਕਿਤਨੇ ਅੰਗ ਤੇ ਹੈ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਮਾਲਾ ੧੪੨੯ ਅੰਗ ਤੇ ਹੈ ।

ਪ੍ਰਸ਼ਨ ੫੫: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੮ ਅੱਖਰਾ ਸ਼ਬਦ ਕਿਹੜਾ ਹੈ ਤੇ ਕਿੱਥੇ ਆਉਂਦਾ ਹੈ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੮ ਅੱਖਰਾ ਸ਼ਬਦ " ਨਿਰਗੁਣਵੰਤੜੀਏ ਪਿਰ ਦੇਖਿ ਹਦੂਰੇ ਰਾਮ "ਇਹ ੫੬੭ ਅੰਗ ਤੇ ਆਉਂਦਾ ਹੈ ।

ਪ੍ਰਸ਼ਨ ੫੬: ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇੱਕੋ ਪੰਗਤੀ ਵਿਚ ੧੬ ਮੁਕਤੇ ਕਿਤਨੇ ਅੰਗ ਤੇ ਹਨ ਤੇ ਕਿਹੜੇ ਹਨ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਕੋ ਪੰਗਤੀ ਵਿਚ ੧੬ ਮੁਕਤੇ ੪੦੪ ਅੰਗ ਤੇ ਇਹ ਹਨ :-
" ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ " ।

ਪ੍ਰਸ਼ਨ ੫੭: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾਨਕੈ ਕਿਤਨੇ ਅੰਗ ਤੇ ਆਉਂਦਾ ਹੈ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾਨਕੈ ੪੨੧ ਅੰਗ ਤੇ ਹੈ , ਤੇ ਪੰਗਤੀ ਇਸ ਤਰਾਂ ਹੈ
"ਅਉਗਣਆਰੇ ਕਉ ਗੁਣ ਨਾਨਕੈ ਸਚ ਮਿਲੈ ਵਡਿਆਈ "।

ਪ੍ਰਸ਼ਨ ੫੮: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਕੋ ਪੰਗਤੀ ਵਿਚ ੮ ਵਾਰੀ ਹਰਿ ਹਰਿ ਕਿਤਨੇ ਅੰਗ ਤੇ ਹੈ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇੱਕੋ ਪੰਗਤੀ ਵਿਚ ੮ ਵਾਰੀ ਹਰਿ ਹਰਿ ਇਹ ਹਨ:-
" ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ " ੮੧੦ ਅੰਗ ਤੇ ਹੈ !

ਪ੍ਰਸ਼ਨ ੫੯: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚਾਰ ਅੱਖਰੇ ਸ਼ਬਦ ਚਉਹਾਂ ਨੂੰ ਸਿਹਾਰੀਆਂ ਲਗੀਆਂ ਹਨ ਕਿਤਨੇ ਅੰਗ ਤੇ ਹੈ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚਾਰ ਅੱਖਰੇ ਸ਼ਬਦ ਚਉਹਾਂ ਨੂੰ ਸਿਹਾਰੀਆਂ ਲਗੀਆਂ ਹਨ ੧੧੫੮ਅੰਗ ਤੇ ਇਹ ਪੰਗਤੀ ਹੈ :-"ਮਿਸਿਮਿਲਿ ਤਾਮਸੁ ਭਰਮੁ ਕਦੂਰੀ ॥ ਅਤੇ ੧੨੯੧ ਅੰਗ ਤੇ ਇਹ ਹੈ :- " ਚਿਲਿਮਿਲਿ ਬਿਸਿਆਰ ਦੁਨੀਆਂ ਫਾਨੀ " ॥

ਪ੍ਰਸ਼ਨ ੬੦: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਲਾ ਦੀ ਜਗ੍ਹਾ ਮਹਲੁ ਕਿਤਨੀ ਵਾਰੀ ਤੇ ਕਿਹੜੇ ਕਿਹੜੇ ਅੰਗ ਤੇ ਹੈ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਲਾ ਦੀ ਜਗ੍ਹਾ ਮਹਲੁ ੪ ਵਾਰੀ ਇਸ ਤਰਾਂ ਹੈ;-
ਸ੍ਰੀ ਰਾਗ ਮਹਲੁ ੧. ੬ਵਾਂ ਸ਼ਬਦ ੧੬ ਅੰਗ ਤੇ , ਸ੍ਰੀ ਰਾਗ ਮਹਲੁ ੧. ੧੨ਵਾਂ ਸ਼ਬਦ ੧੮ ਅੰਗ ਤੇ ,ਸਿਰੀ ਰਾਗ ਮਹਲ ੧. ੧੫ਵਾਂ ਸ਼ਬਦ ੧੯ ਅੰਗ ਤੇ ,੧੫ ਮਹਲ ਵਾਲਾ ਲ ਮੁਕਤਾ ਹੈ ,ਬਸੰਤ ਕੀ ਵਾਰ ਮਹਲੁ ੫. ੧੧੯੩ ਅੰਗ ਤੇ ਹੈ ।

ਪ੍ਰਸ਼ਨ ੬੧: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ "ਵਾਹਿਗੁਰੂ "ਗੁਰ ਮੰਤਰ ਕਿਤਨੀ ਵਾਰੀ ਤੇ ਕਿੱਥੇ ਆਇਆ ਹੈ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ "ਵਾਹਿਗੁਰੂ "ਗੁਰ ਮੰਤਰ ੧੩ ਵਾਰੀ ਅਤੇ ਤਿਨ ਵਾਰੀ " ਵਾਹਗੁਰੂ "
ਚਉਥੇ ਪਾਤਿਸ਼ਾਹ ਜੀ ਦੇ ਸਵੱਯਾਂ ਵਿਚ ਆਇਆ ਹੈ ।

ਪ੍ਰਸ਼ਨ ੬੨:ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਪੁਨਿ' ਸਬਦ ਕਿੱਥੇ ਕਿੱਥੇ ਤੇ ਕਿਤਨੀ ਵਾਰੀ ਆਇਆ ਹੈ ?

ਉੱਤਰ– ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਪੁਨਿ' ਸਬਦ ਇਕ ਵਾਰੀ ੯੯੨ ਅੰਗ ਤੇ ਇਸ ਤਰ੍ਹਾਂ ਪੰਗਤੀ ਹੈ
"ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ ॥"
ਪੰਜ ਵਾਰੀ 'ਪੁਨਿ'ਸਬਦ ਰਾਗਮਾਲਾ ਵਿਚ ਆਇਆ ਹੈ ।

ਪ੍ਰਸ਼ਨ ੬੩: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਤਨੀਆਂ ਵਾਰਾਂ ਹਨ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ੨੨ ਵਾਰਾਂ ਹਨ ।

ਪ੍ਰਸ਼ਨ ੬੪: ਕਿਹੜੀਆਂ-ਕਿਹੜੀਆਂ ਵਾਰਾਂ ਦੀਆਂ ਸਾਰੀਆਂ ਪਉੜੀਆਂ ਵਿਚ ਨਾਨਕ ਪਦ ਲਿਖਿਆ ਹੈ ?

ਉੱਤਰ– ਗਉੜੀ ਦੀ ਦੂਜੀ ਵਾਰ ਦੀਆਂ ੨੧ ਦੀਆਂ ਸਾਰੀਆਂ ਪਉੜਆਂ, ਬਸੰਤ ਕੀ ਵਾਰ ਦੀਆਂ ਸਾਰੀਆਂ ੩ ਪਉੜੀਆਂ ਅਤੇ ਸਾਰੰਗ ਦੀ ਵਾਰ ਦੀਆਂ ੩੬ ਦੀਆਂ ਸਾਰੀਆਂ ਪਉੜੀਆਂ ਵਿਚ ਨਾਨਕ ਪਦ ਲਿਖਿਆ ਹੈ।

ਪ੍ਰਸ਼ਨ ੬੫: ਕਿਹੜੀ ਵਾਰ ਦੇ ਸ਼ੁਰੂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਮੱਧ ਲਾਇਆ ਜਾਂਦਾ ਹੈ ?

ਉੱਤਰ– ਜੈਤਸਰੀ ਦੀ ਵਾਰ ਦੇ ਸ਼ੁਰੂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਮੱਧ ਲਾਇਆ ਜਾਂਦਾ ਹੈ ।

ਪ੍ਰਸ਼ਨ ੬੬: ਕਿਸ ਵਾਰ ਦੀਆਂ ਦੋ ਪਉੜੀਆਂ ਵਿਚ ਨਾਨਕ ਪਦ ਲਿਖਿਆ ਹੈ ?

ਉੱਤਰ– ਸੂਹੀ ਦੀ ਵਾਰ ਦੀਆਂ ੨੦ ਪਉੜੀਆਂ ਵਿੱਚੋਂ ਦੋ ਪਉੜੀਆਂ ਵਿਚ ਨਾਨਕ ਪਦ ਲਿਖਿਆ ਹੈ ।

ਪ੍ਰਸ਼ਨ ੬੭:ਕਿਸ ਵਾਰ ਦੀਆਂ ਤਿੰਨ ਪਉੜੀਆਂ ਵਿਚ ਨਾਨਕ ਪਦ ਲਿਖਿਆ ਹੈ ?

ਉੱਤਰ– ਜੈਤਸਰੀ ਵਾਰ ਦੀਆਂ ੨੦ ਪਉੜੀਆਂ ਵਿੱਚੋਂ ਤਿੰਨ ਪਉੜੀਆਂ ਵਿਚ ਨਾਨਕ ਪਦ ਲਿਖਿਆ ਹੈ ।

ਪ੍ਰਸ਼ਨ ੬੮:ਕਿਹਨਾਂ-ਕਿਹਨਾਂ ਵਾਰਾਂ ਦੀਆਂ ਪਉੜੀਆਂ ਵਿਚ ੪-੪ ਵਾਰੀ ਨਾਨਕ ਪਦ ਲਿਖਿਆ ਹੈ ?

ਉੱਤਰ– ਗੂਜਰੀ ਦੀ ਪਹਿਲੀ ਵਾਰ ਦੀਆਂ ੨੨ ਪਉੜੀਆਂ ਅਤੇ ਗੂਜਰੀ ਦੀ ਦੂਜੀ ਵਾਰ ਦੀਆਂ ੨੧ ਪਉੜੀਆਂ ਵਿਚੋਂ ੪-੪ ਪਉੜੀਆਂ ਵਿਚ ਨਾਨਕ ਪਦ ਲਿਖਿਆ ਹੈ ।

ਪ੍ਰਸ਼ਨ ੬੯:ਕਿਹਨਾਂ-ਕਿਹਨਾਂ ਵਾਰਾਂ ਦੀਆਂ ਪਉੜੀਆਂ ਵਿਚ ੫-੫ ਵਾਰੀ ਨਾਨਕ ਪਦ ਲਿਖਿਆ ਹੈ ?

ਉੱਤਰ– ਸਿਰੀ ਰਾਗ ਦੀ ਵਾਰ ਦੀਆਂ ੨੧ ਪਉੜੀਆਂ ਵਿਚੋਂ ੫ ਪਉੜੀਆਂ ਵਿਚ ਨਾਨਕ ਪਦ ਲਿਖਿਆ ਹੈ ।
ਆਸਾ ਦੀ ਵਾਰ ਦੀਆਂ ੨੪ ਪਉੜੀਆਂ ਵਿੱਚੋਂ ੫ ਪਉੜੀਆਂ ਵਿਚ ਨਾਨਕ ਪਦ ਲਿਖਿਆ ਹੈ ।
ਬਿਹਾਗੜੇ ਦੀ ਵਾਰ ਦੀਆਂ ੨੧ ਪਉੜੀਆਂ ਵਿੱਚੋਂ ੫ ਪਉੜੀਆਂ ਵਿਚ ਨਾਨਕ ਪਦ ਲਿਖਿਆ ਹੈ ।
ਵਡਹੰਸ ਦੀ ਵਾਰ ਦੀਆਂ ੨੧ ਪਉੜੀਆਂ ਵਿੱਚੋਂ ੫ ਪਉੜੀਆਂ ਵਿਚ ਨਾਨਕ ਪਦ ਲਿਖਿਆ ਹੈ ।
ਰਾਮਕਲੀ ਦੀ ਤੀਜੀ ਵਾਰ ਦੀਆਂ ੮ ਪਉੜੀਆਂ ਵਿੱਚੋਂ ੫ ਪਉੜੀਆਂ ਵਿਚ ਨਾਨਕ ਪਦ ਲਿਖਿਆ ਹੈ ।

ਮਾਰੂ ਦੀ ਦੂਜੀ ਵਾਰ ਦੀਆਂ ੨੩ ਪਉੜੀਆਂ ਵਿੱਚੋਂ ੫ ਪਉੜੀਆਂ ਵਿਚ ਨਾਨਕ ਪਦ ਲਿਖਿਆ ਹੈ ।

ਪ੍ਰਸ਼ਨ ੭੦:ਕਿਹਨਾਂ-ਕਿਹਨਾਂ ਵਾਰਾਂ ਦੀਆਂ ੯-੯ ਪਉੜੀਆਂ ਵਿਚ ਨਾਨਕ ਪਦ ਲਿਖਿਆ ਹੈ ?

ਉੱਤਰ- ਸੋਰਠਿ ਦੀ ਵਾਰ ਦੀਆਂ ੨੯ ਪਉੜੀਆਂ ਵਿੱਚੋਂ ੯ ਪਉੜੀਆਂ ਵਿਚ ਨਾਨਕ ਪਦ ਲਿਖਿਆ ਹੈ ।
ਮਲਾਰ ਦੀ ਵਾਰ ਦੀਆਂ ੨੮ ਪਉੜੀਆਂ ਵਿੱਚੋਂ ੯ ਪਉੜੀਆਂ ਵਿਚ ਨਾਨਕ ਪਦ ਲਿਖਿਆ ਹੈ ।

ਪ੍ਰਸ਼ਨ ੭੧: ਕਿਹਨਾਂ-ਕਿਹਨਾਂ ਵਾਰਾਂ ਦੀਆਂ ੧੦-੧੦ ਪਉੜੀਆਂ ਵਿਚ ਨਾਨਕ ਪਦ ਲਿਖਿਆ ਹੈ ?

ਉੱਤਰ- ਮਾਝ ਦੀ ਵਾਰ ਦੀਆਂ ੨੭ ਪਉੜੀਆਂ ਵਿੱਚੋਂ ੧੦ ਪਉੜੀਆਂ ਵਿਚ ਨਾਨਕ ਪਦ ਲਿਖਿਆ ਹੈ ।
ਗਉੜੀ ਦੀ ਪਹਿਲੀ ਵਾਰ ਦੀਆਂ ੩੩ ਪਉੜੀਆਂ ਵਿੱਚੋਂ ੧੦ ਪਉੜੀਆਂ ਵਿਚ ਨਾਨਕ ਪਦ ਲਿਖਿਆ ਹੈ ।

ਪ੍ਰਸ਼ਨ ੭੨: ਬਿਲਾਵਲ ਦੀ ਵਾਰ ਦੀਆਂ ੧੩ ਪਉੜੀਆਂ ਵਿਚੋਂ ਕਿਤਨੀਆਂ ਪਉੜੀਆਂ ਵਿਚ ਨਾਨਕ ਲਿਖਿਆ ਆਇਆ ਹੈ,ਤੇ ਕਿਤਨੀਆਂ ਵਿਚ ਨਾਨਕ ਲਿਖਿਆ ਨਹੀਂ ਆਇਆ ?

ਉੱਤਰ- ਬਿਲਾਵਲ ਦੀ ਵਾਰ ਦੀਆਂ ੧੩ ਪਉੜੀਆਂ ਵਿੱਚੋਂ ੬ ਪਉੜੀਆਂ ਵਿਚ ਨਾਨਕ ਲਿਖਿਆ ਆਇਆ ਹੈ ਤੇ ੭ ਪਉੜੀਆਂ ਵਿਚ ਨਾਨਕ ਲਿਖਿਆ ਨਹੀਂ ਆਇਆ ।

ਪ੍ਰਸ਼ਨ ੭੩: ਕਾਨੜੇ ਦੀ ਵਾਰ ਦੀਆਂ ੧੫ ਪਉੜੀਆਂ ਵਿੱਚੋਂ ਕਿਤਨੀਆਂ ਪਉੜੀਆਂ ਵਿਚ ਨਾਨਕ ਲਿਖਿਆ ਆਇਆ ਹੈ, ਤੇ ਕਿਤਨੀਆ ਪਉੜੀਆਂ ਵਿਚ ਨਾਨਕ ਲਿਖਿਆ ਨਹੀਂ ਆਇਆ ?

ਉੱਤਰ- ਕਾਨੜੇ ਦੀ ੧੫ ਪਉੜੀਆਂ ਵਿੱਚੋਂ ੩ ਪਉੜੀਆਂ ਵਿਚ ਨਾਨਕ ਲਿਖਿਆ ਆਇਆ ਹੈ ਤੇ ੧੨ ਪਉੜੀਆਂ ਵਿਚ ਨਾਨਕ ਲਿਖਿਆ ਨਹੀਂ ਆਇਆ ।

ਪ੍ਰਸ਼ਨ ੭੪: ਅਨੰਦ ਸਾਹਿਬ ਵਿਚ 'ਨਾਨਕਾ' ਲਿਖਿਆ ਕਿਸ ਪਉੜੀ ਵਿਚ ਤੇ ਕਿਹੜੀ ਪੰਗਤੀ ਹੈ ?੦੦੦੦੦੦

ਜਉੱਤਰ- ਅਨੰਦ ਸਾਹਿਬ ਦੀ ੩੦ਵੀਂ ਪਉੜੀ ਵਿਚ ਪੰਗਤੀ ਇਸਤਰ੍ਹਾਂ ਹੈ 'ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ ਜਿਨ ਹਰਿ ਪਲੈ ਪਾਇ ॥'

ਕੁਲ ਪਉੜੀਆਂ	ਨਾਨਕ ਲਿਖਿਆ	ਨਾਨਕ ਨਹੀਂ ਲਿਖਿਆ
ਸ੍ਰੀ ਰਾਗ ਕੀ ਵਾਰ ੨੧	੫	੧੬
ਮਾਝ ਕੀ ਵਾਰ ੨੭	੧੦	੧੭
ਗਉੜੀ ਦੀ ਪਹਿਲੀ ਵਾਰ ੩੩	੧੦	੨੩
ਗਉਵੀ ਦੀ ਦੂਜੀ ਵਾਰ ੨੧	੨੧	
ਆਸਾ ਦੀ ਵਾਰ ੨੪	੫	੧੯
ਗੂਜਰੀ ਦੀ ਪਹਿਲੀ ਵਾਰ ੨੨	੪	੧੮
ਗੂਜਰੀ ਦੀ ਦੂਜੀ ਵਾਰ ੨੧	੪	੧੭
ਬਿਹਾਗੜੇ ਦੀ ਵਾਰ ੨੧	੫	੧੬
ਵਡਹੰਸ ਦੀ ਵਾਰ ੨੧	੫	੧੬
ਸੋਰਠਿ ਦੀ ਵਾਰ ੨੯	੯	੨੦
ਜੈਤਸਰੀ ਦੀ ਵਾਰ ੨੦	੩	੧੭
ਸੂਹੀ ਦੀ ਵਾਰ ੨੦	੨	੧੮
ਬਿਲਾਵਲੁ ਦੀ ਵਾਰ ੧੩	੬	੭
ਰਾਮਕਲੀ ਦੀ ਪਹਿਲੀ ਵਾਰ ੨੧	੩	੧੮
ਰਾਮਕਲੀ ਦੀ ਦੂਜੀ ਵਾਰ ੨੨	੬	੧੬
ਰਾਮਕਲੀ ਦੀ ਤੀਜੀ ਵਾਰ ੮	੫	੩
ਮਾਰੂ ਦੀ ਪਹਿਲੀ ਵਾਰ ੨੨	੪	੧੮
ਮਾਰੂ ਦੀ ਦੂਜੀ ਵਾਰ ੨੩	੫	੧੮
ਕਾਨੜੇ ਦੀ ਵਾਰ ੧੫	੩	੧੨

ਮਲਾਰ ਦੀ ਵਾਰ ੨੮	੯	੧੯
ਬਸੰਤ ਦੀ ਵਾਰ ੩	**੩**	
ਸਾਰੰਗ ਦੀ ਵਾਰ ੩੬	੩੬	
ਕੁਲ ਜੋੜ ੪੭੧	੧੬੩	੩੦੮

ਪ੍ਰਸ਼ਨ ੭੫: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ,ਰਾਗ ਆਸਾ ਮਹਲਾ ੧ ਪਟੀ ਲਿਖੀ ਕਿਤਨੇ ਅੰਗ ਤੇ ਹੈ ।

ਉੱਤਰ- ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ,ਰਾਗ ਆਸਾ ਮਹਲਾ ੧ ਪਟੀ ਲਿਖੀ ੪੩੨ ਅੰਗ ਤੇ ਹੈ ।

ਪ੍ਰਸ਼ਨ ੭੬: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਜੈਦੇਵ ਜੀ ਦਾ ਪਦਾ ਕਿਤਨੇ ਅੰਗ ਤੇ ਹੈ ?

ਉੱਤਰ- ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਜੈਦੇਵ ਜੀ ਦਾ ਪਦਾ ੫੨੬ ਅੰਗ ਤੇ ਹੈ ।

ਪ੍ਰਸ਼ਨ ੭੭ : ਕਈ ਗੁਰਮੁਖ ਪ੍ਰਸ਼ਨ ਕਰਦੇ ਹਨ ਕਿ ਰਾਗ ਮਾਲਾ ਵਿਚ 'ਪੁਨਿ' ਸਬਦ ਆਇਆ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਆਇਆ, ਇਸ ਕਰਕੇ ਰਾਗ ਮਾਲਾ ਗੁਰਬਾਣੀ ਨਹੀਂ ਹੈ ?

ਉੱਤਰ- ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ (੯੯੨) ਅੰਗ ਤੇ ਇਸ ਤਰ੍ਹਾਂ ਪੰਗਤੀ ਆਉਂਦੀ ਹੈ ।
"ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ ॥"'ਪੁਨਿ'ਸਬਦ ਇੱਥੇ ਆਇਆ ਹੈ ।

ਪ੍ਰਸ਼ਨ ੭੮: ਕਈ ਗੁਰਮੁਖ 'ਮਹਲ' ਦਾ ਅਰਥ ਇਸਤਰੀ ਕਰਦੇ ਹਨ, ਕਿ ਸਤਿਗੁਰੂ ਜੀ ਨੇ ਅਪਣੇ ਆਪ ਨੂੰ ਅਕਾਲ ਪੁਰਖ ਦੀ ਇਸਤਰੀ ਕਿਹਾ ਹੈ ?

ਉੱਤਰ- ਰਹਿਤ ਨਾਮੇ ਵਿਚ ਭਾਈ ਨੰਦ ਲਾਲ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਤਰ੍ਹਾਂ ਪੁਛ ਦੇ ਹਨ।

ਨੰਦ ਲਾਲ ਵਾਚ

ਤੁਮ ਜੁ ਕਹਾ ਗੁਰਦੇਵ ਜੀ,ਦਰਸ਼ਨ ਕਰਿ ਮੁਹ ਆਇ ॥
ਲਖੀਏ ਤੁਮਾਰਾ ਦਰਸ ਕਹਾਂ ,ਕਹਹੁ ਮੋਹਿ ਸਮਝਾਇ ॥ ੫॥

ਸ੍ਰੀ ਗੁਰ ਵਾਚ

ਤੀਨ ਰੂਪ ਹੈਂ ਮੋਹ ਕੇ ,ਸੁਨਹੁ ਨੰਦ !ਚਿਤ ਲਾਇ ॥
ਨਿਰਗੁਣ ,ਸਰਗੁਣ ,ਗੁਰਸ਼ਬਦ ,ਕਹਹੁੰ ਤੋਹਿ ਸਮਝਾਇ ॥੬॥

ਇੱਥੇ ਗੁਰੂ ਜੀ ਨੇ ਆਪਣੇ ਆਪ ਨੂੰ ਅਕਾਲ ਪੁਰਖ ਰੂਪ ਕਿਹਾ ਹੈ,ਇਸਤਰੀ ਰੂਪ ਨਹੀ ਕਿਹਾ ।
ਇਸ ਕਰ ਕੇ ਮਹਲ ਦਾ ਅਰਥ , ਇਸਰੀ ਨਹੀਂ ਬਣਦਾ, ਮਹਲ ਦਾ ਅਰਥ ਸਰੂਪ ਬਣਸਾ ਹੈ । ਪਹਿਲਾ ਸਰੂਪ,ਦੂਜਾ ਸਰੂਪ , ਤੀਜਾ ਸਰੂਪ ,ਚੌਥਾ ਸਰੂਪ ,ਪੰਜਵਾਂ ਸਰੂਪ ,ਨੌਂਵਾਂ ਸਰੂਪ ।

ਪ੍ਰਸ਼ਨ ੭੯:ਕਿਹੜੇ ਕਿਹੜੇ ਰਾਗਾਂ ਵਿਚ ਛੰਤ ਨਹੀਂ ਹਨ ?

ਉੱਤਰ -ਮਾਝ ਰਾਗ ,ਗੂਜਰੀ ਰਾਗ ,ਦੇਵਗੰਧਾਰੀ ਰਾਗ, ਸੋਰਠਿ ਰਾਗ,ਟੋਡੀ ਰਾਗ,ਬੈਰਾੜੀ ਰਾਗ,ਤਿਲੰਗ ਰਾਗ ,ਗੋਂਡ ਰਾਗ, ਨਟ ਨਾਰਾਇਨ ਰਾਗ,ਮਾਲੀਗਉੜਾ ਰਾਗ, ਮਾਰੂ ਰਾਗ, ਭੈਰਉ ਰਾਗ, ਬਸੰਤ ਰਾਗ,ਕਲਿਆਣ ਰਾਗ,ਪ੍ਰਭਾਤੀ ਰਾਗ,ਜੈਜਾਵੰਤੀ ਰਾਗ ।ਇਹਨਾਂ ੧੬ ਰਾਗਾਂ ਵਿਚ ਛੰਤ ਨਹੀਂ ਹਨ । ੦

ਪ੍ਰਸ਼ਨ ੮੦:ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਹਲਾ ਦਾ ਉਚਾਰਨ ਕਿਸ ਤਰ੍ਹਾਂ ਕਰਨਾਂ ਹੈ ?

ਉਤਰ - ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਹਲਾ ਦਾ ਉਚਾਰਨ (ਮਹੱਲਾ)ਅਧਕ ਲਾ ਕੇ ਕਰਨਾ ਹੈ ।ਮਹਲਾ ਪਹਿਲਾ,ਮਹਲਾ ਦੂਜਾ,ਮਹਲਾ ਤੀਜਾ (ਤ੍ਰੈ ਜਾਂ ਤਿੰਨ ਨਹੀਂ ਬੋਲਣਾ), ਮਹਲਾ ਚੌਥਾ, ਮਹਲਾ ਪੰਜਵਾ, ਮਹਲਾ ਨਾਵਾਂ ਬੋਲਣਾ ਹੈ । ਜਿੱਥੇ ਮਹਲਾ ਲਿਖਿਆ ਅੰਕਾਂ ਵਿਚ ਪਹਿਲਾਂ ਹੋਵੇ ਤੇ ਸਬਦਾਂ ਵਿਚ ਲਿਖਿਆ ਬਾਅਦ ਵਿਚ ਹੋਵੇ ਉੱਥੇ, ੩ ਤੀਜਾ, ਇਹ ਦੋ ਵਾਰੀ ਬੋਲਣਾ ਹੈ।ਜਿੱਥੇ ਸਬਦਾਂ ਵਿਚ ਪਹਿਲਾਂ ਹੋਵੇ ਅੰਕਾਂ ਵਿਚ ਬਾਅਦ ਵਿਚ ਹੋਵੇ ਉੱਥੇ ਇਕ ਵਾਰੀ ਬੋਲਣਾ ਹੈ।ਜਿਸ ਤਰ੍ਹਾਂ ਮਹਲਾ ਤੀਜਾ ੩, ਇਹ ਇਕ ਵਾਰੀ ਬੋਲਣਾ ਹੈ ।

ਪ੍ਰਸ਼ਨ ੮੧: ਦੂਜੇ ਪਾਤਿਸ਼ਾਹ ਜੀ ਦੀ ਕਿਹੜੇ ਰਾਗਾਂ ਵਿਚ ਬਾਣੀ ਕਿੱਥੇ ਹੈ ?

ਉੱਤਰ- ਦੂਜੇ ਪਾਤਿਸ਼ਾਹ ਜੀ ਨੇ ਰਾਗਾਂ ਵਿਚ ਬਾਣੀ ਨਹੀਂ ਉਚਾਰੀ,ਉਹਨਾਂ ਨੇ ਵਾਰਾਂ ਵਿਚ ਸਲੋਕ ਅਤੇ ਮਹਲੇ ਉਚਾਰੇ ਹਨ ।

ਪ੍ਰਸ਼ਨ ੮੩: ਜਿਹੜੇ ਸ਼ਬਦਾਂ ਵਿਚ ਚਾਰ ਜਾਂ ਛੇ ਰਹਾਉ ਆਉਦੇ ਹਨ ਉਹ ਦੱਸੋ ਕਿਹੜੇ ਹਨ ?

ਉੱਤਰ-ਇਹਨਾਂ ਸ਼ਬਦਾਂ ਵਿਚ ਚਾਰ-ਚਾਰ ਰਹਾਉ ਆਉਦੇ ਹਨ । ਮਾਝ ਰਾਗ ਵਿਚ ੯੬ ਅੰਗ ਤੇ ੮ ਵਾਂ ਸਬਦ ਇਹ ਹੈ ।ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥

ਧਨਾਸਰੀ ਰਾਗ ਵਿਚ ੬੬੦ ਅੰਗ ਤੇ ਪਹਿਲਾ ਸਬਦ ਹੈ ।ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ ॥ ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ॥੧॥ ਇਹਨਾਂ ਸਬਦਾਂ ਵਿਚ ਚਾਰ-ਚਾਰ ਰਹਾਉ ਆਏ ਹਨ ।

ਇਸ ਅਗਲੇ ਸਬਦ ਵਿਚ ਛੇ ਰਹਾਉ ਆਉਂਦੇ ਹਨ ।ਇਹ ਸਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਿਰੀਰਾਗ ਵਿਚ ੮੧ ਅੰਗ ਤੇ ਹੈ ।

ਸਿਰੀਰਾਗੁ ਮਹਲਾ ੪ ਵਣਜਾਰਾ ੧ੴ ਸਤਿਨਾਮੁ ਗੁਰਪ੍ਰਸਾਦਿ ॥

ਹਰਿ ਹਰਿ ਉਤਮੁ ਨਾਮੁ ਹੈ ਜਿਨਿ ਸਿਰਿਆ ਸਭੁ ਕੋਇ ਜੀਉ ॥ ਹਰਿ ਜੀਅ ਸਭੇ ਪ੍ਰਤਿਪਾਲਦਾ ਘਟਿ ਘਟਿ ਰਮਈਆ ਸੋਇ ॥

ਰਾਗਮਾਲਾ ਬਾਰੇ ਪ੍ਰਸਿੱਧ ਵਿਦਵਾਨਾਂ ਦੇ ਲੇਖ

ਸਿੱਖ ਪੰਥ ਦੀਆਂ ਮਹਾਨ ਹਸਤੀਆਂ ਸਤਿਕਾਰ ਯੋਗ ਭਾਈ ਵੀਰ ਸਿੰਘ ਜੀ , ਡਾ:ਚਰਨ ਸਿੰਘ ਜੀ,ਸੰਤ ਟਹਿਲ ਸਿੰਘ ਜੀ ,ਗਿਆਨੀ ਸਾਹਿਬ ਸਿੰਘ ਜੀ ਧਮਧਾਣ ਸਾਹਿਬ ਵਾਲੇ ,ਸੰਤ ਗਿਆਨੀ ਗੁਰਬਚਨ ਸਿੰਘ ਜੀ, 'ਖ਼ਾਲਸਾ' ਭਿੰਡਰਾਂ ਵਾਲੇ,ਸੰਤ ਜਰਨੈਲ ਸਿੰਘ ਜੀ'ਖਾਲਸਾ' ਭਿੰਡਰਾਂ (ਮਹਿਤੇ) ਵਾਲੇ ਅਤੇ ਗਿ: ਜਸਵੰਤ ਸਿੰਘ ਜੀ ਕਥਾ ਵਾਚਕ ਮੰਜੀ ਸਾਹਿਬ ਅੰਮ੍ਰਿਤਸਰ, ਨੇ ਲਿਖਤੀ ਰੂਪ ਵਿਚ ਸੁੰਦਰ ਪ੍ਰਮਾਣ ਦੇ ਕੇ ਰਾਗ ਮਾਲਾ ਨੂੰ ਗੁਰੂ ਕੀ ਬਾਣੀ ਸਿੱਧ ਕੀਤਾ ਹੈ । ਦੂਜੇ ਪਾਸੇ ਆਪਣੇ ਆਪ ਨੂੰ ਸਿੱਖ ਅਖਾਉਣ ਵਾਲਿਆਂ ਨੇ, ਗੁਰੂ ਕੀ ਬਾਣੀ ਰਾਗਮਾਲਾ ਦੇ ਉਲਟ ਅੱਡੀ ਚੋਟੀ ਦਾ ਜੋਰ ਲਾਇਆ ਤੇ ਕੋਈ ਕਸਰ ਨਾ ਛੱਡੀ । ਕਿ ਰਾਗ ਮਾਲਾ ਗੁਰੂ ਕੀ ਬਾਣੀ ਨਹੀਂ ਹੈ । ਜਿਹਨਾਂ ਵਿਚ ਕੁਝ ਕੁ ਨਾਮਵਰ ਹਸਤੀਆਂ ਦੇ ਨਾਮ ਇਸਤਰਾਂ ਹਨ । ਸ਼ਮਸ਼ੇਰ ਸਿੰਘ ਅਸੋਕ ,(ਰੀਸਰਜ ਸਕਾਲਰ ,ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ),ਭਾਈ ਕਾਹਨ ਸਿਘ ਨਾਭਾ,ਅਤੇ 'ਸ੍ਰੀ ਗੁਰਪ੍ਰਤਪ ਸੂਰਜ ਗ੍ਰੰਥ' ਦੇ ਕਰਤਾ ਭਾਈ ਸੰਤੋਖ ਸਿੰਘ ਜੀ , ਸੋਭਾ ਸਿੰਘ ਤੇ ਤੇਜਾ ਸਿੰਘ ਜੀ ਭਸੌੜੀਏ, ਗਿਆਨੀ ਸ਼ੇਰ ਸਿੰਘ ਸੂਰਮੇ ।

ਇਹਨਾਂ ਵਿਦਵਾਨਾਂ ਵਿੱਚੋਂ ਇਕ ਗਿਆਨੀ ਸ਼ੋਭਾ ਸਿੰਘ ਹੋਇਆ ਹੈ ਜੋ ਦਿੱਲੀ ਦਾ ਰਹਿਣ ਵਾਲਾ ਸੀ । ਇਹ ਪਹਿਲਾਂ ਪਟਿਆਲ਼ੇ ਅਹਿਲਕਾਰ ਸੀ । ਭਾਈ ਸੋਭਾ ਸਿੰਘ ਅੰਮ੍ਰਿਤਸਰ ਠਾਕਰਾਂ ਦੇ (ਨਿਰਮਲਿਆਂ) ਡੇਰੇ ਰਹਿੰਦਾ ਸੀ । ਸਭ ਤੋਂ ਪਹਿਲਾਂ ਸੋਭਾ ਸਿੰਘ ਨੇ ਹੀ ਰਾਗਮਾਲਾ ਤੇ ਸੰਕਾ ਕੀਤਾ ਸੀ । ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਜੀ ਨੇ ਦਸਿਆ ਕਿ ਸੋਭਾ ਸਿੰਘ ਦਾ ਕੋਈ ਦੁਨਿਆਵੀ ਕੰਮ ਇਸਾਈਆਂ (ਅੰਗਰੇਜ਼ਾਂ)ਨਾਲ ਸੀ । ਇਸਾਈਆਂ ਨੇ ਕਿਹਾ ,ਤੇਰਾ ਮੁਕਦਮਾ ਜਿਤਾ ਦਿਆਂਗੇ ,ਪਰ ਤੂੰ ਗੁਰਬਾਣੀ ਵਿਚ ਕੋਈ ਨਾ ਕੋਈ ਫਰਕ ਪਾ ਦੇ ।

ਸੋਭਾ ਸਿੰਘ ਨੇ ,ਗੁਰਪ੍ਰਤਾਪ ਸੂਰਜ ਗ੍ਰੰਥ, ਦੇ ਕਰਤਾ ਭਾਈ ਸੰਤੋਖ ਸਿੰਘ ਜੀ ਨੂੰ ਕੈਂਥਲ ਜਾ ਕੇ ਇਤਨਾ ਭਰਮਾ ਲਿਆ ਕਿ ਉਹਨਾਂ ਨੇ ਆਲਮ ਕਵੀ ਦੀ ਪੋਥੀ ਦੀ ਪੂਰੀ ਖੋਜ ਕੀਤੇ ਬਿਨਾਂ ਹੀ ਰਾਗਮਾਲਾ ਦੇ ਉਲਟ ਲਿਖ ਦਿੱਤਾ । ਉਹਨਾਂ ਦੇ ਭੁਲ ਦਾ ਕਾਰਨ ਉਹ ਸੰਮਤ ਜੋ ਆਲਮ ਦੀ ਪੋਥੀ ੯੯੧ ਹਿਜਰੀ ਦਿੱਤਾ ਹੈ । ਇਹ ਸੰਮਤ ਸੰਸਕ੍ਰਿਤ ਪੋਥੀ ਦਾ ਜੋ ਜੋਧ ਕਵੀ ਨੇ ਅਕਬਰ ਬਾਦਸ਼ਾਹ ਵੇਲੇ ਰਚਿਆ ਸੀ । ਆਲਮ ਕਵੀ ਨੇ ਆਪਣੀ ਰਚਨਾ ਰਚਣ ਦਾ ਸੰਮਤ ਆਪਣੀ ਪੋਥੀ ਦੇ ਅਖੀਰ ਵਿਚ ੧੭੭੪ ਬਿਕਰਮੀ ਦਿੱਤਾ ਹੈ ।

ਸੋਭਾ ਸਿੰਘ ਨੇ ਗੁਰਬਾਣੀ ਵਿਚ ਫਰਕ ਪਾਉਣ ਵਾਸਤੇ ਸ੍ਰੀ ਗੁਰੂ ਗੰਥ ਜੀ ਦਾ ਸਰੂਪ ਲਿਖਿਆ ਉਸ ਵਿਚ ਰਾਗਮਾਲਾ ਨਹੀਂ ਲਿਖੀ । ਉਸਨੇ ਅਕਾਲ ਤਖ਼ਤ ਸਾਹਿਬ ਵਿਦਵਾਨਾਂ ਦੀ ਇਕ ਸਭਾ ਸੱਦੀ । ਅਕਾਲ ਤਖ਼ਤ ਸਾਹਿਬ ਉਹ ਹਥ ਲਿਖਤਿ ਸ੍ਰੀ ਗੁਰੂ ਗ੍ਰੰਥ ਜੀ ਦਾ ਸਰੂਪ ਲਿਆਂਦਾ । ਸੰਗਤਾਂ ਵਿਚ ਕਹਿਣ ਲੱਗਾ ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਮਾਲਾ ਨਹੀਂ ਚਾਹੀਦੀ ਇਸ ਦੀ ਮੰਜੂਰੀ ਦਿਓ । ਸਿੱਖ ਸੰਗਤਾਂ ਨੂੰ ਇਹ ਗੱਲ ਚੰਗੀ ਨਹੀਂ ਲੱਗੀ । ਉਸ ਮੌਕੇ ਕੁਝ ਮਹਾਨ ਹਸਤੀਆਂ ਸੰਗਤ ਵਿਚ ਮੌਜੂਦ ਸਨ । ਜਿਹਨਾਂ ਵਿਚ ਗ੍ਰੰਥੀ ਭਾਈ ਜਵਾਹਰ ਸਿੰਘ ਜੀ ,ਭਾਈ ਭਗਤ ਸਿੰਘ ਜੀ, ਭਾਈ ਦੀਵਾਨ ਸਿੰਘ ਜੀ ,ਠਾਕਰ ਦਿਆਲ ਸਿੰਘ ਜੀ ,ਨਿਰਮਲੇ ਅਤੇ ਉਦਾਸੀ ਸੰਤ ਵੀ ਉਸ ਸਭਾ ਵਿਚ ਹਾਜ਼ਰ ਸਨ । ਉਹਨਾਂ ਸਲਾਹ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਕੀਤੀ ਜਾਵੇ ਕਿ ਮਹਾਰਾਜ ਜੀ ਆਪ ਹੀ ਇਹੋ ਜਿਹੇ ਗੁਰ ਧ੍ਰੋਹੀ ਨੂੰ ਸੋਧੋ ।

ਉਸ ਵਕਤ ਪੰਜਾਂ ਪਿਆਰਿਆਂ ਨੇ ਸਣਕੇਸੀ ਇਸ਼ਨਾਨ ਕਰਕੇ ਤਿਆਰ-ਬਰ-ਤਿਆਰ ਹੋ ਕੇ , ਸ੍ਰੀ ਗੁਰੂ ਗ੍ਰੰਥ ਜੀ ਮਹਾਰਾਜ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਹੇ ਮਹਾਰਾਜ ਜੀ ,ਜੇ ਸੋਭਾ ਸਿੰਘ ਸੱਚਾ ਹੈ ਤਾਂ ਇਸਦਾ ਸਰੀਰ ਬਿਲਕੁਲ ਅਰੋਗ ਰਹੇ, ਨਹੀਂ ਤਾਂ ਅੱਠਾਂ ਦਿਨਾਂ ਵਿਚ ਇਸ ਦੇ ਕੀਤੇ ਦਾ ਫਲ ਭੁਗਤਾਓ । ਜੇ ਰਾਗਮਾਲਾ ਗੁਰਬਾਣੀ ਨਹੀਂ ਤਾਂ ਅਸੀ ਵੀ ਪੜਨੋਂ ਹਟ ਜਾਂਦੇ ਹਾਂ । ਜੇ ਰਾਗਮਾਲਾ ਗੁਰਬਾਣੀ ਹੈ ਤਾਂ ਇਸ ਦੀ ਜਬਾਨ ਵਿਚ ਕੀੜੇ ਪੈ ਜਾਣ ਤੇ ਇਸ ਨੂੰ ਇਸ ਦੀ ਕਰਣੀ ਦਾ ਫਲ ਭੁਗਤਾਓ । ਤਾਂ ਕਿ ਆਉਣ ਵਾਲੇ ਸਮੇਂ ਵਿਚ ਨਿ-ਸ਼ਰਧਕ ਲੋਕ ਅਜਿਹਾ ਕੋਝਾ ਜਤਨ ਨਾ ਕਰਨ ।

ਅਰਦਾਸ ਸੋਧਣ ਤੋਂ ਅੱਠਾਂ ਦਿਨਾਂ ਬਾਅਦ ਸੋਭਾ ਸਿੰਘ ਬਿਮਾਰ ਹੋ ਗਿਆ । ਜ਼ਬਾਨ ਤੇ ਕੀੜੇ ਪੈ ਗਏ,ਉਸਨੇ ਖੁਦ ਕਾਗਜ਼ ਤੇ ਲਿਖ ਕੇ ਦਸਿਆ ਕਿ ਸਾਧਸੰਗਤ ਜੀ ! ਜੋ ਮੈਂ ਪਾਪ ਕੀਤਾ ਹੈ ,ਉਸਦਾ ਫਲ ਮੈਂ ਭੋਗ ਲਿਆ ਹੈ । ਹੁਣ ਮੈਨੂੰ ਅਕਾਲ ਤਖ਼ਤ ਸਾਹਿਬ ਲੈ ਚੱਲੋ । ਮੇਰੇ ਵੱਲੋਂ ਮੁਆਫ਼ੀ ਦੀ ਅਰਦਾਸ ਬੇਨਤੀ ਕੀਤੀ ਜਾਵੇ । ਤਾਂ ਕਿ ਮੇਰਾ ਸਰੀਰ ਛੁਟ ਜਾਵੇ ਤੇ ਮੈਨੂੰ ਪਰਲੋਕ ਵਿਚ ਜਮਾ ਦੀ ਮਾਰ ਨਾ ਖਾਣੀ ਪਵੇ । ਅਤੇ ਉਸ ਨੇ ਇਹ ਵੀ ਕਿਹਾ ਕਿ ਦਰਬਾਰ ਸਾਹਿਬ ਦੇ ਰੋਜ਼ਨਾਮਚੇ ਵਿਚ ਇਸ ਘਟਨਾ ਦਾ ਵੇਰਵਾ ਦਿੱਤਾ ਜਾਵੇ । ਤਾਂ ਕਿ ਆਉਣ ਵਾਲੇ ਸਮੇਂ ਲੋਕੀਂ ਇਸ ਕੁਰੀਤੀ ਤੋਂ ਬਚਣ ।

ਦੂਜਾ ਨੰਬਰ ਭਾਈ ਕਾਹਨ ਸਿੰਘ ਜੀ ਦਾ ਹੈ ਜਿਹਨਾਂ ਨੇ ਇਹ ਲੇਖ ਸੰਨ ੧੯੦੧ ਈਸਵੀ ਤੋਂ ਸ਼ੁਰੂ ਕੀਤੇ ,ਉਹਨਾਂ ਨੇ ਜਦੋਂ ਗੁਰਮਤਿ ਸੁਧਾਖਰ ਦੀ ਪਹਿਲੀ ਐਡੀਸ਼ਨ ਛਾਪੀ । ਉਸ ਸਮੇਂ ਉਹਨਾਂ ਨੇ ਇਹ ਵਿਚਾਰ ਦਿੱਤਾ, ਬਹੈਸੀਅਤ ਖੋਜੀ ਦੇ ਉਹਨਾਂ ਭਾਈਆਂ ਨੂੰ ਸਲਾਹ ਦਿੰਦਾ ਹਾਂ ਕਿ ਉਹ ਐਸਾ ਕਰਨ ਤੋਂ ਸੰਕੋਚ ਕਰਨ ,ਕਿਉਂਕਿ ਕਰਤਾਰਪੁਰ ਵਾਲੀ ਬੀੜ ਵਿਚ ਰਾਗ ਮਾਲਾ ਦੇ ਖੰਡਨ ਦਾ ਇਕ ਵੱਜਰ ਰੂਪ ਪ੍ਰਮਾਣ ਹੈ ।ਕਰਤਾਰਪੁਰ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਤਕਰੇ ਦੇ ਅੰਤ ਵਿਚ ਲਿਖਿਆ

ਗਿਆ ਹੈ :-ਸੰਮਤ ੧੬੬੧ ਮਿਤੀ ਭਾਦਰੋਂ ਵਦੀ ੧ (ਏਕਮ)ਪੋਥੀ ਵਿਚ ਲਿਖੇ ਸਾਰੇ ਪੱਤਰੇ ਗੁਰੂ ਬਾਬੇ ਜੀ ਦੇ ੯੭੪ ਹਨ 'ਕਰਤਾਰਪੁਰ ਵਾਲੇ ਸ੍ਰੀ ਗੁਰੂ ਗ੍ਰੰਥ ਜੀ ਦੇ ੯੭੩ ਵੇਂ ਪੱਤਰੇ ਪੁਰ ਮੁੰਦਾਵਣੀ ਹੈ ੯੭੪ ਵਾਂ ਪੱਤਰਾ (ਜਿਸ ਪਰ ਅੰਗ ੯੭੪ ਮੌਜੂਦ ਹੈ)ਕੋਰਾ ਪਿਆ ਹੈ ।ਇਸ ਤੋਂ ਸਾਫ਼ ਪਾਇਆ ਜਾਂਦਾ ਹੈ ਕਿ ਗੁਰੂ ਬਾਬੇ ਜੀ ਦੇ ਪਤਰੇ ੯੭੪ ਦੀ ਗਿਣਤੀ ਤੋਂ ਬਾਹਰ ਜੋ ਕੁਝ ਹੈ ਉਹ ਗੁਰੂ ਬਾਬੇ ਦਾ ਅੰਗ ਨਹੀਂ ।ਆਦਿ ਅੰਤ ਦੇ ਵਾਧੂ ਪਤਰਿਆਂ ਪਰ ਕਰਤਾਰਪੁਰ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੇਵਲ ਰਾਗ ਮਾਲਾ ਹੀ ਨਹੀਂ,ਕਿੰਤੂ ਰਤਨ ਮਾਲਾ ਹੈ ,ਰਾਹ ਮੁਕਾਮ ਦੀ ਸਾਖੀ ਹੈ ਅਤੇ ਐਸੇ ਲੇਖ ਭੀ ਹਨ "ਸੰਮਤ ੨੬੫੫ ਵਿਚ ਜਹਾਂਗੀਰ ਬਾਦਸ਼ਾਹ ਨੇ ਗੁਰੂ ਅਰਜਨ ਦੇਵ ਜੀ ਨੂੰ ਰਕਬਾ ਕਰਤਾਰਪੁਰ ਦਿੱਤਾ,ਧਰਮਸਾਲਾ ਨੂੰ ੮੯੬੪ ਘੁਮਾਂ,੭ਕਨਾਲ ,੧੫ ਮਰਲੇ ।ਔਰ ਚਲਿਤ੍ਰ ਜੋਤੀ ਜੋਤ ਸਮਾਉਣ ਦਾ ਇਉਂ ਹੈ । ਇਨ੍ਹਾਂ ਵਾਧੂ ਪਤਰਿਆਂ ਵਿਚ ਨਿਰੰਜਨ ਰਾਇ ਦੀ ,ਜੋ ਧੀਰਮਲ ਜੀ ਦੇ ਪੜੋਤੇ ਸੀ । ਬਹੁਤ ਮਹਿਮਾ ਗਾਈ ਹੈ ,ਜਿਸ ਵਿਚ ਲਿਖਿਆ ਹੈ ,"ਕਰਤਾਪੁਰ ,ਹਰਗੋਬਿੰਦ ਪੁਰਾ ,ਸੰਗਤ ਸਾਹਿਬ ਨਿਰੰਜਨ ਰਾਇ ਨੂੰ ਸਭ ਕੁਝ ਦਿੱਤਾ ਇਸਕਾ ਸਰੀਕ ਕੋਈ ਨਹੀਂ ,ਮੇਰਾ ਵਰ ।"ਇਸ ਤੋਂ ਛੁਟ ਅਨੇਕ ਤਾਰੀਖੀ ਬਾਤਾਂ ਭੀ ਹੈਨ,ਜਿਹਨਾਂ ਵਿੱਚੋਂ ਇਕ ਇਹ ਭੀ ਹੈ ਕਿ ੧੮੧੪ ਵਿਚ ਕਰਤਾਰਪੁਰ ਮੇਂ ਅੱਗ ਲੱਗੀ ,੧੮੮੮ ਫਾਗੁਨ ਮੇਂ ਰਣਜੀਤ ਸਿੰਘ ਕਰਤਾਰਪੁਰ ਆਇਆ । ਇਤਿ ਆਦੀ ਅਨੇਕ ਪਰਕਰਣ ਹੈਨ ਜਿਹਨਾਂ ਦੀ ਇੱਥੇ ਲਿਖਣ ਦੀ ਲੋੜ ਨਹੀਂ ਸੀ ।

ਭਾਈ ਕਾਹਨ ਸਿੰਘ ਜੀ ਨੇ ਕਰਤਾਰਪੁਰ ਵਾਲੀ ਬੀੜ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੇ ਸਬੰਧ ਵਿਚ ਕਈ ਸਾਰੀਆਂ ਵਾਧੂ ਗੱਲਾਂ ਲਿਖ ਦਿੱਤੀਆਂ ਹਨ ।ਮਸਲਾ ਕੇਵਲ ਰਾਗਮਾਲਾ ਦਾ ਹੈ । ਅਤੇ ਉਹ ਕਰਤਾਰਪੁਰ ਵਾਲੇ ਸਰੂਪ ਦੇ ਤਤਕਰੇ ਦਾ ਵੀ ਜਿਕਰ ਕਰਦੇ ਹਨ । ਜਿਵੇਂ ਕਰਤਾਰਪੁਰ ਵਾਲੇ ਸ੍ਰੀ ਗੁਰੂ ਗ੍ਰੰਥ ਜੀ ਦੇ ਤਤਕਰੇ ਦੇ ਅੰਤ ਵਿਚ ਲਿਖਿਆ ਹੈ , "ਸੰਮਤ ੧੬੬੧ ਮਿਤੀ ਭਾਦਰੋਂ ਵਦੀ ੧ (ਏਕਮ) ਲਿਖ ਪਹੁਚੇ । ਸਾਰੇ ਪਤਰੇ ਗੁਰੂ ਬਾਬੇ ਜੀ ਦੇ ੯੭੪"ਇਸ ਅੰਕ ਨਾਲ ਫਿਰ ਉਹ ਰਾਗਮਾਲਾ ਦਾ ਪੰਨਾਂ ਮਿਲਾਉਦੇ ਹਨ ।

ਭਾਈ ਕਾਹਨ ਸਿੰਘ ਜੀ ਕਰਤਾਰਪੁਰ ਸਾਹਿਬ,ਸਤਿਗੁਰੂ ਜੀ ਦੇ ਸਰੂਪ ਦੇ ਦਰਸ਼ਨ ਕਰਨ ਗਏ, ਬਾਕੀ ਤਾਂ ਸਭ ਕੁਝ ਲਿਖਦੇ ਹਨ, ਪਰ ਸਤਿਗੁਰੂ ਜੀ ਦੇ ਦਸਤਖਤਾਂ ਬਾਰੇ ਬਿਲਕੁਲ ਚੁਪ ਹਨ । ਇਹ ਕਾਰਨ ਸਪਸਟ ਹੈ ਕਿ ਮਨੁੱਖੀ ਮਨ ਦੀ ਇਹ ਕਮਜ਼ੋਰੀ ਹੈ, ਜਿਹੜੀ ਗਲ ਆਪਣੇ ਮਤਲਬ ਦੀ ਨਹੀਂ ਲਗਦੀ ਉਸ ਤੋਂ ਅਸੀ ਅੱਖਾਂ ਮੀਟ ਲੈਂਦੇ ਹਾਂ ।

ਡਾ:ਭਾਈ ਬਲਬੀਰ ਸਿੰਘ ਜੀ ਖਾਲਸਾ ਸਮਾਚਾਰ ਹਾਲ ਬਜਾਰ ਅੰਮ੍ਰਿਤਸਰ ਪੋਥੀ ਰਾਗਮਾਲਾ ਦਾ ਸਵਾਲ ਤੇ ਜੋਧ ਕਵੀ ਅਤੇ ਆਲਮ,ਵਿਚ ਲਿਖਦੇ ਹਨ । ਜਿਹੜੇ ਗੁਰਮੁਖ ਕਰਤਾਪੁਰ ਸਾਹਿਬ ਪੰਜਵੇਂ ਪਾਤਿਸ਼ਾਹ ਜੀ ਦੇ ਲਿਖਾਏ ਸਰੂਪ ਦੇ ਦਰਸ਼ਨ ਕਰ ਕੇ ਆਏ ਸਨ ਉਹਨਾਂ ਦੀ ਵਿਚਾਰ ਹੇਠਾਂ ਦਿੰਦੇ ਹਨ ।

ਅਸੀਂ ਹੇਠ ਲਿਖੇ ਪੰਥ ਦੇ ਦਾਸ ਅਜ ਦਿਨ ਸੋਮਵਾਰ ਤ੍ਰੀਕ ੧੦ਸਤੰਬਰ **੧੯੪੫**...ਨੂੰ ਕਰਤਾਰ ਪੁਰ ਪੁੱਜੇ !ਸਾਡੀ ਪੜਤਾਲ ਦਾ ਨਤੀਜਾ ਹੈ ਕਿ ਇਸ ਬੀੜ ਵਿਚ ਰਾਗਮਾਲਾ ੯੭੪ ਪੰਨੇ ਤੇ ਉਸੇ ਲਿਖਤ ਵਿਚ ਹੈ ਜਿਸ ਵਿਚ ਕਿ ਬਾਕੀ ਦੀ ਬਾਣੀ ਹੈ ।ਕਾਗਜ ਸਿਆਹੀ ਤੇ ਸਤਰਾਂ ਦੀ ਚਾਲ ਘੁੰਡੀਆਂ ਆਦਿ ਇੱਕੋ ਹੀ ਹਨ । ਇਸੇ ਤਰ੍ਹਾਂ ਤਤਕਰੇ ਵਿਚ ਵੀ ਰਾਗਮਾਲਾ ਉਸੇ ਲਿਖਤ ਤੇ ਸਿਆਹੀ ਵਿਚ ਹੈ ਤੇ ੯੭੪ ਪੰਨੇ ਤੇ ਹੈ । ਅਸੀਂ ਨਿਸਚਿਤ ਕਹਿੰਦੇ ਹਾਂ ਕਿ ਰਾਗਮਾਲਾ ਇਸ ਪਵਿੱਤ੍ਰ ਬੀੜ ਵਿਚ ਕਿਸੇ ਹੋਰ ਨੇ ਮਗਰੋਂ ਨਹੀ ਚਾੜ੍ਹੀ ਅਤੇ ਬੀੜ ਬੰਨ੍ਹਣ ਦੇ ਸਮੇਂ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗ ਹੈ । ਵੇਰਵੇ ਨਾਲ ਰਪੋਟ ਫੇਰ ਪ੍ਰਕਾਸ਼ਤ ਕੀਤੀ ਜਾਵੇਗੀ । ਅਸੀਂ ਹਾਂ ਗੁਰੂ ਪੰਥ ਦੇ ਦਾਸ :-

੧.ਮਾਨ ਸਿੰਘ ਬੀ.ਏ. ਐਲ ਐਲ ਬੀ ,ਮੈਂਬਰ ਜੁਡੀਸ਼ਲ ਕਮੇਟੀ ,ਫਰੀਦ ਕੋਟ।

੨. ਹੁਕਮ ਸਿੰਘ (ਸਰਦਾਰ ਸਾਹਿਬ)ਬੀ ਏ, ਐਲ,ਐਲ,ਬੀ,ਰੀਟਾਇਰਡ ਡਿਸਟ੍ਰਿਕਟ ਐਂਡ ਸੈਸਨ ਜੱਜ ਅੰਮ੍ਰਿਤਸਰ ।

੩. ਸੋਢੀ ਜਗਤ ਸਿੰਘ ਰੀਟਾਇਰਡ ਪੀ.ਸੀ.ਐਸ.ਅੰਡਰ ਸੈਕੇਟਰੀ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ।

੪. ਹਰਿਮਿੰਦ੍ਰ ਸਿੰਘ ਬੀ.ਏ ,ਕ੍ਰਿਸ਼ਨ ਨਗਰ ਲਾਹੌਰ ।

੫. ਮੇਹਰ ਸਿੰਘ 'ਰਵੇਲ' ਐਡੀਟਰ ਖਾਲਸਾ ਐਡਵੋਕੇਟ ਅਮ੍ਰਿਤਸਰ ।

੬. ਹਜ਼ੂਰਾ ਸਿੰਘ ਇੰਜੀਨੀਅਰ ਤੇ ਠੇਕੇਦਾਰ ,ਅੰਮ੍ਰਿਤਸਰ ।

੭. ਅਮਰ ਸਿੰਘ ਇਨਸਪੈਕਟਰ ਕਨਸਾਲੀ ਡੇਸ਼ਨ ਆਫ ਲੈਂਡ ਐਂਡ ਹੋਲਡਿੰਗ,ਜਲੰਧਰ ।

੮. ਮਹਾਂ ਸਿੰਘ ਗਿਆਨੀ ਐਡੀਟਰ ਖਾਲਸਾ ਸਮਾਚਾਰ ਅੰਮ੍ਰਿਤਸਰ ।

ਇਹਨਾਂ ਗੁਰਮੁਖਾਂ ਨੇ ਸਿਆਹੀ,ਸਤਰਾਂ ਦੀ ਚਾਲ ਤੇ ਘੁੰਡੀਆਂ ਦਾ ਵੇਰਵਾ ਵੀ ਦਿੱਤਾ ਹੈ । ਇਸ ਤੋਂ ਵੱਡਾ ਸਬੂਤ ਸ਼ਾਇਦ ਹੀ ਹੋਰ ਕੋਈ ਹੋਵੇ । ਇਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਨੇ ਇਕ ਹੋਰ ਸਬ-ਕਮੇਟੀ ਕਰਤਾਰਪੁਰ ਸਾਹਿਬ ਪੰਜਵੇਂ ਪਾਤਿਸ਼ਾਹ ਜੀ ਦੇ ਲਿਖਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੇ ਦਰਸ਼ਨ ਕਰਨ ਵਾਸਤੇ ਭੇਜੀ । ਉਹਨਾ ਗੁਰਮੁਖਾਂ ਨੇ ਇਹ ਰਿਪੋਟ ਸ਼੍ਰੋਮਣੀ ਕਮੇਟੀ ਨੂੰ ਭੇਜੀ ਸੀ । "ਅਸੀਂ ੧੨ ਵਜੇ ਦੁਪਹਿਰ ਤੋਂ ਲੈ ਕੇ ਸ਼ਾਮ ਪੌਣੇ ਛੇ ਵਜੇ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੁਰਾਤਨ ਬੀੜ ਦੇ ਦਰਸ਼ਨ ਕਰਦੇ ਰਹੇ ।ਅਸੀਂ ਸਾਰੇ ਪਤਰੇ ਪਰਤ ਕੇ ਦੇਖੇ ਹਨ ।ਜਿਸ ਵੇਲੇ ਕਮੇਟੀ ਦੇ ਬਿਆਨ ਵਿਚ ਅਸੀਂ ਇਹ ਗੱਲ ਪੜ੍ਹਦੇ ਹਾਂ ਕਿ ਇਸ ਬੀੜ ਵਿਚ ਕਿਧਰੇ ਭੀ ਹੇਠ ਲਿਖੀਆਂ ਗੱਲਾਂ ਨਹੀਂ ਆਈਆਂ :-

੧.ਗੁਰੂ ਬਾਬੇ ਦੇ ਕੁਲ ਪਤਰੇ ੯੭੪

੨.ਸਿਆਹੀ ਦੀ ਬਿਧਿ ,
੩.ਹਕੀਕਤ ਰਾਹ ਮੁਕਾਮ,
੪.ਰਤਨ ਮਾਲਾ,
੫. ਸਲੋਕ ਆਤਮ ਆਬ,
੬. ਜਿਤ ਦਰ ਲਖ ਮੁਹੰਮਦਾ

ਦੇਖੋ ਵਿਦਵਾਨਾ ਦੀ ਚੁਸਤੀ, ਜਦੋਂ ਭਾਈ ਕਾਹਨ ਸਿੰਘ ਨੇ ੧੯੩੦ ਵਿਚ ਉਸ ਨੂੰ ਸੋਧਿਆ ।ਅਪਣੀ ਪ੍ਰਸਿੱਧ ਰਚਨਾ 'ਮਹਾਨ ਕੋਸ਼' ਵਿਚ ਲਿਖਿਆ , "ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੋ ਜਿਲਦ ਭਾਈ ਗੁਰਦਾਸ ਜੀ ਦੀ ਕਲਮ ਤੋਂ ਲਿਖਵਾਈ ,ਉਸਦਾ ਪ੍ਰਸਿੱਧ ਨਾਉ ਗੁਰਦਾਸ ਵਾਲੀ ਬੀੜ ਹੋ ਗਿਆ । ਇਹ ਬੀੜ ਹੁਣ ਕਰਤਾਰਪੁਰ ਵਿਚ ਹੈ , ਜਿਸ ਦੀ ਜਿਲਦ ਕਿਤਾਬੀ ਅਰ ਸਾਰੇ ਪਤਰੇ ੯੭੫ ਹਨ ।"ਇਉਂ ਥੋੜੇ ਸਮੇਂ ਬਾਅਦ ਭਾਈ ਸਾਹਿਬ ਨੇ ਇਕ ਪਤਰੇ ਵਿਚ ਵਾਧਾ ਕਰ ਦਿੱਤਾ ।
ਡਾ:ਭਾਈ ਬਲਬੀਰ ਸਿੰਘ ਜੀ ਖਾਲਸਾ ਸਮਾਚਾਰ ਹਾਲ ਬਜਾਰ ਅੰਮ੍ਰਿਤਸਰ ਪੋਥੀ ਰਾਗਮਾਲਾ ਦਾ ਸਵਾਲ ਤੇ ਜੋਧ ਕਵੀ ਅਤੇ ਆਲਮ,ਵਿੱਚੋਂ, ਤੇ ਗਿਆਨੀ ਜਸਵੰਤ ਸਿੰਘ ਜੀ ਕਥਾ ਵਾਚਕ ਮੰਜੀ ਸਾਹਿਬ ਅੰਮ੍ਰਿਤਸਰ, ਲਿਖਤਾਂ ਵਿੱਚੋਂ ਲਿਖਿਆ ਹੈ ।

ਇਕ ਭਸੌੜ ਦਾ ਬਾਬੂ ਤੇਜਾ ਸਿੰਘ ਹੋਇਆ ਹੈ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਰਾਗਮਾਲਾ,ਭੱਟਾਂ ਦੇ ਸਵਈਯੇ ਭਗਤ ਬਾਣੀ ਦਾ ਵਿਰੋਧੀ ਸੀ । ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਇਹਨਾਂ ਬਾਣੀਆਂ ਨੂੰ ਕੱਢਕੇ ਬਾਹਰਲੀਆਂ ਬਾਣੀਆਂ ਨੂੰ ਚੜਾਉਣਾ ਚਾਹੁੰਦਾ ਸੀ । ਇਸ ਤਰ੍ਹਾਂ ਘਟਾਈ ਵਧਾਈ ਗੁਰਬਾਣੀ ਨੂੰ ਉਹ ਹਜੂਰੀ ਬੀੜ ਕਹਿੰਦਾ ਸੀ । ਉਸਨੇ ਰਾਗਮਾਲਾ ਦਾ ਵਿਰੋਧ ਤਾਂ ਜ਼ਾਹਿਰ ਕੀਤਾ । ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਖੰਡਨ ਬੜੇ ਲੁਕਵੇਂ ਢੰਗ ਨਾਲ ਕੀਤਾ । ਉਸ ਨੂੰ ਪਤਾ ਸੀ ਕਿ ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ
ਕਢਣ ਨਾਲ ਇਸ ਸਵਾਲ ਨੇ ਮੁੜ ਓਹੋ ਸ਼ਕਲ ਧਾਰਨੀ ਹੈ ,ਜੋ ਭਾਈ ਸੋਭਾ ਸਿਘ ਵੇਲੇ ਪੈਦਾ ਹੋਈ ਸੀ । ਉਸਨੇ ਅਪਣਾ ਪ੍ਰੋਗ੍ਰਾਮ ਏਸ ਕਰਕੇ ਨਵੇਂ ਢੰਗ ਨਾਲ ਬਣਾਇਆ । ਉਸ ਨੇ ਜੋ ਕਾਰਵਾਈ ਕੀਤੀ ਸੀ ਉਹ ਇਤਨੀ ਚੁਪ ਚਾਪ ਸੀ ਕਿ ਦੋ ਵਰ੍ਹੇ ਤਕ ਕਿਸੇ ਨੂੰ ਪਤਾ ਹੀ ਨਾ ਲੱਗਾ । ਸੰਤ ਖਾਲਸਾ ਅਤਰ ਸਿੰਘ ਜੀ ਵਹੀਰੀਆਂ ਲਿਖਦੇ :-

"ਜਿਤਨੇ ਗੁਰੂ ਗ੍ਰੰਥ ਸਾਹਿਬ ਅਬ ਤਕ ਛਾਪੇ ਮੇਂ ਛਪੇ ਹੈਂ , ਰਾਗਮਾਲਾ ਸਹਿਤ ਹੀ ਛਪੇ ਹੈਂ । ਇਨ ਮੇਂ ਸੇ ਹੀ ਸੌ ਕੇ ਕਰੀਬ ਜਿਲਦੇਂ ਖਰੀਦ ਕਰ ਤਖ਼ਤ ਸਾਹਿਬੋਂ, ਗੁਰ ਦੁਆਰਿਓਂ, ਪੰਥ ਕੇ ਮੁਖੀਓਂ, ਮਹੰਤੋਂ ਸੰਤੋਂ, ਆਸ਼੍ਰਮ ਧਾਰੀਓਂ, ਗਿਆਨੀਓਂ ,ਵਿਦਵਾਨੋਂ ਕੀ ਬਿਨਾਂ ਸਲਾਹ ਵ ਮੰਜੂਰੀ ਲੀਏ ਅਥਵਾ ਖਬਰ ਤਕ ਕੀਏ ਬਿਨਾਂ ਰਾਗਮਾਲਾ ਕੇ ਪਤਰੇ ਕਾਟ ,ਜੁਦਾ ਕਰਕੇ ਜਿਲਦੇਂ ਬਣਵਾ ਦੂਰ ਦੇਸ਼ ਟਾਪੂਓਂ ਮੇਂ ਬੀੜ ਕੀ ਤਜਾਰਤ ਆਪਣੇ ਖਿਆਲੋਂ ਮੇਂ ਤਿਆਰ ਕੀਏ ਹੁਏ ਸਾਦਰ ਲੋਕੋਂ ਮੇਂ ਫੈਲਾਇ ਦੀ । ਇਸ ਕਾਰਵਾਈ ਕਾ ਦੋ ਸਾਲ ਤੱਕ ਪੰਜਾਬ ਮੇਂ ਧੂੰ ਬੀ ਨਾ ਨਿਕਲਨੇ ਦੀਆ ।ਸਭ ਕਾਰਵਾਈ ਚੋਰੀ ਸੇ ਹੀ ਗੁਪਤ ਹੁਈ । ਪ੍ਰੰਤੂ ਲਸਨ ਕੀ ਬਦਬੂ ਕਬ ਤਕ ਢੱਕੀ ਰਹ ਸਕਦੀ ਹੈ ।ਆਖਰ ਕਾਰ ਈਪੂ ਨਾਮ ਨਿਵਾਸੀ ਤੇਜਾ ਸਿੰਘ ਕੇ ਏਜੰਟ ਕਾ ਇਸਤਿਹਾਰੀ ਲੇਖ ਅਖਬਾਰ 'ਪੰਥ ਸੇਵਕ' ਮੇਂ ਨਿਕਲਾ ਕਿ ਭਸੌੜ ਸੇ ਰਾਗਮਾਲਾ ਕੇ ਬਿਨਾਂ ਬਹੁਤ ਸੇ ਗੁਰੂ ਗ੍ਰੰਥ ਜੀ ਹਮਾਰੇ ਪਾਸ ਆਏ ਹੈਂ । ਟਾਪੂਓਂ ਮੇਂ ਜਿਨ ਕੋ ਜ਼ਰੂਰਤ ਹੈ ਹਮ ਸੇ ਮੰਗਵਾ ਲੇ ।ਇਸ ਲੇਖ ਕੇ ਪੜਤੇ ਹੀ ਹੈਰਾਨੀ ਪੈਦਾ ਹੋ ਗਈ । ਇਸ ਕੀ ਬਾਬਤ ਪ੍ਰਥਮੇਂ ਏਕ ਲੇਖ ਪੰਜਾਬ ਦਰਪਨ ਪੜਤਾਲੀਏ ਕਾ ਨਿਕਲਾ ।ਪੀਛੇ ਅਖਬਾਰ 'ਖਾਲਸਾ ਸਮਾਚਾਰ 'ਨੇ ਸਰਬ ਪੰਥ ਕੋ ਇਸ ਉਪਦ੍ਰਵੀ ਚੋਰੀ ਕੋ "ਖਤਰੇ ਕੇ ਅਲਾਰਮ "ਆਦਿਕ ਕਈ ਲੇਖੋਂ ਸੇ ਪ੍ਰਗਟ ਕਰਕੇ ਸੁਚੇਤ ਕੀਆ ।ਜਿਸ ਸੇ ਤਮਾਮ ਸ੍ਰੀ ਗੁਰੂ ਨਾਨਕ ਪੰਥੀਓਂ ਕੇ ਹਿਰਦੇ ਇਸ ਉਪਦ੍ਰਵ ਕੋ ਸੁਨ ਦੁਖੀ ਹੂਏ ।"

ਸਾਰੇ ਪੰਥ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਖੰਡਤ ਰਖਣ ਦਾ ਇਕ ਭਾਰੀ ਜਜ਼ਬਾ ਪੈਦਾ ਹੋ ਗਿਆ । ਚਿੱਠੀਆਂ,ਤਾਰਾਂ, ਗੁਰਮਤੇ,ਸਪੀਚਾਂ, ਤੇ ਮੀਟਿੰਗਾਂ ਦੀ ਭਰਮਾਰ ਮਚ ਗਈ । ਪਬਲਿਕ ਹਲਚਲੀ ਤੋਂ ਇਲਾਵਾ ਬਾਬੂ ਤੇਜਾ ਸਿੰਘ ਦੇ ਮਿਨਤਾਂ ਤਰਲੇ ਪ੍ਰਾਈਵੇਟ ਤੌਰ ਉੱਪਰ ਵੀ ਹੋਂਣ ਲੱਗੇ । ਏਸ ਕਿਸਮ ਦੀ ਇਕ ਚਿੱਠੀ ਜੋਰਾਵਲਪਿੰਡੀ ਤੋਂ ਬਾਬੂ ਤੇਜਾ ਸਿੰਘ ਨੂੰ ਘੱਲੀ ਗਈ । ਇਕ ਆਪਣੀ ਹੀ ਦਿਲਚਸਪੀ ਰਖਦੀ ਹੈ, ਉਸ ਦੀ ਨਕਲ ਇਹ ਹੈ :-।

ੴ ਸਤਿਗੁਰਪ੍ਰਸਾਦਿ ॥

ਜਿਤਨੀਆਂ ਸੰਸਾਰ ਪਰ ਵਡਿਆਈਆਂ ਸੋਭਾ ਅਤੇ ਉਪਮਾ ਦੇਣੀਆਂ ਯੋਗ ਹਨ ਸਭਨਾਂ ਨੂੰ ਯਾਦ ਕਰਕੇ ਬਾਬੂ ਤੇਜਾ ਸਿੰਘ ਜੀ ਹੋਰਾਂ ਜੋਗ ਸ੍ਰੀ ਵਾਹਿਗੁਰੂ ਜੀ ਕੀ ਫਤਹ ਬੋਲਾਇ ਕਰ ਅਸੀਂ ਵਡਿਆਂ ਤਰਲਿਆਂ ਵਿਨਤਿਆਂ ਅਤੇ ਹਾੜਿਆਂ ਦੇ ਨਾਲ ਹਥ ਜੋੜ ਕੇ ਬੇਨਤੀਆਂ ,ਅਰਜਾਂ ਗੁਜਾਰਸਾਂ ਕਰਦੇ ਹਾਂ ਕਿ ਆਪ ਦਇਆ ਦੇ ਘਰ ਵਿਚ ਆਕੇ ਸ੍ਰੀ ਗੁਰੂ ਨਾਨਕ ਪੰਥੀਆਂ , ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰੇਮੀਆਂ ਦੀ ਚਾਰ ਕਰੋੜ ਅਬਾਦੀ ਦਾ ਜੇਕਰ ਕੋਈ ਕਸੂਰ ਹੈ ਤਾਂ ਮੁਆਫ ਕਰੋ । ਅਰ ਅਕਾਲ ਪੁਰਖ ਜੀ ਦਾ ਤਥਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਤੇ ਤੁਹਾਡੇ ਆਪਣੇ ਵੱਡੇ ਵਡੇਰਿਆਂ ਦਾ ਵਾਸਤਾ ਤਥਾ ਦੁਹਾਈ ਅਸੀਂ ਦੇਂਦੇ ਹਾਂ । ਜੇ ਮੰਨ ਕੇ ਜਿਤਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਰਾਗਮਾਲਾ ਕੱਢੀ ਹੈ , ਜਿਸ ਕਰਕੇ ਸਾਰੇ ਨਾਨਕ ਪੰਥੀਆਂ ਦੇ ਹਿਰਦੇ ਵੇਧਨ ਹੋਕਰ ਹਲਚਲੀ ਮਚ ਰਹੀ ਹੈ ,ਮੁੜ ਰਾਗਮਾਲਾ ਦੇ ਪਤਰੇ ਸਾਮਲ ਕਰਕੇ ਜਿਉਂ ਦੀ ਤਿਉਂ ਬੀੜ

ਸੰਪੂਰਨ ਕਰਕੇ ਫਸਤਾ ਮਿਟਾਇ ਦੇਵੋ ।ਕੈਸਰ ਜਰਮਨ ਵਾਲੀ ਬਹੁਤ ਜ਼ੋਰ ਅਜ਼ਮਾਈ ਕਰਕੇ ਨਾਂ ਸਾਰੇ ਨਾਨਕ ਪੰਥੀਆਂ ਨੂੰ ਅਰ ਨਾਂ ਰਿਆਸਤ ਪਟਿਆਲਾ ਨੂੰ ਅਤੇ ਨਾ ਗੌਰਮਿੰਟ ਨੂੰ ਤਕਲੀਫ ਦੇਵੋ ਨਾ ਆਪਣੀ ਬੇਚੈਨੀ ਨੂੰ ਪੈਦਾ ਕਰੋ । ਆਸ ਕੀਤੀ ਜਾਂਦੀ ਹੈ ਕਿ ਗੁਰ ਸਿੱਖੀ ਦੇ 'ਭ' ਅਤੇ 'ਲ' ਦੋਹਾਂ ਅੱਖਰਾਂ ਨੂੰ ਸਾਹਮਣੇ ਕਰਕੇ ਉੱਤੇ ਪਾਏ ਵਾਸਤਿਆਂ ਨੂੰ ਮੰਨਕੇ ਏਸ ਉਪਦ੍ਰਵ ਨੂੰ ਮੇਟਕੇ ਸਰਬਤ ਨੂੰ ਸ਼ਾਂਤੀ ਪ੍ਰਦਾਨ ਕਰਕੇ ਨਿਹਾਲ ਕਰੋਗੇ ਅਰ ਆਪ ਬੀ ਨਿਹਾਲ ਹੋਵੋਗੇ । ਮਾਘੀ ਤਕ ਉੱਤਰ ਬਖਸ਼ੋ ।ਸ੍ਰੀ ਗੁਰੂ ਜੀ ਦੇ ਪ੍ਰੇਰਿਆਂ ਹੋਇਆਂ ਹੇਠਾਂ ਦਸਖਤ ਕਰਨੇ ਵਾਲਿਆਂ ਪੰਜਾਂ ਪਿਆਰਿਆਂ ਵਲੋਂ :-੧,ਸਹੀ

ਚੌਧਰੀ ਕਰਮ ਸਿੰਘ ,੨ ਸਹੀ ਭਾਈ ਅਤਰ ਸਿੰਘ ਗ੍ਰੰਥੀ ,੩ ਸਹੀ ਭਾਈ ਸੁਰਜਨ ਸਿੰਘ ,੪ ਸਹੀ ਭਾਈ ਮਹਾਂ ਸਿੰਘ,੫ ਸਹੀ ਭਾਈ ਲਹਿਣਾ ਸਿੰਘ । ਇਸ ਚਿੱਠੀ ਦਾ ਕੋਈ ਉੱਤਰ ਨਹੀਂ ਆਇਆ ,ਅਰ ਏਸ ਸਾਰੀ   ਐਜੀਟੇਸ਼ਨ ਦਾ ਇਕ ਨਤੀਜਾ ਪੱਲੇ ਲਿਆ।ਮਹਾਰਾਜਾ ਸਾਹਿਬ ਪਟਿਆਲਾ ਨੇ ਇਕ ਹੁਕਮ ਜਾਰੀ ਕੀਤਾ ,ਜਿਸ ਵਿਚ ਲਿਖਿਆ ਸੀ :-

{ ਉਤਾਰਾ ਹੁਕਮ ਇਜਲਾਸ ਖਾਸ,ਤਰੀਕ ੨੦-੫-੧੯੧੯ ਈ:}

"ਸਾਨੂੰ ਬਹੁਤ ਸਾਰੀਆਂ ਤਾਰਾਂ ਅਤੇ ਚਿੱਠੀਆਂ ਪੁਜੀਆਂ ਹਨ, ਜਿਨ੍ਹਾਂ ਵਿਚ ਤੇਜਾ ਸਿੰਘ ਭਸੌੜ ਵਾਲੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਬਿਨਾ ਰਾਗਮਾਲਾ ਦੇ ਛਾਪਣ ਦੇ ਵਿਰੁੱਧ ਸ਼ਿਕੈਤ ਕੀਤੀ ਗਈ ਹੈ । ਸਾਨੂੰ ਇਹ ਗਲ ਅਯੋਗ ਪ੍ਰਤੀਤ ਹੋਈ ਹੈ ,ਕਿਉਂ ਕਿ ਇਸ ਥੀਂ ਸਿੱਖ ਕੌਮ ਕੇ ਅੱਡੋ ਅੱਡੀ (ਮੁਖਤਲਿਫ) ਜਥਿਆਂ ਵਿਚ ਅਵੱਸ਼ਜਕ ਵੈਰ ਪੈ ਜਾਵੇਗਾ । ਅਤੇ ਇਸ ਨਾਲ ਅਮਨ ਵਿਚ ਭਾਰੀ ਵਿਗਾੜ ਪੈ ਜਾਵੇਗਾ । ਜੋ ਆਮ ਤੌਰ ਤੇ ਏਸ ਕੌਮ ਵਿਚ   ਫੈਲਿਆ ਹੋਇਆ ਹੈ । ਇਕ ਵਾਰ ਦਾ ਵੈਰ ਪੈਦਾ ਹੋਇਆ ਬਹੁਤ ਬੁਰੇ ਨਤੀਜੇ ਪੈਦਾ ਕਰਨ ਅਤੇ ਆਮ ਅਮਨ ਵਿਚ ਖਲਲ ਪਾਣ ਦਾ ਕਾਰਨ ਪੈਦਾ ਹੋ ਜਾਦਾਂ ਹੈ । ਅਸੀਂ ਏਸ ਗਲ ਦੀ ਬਹਿਸ ਵਿਚ ਨਹੀਂ ਪੈਣਾ ਚਾਹੁੰਦੇ ਰਾਗਮਾਲਾ ਗੁਰਬਾਣੀ ਹੈ ਯਾ ਨਹੀਂ ,ਪਰ ਸਾਡਾ ਪੱਕਾ ਵਿਸ਼ਵਾਸ਼ ਹੈ ਕਿ ਪਵਿਤ੍ਰ ਪੋਥੀ ਦਾ ਕੋਈ ਅੰਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿੱਚੋਂ ਕਢਿਆ ਨਹੀਂ ਜਾ ਸਕਦਾ, ਏਸ ਲਈ ਅਸੀਂ ਹੁਕਮ ਦਿੰਦੇ ਹਾਂ ਕਿ   ਤੇਜਾ   ਸਿੰਘ ਰਾਗਮਾਲਾ ਦੀਆਂ ਓਨੀਆਂ ਕਾਪੀਆਂ ਛਪਾਵੇ ਜਿੰਨੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਛਪਾਏ ਹਨ ਅਤੇ ਉਨ੍ਹਾਂ ਸਾਰਿਆਂ ਪੁਰਖਾਂ ਵਿਚ ਵੰਡ ਦੇਵੇ ਜਿਨ੍ਹਾਂ ਨੇ ਉਸ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਖਰੀਦੇ ਹਨ, ਅਰ ਉਹ ਐਸਾ ਕਰਕੇ ਯੋਗ ਤੌਰ ਪਰ ਰਪੋਟ ਪੇਸ਼ ਕਰੇ ਕਿ ਉਸ ਨੇ ਏਸ ਹੁਕਮ ਦੀ ਪਾਲਣਾ ਕਰ ਦਿੱਤੀ ਹੈ ।"

{ਪਟਿਜ਼ਾਲਾ ਗੋਰਮਿੰਟ ਗਜ਼ਟ ੨੩ ਜੇਠ ਸੰ: ੧੯੭੫,

{ਗੁ: ਨਾ: ੪੪੯, ੫ ਜੂਨ ੧੯੧੯ ਈ:,

ਏਸ ਪਬਲਿਕ ਐਜੀਟੇਸ਼ਨ ਦਾ ਕੁਛ ਅਸਰ ਹੋਇਆ ।ਬੀੜਾਂ ਨੂੰ ਖੰਡਨ ਦੀ ਕੁਚਾਲ ਕੁਛ ਢਿੱਲੀ ਪੈ ਗਈ ਬਹੁਤਾ ਏਸ ਕਰਕੇ ਕਿ ਕਿਸੇ ਵੀ ਛਾਪੇ ਖਾਨੇ ਨੇ ਐਸੀਆਂ ਬੀੜਾਂ, ਜੋ ਰਾਗਮਾਲਾ ਦੇ ਬਗੈਰ ਹੋਣ ,ਛਾਪਣ ਦੀ ਦਲੇਰੀ ਨਾ ਕੀਤੀ ।

ਪਰ ਬਾਬੂ ਤੇਜਾ ਸਿੰਘ ਦੀ ਕਾਰਵਾਈ ਨੇ ਹੁਣ ਹੋਰ ਤ੍ਰੀਕਾ ਅਖਤਿਆਰ ਕੀਤਾ । ਇਹ ਸੀ ਆਪਣੀ ਮਰਜੀ ਮੁਤਾਬਕ ਇਕ ਖੰਡਤ ਬੀੜ ਨੂੰ ਗੁਰਮੁਖੀ ਕੋਰਸ ਦਾ ਨਾਮ ਰਖ ਕੇ ਛਾਪਣ ਦਾ । ਉਸ ਨੇ ਗੁਰਮੁਖੀ ਕੋਰਸਾਂ ਦੀਆਂ ਪੰਜ ਸੈਂਚੀਆਂ ਬਣਾਈਆਂ । ਜਿਹਨਾਂ ਸੈਂਚੀਆਂ ਦੇ ਨਾਮ ੳ,ਅ,ੲ,ਸ,ਹ ਰੱਖੇ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚੋਂ ਰਾਗਮਾਲਾ, ਭੱਟਾਂ ਦੇ ਸਵੱਈਏ ਛੱਡ ਦਿੱਤੇ ।ਵਾਰਾਂ ਤੇ ਧੁਨਾਂ ਨਹੀਂ ਲਈਆਂ ।ਕੀਰਤਨ ਸੋਹਿਲੇ ਵਿਚ ਦੋ ਸ਼ਬਦ 'ਮੁੰਦਾਵਣੀ ਮਹਲਾ ੫ ॥ ਤੇ ਸਲੋਕ ਮਹਲਾ ੫॥ਤੇਰਾ ਕੀਤਾ ਜਾਤੋ ਨਾਹੀ' ਇਹ ਲਾ ਦਿੱਤੇ । ਫਿਰ ਇਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਦਸਮ ਗ੍ਰੰਥ ਦੀ ਬਾਣੀ ਜਾਪੁ ਸਾਹਿਬ ,ਸਬਦ ਹਜਾਰੇ ਪਾਤਿਸ਼ਾਹੀ ਦਸਵੀਂ ॥ ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਣਾ ॥ਵਾਲਾ ਸ਼ਬਦ ਛੱਡ ਕੇ ਬਾਕੀ ਦੇ ਨੌ ਸ਼ਬਦ । ਅਤੇ ਸੁਧਾ ਸਵੱਯੇ,ਅਕਾਲ ਉਸਤਤਿ ,ਗਿਆਨ ਪ੍ਰਬੋਧ ,ਤੇਤੀ ਸਵੱਯੇ , ਬੇਨਤੀ ਚੌਪਈ ,ਇਹ ਬਾਣੀਆਂ ਦਰਜ ਕੀਤੀਆਂ ।ਇਹ ਪੰਜ ਸੈਂਚੀਆਂ ਗੁਰਮੁਖੀ ਕੋਰਸ ਦੇ ਨਾਮ ਹੇਠ ਬਾਬੂ ਤੇਜਾ ਸਿੰਘ ਦੀ ਮਨ ਬਾਂਛਤ ਹਜੂਰੀ ਬੀੜ ਦਾ ਪਹਿਲਾ ਰੂਪਾਂਤਰ ਸੀ । ਇਹ ਹਮਲਾ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਹੀ ਨਹੀਂ ਸੀ, ਪਰੰਤੂ ਦਸਮ ਪਾਤਿਸ਼ਾਹ ਦੀ ਬਾਣੀ ਉੱਪਰ ਵੀ ਸੀ । ਗੁਰਮੁਖੀ ਕੋਰਸਾਂ ਤੋਂ ਬਾਹਰ ਜਿਤਨੀ ਦਸਮ ਗ੍ਰੰਥ ਦੀ ਹੋਰ ਬਾਣੀ ਸੀ ,ਉਸਨੂੰ ਹਜ਼ੂਰੀ ਬੀੜ ਵਾਲਿਆਂ ਨੇ ਤਿਲਾਂਜਲੀ ਦੇ ਦਿੱਤੀ । ਇਹ ਗਲ ਕੌਮ ਨੇ ਮਨਜ਼ੂਰ ਨਾ ਕੀਤੀ , ਫੇਰ ਪਬਲਿਕ ਐਜੀਟੇਸ਼ਨ ਸ਼ੁਰੂ ਹੋ ਗਈ ਜੋ ਬਹੁਤ ਜੋਰ ਪਕੜ ਗਈ । ਏਸ ਐਜੀਟੇਸ਼ਨ ਨੂੰ ਘਟਾਉਣ ਲਈ ਬਾਬੂ ਤੇਜਾ ਸਿੰਘ ਨੇ ਗੁਰਮੁਖੀ ਕੋਰਸ ਦੀ ਇਕ ਜਿਲਦ ਹੋਰ ਛਾਪੀ । ਜਿਸ ਦਾ ਨਾਮ ਰੱਖਿਆ 'ਸਪੈਸ਼ਲ ਗੁਰਮੁਖੀ ਕਰੋਸ' । ਇਸ ਵਿਚ ਇਹ ਬਾਣੀਆਂ ਦਰਜ ਕੀਤੀਆਂ :- ਭੱਟਾਂ ਦੇ ਸਵਯੇ । ਬਚਿੱਤ੍ਰ ਨਾਟਕ (੧੩ ਅਧਜਯ । ਚੌਬੀਸ ਅਵਤਾਰ । ਖਾਲਸਾ ਮਹਿਮਾ । ਜ਼ਫਰਨਾਮਾ ।ਇਹ ਸਪੈਸ਼ਲ ਕੋਰਸ ਕੌਮ ਨੂੰ ਸੁਨੇਹਾ ਸੀ ਬਾਬੂ ਤੇਜਾ ਸਿੰਘ ਵੱਲੋਂ ਕਿ ਜੇ ਤੁਸੀਂ ਬੀੜ ਵਿੱਚੋਂ ਰਾਗਮਾਲਾ ਕੱਢਣੀ ਮੰਨ ਲਵੋ ਤਾਂ ਮੈਂ ਵੀ ਮੰਨ ਲੈਂਦਾ ਹਾਂ ਕਿ ਭਟਾਂ ਦੇ ਸਵਯੇ ਨਾ ਕਢੇ ਜਾਣ ।੦ਜਿਹੜੇ ਗੁਰਮੁਖੀ ਕੋਰਸਾਂ ਦੀਆਂ ਪੋਥੀਆਂ ਬਾਬੂ ਤੇਜਾ ਸਿੰਘ ਨੇ ਛਪਾਈਆਂ ਸਨ ਉਹਨਾਂ ਦੀਆਂ ਕੁਝਕੁ ਫੋਟੋ ਕਾਪੀਆਂ ਸੰਗਤਾਂ ਦੀ ਜਾਣਕਾਰੀ ਵਾਸਤੇ ਥੱਲੇ ਦੇ ਰਹੇ ਹਾਂ ।ਸੰਗਤਾਂ ਇਹ ਪ੍ਰਤੱਖ ਵੇਖ ਲੈਣ ਕਿ ਬਾਬੂ ਤੇਜਾ ਸਿੰਘ ਨੇ ਆਪਣੇ ਆਪ ਨੂੰ ਗੁਰਸਿੱਖ ਕਹਾ ਕੇ ਗੁਰੂ ਜੀ ਦੇ ਬਚਨਾਂ ਤੋਂ ਕਿਤਨੇ ਉਲਟ ਚੱਲੇ ਸਨ ।੦੦੦੦੦ਇਸ ਦੇ ਆਪ ਹੁਦਰੇ ਪਣ ਕਰਕੇ ਸਿੱਖ ਪੰਥ ਵਿਚ ਅਤਿ ਨਰਾਜ਼ਗੀ ਫੈਲਗਈ । ਗੁਣੀਆਂ,ਗਿਆਨੀਆਂ,ਸੰਤਾਂ ,ਮਹੰਤਾਂ, ਗੁਰ ਦੁਆਰਿਆਂ ਦੇ ਸੇਵਕਾਂ ,ਡੇਰੇ ਦਾਰਾਂ, ਸਿੰਘ ਸਭਾਵਾਂ ,ਪੰਥਕ ਆਸ਼੍ਰਮਾਂਵਾਂ , ਸਿੱਖ ਸੰਪ੍ਰਦਾਵਾਂ ਸੰਗਤਾਂ ਵੱਲੋਂ ਅਕਾਲ ਤਖ਼ਤ ਸਾਹਿਬ ਤੇ ਬਾਬੂ ਤੇਜਾ ਸਿਘ ਨੂੰ ਸਖ਼ਤ ਸਜ਼ਾ ਦੇਣ ਦੇ ਗੁਰਮਤੇ ਆਏ । ਉਸ ਵੇਲੇ ਇਸ ਮਾਮਲੇ ਉੱਪਰ ਵਿਚਾਰ ਕਰਨ ਲਈ , ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਸਮੂੰਹ ਪੰਥ ਦਾ ਇਕੱਠ ਅਕਾਲ

ਤਖ਼ਤ ਸਾਹਿਬ ਤੇ ੧੫ ਜੁਲਾਈ ,੧੯੨੮ ਨੂੰ ਕੀਤਾ ਤੇ ਅਕਾਲ ਤਖ਼ਤ ਦੀ ਉਪਰਲੀ ਮੰਜ਼ਿਲ ਤੇ ਦੀਵਾਨ ਸਜਿਆ । ਬਾਬੂ ਤੇਜਾ ਸਿੰਘ ਦੀ ਇਸ ਕਾਰਵਾਈ ਨੂੰ ਮਹਾਂ ਅਯੋਗ ਕਰਾਰ ਦਿੱਤਾ ਗਿਆ ਅਤੇ ਉਸ ਨੂੰ ਪੰਥ ਤੋਂ ਖਾਰਜ ਕੀਤਾ ਗਿਆ । ਇਸ ਫੈਸਲੇ ਅਨੁਸਾਰ ਜੋ ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੋਇਆ ਇਹ ਹੈ:-

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਸ੍ਰੀ ਅਕਾਲ ਜੀ ਸਹਇ ॥

ਹੁਕਮ ਨਾਮਾ

ਵੱਲੋਂ

ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ

ਪੰਚ ਖਾਲਸਾ ਦੀਵਾਨ (ਪੰਚ ਖੰਡ) ਭਸੌੜ ਨੇ ਗੁਰਮੁਖੀ ਕੋਰਸ ਨਾਂਮੇ ਪੁਸਤਕਾਂ ਛਾਪ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਦਲਾ ਬਦਲੀ ਤੇ ਵਾਧਾ ਘਾਟਾ ਕਰਕੇ ਗੁਰਬਾਣੀ ਤੇ ਉਸਦੇ ਕ੍ਰਮ ਨੂੰ ਭੰਗ ਕੀਤਾ ਹੈ ਅਤੇ ਗੁਰ ਮੰਤ੍ਰ ਅਰਦਾਸੇ ਤੇ ਅੰਮ੍ਰਿਤ ਮਰਿਯਾਦਾ ਵਿਚ ਅਦਲਾ ਬਦਲੀ ਕਰਨ ਦੀਆਂ ਗੁਰਮਤਿ ਵਿਰੁੱਧ ਕਾਰਵਾਈਆਂ ਕੀਤੀਆਂ ਹਨ । ਇਸ ਲਈ ਬਾਬੂ ਤੇਜਾ ਸਿੰਘ ਤੇ ਬੀਬੀ ਨਿਰੰਜਨ ਕੌਰ ਨੂੰ ਪੰਥ ਵਿੱਚੋਂ ਖਾਰਜ ਕੀਤਾ ਜਾਂਦਾ ਹੈ ਅਤੇ ਪੰਚ ਖਾਲਸਾ ਦੀਵਾਨ ਦੇ ਬਾਕੀ ਮੈਂਬਰਾਂ ਦਾ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਗੁਰਦੁਆਰੇ ਸਾਹਿਬਾਨ ਵਿਚ ਅਰਦਾਸਾ ਬੰਦ ਕੀਤਾ ਜਾਂਦਾ ਹੈ ।ਕੋਈ ਸਿੱਖ ਪੰਚ ਖਾਲਸਾ ਦੀਵਾਨ ਵੱਲੋਂ ਛਪੇ ਗੁਰਮੁਖੀ ਕੋਰਸਾਂ ਨੂੰ ਨਾ ਖਰੀਦੇ , ਨਾ ਆਪਣੇ ਪਾਸ ਰੱਖੇ, ਇਹ ਪੁਸਤਕਾਂ ਪੰਚ ਖਾਲਸਾ ਦੀਵਾਨ ਯਾ ਹੋਰ ਜਿਸ ਪਾਸ ਹੋਣ ਉਹ ਸ੍ਰੀ ਅਕਲ ਤਖ਼ਤ ਸਾਹਿਬ ਘਲ ਦੇਣ ।

੨੬ ਸਾਵਣ ਸੰ: ਨਾਨਕਸ਼ਾਹੀ ੪੫੯

,, ,, ,, ਬਿਕ੍ਰਮੀ ੧੯੮੫

੯ ਅਗਸਤ ਸੰ: ਈਸਵੀ ੧੯੨੮

ਮੋਹਰ ਸ੍ਰੀ ਅਕਾਲ ਤਖ਼ਤ ਸਾਹਿਬ ।

ਏਸ ਹੁਕਮਨਾਮੇ ਦੇ ਬਾਅਦ ਆਸ ਕੀਤੀ ਜਾ ਸਕਦੀ ਸੀ ਕਿ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡਤਾਈ ਦੇ ਪੁਰਾਤਨ ਅਸੂਲ ਉੱਪਰ ਇਕ ਹੋਰ ਮੋਹਰ ਲਗ ਗਈ ਹੈ; ਪਰ ਇਹ ਗਲ ਨਾ ਹੋਈ । ਇਸ ਹੁਕਮਨਾਮੇ ਤੋਂ ਅੱਠ ਸਾਲ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੀ ਸੰ: ੧੯੩੬ ਈ:ਵਿਚ'ਸਿੱਖ ਰਹਿਤ ਮਰਿਆਦਾ 'ਪ੍ਰਕਾਸ਼ਤ ਕੀਤਾ । ਇਸ ਰਹਿਤ ਮਰਿਯਾਦਾ ਨੂੰ ਪੂਰਾ ਕਰਾਉਣ ਸੰਬੰਧੀ ਸਰਕੁਲਰ ਜਾਰੀ ਹੋਏ,ਜਿਸ ਨਾਲ ਸਨੇ ਸਨੇ ਫੇਰ ਰਾਗਮਾਲਾ ਦਾ ਪਾਠ ਬੰਦ ਹੋਣ ਲਗ ਪਿਆ ।ਏਥੋਂ ਤਕ ਕਿ (੧੯੪੫ ਈ:ਵਿਚ) ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਅਤੇ ਕਮੇਟੀ ਦੇ ਅਪਣੇ ਪ੍ਰਬੰਧ ਹੇਠਲੇ ਗੁਰਦੁਆਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੀ ਸਮਾਪਤੀ ਪਰ ਰਾਗਮਾਲਾ ਦਾ ਪਾਠ ਹੁਕਮਨ ਬੰਦ ਕੀਤਾ ਗਿਆ , ਜਿਸ ਤੋਂ ਐਜੀਟੇਸਨ ਮੁੜ ਨਵੇਂ ਸਿਰੇ ਸ਼ੁਰੂ ਹੋ ਗਈ । ਇਸ ਪਰ ਬੇਚੈਨੀ ਫੈਲੀ, ਐਜੀਟੇਸ਼ਨ ਹੋਈ ਤੇ ਇਹ ਚਰਚਾ ਤਿੰਨ ਸਾਲ ਚਲਦੀ ਰਹੀ । ਖਾਲਸਾ ਸਮਾਚਾਰ ਨੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਇਸ ਫੈਸਲੇ ਦੇ ਵਿਰੁੱਧ ਡਟਕੇ ਹਿੱਸਾ ਲਿਆ । ਹੋਰਨਾਂ ਲੇਖਾਂ ਤੋਂ ਇਲਾਵਾ ਪ੍ਰਸਿੱਧ ਪੰਥ ਰਤਨ ਡਾਕਟਰ ਬਲਬੀਰ ਸਿੰਘ ਜੀ ਪੀਐਚ. ਡੀ. (ਲੰਡਨ) ਨੇ ਵਿਦ੍ਵਤਾ ਭਰੀ ਖੋਜਪੂਰਤ ਬਾ-ਦਲੀਲ ਲੇਖ ਲੜੀ ਜਾਰੀ ਰੱਖੀ । ਉਸਨੇ ਬੜੇ ਬੜੇ ਕੱਟਰ ਪੰਥੀਆਂ ਦੇ ਹਠ ਤੋੜਕੇ ਕਾਇਲ ਕਰ ਦਿੱਤਾ । ਕਿ ਰਾਗਮਾਲਾ ਗੁਰਬਾਣੀ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰ ਸੰਸੇ ਅੰਗ ਹੈ । ਗੁਰੂ ਜੀ ਨੇ ਰਾਗਮਾਲਾ ਆਲਮ ਤੋਂ ਨਹੀਂ ਲਈ ਪਰ ਆਲਮ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਲੈ ਕੇ ਆਪਣੇ ਕਿੱਸੇ ਵਿਚ ਲਿਖੀ ਹੈ । ਵਿਪੱਖੀਆਂ ਦੇ ਇਤਰਾਜ਼ਾਂ ਦੇ ਜਵਾਬ ਜਿਸ ਖ਼ੂਬੀ ਤੇ ਦਲੀਲ ਦੀ ਪਕਿਆਈ ਨਾਲ ਦਿੱਤੇ ਹਨ । ਓਹ ਹਰ ਹਠ ਹੀਨ ਬੁੱਧੀਵਾਨ ਪਾਠਕ ਨੂੰ ਇਸ ਨੁਕਤੇ ਤੇ ਕਾਇਲ ਕਰਨ ਵਾਲੇ ਹਨ । ਇਨ੍ਹਾਂ ਲੇਖਾਂ ਤੇ ਜੋ ਪੰਥ ਵੱਲੋਂ ਅਵਾਜ ਉੱਠੀ ਉਸਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਜਬੂਰ ਕਰ ਦਿੱਤਾ ਕਿ ਉਹ ਰਾਗਮਾਲਾ ਸੰਬੰਧੀ ਅਪਣਾ ਫੈਸਲਾ ਵਾਪਸ ਲਵੇ ਤੇ ਰਾਗਮਾਲਾ ਦਾ ਪਾਠ ,ਪਾਠਾਂ ਦੀ ਸਮਾਪਤੀ ਵੇਲੇ ਕਰਾਵੇ । ਇਸ ਪੰਥਕ ਅਵਾਜ ਤੋਂ, ਜਿੱਥੇ ਉਹਨਾਂ ਨੇ ਰਾਗਮਾਲਾ ਦਾ ਪਾਠ ਰੋਕਿਆ ਸੀ ਉਹ ਫਿਰ ਸ਼ੁਰੂ ਹੋ ਗਿਆ ।

ਸ੍ਰੀ ਗੁਰੂ ਗ੍ਰੰਥ ਸ਼ਾਹਿਬ ਜੀ ਦੇ ਮੰਗਲਾਂ ਦੀ ਸੇਵਾ

ਸਨ ੧੯੫੭ ਈ: ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਕੁ ਪ੍ਰਬੰਧਕਾਂ ਵੱਲੋਂ ਬਦਲ ਦਿੱਤੇ ਗਏ । ਜਿਸਦਾ ਸਾਰੇ ਸਿੱਖ ਜਗਤ ਵਿਚ ਰੋਸ ਹੋਇਆ । ਖਾਸ ਕਰਕੇ ਗੁਰੂ ਘਰ ਦੇ ਮਹਾਨ ਸੇਵਾਦਾਰ ਸੰਤਾਂ ਮਹਾਤਮਾਂ (ਸਾਰੇ ਸੰਤ ਸਮਾਜ) ਨੇ ਰਲ ਕੇ ਇਹ ਬੀੜਾ ਚੁਕਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾ ਪ੍ਰਾਪਤ ਸਰੂਪ ਜਿਉਂ ਦਾ ਤਿਉਂ ਹੀ ਰਹਣਾ ਚਾਹੀਦਾ ਹੈ,ਕਿਸੇ ਪ੍ਰਕਾਰ ਦਾ ਫਰਕ ਨਹੀਂ ਪੈਣਾ ਚਾਹੀਦਾ । ਸਾਰੇ ਮਹਾਤਮਾਂ,ਬਹੁਤ ਸਾਰੀਆਂ ਸੰਸਥਾਵਾਂ ਤੇ ਜਥੇਬੰਦੀਆਂ ਨੇ ਇਕ ਮੁੱਠ ਹੋ ਕੇ ਕਈ ਥਾਵਾਂ ਤੇ ਇਕੱਤ੍ਰਤਾਵਾਂ ਕੀਤੀਆਂ । ਸ੍ਰੀ ਅੰਮ੍ਰਿਤਸਰ ਸਾਹਿਬ, ਕਰਤਾਰਪੁਰ ਸਾਹਿਬ ,ਰਾੜਾ ਸਾਹਿਬ ਅਤੇ ਸਭ ਤੋਂ ਵੱਡੀ ਇਕੱਤਰਤਾ ਭਿੰਡਰਾਂ ਵਿਖੇ ਹੋਈ ,ਜਿਸ ਵਿਚ ਭਾਰਤ ਦੇ ਗੁਰੂ ਨਾਨਕ ਨਾਮ ਲੇਵਾ

ਤਕਰੀਬਨ ਸਾਰੇ ਹੀ ਮਹਾਤਮਾਂ ਇਕੱਠੇ ਹੋਏ । ਸਾਰੀਆਂ ਸੰਸਥਾਵਾਂ ਨੇ ਫੈਸਲਾ ਕੀਤਾ ਕਿ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ , ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲ ਬਦਲੇ ਹਨ । ਉਹਨਾਂ ਦੀ ਸੁਧਾਈ ਕੌਣ ਕਰੇਗਾ । ਸਾਰੇ ਸਾਧੂਆਂ ਨੇ ਸੰਤ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਨੂੰ ਬੇਨਤੀ ਕੀਤੀ ਕਿ ਆਪ ਜੀ ਹੀ ਦੱਸੋ ਇਸ ਕੰਮ ਨੂੰ ਨੇਪਰੇ ਕੌਣ ਚਾੜੇਗਾ ।
ਸੰਤ ਜਵਾਲਾ ਸਿੰਘ ਜੀ ਨੇ ਰਾਇ ਦਿੱਤੀ , ਇਹ ਕੰਮ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ ਹੀ ਕਰ ਸਕਦੇ ਹਨ । ਆਪਾਂ ਸਾਰੇ ਉਹਨਾਂ ਦੇ ਮਗਰ ਰਹੀਏ ।ਉਦੋਂ ਸਾਰੇ ਸੰਤ ਸਮਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾਂ ਨੂੰ ਠੀਕ ਕਰਨ ਵਾਸਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਵਾਲਿਆਂ ਨੂੰ ਸੇਵਾ ਸੌਂਪੀ ।

ਸੰਤ ਫਤੇ ਸਿੰਘ ਜੀ ਤੇ ਸੰਤ ਚੰਨਣ ਸਿਘ ਜੀ, ਅਤੇ ਸ੍ਰੀ ਗੁਰੂ ਗ੍ਰੰਥ ਜੀ ਦੇ ਮੰਗਲਾਂ ਦੀ ਸੁਧਾਈ ਦੀ ਅਰਦਾਸ।

ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾ ਹੋਣ ਵਾਲੀਆਂ ਸਨ । ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਮਾਂਸਟਰ ਤਾਰਾ ਸਿੰਘ ਜੀ ਦਾ ਕਬਜਾ ਸੀ । ਸੰਤ ਫਤੇ ਸਿੰਘ ਜੀ ਤੇ ਸੰਤ ਚੰਨਣ ਸਿਘ ਜੀ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਆਪਣਾ ਕਬਜਾ ਕਰਨ ਦੇ ਚਾਹਵਾਨ ਸਨ । ਇਸ ਮਨੋਰਥ ਨੂੰ ਪੂਰਾ ਕਰਨ ਵਾਸਤੇ ਉਹ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਪਾਸ ਸ੍ਰੀ ਗੰਗਾਨਗਰ ਗਏ ।ਉਹਨਾਂ ਨੇ ਸੰਤਾਂ ਨੂੰ ਬੇਨਤੀ ਕੀਤੀ ਕਿ ਮਹਾਂਰਾਜ ਜੀ ਆਪ ਜੀ ਕ੍ਰਿਪਾ ਕਰੋ , ਐਤਕੀ ਸ੍ਰੋਮਣੀ ਕਮੇਟੀ ਦੇ ਚੋਣਾ ਵਿਚ ਸਾਡੀ ਜਿਤ ਹੋਵੇ ਆਪ ਜੀ ਸਾਡੀ ਅਰਦਾਸ ਕਰੋ । ਸੰਤਾਂ ਕਿਹਾ ਤੁਸੀਂ ਭਿੰਡਰੀਂ ਆਇਓ ਉੱਥੇ ਤੁਹਾਡੀ ਅਰਦਾਸ ਕਰਾਂਗੇ । ਜਦੋਂ ਸੰਤ ਭਿੰਡਰੀਂ ਗਏ, ਉਦੋਂ ਉਹ ਦੋਵੇਂ ਜਣੇ ਭਿੰਡਰੀਂ ਸੰਤਾਂ ਪਾਸ ਗਏ ਤੇ ਉਹਨਾਂ ਨੇ ਸੰਤ ਜੀ ਪਾਸ ਉਹੋ ਬੇਨਤੀ ਦੁਹਰਾਈ ।ਮਹਾਂ ਪੁਰਸ਼ਾ ਨੇ ਕਿਹਾ ! ਜੋ ਸ੍ਰੋਮਣੀ ਕਮੇਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲ ਬਦਲ ਦਿੱਤੇ ਹਨ । ਜੇ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾਂ ਦੀ ਸੁਧਾਈ ਕਰਵਾਓਗੇ, ਤਾਂ ਅਸੀਂ ਤੁਹਾਡੀ ਅਰਦਾਸ ਤਾਂ ਕਰਾਂਗੇ । ਉਹਨਾਂ ਨੇ ਕਿਹਾ!ਜੀ ਅਸੀਂ ਜ਼ਰੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾਂ ਦੀ ਸੁਧਾਈ ਕਰਵਾਵਾਂਗੇ ।ਆਪ ਜੀ ਕ੍ਰਿਪਾ ਕਰਕੇ ਅਰਦਾਸ ਕਰੋ ਕਿ ਅਸੀਂ ਸ੍ਰੋਮਣੀ ਪ੍ਰਬੰਧਕ ਕਮੇਟੀ ਦੀਆਂ ਚੋਣਾ ਜਿਤ ਜਾਈਏ । ਉਦੋਂ ਸੰਤਾਂ ਨੇ ਕੜਾਹ ਪ੍ਰਸ਼ਦਿ ਬਣਵਾਕੇ ਸ੍ਰੀ ਗੁਰੂ ਗ੍ਰੰਥ ਜੀ ਦੀ ਹਜ਼ੂਰੀ ਮੰਗਵਾਇਆ ਤੇ ਸੰਤਾਂ ਨੇ ਆਪ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਖਲੋ ਕੇ ਅਰਦਾਸ ਕੀਤੀ ਕਿ ਸਤਿਗੁਰੂ ਜੀ ਸੰਤ ਫਤੇ ਸਿੰਘ ਜੀ ਤੇ ਸੰਤ ਚੰਨਣ ਸਿਘ ਜੀ ਸ੍ਰੋਮਣੀ ਕਮੇਟੀ ਦੀਆਂ ਚੋਣਾ ਵਿਚ ਜਿਤ ਜਾਣ ,ਜੋ ਪਿਛਲੀ ਕਮੇਟੀ ਨੇ ਆਪ ਜੀ ਦੇ ਮੰਗਲ ਬਦਲ ਦਿੱਤੇ ਸਨ ਉਹ ਉਹਨਾਂ ਮੰਗਲਾਂ ਦੀ ਸੁਧਾਈ ਕਰਵਾਉਣਗੇ ਤੇ ਆਪ ਜੀ ਇਹਨਾਂ ਦੀ ਅਰਦਾਸ ਮੰਜ਼ੂਰ ਕਰੋ । ਜਦੋਂ ਸ੍ਰੋਮਣੀ ਗੁਰਦੁਆਰਾ ਪ੍ਰਬੰਕ ਕਮੇਟੀ ਦੀਆਂ ਚੋਣਾ ਹੋਈਆਂ ਤਾਂ ਸੰਤ ਫਤੇ ਸਿੰਘ ਜੀ ਤੇ ਸੰਤ ਚੰਨਣ ਸਿੰਘ ਜੀ ਦੀ ਜਿਤ ਹੋਈ । ਬਹੁਤ ਖੁਸੀਆਂ ਮਨਾਈਆਂ ਗਈਆਂ । ਉਦੋਂ ਉਹ ਅਪਣੇ ਬਚਨਾਂ ਤੋਂ ਫਿਰਨ ਲੱਗੇ ਸਨ ,ਤਾਂ ਸੰਤਾਂ ਨੇ ਕਿਹਾ ! ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਬਚਨ ਕੀਤੇ ਹਨ ਹੁਣ ਅਪਣੇ ਬਚਨਾਂ ਤੋਂ ਕਿਉਂ ਫਿਰਦੇ ਹੋ । ਉਦੋਂ ਉਹ ਮੰਨ ਗਏ ਕਿ ਅਸੀਂ ਸ੍ਰੀ ਗੁਰੂ ਗੰਥ ਜੀ ਦੇ ਮੰਗਲਾਂ ਦੀ ਸੁਧਾਈ ਕਰਵਾਂਵਾਂਗੇ ਤੇ ਆਪਣੇ ਬਚਨ ਪੂਰੇ ਕਰਾਂਗੇ ।

ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਜੀ ਦੇ ਸ੍ਰੀ ਗੁਰੂ ਗ੍ਰੰਥ ਦੇ ਮੰਗਲਾਂ ਦੀ ਸੁਧਾਈ ਬਾਰੇ ਬਚਨ :-

ਜੋ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਰਹਿ ਕੇ ਦਾਸ ਇਨ੍ਹਾਂ ਸਮਾਂ ਤੁਹਾਥੋਂ ਵਿਛੜੇ ਰਹੇ ਹਾਂ, ਉਸਦਾ ਕਾਰਨ ਇਹ ਸੀ, ਸ੍ਰੀ ਕਰਤਾਰਪੁਰ ਸਾਹਿਬ ਜਾਕੇ ਜੋ ਪੰਜਵੇਂ ਪਾਤਸ਼ਾਹ ਜੀ ਦਾ ਲਿਖਾਇਆ ਸਰੂਪ ਵੇਖਣਾ ਪਿਆ । ਕਮੇਟੀ ਨੇ ਕਿਹਾ ਉਸ ਦੇ ਅਨੁਸਾਰ ਮੰਗਲ ਕੀਤੇ ਜਾਣ । ਉੱਥੋਂ ਮੰਗਲ ਉਤਾਰ ਕੇ ਲਿਆਂਦੇ ਗਏ । ਫਿਰ ਕਮੇਟੀ ਨੇ ਅੜਿੱਕਾ ਡਾਇਆ ਕਿ ਇਹਨਾਂ ਨੂੰ ਛਾਪੇ ਵਿਚ ਕਿਸਤਰ੍ਹਾਂ ਲਿਆਓਗੇ ਕਿਉਂ ਕਿ ਤਿੰਨ ਚਾਰ ਸਫਿਆਂ ਵਿਚ ਇਹ ਮੰਗਲ ਆਉਂਦੇ ਸਨ । ਬਾਬਾ ਦੀਪ ਸਿੰਘ ਜੀ ਦੀ ਜੋ ਸੁਨਿਹਰੀ ਬੀੜ ਸੀ । ਉਸਦੇ ਸਾਰੇ ਮੰਗਲ ਉਤਾਰਨਾ ਕੀਤੇ ਤੇ ਕਾਪੀ ਬਣਾਈ ।ਹਰਿਮੰਦਰ ਸਾਹਿਬ ਵਿਚ ਜੋ ਮਹਾਰਾਜ ਜੀ ਦਾ ਸਰੂਪ ਰੋਜ ਪ੍ਰਕਾਸ਼ ਹੁੰਦਾ ਹੈ ਉਸ ਦੇ ਮੰਗਲ ਉਤਾਰੇ । ਸ੍ਰੀ ਦਮਦਮਾ ਸਾਹਿਬ ਵਿਚ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਰੂਪ ਲਿਖਾਇਆ ਸੀ, ਉਸ ਤੋਂ ਜੋ ਬਾਬਾ ਦੀਪ ਸਿੰਘ ਜੀ ਨੇ ੧੭੮੪ ਵਿਚ ਉਤਾਰਾ ਕਰਕੇ ਜੋ ਸੁਨਿਹਰੀ ਬੀੜ ਲਿਖੀ ਸੀ, ਉਹ ਅਕਾਲ ਤਖ਼ਤ ਸਾਹਿਬ ਭੇਜੀ ਸੀ , ਇਹਨਾਂ ਤਿੰਨਾਂ ਸਰੂਪਾਂ ਦੇ ਮੰਗਲ ਮਿਲਾਏ ਗਏ ਜੋ ਇੱਕੋ ਰੂਪ ਵਿਚ ਸਨ । ਇਕ ਮਹੀਨਾਂ ਰਹਿਕੇ ਇਤਨਾਂ ਵਿਹਾਰ ਕਰਨਾਂ ਪਿਆ । ਅਰਦਾਸ ਕੀਤੀ ਹੈ ਕਿ ਇਹ ਸਰੂਪ ਇਸੇ ਤਰ੍ਹਾਂ ਛਪਵਾਓ । ਜਿਹੜੇ ਬਲਾਕ ਹਨ ਉਹ ਵੀ ਕਾਇਮ ਰਹਿਣ ਪਰ ਮੰਗਲ ਸਾਰੇ ਉੱਤੋਂ ਖੁਰਚ ਕੇ ਠੀਕ ਕੀਤੇ ਜਾਣ । ਸਾਰੇ ਮੰਗਲ ਪ੍ਰਧਾਨ ਹੁਰਾਂ ਆਪਣੇ ਕਬਜੇ ਕਰ ਲਏ ਹਨ । ਮੰਗਲ ਸਾਰੇ ਉੱਤੋਂ ਖੁਰਚ ਕੇ ਟੈਪ ਕਰ ਕੇ ਠੀਕ ਕਰ ਕੇ ਗੁਰੂ ਸਾਹਿਬ ਜੀ ਦੇ ਸਰੂਪਾਂ ਦੀ ਛਪਾਈ ਸ਼ੁਰੂ ਕੀਤੀ ਜਾਵੇ । ਅਰਦਾਸ ਅੱਠ ਨੂੰ ਕੀਤੀ ਤੇ ਨੌਂ ਨੂੰ ਗੁਰਪੁਰਬ ਦੇ ਦਿਨ ਅਸੀਂ ਸੰਗਤਾਂ ਦੇ ਦਰਸ਼ਨ ਕਰਨ ਵਾਸਤੇ ਇੱਥੇ ਆ ਗਏ ਹਾਂ । ਇਸ ਪ੍ਰਕਾਰ ਅਲੈਕਸਨਾਂ ਤੇ ਰੌਲ਼ੇ-ਗੌਲ਼ੇ ਤੋਂ ਬਗੈਰ ਇਹ ਸੇਵਾ ਸਤਿਗੁਰੂ ਸਾਹਿਬ ਜੀ ਨੂੰ ਭਾ ਗਈ ਹੈ ਤੇ ਪੂਰੀ ਕਰਾਈ ਹੈ । ਇਹਨਾਂ ਪਾਸ ੧੦੦ਸਰੂਪਾਂ ਵਾਸਤੇ ਕਾਗਜ ਵੀ ਤਿਆਰ ਹੈ । ਕਮੇਟੀ ਨੇ ੫੦੦੦੦ (ਪੰਜਾਹ ਹਜਾਰ ਰੁਪਈਆ) ਵੀ ਮੰਜ਼ੂਰ ਕਰ ਦਿੱਤਾ ਹੈ । ਜਿਵੇਂ ਕਰਤਾਰਪੁਰ ਸਾਹਿਬ ਅਤੇ ਦਮਦਮਾ ਸਾਹਿਬ, ਸਰੂਪਾਂ ਦੇ ਮੰਗਲਾਂ ਦੀ ਲਿਖਾਈ ਹੈ, ਇੱਕੋ ਰੂਪ ਹੋ ਗਈ ਹੈ। ਜੋ

ਕਮੇਟੀ ਨੇ ਗਲਤੀ ਕੀਤੀ ਹੈ, ਮਤੇ ਪਾਸ ਹੋਣ ਤੋਂ ਬਾਅਦ ਜੋ ਸਰੂਪ ਨਹੀਂ ਬਿਕੇ ਸਨ ਉਹ ਬੰਦ ਕਰਦਿੱਤੇ ਹਨ । ਥੋੜੇ ਜਿਹੇ ਮੁਲਾਜਮ ਸੱਕਤਰ ਅਤੇ ਗ੍ਰੰਥੀ ਨੁਕਤਾ ਚੀਨੀ ਕਰਦੇ ਸਨ । ਪਰ ਪ੍ਰਧਾਨ ਨੇ ਕਿਹਾ ਕਿ ਕਰਤਾਰ ਸਿੰਘ ਗਿਆਨੀ, 'ਮਹਾਰਾਜ' ਜੀ ਦੇ ਸਰੂਪਾਂ ਬਾਰੇ ਜੋ ਸੇਵਾ ਕਰਦੇ ਹਨ । ਅਸੀਂ ਦੋ ਸਾਲ ਤੋਂ ਖੋਜ ਤੇ ਲੱਗੇ ਹਾਂ ਤੁਸੀਂ ਧੱਕਾ ਕਿਉਂ ਕਰਦੇ ਹੋ । ਮਹਾਰਾਜ ਸਾਹਿਬ ਜੀ ਦੀ ਅਸੀਂ ਜੋ ਖੋਜ ਹੁਣ ਤਕ ਕੀਤੀ ਹੈ । ਅੱਗੇ ਨੂੰ ਇਤਨੀ ਖੋਜ ਕੋਈ ਨਹੀਂ ਕਰੇਗਾ । ਅੱਗੇ ਜੋ ਵੀ ਪਾਲਟੀ ਆਵੇਗੀ ਇਤਨਾ ਚਿਰ ਨਹੀਂ ਲਾਵੇਗੀ । ਨਾਂ ਹੀ ਅੱਗੇ ਇਤਨੀ ਕੋਈ ਖੋਜ ਕਰੇਗਾ, ਅਸੀਂ ਸਹੀ ਤੌਰ ਤੇ ਅਪਣੀ ਹੌਮੈਂ ਛਡ ਕੇ ਜਿਵੇਂ ਪੰਜਵੇਂ ਪਾਤਸ਼ਾਹ ਜੀ ਤੇ ਦਸਵੇਂ ਪਾਤਸ਼ਾਹ ਜੀ ਦੇ ਲਿਖਤੀ ਸਰੂਪਾਂ ਦੇ ਮੰਗਲ ਸਨ, ਉਸੇ ਤਰ੍ਹਾਂ ਕੀਤੇ ਹਨ ਤੁਹਾਨੂੰ ਕਿਉਂ ਪੀੜ ਹੁੰਦੀ ਹੈ । ਇਤਨਾਂ ਕੰਮ ਕਰਨ ਵਾਲਾ ਸੀ ਤਾਂ ਅਟਕੇ ਸੀ, ਆਪ ਜੀ ਨੇ ਖਿਮਾ ਕਰਨੀ , ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ॥

ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਸੱਚਖੰਡ ਵਾਸੀ ਸੰਤ ਚੰਨਣ ਸਿੰਘ ਜੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੱਚਖੰਡ ਵਾਸੀ ਸੰਤ ਫਤਹਿ ਸਿੰਘ ਜੀ ਨੇ ਖਾਸ ਦਿਲਚਸਪੀ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਮੈਂਬਰ ਦਿੱਤੇ ।ਪ੍ਰਸਪਰ ਬਹੁਤ ਇਕਤ੍ਰਤਾਵਾਂ ਉਪ੍ਰੰਤ ਸਰਬ ਸੰਮਤੀ ਨਾਲ ਇਹ ਫੈਸਲਾ ਹੋਇਆ ਕਿ ਗੁਰਤਾ ਪ੍ਰਾਪਤ ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਮਦਮਾ ਸਾਹਿਬ ਵਾਲਾ ਸਰੂਪ ਅਤੇ ਕਰਤਾਰਪੁਰ ਸਾਹਿਬ ਵਾਲੇ ਸਰੂਪ ਅਨੁਸਾਰ ਸਾਰੇ ਮੰਗਲ ਛਾਪੇ ਜਾਣ ।

ਇਹ ਸੇਵਾ ੧੯੬੫ ਈ: ਈਸਵੀ ਵਿਚ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ ਨੂੰ ਤੇ ਕੁਝ ਸਿੰਘਾਂ ਨੂੰ ਨਾਲ ਲੈਕੇ ਇਕ ਮਹੀਨਾਂ ਆਪ ਸੇਵਾ ਕਰਾਈ । ਜਥੇ ਦੇ ਕੁਝ ਸਿੰਘ ਅੰਮ੍ਰਿਤਸਰ ਸਾਹਿਬ ਗੁਰਦੁਆਰਾ ਪ੍ਰਿੰਟਿਗ ਪ੍ਰੈਸ ਵਿਚ ਮੰਗਲਾਂ ਦੀ ਸੁਧਾਈ ਵਾਸਤੇ ਛੱਡ ਕੇ ਇਸ ਮਹਾਂਨ ਸੇਵਾ ਦੀ ਜੁੰਮੇਵਾਰੀ ਸੰਤ ਗਿਆਨੀ ਕਰਤਾਰ ਸਿੰਘ ਜੀ ਨੂੰ ਸੌਂਪ ਕੇ ਆਪ ਜੀ ਜਥੇ ਦੀ ਸੇਵਾ ਵਿਚ ਆ ਗਏ ।

(ਲਿਖਤ ਖਾਲਸਾ ਜੀਵਨ ਵਿੱਚੋਂ) ਸ੍ਰੀ ਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ ਭਿੰਡਰਾਂ ਵਾਲੇ,(ਤੇ ਗਿਆਨ ਕਿਰਨਾ ਵਿੱਚੋਂ) ਗਿਆਨੀ ਪ੍ਰੀਤਮ ਸਿੰਘ ਜੀ ਲਿਖਾਰੀ ਇੰਗਲੈਂਡ ਵਾਲੇ ।

ਸ੍ਰੀ ਮਾਨ ਗਿਆਨੀ ਸਾਹਿਬ ਸਿੰਘ ਜੀ ਧਮਧਾਨ ਸਾਹਿਬ ਵਾਲਿਆਂ ਨੇ ਰਾਗਮਾਲਾ ਤੇ ਡੂੰਘੀ ਖੋਜ ਕੀਤੀ ਹੈ ।

ਉਹਨਾ ਅਨੁਸਾਰ ਉਹਨਾਂ ਨੇ ਅੱਠ ਸਲੋਕ ਜੋਧ ਕਵੀ ਦੇ ਲਿਖੇ ਵਿੱਚੋਂ ਦਿੱਤੇ ਹਨ । ਜਿਹਨਾਂ ਦਾ ਭਾਵ ਆਲਮ ਕਵੀ ਦੇ ਤਰਜਮੇ ਨਾਲ ਮਿਲਦਾ ਹੈ ਤੇ ਨਿਰਸੰਸੇ ਕਰ ਦਿੰਦਾ ਹੈ ।

ਕਿ ੯੯੧ ਹਿਜਰੀ ਸੰਨ ਜੋ ਕਵੀ ਦੀ ਸੰਸਕ੍ਰਿਤ ਰਚਨਾਂ ਦਾ ਹੈ ਯਥਾ :-

ਨੋਟ:- ਸੰਸਕ੍ਰਿਤ ਅਤੇ ਹਿੰਦੀ ਅੱਖਰਾਂ ਵਿਚ, ਜਿਹਨਾਂ ਅੱਖਰਾਂ ਨੂੰ (੍)ਹਲੰਤ ਲੱਗਾ ਹੋਵੇ, ਉਸ ਅੱਖਰ ਦੀ ਅੱਧੀ ਅਵਾਜ ਹੂੰਦੀ ਹੈ ।

ਮਾਧਵਨਲ ਕਾਂਮ ਕੰਦਲਾ ਚਰਿਤ੍ਰ ਜੋਧ ਕਵੀ ।

ਪ੍ਰਣਮਜ ਤਤਪਰੰ ਬ੍ਰਹਮ ਚਤੁਰਾਨਨ ਤਹ ਪਰਮ੍

ਅਰਥ-(ਪਹਿਲਾਂ ਮੈਂ)ਤਤਪਰ ਬ੍ਰਹਮ ਨੂੰ ਪ੍ਰਣਾਮ ਕਰਦਾ ਹਾਂ ਜੋ 'ਬ੍ਰਹਮ'ਕਿ ਬ੍ਰਹਮਾਂ ਤੋਂ ਵੀ ਪਰੇ ਹੈ ।

ਸਰ੍ਵਸ[illegible]੧ ॥

ਅਰਥ- ਜੋ ਸਰਬ ਬਿਆਪੀ ਤੇ ਜਗਤ ਦਾ ਸੁਆਮੀ ਹੈ (ਤੇ ਅਕਾਸ਼ ਆਦਿਕ)ਭੂਤਾਂ ਦੀ ਪ੍ਰਵਿਰਤੀ ਕਰਨ ਵਾਲਾ ਹੈ

ਆਦਜੰਤਾ ਭਜਾਂ ਵਿਹੀਨਨ੍ਹ ਧਾਰਯਚ੍ਹ ਚਰਾਚਰਮ੍ ॥

ਅਰਥ-ਆਦਿ ਅੰਤ ਤੋਂ ਰਹਿਤ ਚੱਲ ਤੇ ਅਚਲ ਦਾ ਧਾਨਰ ਕਰਤਾ (ਹੈ)।

ਅਗ੍ਰਯਮਤਿ ਮਤਾਂ ਗਜੇਯਮ ਮਲਿਨਾਤਮਨਾਮ੍ ॥੨॥

ਅਰਥ-ਜੋ ਸਭ ਦਾ ਆਗੂ ,ਸੂਖਮ ਬੁਧੀ ਵਾਲੇ ਦੇ ਜਾਨਣ ਯੋਗ ,ਅਰ ਮਲੀਨ ਆਤਮਾ ਵਾਲੇ ਦੇ ਨਾ ਜਾਨਣੇ ਯੋਗ ਹੈ ।

ਸਰ੍ਵਦਾ ਸਰ੍ਵ ਸੈਵਜੰ ਹਿ ਸਰ੍ਵ ਸਾਕਿਜ ਤਨਮਯਮ੍ ॥

ਅਰਥ- ਸਰਬ ਦਾ ਕਾਲ ਸਰਬ ਜੀਵਾਂ ਦੇ ਸੇਵਨੇ ਯੋਗ ਹੈ ਤੇ ਸਰਬ ਦਾ ਸਾਖੀ ਜਗਤ ਰੂਪ ਹੈ ।

ਸਰਬੰਧਾ ਜਗਦ ਰੀਤਿੰ ਕਥਯਾਮਿ ਯਥਾ ਮਤਿ ॥੩॥

ਅਰਥ- ਜਿਸ ਰਸ ਕਰਕੇ ਜਗਤ ਬੰਧਾਇਮਾਨ ਹੈ ਸੋ ਜਗਤ ਰੀਤੀ ਮੈਂ ਕਥਨ ਕਰਦਾ ਹਾਂ ,ਐਸੀ ਮੇਰੀ ਮਤਿ ਹੈ ।

ਸਮਾਸ਼੍ਰਿਤਜ ਜਗਤਪਤਿੰ ਮਹਾਰਾਜ ਮਹਾਬਲਮ੍ ॥

ਅਰਥ- ਭਲੀ ਪ੍ਰਕਾਰ ਜਗਤ ਦੇ ਪਤੀ ਨੂੰ ਆਸਰੇ ਕਰਕੇ ਜੋ (ਹੁਣ) ਮਹਾਰਾਜ ਤੇ ਬਲਵਾਲਾ ਹੈ (ਭਾਵ ਐਸੇ ਬਲਵਾਲਾ ਜੋ ਅਕਬਰ ਹੈ)।ਮਹਾਂ ਤੇਜੋ ਯੁਤੰ ਨਾਥਮੇਕ ਛਤ੍ਰ ਧਰੰ ਪਰਮ੍ ॥੪॥

ਅਰਥ- ਬਡੇ ਤੇਜ ਦੇ ਯੁਕਤ, ਪ੍ਰਜਾ ਦਾ ਸੁਆਮੀ, ਅਦੁਤੀ ਛਤ੍ਰਧਾਰੀ ਤੇ ਉਤ ਕ੍ਰਿਸ਼ਟ ਹੈ (ਅਕਬਰ)।

ਸ਼ਤ੍ਰ ਜਾਤ ਜਿਤੰ ਦਕਜ ਪ੍ਰਜਾ ਧਰਮ ਸੁਰਕਸ਼ਕਮ੍ ॥

ਅਰਥ- ਜਿਸਨੇ ਸਰਬ ਸ਼ਤ੍ਰੂ੦ ਜੀਤ ਲਏ ਹਨ,ਤੇ ਜੋ ਪ੍ਰਜਾ ਦੇ ਧਰਮ ਦੀ ਪਾਲਨਾ ਕਰਨ ਵਾਲਾ ਹੈ । ੦੦

ਇੰਦ੍ਰਪ੍ਰਸਥ ਪਤਿੰ ਭੂਪੰ ਰਾਜੰ ਮਹਾਂ ਵਰਮ੍ ॥੫॥
ਅਰਥ- ਦਿੱਲੀ ਦਾ ਪਤੀ ਤੇ ਭੂਪਾਲ ਹੈ ਤੇ ਰਾਜਿਆਂ ਦਾ ਰਾਜਾ ਤੇ ਸ਼੍ਰੇਸਟ ਹੈ ।
ਖੋਟ ਯੁਗ ਸਹਸ੍ਰਾਣਿ ਜੀਵਯਤੂ ਮਹੀਤਲੇ ॥
ਅਰਥ- ਕਈ ਕਰੋੜਾਂ ਹਜਾਰਾਂ ਯੁਗਾਂ ਤੱਕ ਭੂਮੀ ਪਰ ਜੀਉਂਦਾ ਰਹੇ
ਟੋਡਰਾਮਲਜ ਸਂ ਸੇਜਂ ਯਕਸ਼ ਕਿੰਨਰ ਸੇਵਕਮ੍ ॥੬॥
ਅਰਥ- ਟੋਡਰ ਮਲ ਵਜ਼ੀਰ ਜਿਸਦੀ ਸੇਵਾ ਕਰਦਾ ਹੈ ,ਅਰਥਾਤ ਟੋਡਰ ਮਲ ਆਪ ਦਾ ਵਜ਼ੀਰ ਹੈ ,ਤੇ ਜੱਛ ਕਿੰਨਰ ਆਪਦੇ ਸੇਵਕ ਹਨ ।
ਇੰਦ੍ਰਾਦਿ ਰੁਚ ਮਨੁਨ੍ਹ ਅਕਬਰਂ ਵਰਂ ਨ੍ਰਿਪਮ੍ ॥
ਅਰਥ- ਇੰਦ੍ਰ ਆਦਿਕ ਦੇਵਤਿਆਂ ਵਿਚ ਰੁਚੀ ਵਾਲਾ ਅਕਬਰ ਨਾਮੇ ਸ਼ੁਭ ਨਰਪਾਲਕ (ਹੈ)।
੯ ੯ ੧
ਦ੍ਵਿ ਨਵ ਚਨ੍ਦ੍ਰ ਮਿਤੇ ਅਬੇਦ ਯਾਵਨੇ ਭਾਖ਼ਜਤੇ ਕਥਾ॥੭॥
ਅਰਥ- ਦੋ ਨਾਏਂ ਤੇ ਏਕਾ (੯੯੧) ਅਰਥਾਤ ਸੰਮਤ ੯੯੧ ਯਾਵਨੀ (ਹਿਜਰੀ) ਵਿਚ ਮੈਂ ਮਾਧਵਾਨਲ ਤੇ ਕਾਮਕੰਦਲਾ ਦੀ ਕਥਾ ਕਹਿੰਦਾ ਹਾਂ ।
ਕਾਚਿਤ ਪੁਸ਼੍ਪਾਵਤੀ ਸ਼੍ਰੁਤਾ ਰਾਜਧਾਨੀ ਸ਼ੁਭਾ ਖਲੁ ॥
ਅਰਥ- ਕੋਈਕ ਪੁਸ਼ਪਾਵਤੀ ਨਗਰੀ ਸੁਣੀ ਦੀ ਹੈ ਨਿਸ਼ਚੇ ਕਰ ਸ਼ੁਭ ਰਾਜਧਾਨੀ ।
ਗੋਬਿੰਦ ਚੰਦ ਸਂ ਰਕਸ਼ਜ਼ਾ ਯਥੇਂਦ੍ਰੇਣਾਮਰਾਵਤੀ ॥੮॥
ਅਰਥ- ਗੋਬਿੰਦ ਚੰਦ ਰਾਜਾ ਜਿਸ ਨਗਰੀ ਦੀ ਰੱਖਜ਼ਾ ਕਰਨ ਵਾਲਾ ਹੈ,ਜੈਸੇ ਦੇਵਪੁਰੀ ਦੀ ਇੰਦਰ ਰਖਿਆ ਕਰਦਾ ਹੈ ।

ਆਲਮ ਕਵੀ ਨੇ ਜੋਧ ਕਵੀ ਦੀ ਰਚਨਾ ਦਾ ਇਸ ਤਰ੍ਹਾਂ ਉੱਲਥਾ ਕੀਤਾ ਹੈ :-

ਪ੍ਰਿਥਮੇਂ ਪਾਰਬ੍ਰਹਮ ਕੋ ਪਰਨੋ ॥ਪੁਨ ਕਿਛ ਜਗਤ ਰੀਤ ਬਰਨੋਂ ॥
ਜਾਕੀ ਆਦਿ ਅੰਤ ਨਹ ਜਾਨੀ ॥ ਪਾਰ ਬ੍ਰਹਮ ਪੂਰਨ ਪਤਿ ਸੁਆਮੀ ॥
ਘਟ ਘਟ ਰਹਿਓ ਸੁ ਅੰਤਰਯਾਮੀ ॥ ਘਟ ਘਟ ਰਹੈ ਲਖੈ ਨਹਿ ਕੋਈ ॥
ਜਾਕੀ ਆਦਿ ਅੰਤ ਨਹਿ ਜਾਨੀ ॥ ਪੰਡਤ ਕਥਾ ਗਿਆਨ ਸੁਨਮਾਨੀ ॥
ਗਿਆਨੀ ਹੋਇ ਸੁ ਗੁਰਮੁਖ ਧਿਆਵੈ ॥ ਖੋਜੀ ਹੋਇ ਸੁ ਖੋਜਤ ਪਾਵੈ ॥ਨੋਟ:-ਸ਼ਬਦ ਗੁਰਬਾਣੀ ਹੀ ਹੈ,ਹਿੰਦੀ ਜਾਂ ਸੰਸਕ੍ਰਿਤ ਵਿਚ ਨਹੀ ਹੈ ।
ਜਗਪਤਿ ਰਾਜ ਕੋਟ ਜੁਗ ਕੀਜੈ ॥ ਸ਼ਾਹ ਜਲਾਲ ਛਤ੍ਰ ਪਤਿ ਜੀਜੈ ॥
ਦਿਲੀਪਤਿ ਅਕਬਰ ਸੁਲਤਾਨ ॥ ਸਪਤਿ ਦੀਪ ਮੇਂ ਜਾਕੀ ਆਨ ॥
ਆਗੈ ਨੈਬ ਮਹਾ ਮਨ ਮੰਤ੍ਰੀ ॥ ਨ੍ਰਿਪ ਰਾਜਾ ਟੋਡਰ ਮਲ ਛੱਤ੍ਰੀ ॥
ਦੋਹਰਾ । ਗਣ ਗੰਧ੍ਰਬ ਕਿੰਨਰ ਸਬੈ ਜੱਛ ਰਹੇ ਹ੍ਵੈ ਚੇਰ ॥ ਦੰਡ ਭਰੇ ਸੇਵਾ ਕਰੇਂ ਬਾਸਕ ਇੰਦ੍ਰ ਕੁਬੇਰ ॥
ਚੌਪਈ ।ਏਕ ਛਤ੍ਰ ਰਾਜ ਬਿਧਾਤੇ ਦੀਨਾ ॥ ਕਤਹੂੰ ਦੁਰਜਨ ਰਹੋ ਨ ਚੀਨਾ ॥
ਸੰਨ ਨੌਸੈ ਇਕਾਨਵਿ ਆਹੀ ॥ ਕਰੋ ਕਥਾ ਅਬ ਬੋਲੋ ਤਾਹੀ ॥
ਪੁਹਪਾ ਵਤੀ ਨਗਰ ਇਕ ਸੁਨਾ ॥ ਗੋਬਿੰਦ ਚੰਦ ਰਾਇ ਇਕ ਗੁਨਾ ॥

ਹੁਣ ਸਿੱਧ ਹੋ ਗਿਆ ਹੈ ਕਿ ੯੯੧ ਹਿਜ਼ਰੀ ਸੰਮਤ ਜੋਧ ਕਵੀ ਦੀ ਸੰਸਕ੍ਰਿਤ ਰਚਨਾ ਦਾ ਹੈ । ੯੯੧ ਹਿਜ਼ਰੀ ਦਾ ਬਿਕ੍ਰਮੀ ਸੰਮਤ ੧੬੪੦ਬਣਦਾ ਹੈ । ਉਸ ਨੂੰ ਜਦ ਆਲਮ ਦੇ ਉੱਲਥੇ ਕਰਨ ਦਾ ਸੰਮਤ ਸਮਝ ਲਿਆ ਤਾਂ ਭੁਲੇਖਾ ਲੱਗਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ੧੬੬੧ ਬਿ: ਸੰਮਤ ਵਿਚ ਹੋਈ ਹੈ । ਇਸ ਹਿਸਾਬ ਨਾਲ ਆਲਮ ਦੀ ਰਚਨਾ ਪਹਿਲਾਂ ਹੋਈ ਜਾਪ ਦੀ ਸੀ । ਜਿਸ ਤੋਂ ਕਈਆਂ ਨੂੰ ਭੁਲੇਖਾ ਲੱਗਾ ਕਿ ਰਾਗਮਾਲਾ ੨੧ ਵਰ੍ਹੇ ਪਹਿਲਾਂ ਮੌਜੂਦ ਸੀ । ਫਿਰ ਸੁਵਾਲ ਇਹ ਹੈ, ਜੋਧ ਕਵੀ ਦੇ ਪੁਸਤਕ ਵਿਚ (ਜੋ ੯੯੧ ਹਿਜ਼ਰੀ ਦਾ ਰਚਿਤ ਹੈ) ਉਸ ਵਿਚ ਰਾਗਮਾਲਾ ਹੈ ਹੀ ਨਹੀਂ । ਖੋਜ ਮੁਤਾਬਿਕ ਆਲਮ ਦਾ ਸਮਾਂ ਸੰਮਤ ੧੭੧੨ਬਿਕ੍ਰਮੀ ਤੋਂ ੧੭੭੪ਬਿ: ਤਕ ਦਾ ਲਿਖਤੀ ਸਬੂਤਾਂ ਨਾਲ ਸਹੀ ਹੈ । ਜੋਧ ਕਵੀ ਅਤੇ ਆਲਮ ਦੀ ਉਥਾਨਕਾ ਆਪਸ ਵਿਚ ਇਤਨੀਆਂ ਮਿਲਦੀਆਂ ਹਨ ਕਿ ਏਹੋ ਪ੍ਰਭਾਵ ਪੈਂਦਾ ਹੈ ਕਿ ਆਲਮ ਜੋ ਖ਼ੁਦ ਮੰਨਦਾ ਹੈ ਕਿ ਉਸ ਦੀ ਰਚਨਾ ਸੰਸਕ੍ਰਿਤ ਆਸ਼ਿਤ ਹੈ ।ਉਸਦਾ ਮੂਲ ਅਧਾਰ ਏਸੇ ਜੋਧ ਕਵੀ ਦੀ ਰਚਨਾ ਵਿਚ ਹੈ । ਨਾ ਕਿ ਹੋਰ ਕਿਸੇ ਸੰਸਕ੍ਰਿਤ ਗ੍ਰੰਥ ਵਿਚ । ਇਤਨੀ ਕੁ ਗਵਾਹੀ ਕਿ ਆਲਮ ਦੀ, ਮਾਧਵਾਨਲ ਕਾਮਕੰਦਲਾ ਸੰਸਕ੍ਰਿਤ ਤੋਂ ਉਲੱਥਾਈ ਹੋਈ ਚੀਜ ਹੈ ਤੇ ਸੁਤੰਤਰ ਰਚਨਾ ਨਹੀਂ,ਕਈ ਸੋਮਿਆਂ ਤੋਂ ਮਿਲਦੀ ਹੈ :-

ਆਲਮ ਦੀ ਰਚਨਾਂ ਦੇ ਸੰਮਤਾਂ ਬਾਬਤ ਸਾਨੂੰ ਜੋ ਗਵਾਹੀ ਮਿਲੀ ਹੈ ਉਹ ਧਿਆਨ ਦੇਣ ਜੋਗ ਹੈ । ਸ੍ਰੀ ਜਯੋਤਿ ਪ੍ਰਸ਼ਾਦ ਮਿਸਰ ਨਿਰਮਲ ਜੀ ਨੇ ਇਕ ਗ੍ਰੰਥ ਛਪਵਾਇਆ ਹੈ । 'ਸਤ੍ਰੀ ਕਵਿ ਕੌਮਦੀ ।ਮਿਸਰ ਜੀ ਆਲਮ ਅਤੇ ਸ਼ੇਖ ਬਾਰੇ ਲਿਖਦੇ ਹਨ :-

"ਸੇਖ ਔਰ ਆਲਮ ਕੀ ਕਵਿਤਾਓਂ ਕਾ ਏਕ ਸੰਗ੍ਰਹ 'ਆਲਮ ਕੇਲ' ਨਾਮ ਕਾ ਲਾਲਾ ਭਗਵਾਨ ਦੀਨ ਕੀ ਸੰਪਾਦਕਤ੍ਵ ਮੇਂ ਪ੍ਰਕਾਸਿਤ ਹੁਆ ਹੈ । ਪੁਸਤਕ ਕੇ ਅੰਤ ਮੇਂ ਲਿਖਿਆ ਹੈ :- ਇਤਿ ਸ੍ਰੀ ਆਲਮ ਕ੍ਰਿਤ ਕਵਿਤ੍ਵ ਆਲਮ ਕੇਲ ਸਮਾਪਤਮ ।ਸੰਵਤ ੧੭੫੩ ਸਮਯੇ ਆਸਨ ਬਦੀ ਅਸਟਮੀ ਵਾਰ ਸ਼ੁਕਰ ।"

ਸ੍ਰੀ ਜਯੋਤਿ ਪ੍ਰਸ਼ਾਦ ਜੀ ਨਿਰਮਲ ਕਵੀ ਬਾਬਤ ਇਹ ਵੀ ਲਿਖਦੇ ਹਨ :-

"ਇਸ ਪੁਸਤਕ (ਆਲਮ ਕੇਲਿ) ਕੇ ਸਿਵਾ ਮਾਧਵਾਨਲ ਕਾਮਕੰਦਲਾ ਨਾਮਕ ਗ੍ਰੰਥ ਕਾ ਅਨੁਵਾਦ ਭੀ ਇਨ੍ਹੀ (ਆਲਮ)ਕਾ ਕੀਆ ਹੂਆ ਬਤਲਾਇਆ ਜਾਤਾ ਹੈ ।"

ਆਲਮ ਬਾਬਤ ਹੋਰ ਵਿਸ਼ੇਸ਼ ਖੋਜ ਇਸ ਤਰ੍ਹਾਂ ਵੀ ਹੈ ।

ਸਿਵ ਸਿਹ ਸਰੋਜ ਨਾਮੇ ਹਿੰਦੀ ਕਵੀਆਂ ਦੇ ਹਾਲਾਤ ਦੀ ਪੋਥੀ ਵਿਚ ,ਅਲਮ ਕਵੀ ਦਾ ਸੰਮਤ ੧੭੧੨ ਦਿੱਤਾ ਹੈ । ਨਾਗਰੀ ਪ੍ਰਚਾਰਨੀ ਸਭਾ ਬਨਾਰਸ ਨੇ 'ਹਿੰਦੀ ਸ਼ਬਦ ਸਾਗਰ'ਅਰਥਤ 'ਹਿੰਦੀ ਭਾਸ਼ਾ ਦਾ ਇਕ ਵ੍ਰਿਹਤ ਕੋਸ਼, ਨਾਮ ਦਾ ਗ੍ਰੰਥ ੪੮ ਸੈਂਚੀਆਂ ਵਿਚ ਪ੍ਰਕਾਸ਼ਤ ਕੀਤਾ ਹੈ। ਇਸ ਕੋਸ਼ ਦੇ ਤਿਆਰ ਕਰਾਉਣ ਵਿਚ ਕਈ ਹਿੰਦੂ ਰਾਜਿਆਂ ਤੇ ਯੂ. ਪੀ. ਦੀ ਸਰਕਾਰ ਨੇ ਮਾਇਕ ਸਹਾਇਤਾ ਕੀਤੀ ਤੇ ਪ੍ਰਸਿੱਧ ਪੰਡਤਾਂ ਨੇ ਤਿਆਰ ਕੀਤਾ ਹੈ । ਇਸ ਕੋਸ਼ ਵਿਚ ੧੭੨ ਪੰਨੇ ਤੇ ਆਲਮ ਕਵੀ ਦਾ ਕਵਿਤਾ ਕਾਲ ੧੭੪੦ ਬਿ: ਤੋਂ ੧੭੬੦ ਬਿ:ਤਕ ਲਿਖਿਆ ਹੈ । ਇਸ ਤੋਂ ਸਹੀ ਹੋਇਆ ਹੈ ਕਿ ਇਹਨਾਂ ਵਿਦਵਾਨਾਂ ਨੂੰ ਆਲਮ ਕਵੀ ਦੇ ਰਚਿਤ ਪੋਥੀਆਂ ੧੭੪੦ ਤੋਂ ੧੭੬੦ ਬਿ: ਦੇ ਮਿਲੇ ਹਨ ।ਰਾਮ ਨਰੇਸ਼ ਜੀ ਤ੍ਰਿਪਾਠੀ ਨੇ ਲਿਖਿਆ ਹੈ ਕਿ:-

"ਯੇ 'ਆਲਮ' ਔਰੰਗਜ਼ੇਬ ਕੇ ਸਮੇਂ ਮੇਂ ਥੇ ਔਰ ਔਰੰਗਜ਼ੇਬ ਕੇ ਪੁੱਤਰ ਸਹਜ਼ਾਦਾ ਮੁਅੱਜ਼ਮ(ਬਹਾਦਰਸ਼ਾਹ) ਕੇ ਪਾਸ ਰਹਾ ਕਰਤੇ ਥੇ ।"

ਹੁਣ ਵਿਸ਼ੇਸ ਖੋਜ ਇਸ ਪਾਸੇ ਲਿਆਂਦੀ ਹੈ ਕਿ ਮਾਧਵਾਨਲ ਕਾਮ ਕੰਦਲਾ ਨੂੰ ਆਲਮ ਨੇ ਕਿਸ ਸੰਮਤ ਵਿਚ ਉਲੱਥਾ ਕੀਤਾ । ਆਲਮ ਦੀ ਮਾਧਵਾਨਲ ਕਾਮ ਕੰਦਲਾ ਦੇ ਅੰਤ ਵਿਚ (ਨਾਗਰੀ ਅੱਖਰਾਂ ਵਿਚ ਲਿਖਤ ਦੀ ਮਿਲੀ ਇਕ ਪੁਰਾਤਨ ਪੋਥੀ ਵਿਚ) ਉਸਦਾ ਸੰਮਤ ਉਸਨੇ ਆਪ ਇਸਤਰ੍ਹਾਂ ਲਿਖਿਆ ਹੈ :-

੪ ੭ ੭ ੧

ਦੋਹਰਾ- ਬੇਦ ਦ੍ਵੀਪ ਮੁਨ ਇੰਦ ਧਰਿ ਸਵਿਤਾ ਜੁਵਤਿ ਗਤਾਨ ॥

ਹੰਸ ਵਾਰ ਥਿਤ ਅਸ਼ਟਮੀ ਸ਼ਾਕਾ ਬਿਕ੍ਰਮ ਜਾਨ ॥

ਅਰਥ-ਸੰਮਤ ੧੭੭੪ ਬਿ: ਮਹੀਨਾ ਭਾਦਰੋਂ ,ਦਿਨ ਐਤਵਾਰ, ਸੁਦੀ ਪੱਖ ਦੀ ਅਸ਼ਟਮੀ ਸੀ ।ਅਸੀਂ ਹੁਣ ਇੱਥੇ ਅਪੜੇ ਹਾਂ ਕਿ ੧੭੧੨ ਤੋਂ ਲੈਕੇ ੧੭੭੪ ਬਿ: ਤਕ ਕਵੀ ਆਲਮ ਇਸ ਸੰਸਾਰ ਵਿਚ ਸੀ । ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਤਿਆਰ ਹੋਣ ਤੋਂ ੧੧੩ ਸਾਲ ਪਿੱਛੋਂ ਆਲਮ ਕਵੀ ਨੇ ਮਾਧਵਾਨਲ ਕਾਮ ਕੰਦਲਾ ਕਿੱਸਾ ਲਿਖਿਆ ਹੈ ।੦੦ 'ਸਿਵ ਸਿਹ ਸਰੋਜ ਹਿੰਦੀ ਸ਼ਬਦ ਸਾਗਰ' ਤੇ ਆਲਮ ਕਵੀ ਦੀ ਆਪਣੀ ਲਿਖਤ 'ਮਾਧਵਾ ਨਲ ਕਾਮ ਕੰਦਲਾ'ਦੇ ਵਿਚ ਦਿੱਤੇ ਸੰਮਤਾਂ ਤੋਂ ਇਹ ਸਪਸ਼ਟ ਹੋਇਆ ਹੈ ਕਿ ਆਲਮ ਕਵੀ ਦਸਮ ਪਾਤਸ਼ਾਹ ਜੀ ਵੇਲੇ ਹੋਇਆ ਹੈ । ਇਸ ਗੱਲ ਨੂੰ ਭਾਈ ਸੰਤੋਖ ਸਿੰਘ ਜੀ ਨੇ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਮੰਨਿਆ ਹੈ ।ਦਸ਼ਮੇਸ਼ ਪਿਤਾ ਜੀ ਦੇ੫੨ ਕਵੀਆਂ ਵਿਚ ਆਲਮ ਦਾ ਨਾਮ ਆਇਆ ਹੈ । ਬਵੰਜਾ ਕਵੀਆਂ ਦੇ ਨਾਮ :-

ਉਦੇਰਾਯ ੨. ਅਣੀਰਾਯ ੩. ਅੰਮ੍ਰਿਤਰਾਯ ੪. ਅੱਲੂ ੫. ਆਸਾ ਸਿੰਘ ੬. ਆਲਿਮ ੭. ਈਸ੍ਵਰਦਾਸ ੮.ਸੁਖਦੇਵ ੯. ਸ਼ੁੱਖਾ ਸਿੰਘ ੧੦. ਸੁਖਿਆ ੧੧. ਸ਼ੁਦਾਮਾ ੧੨. ਸੈਨਾਪਤਿ ੧੩. ਸ਼ਜਾਮ ੧੪.ਹੀਰਾ ੧੫. ਹੁਸੈਨਅਲੀ ੧੬. ਹੰਸਰਾਮ੧੭. ਕੱਲੂ ੧੮. ਕੁਵਰੇਸ਼ ੧੯. ਖਾਨਚੰਦ ੨੦. ਗਣਿਆ ੨੧. ਗੁਰਦਾਸ ੨੨. ਗੋਪਾਲ ੨੩. ਚੰਦਨ ੨੪. ਚੰਦਾ ੨੫. ਜਮਾਲ ੨੬. ਟਹਿਕਨ ੨੭. ਧਰਮ ਸਿੰਘ ੨੮. ਧੰਨਾ ਸਿੰਘ ੨੯. ਧਜਾਨ ਸਿੰਘ ੩੦. ਨਾਨੂੰ ੩੧ ਨਿਸ਼ਚਲ ਦਾਸ ੩੨. ਨਿਹਾਲ ਚੰਦ ੩੩. ਨੰਦ ਸਿੰਘ ੩੪. ਨੰਦ ਲਾਲ (ਗੁਰਬਖਸ ਸਿੰਘ) ੩੫. ਪਿੰਡੀਦਾਸ ੩੬. ਬੱਲਭ੩੭. ਬੱਲੂ ੩੮. ਬਿਧੀ ਚੰਦ ੩੯. ਬੁਲੰਦ ੪੦. ਬ੍ਰਿਖ ੪੧. ਬ੍ਰਿਜਲਾਲ ੪੨. ਮਥੁਰਾ ੪੩. ਮਦਨ ਸਿੰਘ ੪੪. ,ਮਦਨਗਿਰਿ ੪੫.ਮੱਲੂ ੪੬. ਮਾਨ ਦਾਸ ੪੭. ਮਾਲਾ ਸਿੰਘ ੪੮. ਮੰਗਲ ੪੯. ਰਾਮ ੫੦. ਰਾਵਲ ੫੧. ਰੋਸ਼ਨ ਸਿੰਘ ੫੨. ਲੱਖਾ ।

ਆਲਮ ਅਪਣੀ ਲਿਖਤ ਵਿਚ ਲਿਖਦਾ ਹੈ ਕਿ 'ਮੈਂ ਸੰਸਕ੍ਰਿਤ ਦਾ ਤਰਜਮਾ ਕੀਤਾ ਹੈ,ਕੁਝ ਪਰਾਈ ਰਚਨਾਂ ਵਿਚ ਪਾਈ ਹੈ ਕੁਝ ਆਪ ਜੋੜੀ ਹੈ । ਇਸ ਤੋਂ ਵੀ ਸਹੀ ਹੁੰਦਾ ਹੈ ਕਿ ਰਗ ਮਾਲਾ ਉਸ ਨੇ ਪਰ ਕ੍ਰਿਤ ਲਈ ਹੈ ।

"ਕਿਛ ਆਪਨ ਕਿਛ ਪਰ ਕ੍ਰਿਤ ਚੋਰੇ ॥ ਯਥਾ ਸ਼ਕਤ ਕੇ ਅੱਖਰ ਜੋਰੇ ॥

ਭਾਈ ਕਾਹਨ ਸਿੰਘ ਜੀ ਵੀ ਅਨੁਵਾਦ ਵਾਲੀ ਗੱਲ ਮੰਨਦੇ ਹਨ । ਉਹਨਾ ਨੇ ਆਪਣੇ ਮਹਾਨ ਕੋਸ਼ ਵਿਚ ਇਹ ਲਿਖਿਆ ਹੈ ਕਿ ਆਲਮ ਨੇ "ਮਾਧਵਾਨਲ ਸੰਗੀਤ ਦਾ ਬ੍ਰਿਜ ਭਾਸ਼ਾ ਵਿੱਚੋਂ ਉਲੱਥਾ '(ਅਨੁਵਾਦ)'ਕੀਤਾ ਹੈ । ਆਲਮ ਕਵੀ, ਦਸਵੇ ਪਾਤਸ਼ਾਹ ਜੀ ਦੇ ਕਵੀਆਂ ਵਿੱਚੋਂ ਹੋਇਆ ਹੈ । ਰਾਗਮਾਲਾ ਉਸਨੇ ਸ੍ਰੀ ਗੁਰੂ ਗ੍ਰੰਥ ਜੀ ਵਿੱਚੋਂ ਲਈ ਤੇ ਇਨ ਬਿਨ ਨਹੀਂ ਲਿਖੀ, ਥੋੜਾ ਫਰਕ ਪਾ ਕੇ ਲਿਖੀ ਹੈ । ਉਸ ਦੇ ਲਿਖੇ ਰਾਗਮਾਲਾ ਦੇ ਲਿਖਣ ਦੇ ਢੰਗ ਪਦ ਜੋੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਨ ।ਜੋਧ ਕਵੀ ਦੀ ਪੋਥੀ ਵਿਚ ਰਾਗਮਾਲਾ ਹੈ ਹੀ ਨਹੀਂ । ਮਾਧਵਾਨਲ ਕਾਮਕੰਦਲਾ ਦੀਆਂ ਹੋਰ ਕਈ ਕਥਾਵਾਂ ਛਪੀਆਂ ਹਨ । ਉਨ੍ਹਾਂ ਵਿਚ ਵੀ ਰਾਗਮਾਲਾ

ਨਹੀਂ ਹੈ । ਆਲਮ ਕਵੀ ਨੇ ਬਣੀ ਬਣਾਈ ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਲੈ ਕੇ ਕੁਝ ਫਰਕ ਪਾ ਕੇ ਅਪਣੀ ਰਚਨਾ ਵਿਚ ਲਿਖ ਦਿੱਤੀ ਹੈ ।

"ਸੰਸਕ੍ਰਿਤ ਵਿਚ ਮਾਧਵਾਨਲ ਕਾਮਕੰਦਲਾ ਇਕ ਇਸ਼ਕੀਆ ਕਿੱਸਾ ਜੋਧ ਕਵੀ ਨੇ ਲਿਖਿਆ ਹੈ । ਉਸ ਨੂੰ ਥੋੜਾ ਅਦਲ ਬਦਲ ਕੇ ਭਾਖਾ ਵਿਚ ਕਈਆਂ ਨੇ ਲਿਖਿਆ ਹੈ ।

ਸ੍ਰੀ ਗਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਦਸਮ ਗ੍ਰੰਥ ਦੀ ਰਚਨਾ ਕੀਤੀ ।

੪੦੫ ਚਰਿਤ੍ਰ ੧੭੫੩ ਬਿਕ੍ਰਮੀ ਵਿਚ ਲਿਖੇ ਹਨ । ਦਸਮ ਗ੍ਰੰਥ ਦੇ ਚਰਿਤ੍ਰਾਂ ਵਿਚ, ਮਾਧਵਾਨਲ ਕਾਮਕੰਦਲਾ ਦਾ ੯੧ ਚਰਿਤ੍ਰ ਗੁਰੂ ਜੀ ਨੇ ਇਸ ਤਰ੍ਹਾਂ ਲਿਖਿਆ ਹੈ ।

ਦੋਹਰਾ ॥ ਗੋਬਿੰਦ ਚੰਦ ਨਰੇਸ ਕੇ ਮਾਧਵਨਲ ਨਿਜੁ ਮੀਤ ॥ ਪੜੇ ਬਜਾਕਰਨ ਸਾਸਤ੍ਰ ਖਟ ਕੋਕਸਾਰ ਸੰਗੀਤ ॥੧॥ ਚੌਪਈ ॥ ਮਧੁਰ ਮਧੁਰ ਧੁਨ ਬੇਨ ਬਜਾਵੈ ॥ ਜੋ ਕੋਊ ਤ੍ਰਿਅ ਸ੍ਰਵਨਨ ਸੁਨਿ ਪਾਵੈ ॥ ਚਿਤ ਮੈ ਅਧਿਕ ਮੱਤ ਹ੍ਵੈ ਝੂਲੈ ॥ ਗ੍ਰਿਹ ਕੀ ਸਕਲ ਤਾਹਿ ਸੁਧ ਭੂਲੈ ॥੨॥ ਪੁਰ ਬਾਸੀ ਨ੍ਰਿਪ ਪੈ ਚਲਿ ਆਏ ॥ਆਇ ਰਾਏ ਤਨ ਬਚਨ ਸੁਨਾਏ ॥ ਕੈ ਮਾਧਵਨਲ ਕੌ ਅਬ ਮਾਰੀਐ ॥ਨਾ ਤੇ ਯਾਕਹ ਦੇਸ ਨਿਕਰੀਐ ॥ ੩॥ਦੋਹਰਾ ॥ ਇਹ ਹਮਰੀ ਇਸਤ੍ਰੀਨ ਕੇ ਲੇਤ ਚਿਤ ਬਿਰਮਾਇ ॥ਜੌ ਹਮ ਸਭ ਕੌ ਕਾਢੀਐ ਤੌ ਇਹ ਰਖੀਐ ਰਾਇ ॥ ੪॥ਤੋਰਿ ਰਾਵ ਤਬ ਜਲਜ ਮੰਗਾਏ ॥ ਭਾਂਤਿ ਬਿਛੌਨਾ ਕੀ ਬਿਛ ਵਾਏ ॥ਸਕਲ ਸਖੀ ਤਿਹ ਪਰ ਬੈਠਾਈ ॥ ਭਾਂਤਿ ਭਾਂਤਿ ਕੀ ਪ੍ਰਭਾ ਬਨਾਈ ॥੫॥ ਮਾਂਧਵਨਲ ਕੌ ਬੋਲ ਪਠਾਇਸ ॥ਤਵਨ ਸਭਾ ਭੀਤਰ ਬੈਠਾਇਸ ॥ਰੀਝ ਬਿੱਪ੍ਰ ਤਬ ਬੇਨ ਬਜਾਈ ॥ ਸਭ ਇਸਤ੍ਰਿਨ ਕੇ ਸੁ ਭਾਈ ॥ ੬॥ਦੋਹਰਾ ॥ ਸਭ ਅਬਲਾ ਮੋਹਿਤ ਭਈ ॥ਨਾਦ ਸ੍ਰਵਨ ਸੁਨਿ ਪਾਇ ॥ ਸਭਹਿਨ ਕੇ ਤਨ ਸੌਂ ਗਏ ॥ ਕਮਲ ਪਤ੍ਰ ਲਪਟਾਇ ॥੭॥ ਚੌਪਈ ॥ ਮਾਧਵਨਲ ਨ੍ਰਿਪ ਤੁਰਤੁ ਨਿਕਾਰਿਓ ॥ ਬਿੱਪ੍ਰ ਜਾਨਿ ਜਿਯ ਤੇ ਨਹੀ ਮਾਰਯੋ ॥ ਕਾਮਾਵਤੀ ਨਗਰ ਚਲਿ ਆਯੋ ॥ ਕਾਮਕੰਦਲਾ ਸੌ ਹਿਤ ਭਾਯੋ ॥੮॥ਦੋਹਰਾ ॥ਕਾਮਸੈਨ ਰਾਜਾ ਜਹਾਂ ਤਹ ਦਿਜ ਪਹੁਚਯੋ ਜਾਇ ॥ ਪ੍ਰਗਟ ਤੀਨਿ ਸੈ ਸਾਠਿਤ੍ਰਿਯ ਨਾਂਚਤ ਜਹਾਂ ਬਨਾਇ ॥੯॥ਮਾਧਵ ਤੌਨ ਸਭਾ ਮਹਿ ਆਯੋ ॥ਆਨ ਰਾਵ ਕੌ ਸੀਸ ਝੁਕਾਯੋ ॥ ਸੂਰ ਬੀਰ ਬੈਠੇ ਬਹੁ ਜਹਾਂ ॥ਨਾਚਤ ਕਾਮਕੰਦਲਾ ਤਹਾਂ ॥੧੦॥

ਆਲਮ ਕਵੀ ਸਤਿਗੁਰੂ ਜੀ ਦੀ ਲਿਖਤ ਤੋਂ ਪ੍ਰਭਾਵਿਤ ਹੋ ਕੇ, ਇਸ ਚਰਿਤ੍ਰ ਨੂੰ ਥੋੜਾ ਅਦਲ ਬਦਲ ਕੇ ਉਸ ਨੇ ਮਾਧਵਾਨਲ ਕਾਮਕੰਦਲਾ ਕਿੱਸੇ ਵਿਚ ਇਸਨੂੰ ਇਤਰ੍ਹਾਂ ਲਿਖਿਆ ਹੈ:-

ਚੌਪਈ ॥ ਮਧੁਰ ਮਧੁਰ ਧੁਨਿ ਬੇਨ ਬਜਾਵੈ ॥ ਸਰਸ ਰਾਗ ਰਾਗਨੀ ਮਿਲਾਵੈ ॥
ਚੇਰੀ ਬੀਸਕ ਰਾਇ ਹਕਾਰੀ ॥ ਸਭ ਪਹਰਾਇ ਕੁਸੁੰਭੀ ਸਾਰੀ ॥
ਤਬ ਰਾਜਾ ਪ੍ਰਤੱਗਿਆ ਲੇਈ ॥ ਕਮਲ ਪਤ੍ਰ ਬੈਠਨ ਕੌ ਦੇਈ ॥
ਮਾਧਵ ਨਲ ਬੀਨਾ ਕਰ ਗਹਈ ॥ ਦ੍ਰਵੈ ਮਦਨੁ ਧੀਰਜ ਨਹਿ ਰਹਈ ॥
ਮਾਧਵ ਬਿਪ੍ਰ ਨਾਦ ਅਸ ਕਹਾ ॥ ਭੀਜੈ ਚੀਰ ਮਦਨ ਨਹਿੰ ਰਹਾ ॥
ਦੋਹਰਾ ॥ ਤਬ ਰਾਜੇ ਆਗਿਆ ਕਰੀ ਚੇਰੀ ਦਈ ਉਠਾਇ ॥ ਸਭਹੂੰ ਕੇ ਪਾਛੇ ਰਹਾ ਕਵਲ ਪਤ੍ਰ ਲਪਟਾਇ ॥੧੫ ॥
ਚੌਪਈ ॥ ਅਚਰਜੁ ਦੇਖ ਰਾਇ ਤਬ ਕਹਾ ॥ ਮਿਲ ਪ੍ਰਤੱਗਿਆ ਲੋਗਨ ਕਹਾ ॥
ਤਬਹੀ ਰਾਜਾ ਬੋਲ ਪੁਕਾਰੈ ॥ "ਤੁਮ ਕਉ ਬਿਪ ! ਨ ਠਉਰ ਹਮਾਰੈ ॥"
ਸੁਨ ਕੈ ਬਚਨੁ ਅਠਾਰਹ ਪਤੀ ॥ ਚਲਿਓ ਛਾਡਿ ਕੈ ਪੁਹਪਾਵਤੀ ॥
ਬੀਨਾ ਗਹੈ ਬਜਾਵੈ ਰਾਗ ॥ ਛਿਨੁ ਛਿਨੁ ਉਪਜਾਵੈ ਵੈਰਾਗ ॥
ਦਿਨ ਦਸ ਮਾਰਗ ਰਹਿਓ ਸੁਜਾਨਾਂ ॥ਕਾਮਾਵਤੀ ਨਗਰ ਨਿਯਰਾਨਾਂ ॥
ਦੋਹਰਾ ॥ ਕਾਮਾਵਤਿ ਨਗਰੀ ਭਲੀ ਕਾਮਸੈਨ ਨ੍ਰਿਪ ਨਾਮ ॥ ਸੁਰਜਨ ਸੋ ਮਾਧਵ ਕਹੈ ਈਹਾਂ ਕਰੌਂ ਬਿਸਰਾਮ ॥੧੬॥
ਚੌਪਈ ॥ ਨਗਰ ਲੋਗ ਸਭ ਬਸਹਿ ਸੁ ਕਰਮੀ ॥ ਬ੍ਰਹਮਨ ਖੜ੍ਰੀ ਵੈਸ ਸੁ ਧਰਮੀ ॥
ਤਿਹ ਪੁਰ ਮੱਧ ਗਯੰਦ ਸੋ ਰਹਈ ॥ ਮਦਰਾ ਨਾਮੁ ਅਵਰ ਕੋ ਕਹਈ ॥
ਮਾਰ ਸੋਇ ਸਤਰੰਜ ਮਹਿ ਹੋਈ ॥ ਪੁਹਪ ਪਤ੍ਰ ਲੈ ਬਾਂਭੈ ਕੋਈ ॥
ਚੰਚਲ ਚੋਰ ਕਟਾਛ ਤ੍ਰੀਆ ਕੇ ॥ ਜੋ ਨਿਤ ਚੋਰ ਹੋ ਚਿਤ ਪ੍ਰਿਆ ਕੇ ॥
ਦੰਡ ਸੋਇ ਜੋ ਜੋਗੀ ਲੇਈ ॥ ਅਵਰੁ ਨ ਦੰਡੁ ਤਾਹਿ ਕੋ ਦੇਈ ॥
ਦੋਹਰਾ ॥ ਦੀਪਕ ਮਧਿ ਬਸੈ ਤਹਾਂ ਜੋ ਨਿਸ ਬਸਹਿ ਪਤੰਗ ॥ ਐਸੇ ਨਗਰ ਰਚਿਓ ਬਲੀ ਕਾਮਸੈਨ ਚਤੁਰੰਗ ॥੧੭
ਚੌਪਈ ॥ ਤਿਹ ਪੁਰ ਬਸੈ ਚੰਦ ਕੀ ਕਲਾ ॥ ਪਾਤਰ ਗੁਨੀ ਕਾਮ ਕੰਦਲਾ ॥
ਤਾਂ ਕੋ ਰੂਪ ਬਰਨ ਕੋ ਪਾਰੈ ॥ ਬਰਨਤ ਜੀਭ ਸਹਸ ਫਨਿ ਹਾਰੈ ॥
ਕੁੰਚਿਤ ਚਿਕੁਰ ਛੋਰ ਕੈਬਾਲਾ ॥ ਮੇਘ ਕਿ ਧਾਰਿ ਕਿਧੋ ਅਲਿਮਾਲਾ ॥
ਮਧਿ ਮਾਂਗ ਚੰਦਨ ਘਸਿ ਭਰੀ ॥ ਜਨੁ ਪਯ ਧਾਰ ਸਾਂਪ ਮੁਖ ਪਰੀ ॥
ਤਿਹ ਮਹਿ ਮਾਂਗ ਦਿਪੈ ਗਜ ਮੋਤੀ ॥ ਜਨ ਘਨ ਮੈਂ ਤਾਰਨ ਕੀ ਜੋਤੀ ॥
ਦੋਹਰਾ ॥ ਮਾਗ ਅਗ੍ਰ ਮਾਨਕ ਦਿਪੈ ਅਰ ਮੁਕਤਾਹਲ ਸੰਗ ॥ ਛਿਨ ਛਿਨ ਜੋਤਿ ਧਰੈ ਮਨੋ ਮਣਿ ਕਬਿ ਲੇਤ ਭੁਯੰਗ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗ ਮਾਲਾ

ੴ ਸਤਿਗੁਰ ਪ੍ਰਸਾਦਿ ॥ ਰਾਗ ਮਾਲਾ ॥

ਰਾਗ ਏਕ ਸੰਗਿ ਪੰਚ ਬਰੰਗਨ ॥ ਸੰਗਿ ਅਲਾਪਹਿ ਆਠਉ ਨੰਦਨ ॥ ਪ੍ਰਥਮ ਰਾਗ ਭੈਰਉ ਵੈ ਕਰਹੀ॥ਪੰਚ ਰਾਗਨੀ ਸੰਗਿ ਉਚਰਹੀ ॥ ਪ੍ਰਥਮ ਭੈਰਵੀ ਬਿਲਾਵਲੀ ॥ ਪੁੰਨਿਆਕੀ ਗਾਵਹਿ ਬੰਗਲੀ ॥ ਪੁਨਿ ਅਸਲੇਖੀ ਕੀ ਭਈ ਬਾਰੀ ॥ ਏ ਭੈਰਉ ਕੀ ਪਾਚਉ ਨਾਰੀ ॥ ਪੰਚਮ ਹਰਖ ਦਿਸਾਖ ਸੁਨਾਵਹਿ ॥ ਬੰਗਾਲਮ ਮਧੁ ਮਾਧਵ ਗਾਵਹਿ ॥੧॥ ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ ॥ ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ ਪਾਤ੍ਰ ॥੧॥ ਦੁਤੀਆ ਮਾਲਕਉਸਕ ਆਲਾਪਹਿ ॥ ਸੰਗਿ ਰਾਗਨੀ ਪਾਚਉ ਥਾਪਹਿ ॥ ਗੋਂਡਕਰੀ ਅਰੁ ਦੇਵਗੰਧਾਰੀ ॥ ਗੰਧਾਰੀ ਸੀਹੁਤੀ ਉਚਾਰੀ ॥ ਧਨਾਸਰੀ ਏ ਪਾਚਉ ਗਾਈ ॥ ਮਾਲ ਰਾਗ ਕਉਸਕ ਸੰਗਿ ਲਾਈ ॥ ਮਾਰੂ ਮਸਤਅੰਗ ਮੇਵਾਰਾ ॥ ਪ੍ਰਬਲਚੰਡ ਕਉਸਕ ਉਭਾਰਾ ॥ ਖਉਖਟ ਅਉ ਭਉਰਾਨਦ ਗਾਏ ॥ਅਸਟ ਮਾਲਕਉਸਕ ਸੰਗਿ ਲਾਏ ॥੧॥ ਪੁਨਿ ਆਇਅਉ ਹਿੰਡੋਲੁ ਪੰਚ ਨਾਰਿ ਸੰਗਿ ਅਸਟ ਸੁਤ ॥ ਉਠਹਿ ਤਾਨ ਕਲੋਲ ਗਾਇਨ ਤਾਰ ਮਿਲਾਵਹੀ ॥੧॥ ਤੇਲੰਗੀ ਦੇਵਕਰੀ ਆਈ ॥ ਬਸੰਤੀ ਸੰਦੂਰ ਸੁਹਾਈ ॥ ਸਰਸ ਅਹੀਰੀ ਲੈ ਭਾਰਜਾ ॥ ਸੰਗਿ ਲਾਈ ਪਾਂਚਉ ਆਰਜਾ ॥ ਸੁਰਮਾਨੰਦ ਭਾਸਕਰ ਆਏ ॥ ਚੰਦ੍ਰਬਿੰਬ ਮੰਗਲਨ ਸੁਹਾਏ ॥ ਸਰਸਬਾਨ ਅਉ ਆਹਿ ਬਿਨੋਦਾ ॥ ਗਾਵਹਿ ਸਰਸ ਬਸੰਤ ਕਮੋਦਾ ॥ ਅਸਟ ਪੁਤ੍ਰ ਮੈ ਕਹੇ ਸਵਾਰੀ ॥ ਪੁਨਿ ਆਈ ਦੀਪਕ ਕੀ ਬਾਰੀ ॥੧॥ ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ ॥ ਕਾਮੋਦੀ ਅਉ ਗੂਜਰੀ ਸੰਗਿ ਦੀਪਕ ਕੇ ਥਾਪਿ ॥੧॥ ਕਾਲੰਕਾ ਕੁੰਤਲ ਅਉ ਰਾਮਾ ॥ ਕਮਲਕੁਸਮ ਚੰਪਕ ਕੇ ਨਾਮਾ॥ ਗਉਰਾ ਅਉ ਕਾਨਰਾ ਕਲ੍ਯਾਨਾ ॥ ਅਸਟ ਪੁਤ੍ਰ ਦੀਪਕ ਕੇ ਜਾਨਾ ॥੧॥ ਸਭ ਮਿਲਿ ਸਿਰੀਰਾਗ ਵੈ ਗਾਵਹਿ ॥ ਪਾਂਚਉ ਸੰਗਿ ਬਰੰਗਨ ਲਾਵਹਿ ॥ ਬੈਰਾਰੀ ਕਰਨਾਟੀ ਧਰੀ ॥ ਗਵਰੀ ਗਾਵਹਿ ਆਸਾਵਰੀ ॥ ਤਿਹ ਪਾਛੈ ਸਿੰਧਵੀ ਅਲਾਪੀ ॥ ਸਿਰੀਰਾਗ ਸਿਉ ਪਾਂਚਉ ਥਾਪੀ ॥੧॥ ਸਾਲੂ ਸਾਰਗ ਸਾਗਰਾ ਅਉਰ ਗੋਂਡ ਗੰਭੀਰ ॥ ਅਸਟ ਪੁਤ੍ਰ ਸ੍ਰੀਰਾਗ ਕੇ ਗੁੰਡ ਕੁੰਭ ਹਮੀਰ ॥੧॥ ਖਸਟਮ ਮੇਘ ਰਾਗ ਵੈ ਗਾਵਹਿ ॥ ਪਾਂਚਉ ਸੰਗਿ ਬਰੰਗਨ ਲਾਵਹਿ ॥ ॥ਸੋਰਠਿ ਗੋਂਡ ਮਲਾਰੀ ਧੁਨੀ ॥ ਪੁਨਿ ਗਾਵਹਿ ਆਸਾ ਗੁਨ ਗੁਨੀ ॥ ਊਚੈ ਸੁਰਿ ਸੂਹਉ ਪੁਨਿ ਕੀਨੀ ॥ ਮੇਘ ਰਾਗ ਸਿਉ ਪਾਂਚਉ ਚੀਨੀ ॥੧॥ ਬੈਰਾਧਰ ਗਜਧਰ ਕੇਦਾਰਾ ॥ ਜਬਲੀਧਰ ਨਟ ਅਉ ਜਲਧਾਰਾ ॥ ਪੁਨਿ ਗਾਵਹਿ ਸੰਕਰ ਅਉ ਸਿਆਮਾ ॥ ਮੇਘ ਰਾਗ ਪੁਤ੍ਰਨ ਕੇ ਨਾਮਾ ॥੧॥ ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ॥ ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ ॥੧॥੧॥

ਆਲਮ ਕਵੀ, ਦਸਵੇ ਪਾਤਸ਼ਹ ਜੀ ਦੇ ਕਵੀਆਂ ਵਿੱਚੋਂ ਹੋਇਆ ਹੈ । ਰਾਗਮਾਲਾ ਉਸਨੇ ਸ੍ਰੀ ਗੁਰੂ ਗ੍ਰੰਥ ਜੀ ਵਿੱਚੋਂ ਲਈ ਤੇ ਇਨ ਬਿਨ ਨਹੀਂ ਲਿਖੀ, ਥੋੜਾ ਫਰਕ ਪਾਕੇ ਲਿਖ ਦਿਤੀ ਹੈ । ਉਸ ਦੇ ਲਿਖੇ ਰਾਗਮਾਲਾ ਦੇ ਲਿਖਣ ਦੇ ਢੰਗ ਪਦ ਜੋੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਨ । ਥੱਲੇ ਆਲਮ ਕਵੀ ਦੀ ਲਿਖੀ ਰਾਗਮਾਲਾ ਇਹ ਹੈ:-

ਪ੍ਰਥਮ ਰਾਗ ਭੈਰਵ ਵੈ ਕਰਹੀ ॥ ਪੰਚ ਰਾਗਨੀ ਸੰਗ ਉਚਰਹੀ ॥ ਪ੍ਰਥਮ ਭੈਰਵੀ ਬਿਲਾਵਲੀ ॥ਪੁੰਨਿਆ ਕੀ ਗਾਵਹਿ ਬੰਗਲੀ ॥ ਪੁਨ ਅਸਲੇਖੀ ਕੀ ਭਈ ਬਾਰੀ ॥ ਇਹ ਭੈਰੋਂ ਕੀ ਪਾਚੋਂ ਨਾਰੀ ॥ ਪੰਚਮ ਹਰਖ ਦਿਸਾਖ ਸੁਨਾਵਹਿ ॥ਬੰਗਾਲਾ ਮਧੁ ਮਾਧਵ ਗਾਵਹਿ ॥

ਦੋਹਰਾ

ਲਲਿਤ ਬਿਲਾਵਲਿ ਗਾਵਹੀ ਅਪੁਨੀ ਅਪੁਨੀ ਭਾਂਤਿ ॥
ਅਸਟ ਪੁਤ੍ਰ ਭੈਰਵ ਕੇ ਗਾਇਨ ਗਾਵਹਿ ਪਾਤ੍ਰਿ ॥੩੪॥

ਚੌਪਈ

ਦੁਤੀਆ ਮਾਲਿ ਕਉਸਕ ਆਲਾਪਹਿ ॥ ਸੰਗ ਰਾਗਨੀ ਪਾਂਚੌ ਥਾਪਹਿ ॥
ਗੋਂਡ ਕਰੀ ਅਰ ਦੇਵ ਗੰਧਾਰੀ ॥ ਗੰਧਾਰੀ ਸੀਹੁਤੀ ਉਚਾਰੀ ॥
ਧਨਾਸਰੀ ਏ ਪਾਂਚੌ ਗਾਈ ॥ ਮਾਲ ਕੌਸ ਰਾਗ ਸੰਗ ਲਾਈ ॥
ਮਾਰੂ ਮਸ-ਤਅੰਗ ਮੇ ਵਾਰਾ ਪ੍ਰਬਲ ਚੰਦ ਕਉਸਕ ਉਭਾਰਾ ॥
ਖੌਖਟ ਅਉ ਭਉਰਾਨੰਦ ਗਾਏ ॥ ਮਾਲ ਕੌਸ ਸੰਗ ਲਾਏ ॥

ਸੋਰਠਾ

ਪੁਨਿ ਆਯੋ ਹਿੰਡੋਲ ਪੰਚ ਨਾਰ ਸੰਗ ਅਸਟ ਸੁਤ ॥
ਉਠੈ ਤਾਨ ਕਲੋਲ ਗਾਵਹਿ ਤਾਲ ਮਿਲਾਇਕੈ ॥੩੫॥

ਚੌਪਈ

ਤਿਲੰਗੀ ਦੇਵਕਰੀ ਆਈ ॥ ਬਸੰਤੀ ਸਿੰਧੂਰ ਸੁਹਾਈ ॥
ਸਰਸ ਅਹੀਰੀ ਲੈ ਭਾਜਾ ॥ ਸੰਗ ਲਾਈ ਪਾਂਚੋਂ ਆਰਜਾ ॥
ਸੁਰਮਾਨੰਦ ਭਾਸਕਰ ਆਏ ॥ ਚੰਦ੍ਰਬਿੰਬ ਮੰਗਲਨ ਸੁਹਾਏ ॥
ਸਰਸਬਾਨ ਅਉ ਆਹਿ ਬਿਨੋਦਾ ॥ ਗਾਵਹਿ ਸਰਸ ਬਸੰਤ ਕਮੋਦਾ ॥
ਅਸਟ ਪੁਤ੍ਰ ਉਨ ਕਹੇ ਸਵਾਰੀ ॥ ਪੁਨ ਆਈ ਦੀਪਕ ਕੀ ਬਾਰੀ ॥

ਦੋਹਰਾ-ਕਛੇਲੀ ਪਟ ਮੰਜਰੀ ਟੋਡੀ ਕਹੀ ਅਲਾਪਿ ॥
ਕਾਮੋਦੀ ਅਉ ਗੂਜਰੀ ਸੰਗਿ ਦੀਪਕ ਕੇ ਥਾਪ ॥੩੬॥

ਚੌਪਈ

ਕਾਲਿੰਗਾ ਕੁੰਤਲ ਅਉਰਾਮਾ ॥ਕਮਲ ਕੁਸਮ ਪੰਚਨ ਕੇ ਨਾਮਾ॥
ਗੌਰਾ ਅਉ ਕਾਨਰਾ ਕਲਿਆਨਾ ॥ ਅਸਟ ਪੁਤ੍ਰ ਦੀਪਕ ਕੇ ਜਾਨਾ ॥
ਸਭ ਮਿਲਿ ਸਿਰੀ ਰਾਗ ਵੈ ਗਾਵਹਿ ॥ਪਾਂਚੋ ਸੰਗ ਬਰੰਗਨ ਲਾਵਹਿ ॥
ਬੈਰਾਟੀ ਕਰਨਾਟੀ ਧਰੀ ॥ਗੌਰੀ ਗਾਵਹਿ ਆਸਾਵਰੀ ॥
ਪੁਨਿ ਪਾਛੈ ਸਿੰਧਵੀ ਅਲਾਪੀ ॥ ਸਿਰੀ ਰਾਗ ਸੰਗ ਪਾਂਚੋ ਥਾਪੀ ॥
ਦੋਹਰਾ-ਮਾਲਵ ਸਾਰੰਗ ਸਾਗਰਾ ਅਉਰ ਗੌਡ ਗੰਭੀਰ॥
ਆਠ ਪੁਤ੍ਰ ਸਿਰੀ ਰਾਗ ਕੇ ਗੰਡ ਕੰਭ ਹਮੀਰ ॥੩੭॥

ਚੌਪਈ

ਖਸਟਮ ਮੇਘ ਰਾਗ ਵੈ ਗਾਵਹਿ ॥ ਪਾਂਚੋ ਸੰਗ ਬਰੰਗਨਿ ਲਾਵਹਿ ॥
ਸੋਰਠ ਗੌਡ ਮਲਾਰੀ ਧੁਨੀ ॥ ਪੁਨ ਗਾਵਹਿ ਆਸਾ ਗੁਨ ਗੁਨੀ॥
ਊਚੇ ਸੁਰ ਸੂਹਵਿ ਪੁਨਿ ਕੀਨੀ ॥ਮੇਘ ਰਾਗ ਸੋ ਪਾਚੋ ਚੀਨੀ ॥
ਭੈਰਾਟੀ ਗਜਧਰ ਕੇਦਾਰਾ ॥ਜਲਧਰ ਅਉ ਨਟ ਜਬਲੀ ਧਾਰਾ ॥
ਪੁਨ ਗਾਵਹਿ ਸੰਕਰ ਅਰੁ ਸਿਆਮਾ ॥ ਮੇਘ ਰਾਗ ਪੁਤ੍ਨਿ ਕੇ ਨਾਮਾ ॥
ਦੋਹਰਾ- ਖਸਟ ਰਾਗ ਉਨ ਮਿਲ ਕਹੇ ਸੰਗ ਰਾਗਨੀ ਤੀਸ ॥ਸਭੈ ਪੁਤ੍ਰ ਰਾਗੰ ਕੇ ਅਠਾਰਹਿ ਦਸਬੀਸ ॥

ਸੰਕੇ

ਪ੍ਰਸ਼ਨ ੮੪: ਕਈ ਗੁਰਮੁਖ ਪ੍ਰਸ਼ਨ ਕਰ ਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਰਾਗ ਪਹਿਲਾਂ ਲਿਖਿਆ ਹੈ ?ਪਰ ਰਾਗਮਾਲਾ ਵਿਚ ਭੈਰਵ ਰਾਗ ਪਹਿਲਾਂ ਲਿਖਿਆ ਹੈ ਇਸ ਕਰ ਕੇ ਰਾਗ ਮਾਲਾ ਗੁਰਬਾਣੀ ਨਹੀਂ ਹੈ ?

ਉੱਤਰ- ਰਾਗਾਂ ਦੇ ਮਾਹਿਰ ਦਲੀਲ ਦਿੰਦੇ ਹਨ ਕਿ ਰਾਗਾਂ ਦੇ ਚਾਰ ਮਤ ਹਨ । ਜਿਨ੍ਹਾਂ ਵਿੱਚੋਂ ਸ਼ਿਵ ਮੱਤ ਅਤੇ ਕ੍ਰਿਸ਼ਨ ਮੱਤ ਵਾਲੇ ਰਾਗਾਂ ਦਾ ਆਰੰਭ ਸ੍ਰੀ ਰਾਗ ਤੋਂ ਮਨਦੇ ਹਨ । ਹਨਵੰਤ ਮੱਤ ਅਤੇ ਭਰਥ ਮੱਤ ਵਾਲੇ ਰਾਗਾਂ ਦਾ ਆਰੰਭ ਭੈਰਉ ਰਾਗ ਤੋਂ ਮਨਦੇ ਹਨ । ਸਤਿਗੁਰੂ ਜੀ ਨੇ ਸ੍ਰੀ ਰਾਗ ਨੂੰ ਸਰੋਮਣੀ ਰਾਗ ਹੋਣ ਕਰ ਕੇ ਪਹਿਲਾਂ ਲਿਖਿਆ ਹੈ । ਤੇ ਕਿਹਾ ਹੈ 'ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥' ਭੈਰਉ ਰਾਗ ਸਭ ਤੋਂ ਪਹਿਲਾਂ ਅੰਮ੍ਰਿਤ ਵੇਲੇ ਦਾ ਗਾਉਣ ਵਾਲਾ ਕਰ ਕੇ ਰਾਗਮਾਲਾ ਵਿਚ ਭੈਰਉ ਰਾਗ ਨੂੰ ਸਤਿਕਾਰਿਆ ਹੈ,ਤੇ ਕਿਹਾ ਹੈ ਪ੍ਰਥਮ ਰਾਗ ਭੈਰਉ ਵੈ ਕਰਹੀ ॥ ਸਤਿਗੁਰੂ ਜੀ ਨੇ ਦੋਵੇ ਰਾਗਾਂ ਨੂੰ ਤੇ ਉਹਨਾ ਦੇ ਮੱਤਾਂ ਨੂੰ ਸਤਿਕਾਰਿਆ ਹੈ । ਜਦੋਂ ਪਿਤਾ ਕਲਿਯਾਣ ਚੰਦ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਗੁਪਾਲ ਦੱਤ ਪਾਂਧੇ ਪਾਸ ਪੜਨੇ ਪਾਇਆ ਦੋ ਦਿਨ ਉਸ ਕੋਲ ਪੜ੍ਹਦੇ ਰਹੇ ।ਤੀਸਰੇ ਦਿਨ ਉਸਨੂੰ ਸ੍ਰੀ ਰਾਗ ਵਿਚ ਇਹ ਸਬਦ ਉਚਾਰ ਕੇ ਉਪਦੇਸ਼ ਦਿੱਤਾ:-

ਸਿਰੀਰਾਗੁ ਮਹਲੁ ੧ ॥ ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥ ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥ ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥੧॥ ਬਾਬਾ ਏਹੁ ਲੇਖਾ ਲਿਖਿ ਜਾਣੁ ॥ ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥੧॥ ਰਹਾਉ ॥ ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥ ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ ॥ ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ ॥੨॥ ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ ॥ ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ ॥ ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ ॥੩॥ ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ ॥ ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥ ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ॥੪॥੬॥

ਪ੍ਰਸ਼ਨ ੮੫ : ਕਈ ਗੁਰਮੁਖ ਪ੍ਰਸ਼ਨ ਕਰ ਦੇ ਹਨ ਕਿ ਮੁੰਦਾਵਣੀ ਨਾਮ ਮਹੋਰ ਦਾ ਹੈ ? ਇਸਤੋਂ ਅਗੇ ਸਤਿਗੁਰੂ ਜੀ ਨੇ ਬਾਣੀ ਨਹੀਂ ਲਿਖੀ ।

ਉੱਤਰ- ਗੁਰੂ ਜੀ ਨੇ ਮੁੰਦਾਵਣੀ ਤੋਂ ਬਾਅਦ ਤੇ ਰਾਗਮਾਲਾ ਤੋਂ ਪਹਿਲਾਂ ਇਹ ਦੋ ਸ਼ਬਦ ਲਿਖੇ ਹਨ । ਕੀ ਉਹ ਗੁਰਮੁਖ ਇਹ ਸ਼ਬਦ ਨਹੀਂ ਪੜ੍ਹਦੇ ।

ਮੁੰਦਾਵਣੀ ਮਹਲਾ ੫ ॥

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥ ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥ ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥ ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥ ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥ ਸਲੋਕ ਮਹਲਾ ੫ ॥ ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥ ਮੈ ਨਿਰਗੁਣਿਆਰੇ

ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥ ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥ ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥

ਜਿਹੜੇ ਗੁਰਮੁਖ ਕਹਿੰਦੇ ਹਨ ਕਿ ਮੁੰਦਾਵਣੀ ਤੋਂ ਬਾਅਦ ਗੁਰੂ ਜੀ ਨੇ ਬਾਣੀ ਨਹੀਂ ਉਚਾਰੀ ।

ਮੁੰਦਾਵਣੀ ਲਫ਼ਜ ਪਿੱਛੇ { ੬੪੫ ਅੰਗ ੮ ਵਾਂ ਸਲੋਕ }ਤੇ ਵੀ ਆ ਗਿਆ ਹੈ । ਜੇ ਸਤਿਗੁਰੂ ਜੀ ਨੇ ਮੁੰਦਾਵਣੀ ਤੋਂ ਅੱਗੇ ਬਾਣੀ ਨਹੀਂ ਉਚਾਰੀ ਤਾਂ ਕੀ ਪ੍ਰਸ਼ਨ ਕਰਣ ਵਾਲੇ ਗੁਰਮੁਖ {੬੪੫ ਅੰਗ ੮ ਵਾਂ ਸਲੋਕ}ਤੋਂ ਅੱਗੇ ਬਾਣੀ ਨਹੀਂ ਪੜ੍ਹਦੇ ।

ਸਲੋਕੁ ਮਃ ੩ ॥ ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥ ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥ ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥ ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ
ਰਖੀਐ ਉਰਿ ਧਾਰਿ ॥ ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥ ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ ॥੧॥(ਅੰਗ ੬੪੫)

ਪੋਠੋਹਾਰ ਦੀ ਬੋਲੀ ਵਿਚ ਮੁੰਦਾਵਣੀ ਲਫਜ਼ ਬੁਝਾਰਤ ਦਾ ਹੈ ,ਜਿਹਨਾਂ ਦੇ ਘਰ ਜੰਞ ਆਵੇ ਰੋਟੀ ਖਾਣ ਸਮੇਂ ਲੜਕੀ ਵਾਲੇ ਪਾਸਿਉਂ ਬੀਬੀਆਂ ਇਹ ਬੁਝਾਰਤ ਪਾਉਂਦੀਆਂ ਸਨ , 'ਕਾਲਾ ਸੂਤ ਪੀਲਾ ਸੂਤ ਜਾਂ ਪੀਵੇ ਕੁੱਤੇ ਦਾ ਮੂਤ ॥ ਜਿਤਨਾ ਚਿਰ ਇਹ ਮੁਦਾਵਣੀ ਪਈ ਰਵੇ ਜਾਞੀ ਉਤਨਾ ਚਿਰ ਰੋਟੀ ਨਹੀ ਖਾਂਦੇ । ਇਸ ਮੁਦਾਵਣੀ ਨੂੰ ਦੂਰ ਕਰਨ ਵਾਸਤੇ ਜਾਞੀ ਇਹ ਪੜ੍ਹਦੇ ਹਨ:- 'ਕਾਲੀ ਤਾਣੀ ਪੀਲੀ ਤਾਣੀ ਜਾਂ ਪੀਵੇ ਤਾਂ ਅੰਮ੍ਰਿਤ ਵਾਣੀ ॥ ਇਹ ਪੜ੍ਹ ਕੇ ਬੀਬੀਆਂ ਦੀ ਪਾਈ ਮੁਦਾਵਣੀ ਦੂਰ ਕਰਕੇ ਜਾਞੀ ਭੋਜਨ ਛਕਣਾ ਸੁਰੂ ਕਰਦੇ ਹਨ ।

ਪ੍ਰਸ਼ਨ ੮੬ : ਕਈ ਗੁਰਮੁਖ ਪ੍ਰਸ਼ਨ ਕਰਦੇ ਹਨ, ਰਾਗਮਾਲਾ ਵਿਚ ਨਾਨਕ ਨਾਮ ਲਿਖਿਆ ਨਹੀਂ ਆਉਂਦਾ ?

ਉੱਤਰ – ਜਪੁ ਜੀ ਸਾਹਿਬ ਦੀਆਂ ੧੨ ਇਹ ਪਉੜੀਆਂ ਵਿਚ ਨਾਨਕ ਲਿਖਿਆ ਨਹੀਂ ਆਇਆ ।

(੧) ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥
(੨) ਮੰਨੇ ਕੀ ਗਤਿ ਕਹੀ ਨ ਜਾਇ ॥
(੩)ਮੰਨੈ ਸੁਰਤਿ ਹੋਵੈ ਮਨਿ ਬੁਧਿ ॥
(੪)ਮੰਨੈ ਮਾਰਗ ਠਾਕ ਨ ਪਾਇ ॥
(੫)ਪੰਚ ਪਰਵਾਣ ਪੰਚ ਪਰਧਾਨ ॥
(੬)ਅਸੰਖ ਜਪ ਅਸੰਖ ਭਾਉ ॥
(੭)ਅਸੰਖ ਨਾਵ ਅਸੰਖ ਥਾਵ ॥
(੮) ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥
(੯)ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
(੧੦)ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥
(੧੧) ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
(੧੨)ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਈ ਵਾਰਾਂ ਵਿਚੋਂ (੩੦੮) ਪਉੜੀਆਂ ਵਿਚ ਨਾਨਕ ਲਿਖਿਆ ਨਹੀਂ ਆਇਆ । ਗੁਰਬਾਣੀ ਵਿਚ ਇਸ ਤੋਂ ਇਲਾਵਾ ਹੋਰ ਵੀ ਕਈ ਥਾਵਾਂ ਤੇ ਨਾਨਕ ਲਿਖਿਆ ਜਾਂ ਕਿਸੇ ਭਗਤ, ਭਟ ਦਾ ਨਾਮ ਲਿਖਿਆ ਨਹੀਂ ਆਇਆ,ਕੀ ਉਹ ਗੁਰ ਬਾਣੀ ਨਹੀਂ ? ਕੱਲ੍ਹ ਨੂੰ ਉਹ ਗੁਰਮੁਖ ਕਹਿਣ ਗੇ ਕਿ ਇਹਨਾਂ ਨੂੰ ਵੀ ਗੁਰਬਾਣੀ ਵਿੱਚੋਂ ਕੱਢ ਦਿਓ । ਭਗਤ ਫਰੀਦ ਜੀ ਦੇ ਸਲੋਕਾਂ ਵਿਚ ੧੩੮੪ ਅੰਗ ਤੋਂ ਸਲੋਕ ਨੰਬਰ ੧੨੫ ਤੋਂ ਲੇ ਕੇ ੧੩੦ ਤਕ ਕਿਸੇ ਦਾ ਨਾਮ ਨਹੀਂ ਆਇਆ :-

'ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥ ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥੧੨੫॥ ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥ ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥੧੨੬॥ ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥ ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥ ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥ ਅਣਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥੧੨੮॥ ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥ ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥ ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥੧੩੦॥'

{ਸਲੋਕ ਸੇਖ ਫ਼ਰੀਦ ਜੀ ,ਅੰਗ ੧੩੮੪}

ਤਿਹਟੜੇ ਬਾਜਾਰ ਸਉਦਾ ਕਰਨਿ ਵਣਜਾਰਿਆ ॥ ਸਚੁ ਵਖਰੁ ਜਿਨੀ ਲਦਿਆ ਸੇ ਸਚੜੇ ਪਾਸਾਰ ॥੧੭॥
ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ ॥ ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ ॥੨੧॥
ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ ॥ ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ ॥੨੨॥

{ਸਲੋਕ ਵਾਰਾਂ ਤੇ ਵਧੀਕ ਅੰਗ -੧੪੨੬}

ਪ੍ਰਸ਼ਨ ੮੭ : ਕਈ ਗੁਰਮੁਖ ਪ੍ਰਸ਼ਨ ਕਰਦੇ ਹਨ, ਕਿ ਰਾਗਮਾਲਾ ਵਿਚ 'ਰਹਾਉ' ਨਹੀਂ ਹੈ ?

ਉੱਤਰ :- ਜਪੁਜੀ ਸਾਹਿਬ , ਅਨੰਦ ਸਾਹਿਬ , ਵੀਹ ਵਾਰਾਂ ਵਿਚ, ਛੰਤਾਂ ਵਿਚ, ਬਾਵਨ ਅਖਰੀ ਕਬੀਰ ਜੀ ਵਿਚ,ਬਹੁਤੇ ਥਾਈਂ ਅਸਟ ਪਦੀਆਂ ਵਿਚ , ਅਲਾਹਣੀਆਂ ਦੇ ਪੰਜਾਂ ਸਬਦਾ ਵਿੱਚੋਂ ਤੀਜੇ ਸਬਦ ਵਿਚ 'ਰਹਾਉ'ਆਇਆ ਹੈ । ਲਾਵਾਂ ਵਿਚ, ਰਾਮਕਲੀ ਸਦ ਵਿਚ,ਸਮੁਚੇ ਤੁਖਾਰੀ ਰਾਗ ਵਿਚ, ਸਲੋਕ ਸਹਸਕ੍ਰਿਤੀ , ਗਾਥਾ , ਫੁਨਹੇ ,ਚਉਬੋਲੇ ,ਸਲੋਕ ਭਗਤ ਕਬੀਰ ਜੀ , ਸਲੋਕ ਭਗਤ ਫਰੀਦ ਜੀ ,ਸਵਈਆਂ ਵਿਚ , ਸਲੋਕ ਵਾਰਾਂ ਤੇ ਵਧੀਕ ,ਭੋਗ ਦੇ ਸਲੋਕਾਂ ਵਿਚ, ਮੁੰਦਾਵਣੀ ਮਹਲਾ ੫ ॥ਤੇ ਸਲੋਕ ਮਹਲਾ ੫ ॥ ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥ ਵਿਚ 'ਰਹਾਉ' ਨਹੀਂ ਆਇਆ ।

ਕਈ ਗੁਰਮੁਖ ਕਹਿੰਦੇ ਹਨ ਕਿ ਰਾਗ ਮਾਲਾ ਦੀ ਕੋਈ ਇਤਿਹਾਸਕ ਮਹਾਨਤਾ ਨਹੀਂ ਹੈ ?
ਬ੍ਰਹਮ ਗਿਆਨੀ ਸੰਤ ਗੁਰਬਚਨ ਸਿੰਘ ਜੀ ਖਾਲਸਾ ਜੀ ਦੇ ਰਾਗ ਮਾਲਾ ਦੇ ਉਥਾਨਕਾ ਬਾਰੇ ਵਿਚਾਰ:-

ਜਦੋਂ ਗੁਰੂ ਜੀ ਮੁੰਦਾਵਣੀ ਲਿਖਾ ਰਹੇ ਸਨ, ਨਾਰਦ ਮੁਨੀ ਜੀ ਰਾਗਾਂ ਦੇ ਦੇਸ਼ ਵਿਚ ਗਏ, ਉਸਨੇ ਰਾਗਾਂ ਦੇ ਅੰਗ ਭੰਗ ਹੋਏ ਵੇਖੇ ਤਾਂ ਪੁਛਿਆ ਤੁਹਾਡੀ ਇਹ ਹਾਲਤ ਕਿਉਂ ਹੋਈ ਹੈ ।ਉਹਨਾਂ ਨੇ ਕਿਹਾ, ਮਹਾਰਾਜ ਜੀ ਕੋਈ ਰਾਗ ਨੂੰ ਗਾਉਣ ਲਗਦਾ ਹੈ ਤਾਂ ਕੋਈ ਰਾਗਨੀ ਨੂੰ ਗਾਉਣ ਲਗ ਜਾਂਦਾ ਹੈ, ਕੋਈ ਪੁਤਰ ਨੂੰ ਗਾਉਣ ਲਗ ਜਾਂਦਾ ਹੈ । ਅਨਜਾਣ ਲੋਕ ਸਾਡਾ ਵਖਤ ਕੁ-ਵਖਤ ਨਹੀਂ ਵੇਖਦੇ । ਇਉਂ ਸਾਡੀ ਨਿਰਾਦਰੀ ਹੋ ਰਹੀ ਹੈ । ਨਾਰਦ ਮੁਨੀ ਜੀ ਨੇ ਕਿਹਾ ਤੁਸੀਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਜਾਓ, ਸ੍ਰੀ ਗੁਰੂ ਅਰਜਨ ਦੇਵ ਜੀ ਰਾਗਾਂ ਵਿਚ ਬਾਣੀ ਉਚਾਰ ਰਹੇ ਹਨ ।ਤੁਹਾਡੀ ਪੁਕਾਰ ਸੁਣਕੇ ਤੁਹਾਡਾ ਦੁਖ ਮੇਟਣਗੇ ।ਇਹ ਸੁਣ ਕੇ ਰਾਗ ਸਤਿਗੁਰੂ ਜੀ ਦੀ ਸ਼ਰਨ ਆਏ । ਗੁਰਬਾਣੀ ਲਿਖਣ ਲਗਿਆਂ ਭਾਈ ਗੁਰਦਾਸ ਜੀ ਦੇ ਵੀ ਅੰਦਰ ਸੰਕਲਪ ਫੁਰਿਆ ਕਿ ਸਤਿਗੁਰੂ ਜੀ ਮੇਰੀ ਰਚਨਾ ਨੂੰ ਵੀ ਲਿਖਣ । ਉਦੋਂ ਰਾਤ ਨੂੰ ਭਾਈ ਗੁਰਦਾਸ ਜੀ ਨੂੰ ਸੁਪਨਾ ਆਇਆ, ਜਦੋਂ ਭਾਈ ਗੁਰਦਾਸ ਜੀ ਅਪਣੀ ਰਚਨਾ ਨੂੰ ਪੜ੍ਹਨ ਤਾਂ ਸਮੁੰਦਰ ਵਿਚ ਡੁਬਦੇ ਸਨ । ਜਦੋਂ ਸਤਿਗੁਰੂ ਜੀ ਦੀ ਬਾਣੀ ਪੜ੍ਹਨ ਤਾਂ ਸਮੰਦਰ ਵਿਚ ਤਰਦੇ ਸੀ । ਉਸ ਵਕਤ ਭਾਈ ਗੁਰਦਾਸ ਜੀ ਨੇ ਗੁਰਬਾਣੀ ਵਿਚ ਅਪਣੀ ਰਚਨਾ ਲਿਖਣ ਦਾ ਸੰਕਲਪ ਛਡ ਦਿੱਤਾ ਸੀ । ਪਰ ਭਗਤ ਬਾਣੀ ਲਿਖਣ ਤੋਂ ਜੋ ਸੰਕਲਪ ਫੁਰਿਆ ਸੀ ਉਹ ਪੂਰਾ ਕਰਨ ਵਾਸਤੇ ਭਾਈ ਗੁਰਦਾਸ ਜੀ ਨੂੰ ਕਿਹਾ! ਭਾਈ ਗੁਰਦਾਸ ਜੀ ਇਹ ਰਾਗ ਸਾਡੀ ਸ਼ਰਨ ਆਏ ਹਨ ਬਾਣੀ ਦਾ ਭੋਗ ਪੈ ਰਿਹਾ ਹੈ । ਤੁਸੀ ਸਾਡੇ ਪਾਸ ਚੁਰਾਸੀ ਰਾਗਾਂ ਦਾ ਉਚਾਰਨ ਕਰੋ । ਉਸ ਵਕਤ ਭਾਈ ਗੁਰਦਾਸ ਜੀ ਨੇ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਚੁਰਾਸੀ ਰਾਗਾਂ ਦਾ ਉਚਾਰਨ ਕੀਤਾ । ਉਹ ਰਾਗ ਮਾਲਾ ਸਤਿਗੁਰੂ ਜੀ ਨੇ ਸਮਾਪਤੀ ਤੇ ਭਾਈ ਗੁਰਦਾਸ ਜੀ ਪਾਸੋਂ ਲਿਖਾਉਣਾ ਕੀਤੀ ।

ਸੰਤ ਗਿਆਨੀ ਜਰਨੈਲ ਸਿੰਘ ਜੀ ਦੇ ਰਾਗਮਾਲਾ ਬਾਰੇ ਬਚਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦੇ ਭੋਗ ਸਮੇਂ ਰਾਗ ਮਾਲਾ ਦੇ ਭੋਗ ਦੇ ਅਖੀਰ ਵਿਚ, ਇਹ ਬਚਨ ਖਡੂਰ ਸਾਹਿਬ, ਸੰਤ ਗਿਆਨੀ ਜਰਨੈਲ ਸਿੰਘ ਜੀ ਨੇ ਕਹੇ ਹਨ ।ਜਿਹੜਾ ਰਾਗ ਮਾਲਾ ਦਾ ਪਾਠ ਨਿਤਨੇਮ ਨਾਲ ਕਰੇਗਾ ਜਾਂ ਪਾਠ ਦਾ ਭੋਗ ਰਾਗ ਮਾਲਾ ਨਾਲ ਪਾਵੇਗਾ ਉਸਨੂੰ ਚੁਰਾਸੀ ਦਾ ਗੇੜਾ ਨਹੀਂ ਭੁਗਤਣਾ ਪਵੇਗਾ । ਰਾਗ ਮਾਲਾ ਵਿਚ ਸਾਰੇ ਰਾਗਾਂ ਦੀ ਗਿਣਤੀ ਚੌਰਾਸੀ ਕੀਤੀ ਹੈ ।ਰਾਗ ਮਾਲਾ ਤੋਂ ਬਾਅਦ ਦੋ ਏਕੇ ਲੱਗੇ ਹਨ । ਜਿਹੜੇ ਭਰਾ ਕਹਿੰਦੇ ਹਨ, ਰਾਗ ਮਾਲਾ ਗੁਰਬਾਣੀ ਨਹੀਂ ਹੈ ਤੇ ਮੂਲ ਮੰਤ੍ਰ ਨੂੰ ਗੁਰਪ੍ਰਸਦਿ ਤਕ ਮੰਨ ਦੇ ਹਨ, ਤੇ "ਜਪੁ" ਬਾਣੀ ਦਾ ਨਾਂਮ ਹੈ । ਉਹ ਕਹਿੰਦੇ ਹਨ 'ਆਦਿ ਸਚੁ ਜੁਗਾਦਿ ਸਚੁ, ਗੁਰੂ ਜੀ ਨੇ (ਐੜੇ)ਤੋਂ ਬਾਣੀ ਆਰੰਭ ਕੀਤੀ ਹੈ ਉਹ ਇੱਥੋਂ ਲੈਂਦੇ ਹਨ । ਜੇ ਉਨ੍ਹਾਂ ਨੂੰ ਪੁਛ ਲਈਏ ਉਹ ਅੱਗੇ ਸਿੱਧ ਨਹੀਂ ਕਰ ਸਕਦੇ । ਜੇ ਆਦਿ ਸਚੁ ਜੁਗਾਦਿ ਸਚੁ, ਤੋਂ ਬਾਣੀ ਆਰੰਭ ਕੀਤੀ ਹੈ, ਤਾਂ ਇੱਥੇ ਵੀ ਏਕਾ ਲਾਇਆ ਹੈ। ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲ॥੧ ॥ ਇੱਥੇ ਵੀ ਏਕਾ ਲਾਇਆ ਹੈ । ਇੱਥੇ ਦੋ ਹੋਣਾ ਚਾਹੀਦਾ ਸੀ । ਇੱਥੇ ਪਹਿਲੀ ਪਉੜੀ ਉਚਾਰ ਕੇ, ਗੁਰੂ ਜੀ ਨੇ ਏਕਾ ਲਾਇਆ ਹੈ । ਦੂਆ ਨਹੀਂ ਲਾਇਆ ।ਪਹਿਲਾ ਏਕਾ ਮੂਲ ਮੰਤਰ ਦਾ ਜਣਾਇਕ ਹੈ ,ਦੂਜਾ ਪਹਿਲੀ ਪਉੜੀ ਦਾ ਜਣਾਇਕ ਹੈ । ਇਸ ਕਰਕੇ (ਐੜੇ) ਤੋਂ ਗੁਰਬਾਣੀ ਆਰੰਭ ਨਹੀਂ ਮੰਨੀ ਜਾ ਸਕਦੀ । ਸਤਿਗੁਰੂ ਜੀ ਨੇ ਜੋ ਬੇਦਾਂ ਵਿਚ ਓ ਨਮੋ ਓ ਨਮ ਓਅੰ ਆਦਿਕ ਤਰੇਠ (੬੩) ਪਰਕਾਰ ਦਾ ਜੋ ਭੇਦ ਪਿਆ ਸੀ । ਕੋਈ ਚਾਰ ਮਾਤਰਾ ਦਾ ਬਸ਼ਿਸਟ ਮਤ ਮੰਨਦੇ ਹਨ । ਕੋਈ ਤਿੰਨ (੩) ਮਾਤਰਾ ਦਾ ਮੰਨਦੇ ਹਨ । ਕਈ ਸਾਡੇ ਤਿੰਨ ਮਾਤਰਾ ਦਾ ਮੰਨਦੇ ਹਨ । ਜੋ ਤਰੇਠ ਪਰਕਾਰ ਦਾ ਭੇਦ ਪਿਆ ਸੀ ।ਉਸਨੂੰ ਮੇਟਨ ਵਾਸਤੇ ਅੱਗੇ ਏਕਾ ਅੰਕ ਲਾ ਕੇ ਊੜਾ ਲਾ ਕੇ ਓਅੰਕਾਰ ਬਣਾਇਆ ਹੈ । ਹਰ ਕਵੀ ਜਸ ਕਰਨ ਲੱਗਿਆਂ ਪਹਿਲਾਂ ਮੰਗਲ ਕਰਦਾ ਹੈ । ਫਿਰ ਗੁਰੂ ਜੀ ਵਰਗਾ ਕਵੀ ਕੌਣ ਹੋਵੇਗਾ। ਜਿਸਨੇ ਜੀਵਾਂ ਦੀ ਕਲਿਆਣ ਵਾਸਤੇ ਗੁਰਬਾਣੀ ਰੂਪ ਕਾਵਿ ਦੀ ਸਿਰਜਨਾ ਕੀਤੀ ਹੈ।ਅਕਾਲ ਪਰੁਖ ਪਰਮੇਸ਼ ਜੀ ਨੇ ਸਰਗੁਣ ਰੂਪ ਵਿਚ ਆ ਕੇ,ਗੁਰੂ ਮਹਾਰਾਜ ਜੀ ਨੇ ੧ੳ ਲਿਖ ਕੇ ਮੰਗਲ ਕੀਤਾ ਹੈ । ਸਤਿਨਾਮੁ (ਸ)ਅੱਖਰ ਤੋਂ ਬਾਣੀ ਆਰੰਭ ਕੀਤੀ ਹੈ । ਅਠਾਰਹ ਦਸ ਬੀਸ ਇੱਥੇ ਵੀ (ਸ) ਹੈ । ਤੇ ਦੋ ਏਕੇ ਅੱਗੇ ਹਨ । ਇਕ ਏਕਾ ਬਾਣੀ ਦੀ ਸਮਾਪਤੀ ਦਾ ਹੈ ਤੇ ਦੂਜਾ ਏਕਾ ਪਰਕਰਣ ਦੇ ਸਮਾਪਤੀ ਦਾ ਹੈ ।ਸਹੀ ਲਿਖਾਰੀ ਤੇ ਸਹੀ ਕਵੀ ਉਹ ਹੁੰਦਾ ਹੈ ,ਜਿਹੜੇ ਪਰਕਰਨ ਤੋਂ ਕਵਿਤਾ ਸੁਰੂ ਕਰੇ ਉਸੇ ਪਰਕਰਨ ਤੇ ਸਮਾਪਤੀ ਕਰੇ । ਜੇ ਸਤਿਗੁਰੂ ਮਜਾਰਾਜ ਜੀ ਆਪਣੇ ਪਰਕਰਣ ਤੇ ਫਰਕ ਪਾ ਦਿੰਦੇ , ਫਿਰ ਦੁਨੀਆ ਦਾ ਕਿਹੜਾ ਕਵੀ ਸੀ ਜੋ ਆਪਣੇ ਪਰਕਰਣ ਨੂੰ ਪੂਰਾ ਕਰ ਸਕਦਾ । ਇਸ ਵਾਸਤੇ ਦੋ ਪਰਕਰਣ ਹਨ ,ਪਹਿਲਾ ਉਪ ਕਰਮ ਤੇ ਦੂਜਾ ਉਪਸਹਾਰ । ਉਪ ਕਰਮ ਹੁੰਦਾ ਹੈ ਅੰਕ ਤੋਂ । ਉਪ ਸਹਾਰ ਹੁੰਦਾ ਹੈ ਅੱਖਰ ਤੋਂ । ਸਤਿਗੁਰੂ ਜੀ ਨੇ ਉਪ ਕਰਮ ਪਰਕਰਣ ਏਕਾ ਲਾ ਕੇ ਸਿੱਧ ਕੀਤਾ ਹੈ । ਇਕ ਤਾਂ ਦੁੰਦ ਵਾਦ ਮੇਟ ਦਿੱਤਾ ਹੈ ।

ਇਕ ਏਕਾ ਲਾ ਕੇ ਪਰਕਰਣ ਬਣਾ ਦਿੱਤਾ ਹੈ । ਓਅੰਕਾਰ ਲਾ ਕੇ ਮੰਗਲ ਕੀਤਾ ਹੈ । ਮੰਗਲ ਤੋਂ ਅੱਗੇ ਕੋਈ ਰਚਨਾ ਰਚੀ ਦੀ ਹੈ । ਇਸ ਵਾਸਤੇ ਸ ਅੱਖਰ ਤੋਂ ਇਹ ਦੋਵੇਂ ਪਰਕਰਣ ਇੱਕਠੇ ਕਰਕੇ ਤੋਰੇ ਹਨ । ਦੋਵੇਂ ਪਰਕਰਣ ਸਮਾਪਤੀ ਤੇ ਜਾ ਕੇ ਪੂਰੇ ਕੀਤੇ ਹਨ । ਜਿਹੜੇ ਕਹਿੰਦੇ ਹਨ, ਆਦਿ ਸਚੁ ਜੁਗਾਦਿ ਸਚੁ । ਸੁ ਗੁਰੂ ਕੇ ਪਿਆਰਿਓ ਉਹ ਕਹਿੰਦੇ ਹਨ "ਤਨ ਮਨ ਥੀਵੈ ਹਰਿਆ ॥ ਇੱਥੇ ਵੀ ਐੜਾ ਹੈ ਜੇ ਇਹ ਦੋਵੇਂ ਐੜੇ ਠੀਕ ਹਨ ਤਾਂ ਜੇ ਇੱਥੋਂ ਬਾਣੀ ਆਰੰਭ ਠੀਕ ਹੈ ਤਾਂ ਇਹ ਸਿੱਧ ਕਰਕੇ ਦੱਸਣ ਇਹ ਏਕਾ ਕਿਸ ਵਾਸਤੇ ਲੱਗਾ ਹੈ । ਇਸਦਾ ਉੱਤਰ ਕੋਈ ਨਹੀਂ ਦਿੰਦੇ ,ਘੋੜੇ ਵਾਂਗ ਅੜੀਅਲ ਸੁਭਾਵ ਬਣਾਇਆ ਹੈ । ਸੁ ਖਾਲਸਾ ਜੀ ! ਜਿਹੜੇ ਕਹਿੰਦੇ ਹਨ ਕਿ ਮਹਾਂ ਮੰਤਰ ਨੂੰ, ਮੂਲ ਮੰਤਰ ਹੈ ਤੇ ਗੁਰ ਪ੍ਰਸਾਦਿ ਤਕ ਮੰਨ ਦੇ ਹਨ । ਜੇ ਭਲਾ ਉਹਨਾਂ ਦੇ ਕਹਿਣ ਮੁਤਾਬਕ ਮੰਨਣਾ ਹੈ । ਆਪਾਂ ਮੰਨਣਾ ਹੈ ਮੂਲ ਮੰਤਰ ਨੂੰ "ਨਾਨਕ ਹੋਸੀ ਭੀ ਸਚੁ ॥,,ਤਕ ਹੀ । ਪਰ ਉਨ੍ਹਾਂ ਨੂੰ ਉੱਤਰ ਦੇਣ ਵਾਸਤੇ ਤੇ ਰਾਗ ਮਾਲਾ ਨੂੰ ਗੁਰਬਾਣੀ ਸਿੱਧ ਕਰਨ ਵਾਸਤੇ ਉੱਤਰ ਹੈ । ਗੁਰਪ੍ਰਸਾਦਿ ਤਕ ਹੋ ਗਿਆ ਮੂਲ ਮੰਤਰ ਅੱਗੇ ਹੈ ਜਪੁ, ਜਪੁ ਤੋਂ ਅੱਗੇ ਜਾ ਕੇ ਨਾਨਕ ਹੋਸੀ ਭੀ ਸਚੁ ॥ ਤੇ ਪਉੜੀ ਪੂਰੀ ਹੋਈ । ਇੱਥੇ ਲੱਗਾ ਏਕਾ॥੧॥ ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ੧॥ ਇੱਥੇ ਫਿਰ ਏਕਾ ਹੈ । ਜਾਂ ਇੱਥੇ ਦੂਆ ਹੋਵੇ ਫਿਰ ਮੰਨਿਆ ਜਾ ਸਕਦਾ ਹੈ । ਇਸ ਵਾਸਤੇ ਮੂਲ ਮੰਤਰ ਨਾਨਕ ਹੋਸੀ ਭੀ ਸਚੁ ॥ ਤਕ ਹੀ ਹੈ । ਜੋ (ਐੜੇ) ਤੋਂ ਬਾਣੀ ਦਾ ਆਰੰਭ ਮੰਨ ਦੇ ਹਨ । ਕਹਿੰਦੇ ਹਨ ਇਹ ਤਾਂ ਮੂਲ ਮੰਤਰ ਹੈ , ਸ ਤੋਂ ਬਾਣੀ ਆਰੰਭ ਕਿਸ ਤਰ੍ਹਾਂ ਹੋਈ । ਸਿੱਧ ਕਰਨ ਵਾਸਤੇ ਲੋੜ ਹੈ । ਅੱਗੇ ਪੜ੍ਹੋ ਤਾਂ ਸੋਚੈ ਸੋਚੁ ਨ ਹੋਵਈ । (ਸੱਸੇ) ਅੱਖਰ ਤੋਂ ਫਿਰ ਬਾਣੀ ਆਰੰਭ ਹੋ ਗਈ । ਇਸ ਵਾਸਤੇ ਪਰਕਰਣ ਮੁਤਾਬਿਕ ਤੇ ਲਿਖਤ ਮੁਤਾਬਿਕ ਸ ਤੋਂ ਬਾਣੀ ਆਰੰਭ ਹੁੰਦੀ ਹੈ । ਸ ਤੋਂ ਆਰੰਭ ਕਰਕੇ ਤੇ ਸ ਤੇ ਸਮਾਪਤੀ ਕੀਤੀ ਹੈ । ਏਕੇ ਤੋਂ ਬਾਣੀ ਸ਼ੁਰੂ ਕਰਕੇ ਸਮਾਪਤੀ ਤੇ ਏਕਾ ਲਾਇਆ ਹੈ । ਉਪ ਕਰਮ ਤੇ ਉਪ ਸਹਾਰ ਇਹ ਦੋਵੇਂ ਪਰਕਰਣ ਆਰੰਭ ਕਰਕੇ ਚੋਜੀ ਪ੍ਰੀਤਮ ਜੀ ਨੇ ਰਾਗ ਮਾਲਾ ਸੰਪੂਰਨ ਕੀਤੀ ਹੈ । ਇਸ ਵਾਸਤੇ ਗੁਰਬਾਣੀ ਤੇ ਸ਼ੱਕ ਨਹੀਂ ਕਰਨੀ ਚਾਹੀਦੀ । ਜਿਹੜੇ ਅੱਖਰਾਂ ਦੀ ਪਰਖ ਕਰਨ ਵਾਲੇ ਹਨ ਸਾਇੰਸ ਦੇ ਮੁਤਾਬਿਕ, ਉਹਨਾਂ ਨੂੰ ਵੀ ਸ੍ਰੀ ਕਰਤਾਰ ਪੁਰ ਸਾਹਿਬ ਜੀ ਦੇ ਉਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਖਰ ਵਿਖਾਏ ਗਏ ਸਨ ।ਉਹਨਾਂ ਨੇ ਵੀ ਸਿੱਧ ਕੀਤਾ ਹੈ ਕਿ ਇੱਕੋ ਸਿਆਹੀ ਤੇ ਇੱਕੋ ਕਲਮ ਤੇ ਇਕੋ ਲਿਖਾਰੀ ਦੀ ਲਿਖਤ ਹੈ ।

ਗੁਰ ਬਿਲਾਸ ਪਾਤਿਸ਼ਾਹੀ ੬ ਵੀਂ

ਗੁਰ ਬਿਲਾਸ ਪਾਤਿਸ਼ਾਹੀ ੬ ਵੀਂ ਜੀ ਦਾ, ਜਿਸ ਵਿਚ ਮੰਬਾਦ ਭਾਈ ਮਨੀ ਸਿੰਘ ਜੀ ਅਤੇ ਭਗਤ ਸਿੰਘ ਜੀ ਦਾ ਹੈ । ਉਹਨਾਂ ਦੇ ਨਾਲ ਸਰੋਤੇ ਭਾਈ ਧਰਮ ਸਿੰਘ ਜੀ ਹਨ । ਉਹਨਾਂ ਦੇ ਚੇਲੇ ਕਵੀ ਸੋਹਨ ਜੀ ਕ੍ਰਿਤ ਗੁਰਬਿਲਾਸ ਪਾਤਸ਼ਾਹੀ ੬ ਜੋ ਸੰਮਤ ੧੭੭੪ ਬਿਕ੍ਰਮੀ ਨੂੰ ਜੇਠ ਮਹੀਨੇ ਆਰੰਭ ਕਰਕੇ ੧੫ ਮਹੀਨੇ ਸੰਮਤ ੧੭੭੫ -੨੧ ਸਾਵਣ ਨੂੰ ਸਮਾਪਤ ਹੋਇਆ । ਇਹ ਗ੍ਰੰਥ ਤੋਂ ਪਹਿਲਾਂ ਦੂਜੇ ਪਾਤਿਸ਼ਾਹ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਲਿਖਾਈ ਹੈ ।ਉਸ ਤੋਂ ਬਾਅਦ ਸਾਰੇ ਗੁਰ ਇਤਿਹਾਸਕ ਗ੍ਰੰਥਾਂ ਤੋਂ ਪਹਿਲੇ ਲਿਖਿਆ ਗਿਆ ਹੈ । ਇਹ ਗ੍ਰੰਥ ਦਸਵੇਂ ਪਾਤਿਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਤੋਂ ੧੦ ਵਰੇ ਬਾਅਦ ਵਿਚ ਲਿਖਿਆ ਗਿਆ ਹੈ । ਦਸਵੇਂ ਪਾਤਿਸ਼ਾਹ ਜੀ ੧੭੬੫ ਬਿਕ੍ਰਮੀ ਨੂੰ ਸਣ ਦੇਹੀ ਸਚਖੰਡ ਨੂੰ ਗਏ ਸਨ । ਅਤੇ ੧੭੭੫ ਬਿ: ਨੂੰ ਗੁਰ ਬਿਲਾਸ ਪਾਤਿਸ਼ਾਹੀ ੬ ਵੀਂ ਤਿਆਰ ਹੋਇਆ ਹੈ ।ਅਤੇ ਉਸ ਦੇ ਚੌਥੇ ਅਧਿਆਇ ਦੇ ੬੫੧ ਦੋਹਰੇ ਵਿਚ ਇਸ ਤਰ੍ਹਾਂ ਲਿਖਿਆ ਹੈ । ਦੋਹਰਾ ॥ " ਰਾਗਨ ਕੀ ਬਿਨਤੀ ਸੁਨੀ ਗੁਰ ਅਰੁਜਨ ਸੁਖ ਖਾਨ ॥" ਰਾਗਮਾਲ ਤਬਹੀ ਰਚੀ ਭੋਗ ਤਾਹਿੰ ਪਰ ਠਾਨ ॥੬੫੧॥ ਉਸ ਸਮੇਂ ਸਤਿਗੁਰੂ ਜੀ ਨੇ ਰਾਗਮਾਲਾ ਲਿਖਾ ਕੇ ਸਮਾਪਤੀ ਕੀਤੀ ।ਚੌਪਈ ॥ ਬੇਦ ਪੁਰਾਨ ਅਬ ਸਬ ਮਥ ਲੀਨੇ ॥ ਸਭ ਕਾ ਸਾਰ ਗ੍ਰੰਥ ਜੀ ਕੀਨੇ ॥੬੯੪॥ ਮ੍ਰਿਤੁ ਪਾਛੇ ਇਹ ਰੀਤ ਸੁ ਕਰੋ ॥ ਗੁਰੂ ਗ੍ਰੰਥ ਕਾ ਪਾਠ ਸੁ ਧਰੋ ॥ ਪਾਵੋ ਭੋਗ ਰਾਗਮਾਲਾ ਪੜ੍ਹ ॥ ਛਿਨਮੇ ਪਾਪ ਜਾਹਿੰ ਤਾਕੇ ਸੜ ॥੬੯੫ ॥ ਕੜਾਹਿ ਪ੍ਰਸ਼ਾਕ ਤਿਹ ਨਮਿਤ ਕਰਾਵੇ ॥ ਨਰਕ ਦੁਆਰ ਕੋ ਸੋ ਨਹਿੰ ਜਾਵੇ ॥ ਦੋ: ॥ਧਾਰ ਪ੍ਰੇਮ ਗੁਰੂ ਗ੍ਰੰਥ ਕਾ ਕਰੇ ਪਾਠ ਮਨ ਲਾਇ ॥ ਰਾਗਮਾਲ ਪੜ੍ਹ ਪ੍ਰੇਮ ਸੋ ਭੋਗ ਜਪਜੀ ਤੇ ਪਾਇ॥੭੦੬॥ ਜੇਠ ਮਾਸ ਮੇਂ ਉਦਮ ਕੀਨੋਂ ॥ ਸੁਨੋ ਸੰਤ ਗੁਰ ਕਾ ਬਲ ਲੀਨੋਂ ॥੬੯੮॥ ਮਾਸ ਪੰਚ ਦਸ ਕਵਿਤਾ ਕੀਨੀ ॥ਗੁਰਪ੍ਰਸਾਦਿ ਅਧਕ ਸੁਖ ਲੀਨੀ ॥ ਨਾਨਕਸਰ ਕੰਠੇ ਹਉਂ ਰਹੋਂ ॥ ਸੁਨੋ ਸੰਤ ਏਹ ਸੰਮਤ ਕਹੋਂ ॥ ਦੋਹਿਰਾ ॥ ਸਤ੍ਰਾਂ ਸੈ ਬੀਤੇ ਤਬੇ ਬਰਖ ਪਛੱਰ ਜਾਨ ॥ ਸਾਵਨ ਮਾਸ ਇਕੀਸ ਦਿਨ ਗਇਓ ਸੁਖਦ ਪਹਿਚਾਨ॥ ੭੦੦॥ ਸੁਦੀ ਪਖ ਦਿਨ ਪੰਚਮੀ ਸ੍ਰੀ ਗੁਰ ਕੇ ਪ੍ਰਸਾਦਿ ॥ ਪਾਇ ਭੋਗ ਗੁਰੂ ਗ੍ਰੰਥ ਕੋ ਕਰਿ ਕਵਿਤਾ ਅਹਿਲਾਦ॥੭੦੧॥ ਨਾਮ ਜਾਨ ਸ੍ਰੀ ਗੁਰੂ ਕੋ ਕਵਿਤਾ ਜਿਹ ਬਲ ਕੀਨ ॥ ਪੁਰਸ਼ੋਤਮ ਜੀ ਧਰਮ ਹਰਿ ਮੋਹਿ ਦਾਸ ਤਿਨ ਚੀਨ॥੭੦੨॥ ਪ੍ਰਤੱਖ ਹੋਤ ਗੁਰਦੇਵ ਕੇ ਸੇਵਕ ਸੋਹਿਨ ਨਾਮੁ ॥ ਤਾਤੇ ਜਾਨੋਂ ਦਾਸ ਕਵਿ ਸੰਤ ਪੂਰ ਮਮ ਕਾਮੁ ॥੭੦੩॥ ਗੁਰ ਬਿਲਾਸ ਪਾਤਿਸਾਹੀ ੬ ਵੀਂ ੧੭੭੫ ਵਿਚ ਭਾਈ ਮਨੀ ਸਿੰਘ ਜੀ ਦੀ ਆਗਿਆਂ ਨਾਲ ਭਾਈ ਧਰਮ ਸਿੰਘ ਜੀ ਦਾ ਚੇਲਾ, ਕਵੀ ਸੋਹਨ ਨਾਮ ਨੇ,ਤਿਆਰ ਕੀਤਾ ਹੈ। ਸੂਰਜ ਪ੍ਰਕਾਸ਼ ੧੯੦੦ ਵਿਚ ਭਾਈ ਸੰਤੋਖ ਸਿੰਘ ਜੀ ਨੇ   ਤਿਆਰ ਕੀਤਾ ਹੈ।

ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿਆਇ-੪, ਪੰਨਾ ੭੪-੭੫ 'ਤੇ ਜਿਕਰ ਆਉਦਾ ਹੈ ।ਕਿ ਰਾਗਾਂ ਨੇ ਆਕੇ ਸਤਿਗੁਰੂ ਅਰਜਨ ਦੇਵ ਜੀ ਕੋਲ ਬੇਨਤੀ ਕੀਤੀ , "ਮਹਾਰਾਜ ਜੀ ਆਪ ਕਿਰਪਾ ਕਰ ਕੇ ਸਾਨੂੰ ਸਫਲਾ ਕਰੋ ।" ਤਾਂ ਲਿਖਾਰੀ ਜੀ ਲਿਖਦੇ ਹਨ :-

'ਵਾਰ ਵਧੀਕ ਸਲੋਕ ਲਿਖਹਿ ਮੁੰਦਾਵਣੀ ਔਰ ਲਿਖਾਇ ॥ ਤਤਕਰਾ ਲਿਖਿ ਸਭ ਰਾਗ ਕਾ ਭੋਗ ਗ੍ਰਿੰਥ ਗੁਰ ਪਾਇ ॥੬੪੮॥ ਚੌਪਈ ॥ ਤਬ ਲੌ ਰਾਗ ਸਭੀ ਇਕਠਾਏ ॥ ਗੁਰ ਅਰਜਨ ਕੇ ਸਨਮੁਖ ਆਏ ॥ ਕ੍ਰਿਪਾ ਸਿੰਧੁ ਕੀ ਉਸਤਤਿ ਕਰੀ ॥ ਭਾਂਤ ਭਾਂਤ ਮਨਿ ਅਨਦੁ ਭਰੀ ॥੬੪੯॥ ਉਸਤਤਿ ਕਰਿ ਗੁਰ ਪਗ ਲਪਟਾਏ ॥ ਦਯਾਸਿੰਧੁ ਪੂਛਿਜੋਮਨੁ ਲਾਏ ॥ ਨਿਜ ਆਵਨ ਕਾ ਕਾਰਨਿ ਕਹੋ ॥ਤਿਨੈ ਕਹਾ ਪ੍ਰਭ ਸਭ ਸੁਧ ਲਹੋ ॥੬੫੦॥ ਹਮ ਜਗ ਮੈਂ ਅਤਿ ਹੀ ਦੁਖੁ ਪਾਏ ॥ ਆਏ ਤਕ ਤੁਮਰੀ ਸਰਨਾਏ ॥ ਇਹ ਬਿਧਿ ਹਮ ਜਗ ਮੈ ਦੁਖ ਪਾਵੈਂ ॥ ਪੁਤ੍ਰੀ ਸਾਥਿ ਪਿਤਾ ਨਰ ਗਾਵੈਂ ॥੬੫੧॥ ਔਰ ਸਨੁਖਾ ਸਾਥਿ ਸਸੁਰਾਰੇ ॥ ਪੂਤ ਮਾਤ ਕਰਿ ਹੈਂ ਇਕਠਾਰੇ ॥ਸਮਝ ਨ ਪ੍ਰਾਤ ਸਮਾ ਮਧਜਾਨਾ ॥ਵਿਪਰਜੈ ਗਾਵੈਂ ਧਾਰਿ ਗੁਮਾਨਾ ॥੬੫੨॥ਦੋਹਰਾ ॥ ਤਾਤੇ ਜਤਨ ਕੋ ਐਸਾ ਕਰੋ ਹੇ ਪ੍ਰਭ ਦੀਨਾਨਾਥ ॥ਭਿੰਨ ਭਿੰਨ ਸਭ ਕੋ ਲਿਖੋ ਹਮ ਸਭ ਕਰੋ ਸਨਾਥ ॥੬੫੩ ॥ਰਾਗਨ ਕੀ ਬਿਨਤੀ ਸੁਨੀ ਗੁਰ ਅਰਜਨ ਸੁਖ ਖਾਨ ॥ ਰਾਗ ਮਾਲ ਤਬਹੀ ਲਿਖੀ ਭੋਗੁ ਤਾਹਿ ਪਰ ਠਾਨ ॥੬੫੪॥ਚੌਪਈ ॥ਕਹੇ ਰਾਗ ਖਟ ਤੀਹ ਸੰਗਿ ਨਾਰੀ ॥ਅਸ਼ਟ ਅਸ਼ਟ ਸੁਤ ਕਰੇ ਉਚਾਰੀ ॥ ਅਠਤਾਲੀ ਸੁਤ ਸਭ ਕੇ ਭਏ ॥ਅਤਿ ਅਨੰਦ ਮਨਿ ਰਾਗਨ ਲਏ ॥੬੫੫॥ ਸ੍ਰੀ ਗੁਰ ਭੋਗੁ ਗ੍ਰੰਥ ਕਾ ਪਾਯੋ ॥ ਭਾਂਤਿ ਭਾਂਤਿ ਪਰਸਾਦੁ ਕਰਾਯੋ ॥ ਕੜਾਹ ਪ੍ਰਸਾਦੁ ਸੁ ਭਯੋ ਬਿਅੰਤਾ ॥ ਆਗਿਜਾ ਕਰੀ ਗੁਰੂ ਭਗਵੰਤਾ ॥੬੫੬॥ ਹੁਮ ਹੁਮਾਇ ਸੰਗਤਿ ਸਭ ਆਈ ॥ ਰਾਮਸਰ ਮਨ ਆਨੰਦੁ ਪਾਈ ॥

{ਗੁਰ ਬਿਲਾਸ ਪਾਤਸ਼ਾਹੀ ੬' ਅਧਿਆਇ-੪}

ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਅਪਣੀ ਮੌਜੂਦਗੀ ਵਿਚ ਅਕਾਲ ਤਖਤ ਸਾਹਿਬ ਤੇ ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਰਖਵਾ ਕੇ ਤੇਰਵੇਂ ਦਿਨ ਬਾਬਾ ਬੁੱਢਾ ਜੀ ਪਾਸੋਂ ਰਾਗ ਮਾਲਾ ਪੜ੍ਹਵਾ ਕੇ ਭੋਗ ਪਵਾਇਆ । ਗੁਰ ਬਿਲਾਸ ਦੇ ਕਰਤਾ ਜੀ ਲਿਖਦੇ ਹਨ :-'ਚੌਪਈ ॥ ਸਾਹਿਬ ਬੁੱਢੇ ਐਸ ਉਚਾਰਾ ॥ ਐਸ ਰੀਤਿ ਗੁਰ ਕਰੋ ਸੁਧਾਰਾ ॥ ਹਰਿਗੋਬਿੰਦ ਗੁਰ ਰੀਤਿ ਕਰਾਈ ॥ ਗੁਰ ਗ੍ਰਿੰਥ ਕਾ ਪਾਠ ਧਰਾਈ ॥ ਚੌਂਕੀ ਸਬਦ ਕੀ ਨਿਤ ਸੁਨਾਵੈ ॥ ਪ੍ਰਚਾਵਣੀ ਕਰਨਿ ਅਧਿਕ ਨਰ ਆਵੈ ॥ ਗੋਇੰਦਵਾਲ ਖਡੂਰ ਤੇ ਆਏ ॥ ਮਉ ਡੱਲੇ ਤੇ ਹੁਇ ਇਕਠਾਏ ॥੬॥ ਧਾਰਾ ਰੀਤ ਕਰਾਈ ॥ਗੁਰ ਗ੍ਰੰਥ ਕਾ ਪਾਠ ਧਰਾਈ ॥ ਦੋਹਰਾ ॥ ਮੁਕਾਣ ਹੇਤਿ ਸਭਹੀ ਆਏ ਹਰਿਗੋਵਿੰਦ ਕੇ ਪਾਏ ॥ਸੁਧਾ ਸਰੋਵਰ ਤਬ ਆਏ ਸਭੀ ਪੁਨਾ ਰੁਦਨਾਏ ॥੭॥ਚੌਪਈ ॥ ਮੋਹਰੀ ਆਦਿਕ ਜੋ ਨਰ ਆਏ ॥ ਹਰਿ ਗੁਵਿੰਦ ਤਿਹ ਗਜਾਨ ਸੁਨਾਏ ॥ ਗੁਰੂ ਗ੍ਰਿੰਥ ਕੀ ਕੋਠੜੀ ਮਾਹੀ॥ ਸਾਹਿਬ ਬੁੱਢਾ ਪਾਠ ਕਰਾਹੀ॥ ਸ੍ਰੀ ਗੁਰ ਕੀਰਤਨੁ ਸੁਨੈ ਅਪਾਰਾ ॥ ਗੁਰ ਕੀ ਰੀਤਿ ਸਭ ਕਰੈ ਸੁਧਾਰਾ ॥੯॥ ਦੋਹਰਾ ॥ ਇਹ ਬਿਧਿ ਆਠ ਦਿਵਸ ਤਬ ਭੇ ਬਿਤੀਤ ਸੁਖਿ ਸੰਗ ॥ ਸੰਗ੍ਰਾਂਦ ਹਾੜ ਦਿਨ ਦਸਵਾਂ ਆਯੋ ਬਹੁਤੁ ਉਮੰਗ ॥੧੦॥

ਚੌਪਈ ॥ ਗੁਰੂ ਗ੍ਰਿੰਥ ਕੀ ਕੋਠੜੀ ਆਗੇ ॥ਲਗੋ ਦਿਵਾਨੁ ਅਧਿਕ ਰਸਿ ਪਾਗੇ ॥ ਅੰਮ੍ਰਿਤਸਰ ਕੇ ਪੈਂਚ ਸਭ ਆਏ ॥ਭਯੋ ਸਮਾਜ ਸਭੀ ਇਕਠਾਏ ੧੧॥ ਕਰਤ ਗੁਰਦਾਸ ਚੌਰ ਕਰ ਧਾਰਾ ॥ ਸਾਹਿਬ ਬੁੱਢਾ ਪਾਠ ਉਚਾਰਾ ॥ ਅਗ੍ਰ ਚੌਕੀ ਧਰਿਓ ਕੜਾਹ ॥ਗਾਵਤ ਰਾਗੀ ਸਬਦਿ ਉਮਾਹ ॥੧੨॥ ਦੋਹਰਾ ॥ ਲੈ ਆਗਿਜਾ ਸਭ ਕੀ ਤਬੈ ਬੁੱਢੇ ਪਾਯੋ ਭੋਗੁ ॥ ਰਾਗ ਮਾਲ ਪੜਿ ਪ੍ਰੇਮ ਸੋਂ ਗੁਰੂ ਗ੍ਰਿੰਥ ਫਲ ਜੋਗੁ ॥੧੩॥ ਚੌਪਈ ॥ ਪੁਨ ਰੁਮਾਲ ਗ੍ਰਿੰਥ ਪਰ ਪਾਯੋ ॥ਸਭ ਸੰਗਤਿ ਨੇ ਸੀਸ ਝੁਕਾਯੋ ॥ ਜਰੀ ਪੁਸ਼ਾਕ ਅਮੋਲਕ ਚੀਨੀ ॥ ਸਾਹਿਬ ਬੁੱਢੇ ਕੌ ਗੁਰ ਦੀਨੀ ॥੧੪॥ ਔਰ ਸਿੱਖਨ ਕੋ ਦਈ ਅਪਾਰਾ ॥ਰਾਗੀ ਰਬਾਬੀ ਜੋ ਦ੍ਰਿਸਟਾਰਾ ॥ ਰੀਤਿ ਗੁਰੂ ਨਾਨਕ ਜੋ ਆਈ ॥ ਸੋ ਮਸੰਦਨ ਲਜਾਏ ਸੁਖੁ ਪਾਈ ॥੧੫॥

{ਗੁਰ ਬਿਲਾਸ ਪਾਤਸ਼ਾਹੀ ਛੇਵੀਂ ਧਿਆਇ -੮}

ਪ੍ਰਸ਼ਨ ੮੮ : ਕਈ ਗੁਰਮੁਖ ਪ੍ਰਸ਼ਨ ਕਰਦੇ ਹਨ ਕਿ ਰਾਗ ਮਾਲਾ ਵਿਚ ਮਹਲਾ ਨਹੀਂ ਆਇਆ ?

ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੁਢਲੀ ਬਾਣੀ ਜਪੁਜੀ ਸਾਹਿਬ ਹੈ ,ਉਸ ਵਿਚ ਕੋਈ ਮਹਲਾ ਨਹੀਂ ਆਇਆ । ਦੇਵਗੰਧਾਰੀ ਰਾਗ ਵਿਚ ਕਈ ਥਾਈਂ ਸਬਦ ਦੇ ਸੁਰੂ ਵਿਚ ਇਕੱਲਾ ਦੇਵਗੰਧਾਰੀ ਜਾਂ ਦੇਵਗੰਧਾਰੀ ੫ ਆਉਦਾ ਹੈ ,ਮਹਲਾ ਨਹੀਂ ਆਇਆ । ਸੋਰਠ ਰਾਗ ਵਿਚ ੬੧੮ ਅੰਗ ਤੇ ੩੬ਵੇਂ ਸ਼ਬਦ ਵਿਚ ਇਕੱਲਾ ਸੋਰਠਿ ਲਿਖਿਆ ਆਉਂਦਾ ਹੈ ਮਹਲਾ ਨਹੀ ਲਿਖਿਆ ਹੈ ।ਪੰਗਤੀ ਇਸ ਤਰ੍ਹਾਂ ਹੈ । "ਭਏ ਕ੍ਰਿਪਾਲ ਗੁਰੂ ਗੋਵਿੰਦਾ ਸਗਲ ਮਨੋਰਥ ਪਾਏ ॥" ਧਨਾਸਰੀ ਰਾਗ ਵਿਚ ੧੪ਵੇਂ ਸ਼ਬਦ ਦੇ ਸੁਰੂ ਵਿਚ ਪੁਰਾਣੇ ਸਰੂਪਾਂ ਵਿਚ ਮਹਲਾ ਨਹੀਂ ਹੈ।ਇੱਥੋਂ ਪੰਗਤੀ ਸੁਰੂ ਹੁੰਦੀ ਹੈ " ਬੰਧਨ ਤੇ ਛੁਟਕਾਵੈ ਪ੍ਰਭੂ ਮਿਲਾਵੈ ਹਰਿ ਹਰਿ ਨਾਮੁ ਸੁਨਾਵੈ ॥" ੬੭੪ ਅੰਗ ਤੇ ਹੈ । ਮਾਰੂ ਰਾਗ ਵਿਚ ੩੨ਵੇਂ ਸਬਦ ਦੇ ਸੁਰੂ ਵਿਚ ਪੁਰਾਣੇ ਸਰੂਪਾਂ ਵਿਚ ਮਹਲਾ ਨਹੀਂ ਹੈ ਪੰਗਤੀ ਇਸ ਤਰ੍ਹਾਂ ਹੈ । ਵੈਦੋ ਨ ਵਾਈ ਭੈਣੋ ਨ ਭਾਈ ਏਕੋ ਸਹਾਈ ਰਾਮੁ ਹੇ ॥੧॥ ੧੦੦੮ ਅੰਗ ਤੇ ਹੈ ।ਇੱਥੇ ਵੀ ਪੁਰਾਣੇ ਸਰੂਪਾਂ ਵਿਚ ਮਹਲਾ ਨਹੀਂ ਆਇਆ । ਮਾਰੂ ਸੋਲਹੇ ੩ ॥ਆਪ ਕਰਤਾ ਸਭੁ ਜਿਸੁ ਕਰਣਾ ॥ ਜੀਅ ਜੰਤ ਸਭਿ ਤੇਰੀ ਸਰਣਾ ॥ ੧੦੫੨ ਅੰਗ ਤੇ ਹੈ॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੁਰਾਣੇ ਸਰੂਪਾਂ ਦੀਆਂ ਇਹਨਾਂ ਪਤਰਿਆਂ ਦੀਆਂ ਫੋਟੋਆਂ **ਗੁਰਬਾਣੀ ਸ਼ਬਦ-ਪ੍ਰਬੋਧ ਪੋਥੀ ਵਿਚ ਦਿਤੀਆਂ ਹਨ ।**

ਪ੍ਰਸ਼ਨ ੮੯ : ਕਈ ਗੁਰਮੁਖ ਪ੍ਰਸ਼ਨ ਕਰਦੇ ਹਨ ਕਿ ਰਾਗ ਮਾਲਾ ਵਿਚ ਏਕਿਆਂ ਦਾ ਵਾਰ ਵਾਰ ਆਉਣਾ ਸ਼ਕ ਪਾਉਂਦਾ ਹੈ ਕਿ ਰਾਗ ਮਾਲਾ ਗੁਰੂ ਕੀ ਕ੍ਰਿਤ ਨਹੀਂ ?

ਉੱਤਰ:-ਰਾਗ ਮਾਲਾ ਵਿਚ ਬਾਰਾਂ ਵੱਖ ਵੱਖ ਏਕੇ ਵੱਖ ਵੱਖ ਦੋਹਰਿਆਂ ਅਤੇ ਚੌਪਈਆਂ ਦੇ ਜਣਾਇਕ ਹਨ ।ਇਹ ਨਿਯਮ ਪਹਿਲਾਂ ਵੀ ਗੁਰਬਾਣੀ ਵਿਚ ਆ ਚੁਕਾ ਹੈ ।

ਸਿਰੀਰਾਗੁ ਮਹਲਾ ੪ ਵਣਜਾਰਾ ੧ੴ ਗੁਰਪ੍ਰਸਾਦਿ ॥

ਹਰਿ ਹਰਿ ਉਤਮੁ ਨਾਮੁ ਹੈ ਜਿਨਿ ਸਿਰਿਆ ਸਭੁ ਕੋਇ ਜੀਉ ॥ ਹਰਿ ਜੀਅ ਸਭੇ ਪ੍ਰਤਿਪਾਲਦਾ ਘਟਿ ਘਟਿ ਰਮਈਆ ਸੋਇ ॥ ਸੋ ਹਰਿ ਸਦਾ ਧਿਆਈਐ ਤਿਸੁ ਬਿਨੁ ਅਵਰੁ ਨ ਕੋਇ ॥ ਜੋ ਮੋਹਿ ਮਾਇਆ ਚਿਤੁ ਲਾਇਦੇ ਸੇ ਛੋਡਿ ਚਲੇ ਦੁਖੁ ਰੋਇ ॥ ਜਨ ਨਾਨਕ ਨਾਮੁ ਧਿਆਇਆ ਹਰਿ ਅੰਤਿ ਸਖਾਈ ਹੋਇ ॥੧॥ ਮੈ ਹਰਿ ਬਿਨੁ ਅਵਰੁ ਨ ਕੋਇ ॥ ਹਰਿ ਗੁਰ ਸਰਣਾਈ ਪਾਈਐ ਵਣਜਾਰਿਆ ਮਿਤ੍ਰਾ ਵਡਭਾਗਿ ਪਰਾਪਤਿ ਹੋਇ ॥੧॥ ਰਹਾਉ ॥ ਸੰਤ ਜਨਾ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ ॥ ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ ਪੁਤੁ ਨਿਨਾਉ ॥ ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ ॥ ਵਡਭਾਗੀ ਗੁਰੁ ਪਾਇਆ ਹਰਿ ਅਹਿਨਿਸਿ ਲਗਾ ਭਾਉ ॥ ਜਨ ਨਾਨਕਿ ਬ੍ਰਹਮੁ ਪਛਾਣਿਆ ਹਰਿ ਕੀਰਤਿ ਕਰਮ ਕਮਾਉ ॥੨॥ ਮਨਿ ਹਰਿ ਹਰਿ ਲਗਾ ਚਾਉ ॥ ਗੁਰਿ ਪੂਰੈ ਨਾਮੁ ਦ੍ਰਿੜਾਇਆ ਹਰਿ ਮਿਲਿਆ ਹਰਿ ਪ੍ਰਭ ਨਾਉ ॥੧॥ ਰਹਾਉ ॥ ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਨਾਮੁ ਧਿਆਇ ॥ ਚਲਦਿਆ ਨਾਲਿ ਹਰਿ ਚਲਸੀ ਹਰਿ ਅੰਤੇ ਲਏ ਛਡਾਇ ॥ ਹਉ ਬਲਿਹਾਰੀ ਤਿਨ ਕਉ ਜਿਨ ਹਰਿ ਮਨਿ ਵੁਠਾ ਆਇ ॥ ਜਿਨੀ ਹਰਿ ਹਰਿ ਨਾਮੁ ਨ ਚੇਤਿਓ ਸੇ ਅੰਤਿ ਗਏ ਪਛੁਤਾਇ ॥ ਧੁਰਿ ਮਸਤਕਿ ਹਰਿ ਪ੍ਰਭਿ ਲਿਖਿਆ ਜਨ ਨਾਨਕ ਨਾਮੁ ਧਿਆਇ ॥੩॥ ਮਨ ਹਰਿ ਹਰਿ ਪ੍ਰੀਤਿ ਲਗਾਇ ॥ ਵਡਭਾਗੀ ਗੁਰੁ ਪਾਇਆ ਗੁਰ ਸਬਦੀ ਪਾਰਿ ਲਘਾਇ ॥੧॥ ਰਹਾਉ ॥ ਹਰਿ ਆਪੇ ਆਪੁ ਉਪਾਇਦਾ ਹਰਿ ਆਪੇ ਦੇਵੈ ਲੇਇ ॥ ਹਰਿ ਆਪੇ ਭਰਮਿ ਭੁਲਾਇਦਾ ਹਰਿ ਆਪੇ ਹੀ ਮਤਿ ਦੇਇ ॥ ਗੁਰਮੁਖਾ ਮਨਿ ਪਰਗਾਸੁ ਹੈ ਸੇ ਵਿਰਲੇ ਕੇਈ ਕੇਇ ॥ ਹਉ ਬਲਿਹਾਰੀ ਤਿਨ ਕਉ ਜਿਨ ਹਰਿ ਪਾਇਆ ਗੁਰਮਤੇ ॥ ਜਨ ਨਾਨਕਿ ਕਮਲੁ ਪਰਗਾਸਿਆ ਮਨਿ ਹਰਿ ਹਰਿ ਵੁਠੜਾ ਹੇ ॥੪॥ ਮਨਿ ਹਰਿ ਹਰਿ ਜਪਨੁ ਕਰੇ ॥ ਹਰਿ ਗੁਰ ਸਰਣਾਈ ਭਜਿ ਪਉ ਜਿੰਦੂ ਸਭ ਕਿਲਵਿਖ ਦੁਖ ਪਰਹਰੇ ॥੧॥ ਰਹਾਉ ॥ ਘਟਿ ਘਟਿ ਰਮਈਆ ਮਨਿ ਵਸੈ ਕਿਉ ਪਾਈਐ ਕਿਤੁ ਭਤਿ ॥ ਗੁਰੁ ਪੂਰਾ ਸਤਿਗੁਰੁ ਭੇਟੀਐ ਹਰਿ ਆਇ ਵਸੈ ਮਨਿ ਚਿਤਿ ॥ ਮੈ ਧਰ ਨਾਮੁ ਅਧਾਰੁ ਹੈ ਹਰਿ ਨਾਮੈ ਤੇ ਗਤਿ ਮਤਿ ॥ ਮੈ ਹਰਿ ਹਰਿ ਨਾਮੁ ਵਿਸਾਹੁ ਹੈ ਹਰਿ ਨਾਮੇ ਹੀ ਜਤਿ ਪਤਿ ॥ ਜਨ ਨਾਨਕ ਨਾਮੁ ਧਿਆਇਆ ਰੰਗਿ ਰਤੜਾ ਹਰਿ ਰੰਗਿ ਰਤਿ ॥੫॥ ਹਰਿ ਧਿਆਵਹੁ ਹਰਿ ਪ੍ਰਭੁ ਸਤਿ ॥ ਗੁਰ ਬਚਨੀ ਹਰਿ ਪ੍ਰਭੁ ਜਾਣਿਆ ਸਭ ਹਰਿ ਪ੍ਰਭੁ ਤੇ ਉਤਪਤਿ ॥੧॥ ਰਹਾਉ ॥ ਜਿਨ ਕਉ ਪੂਰਬਿ ਲਿਖਿਆ ਸੇ ਆਇ ਮਿਲੇ ਗੁਰ ਪਾਸਿ ॥ ਸੇਵਕ ਭਾਇ ਵਣਜਾਰਿਆ ਮਿਤ੍ਰਾ ਗੁਰੁ ਹਰਿ ਹਰਿ ਨਾਮੁ ਪ੍ਰਗਾਸਿ ॥ ਧਨੁ ਧਨ ਵਣਜੁ ਵਾਪਾਰੀਆ ਜਿਨ ਵਖਰੁ ਲਦਿਅੜਾ ਹਰਿ ਰਾਸਿ ॥ ਗੁਰਮੁਖਾ ਦਰਿ ਮੁਖ ਉਜਲੇ ਸੇ ਆਇ ਮਿਲੇ ਹਰਿ ਪਾਸਿ ॥ ਜਨ ਨਾਨਕ ਗੁਰੁ ਤਿਨ ਪਾਇਆ ਜਿਨਾ ਆਪਿ ਤੁਠਾ ਗੁਣਤਾਸਿ ॥੬॥ ਹਰਿ ਧਿਆਵਹੁ ਸਾਸਿ ਗਿਰਾਸਿ ॥ ਮਨਿ ਪ੍ਰੀਤਿ ਲਗੀ ਤਿਨਾ ਗੁਰਮੁਖਾ ਹਰਿ ਨਾਮੁ ਜਿਨਾ ਰਹਰਾਸਿ ॥੧॥ ਰਹਾਉ ॥੧॥

ਮਾਝ ਮਹਲਾ ੫ ਚਉਪਦੇ ਘਰੁ ੧ ॥

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥ ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥ ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ ॥ ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥ ਚਿਰੁ ਹੋਆ ਦੇਖੇ ਸਾਰਿੰਗਪਾਣੀ ॥ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥ ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥੧॥ ਰਹਾਉ ॥ ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥ ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥ ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ ॥ ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥ ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥੪॥ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥੧॥੮

ਇਸ ਤਰ੍ਹਾਂ ਦੋ ਸ਼ਬਦਾਂ ਵਿਚ ਵਾਰ ਵਾਰ ਏਕੇ ਦੀ ਵਰਤੋਂ ਕੀਤੀ ਗਈ ਹੈ

ਪ੍ਰਸ਼ਨ ੯੦ : ਕਈ ਗੁਰਮੁਖ ਕਹਿੰਦੇ ਹਨ ਕਿ ਰਾਗ ਮਾਲਾ ਵਿਚ ਕੋਈ ਅਧਿਆਤਮੀ ਅਰਥ, ਗਿਆਨ ਭਗਤੀ ਨਹੀ ਹੈ ?

ਉੱਤਰ – ਸਤਿਕਾਰ ਯੋਗ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਜੀ ਨੇ ਰਾਗ ਮਾਲਾ ਦੇ ਅਧਿਆਤਮੀ ਅਰਥ ਗੁਰਬਾਣੀ ਪਾਠ ਦਰਪਣ ਪੋਥੀ ਵਿਚ ਬਹੁਤ ਸੁੰਦਰ ਕੀਤੇ ਹਨ । ਉਹੋ ਹੀ ਅਰਥ ਗਿਆਨੀ ਜਸਵੰਤ ਸਿੰਘ ਜੀ ਨੇ ,ਰਾਗ ਮਾਲਾ ਗੁਰਬਾਣੀ ਹੈ ਵਿਚ ਦਿੱਤੇ ਹਨ ।ਜਿਹਨਾ ਨੂੰ ਅਰਥਾਂ ਬਾਰੇ ਸੰਕਾ ਹੋਵੇ ਉਹ ਉਹਨਾ ਪੋਥੀਆਂ ਵਿੱਚੋਂ ਪੜ੍ਹ ਸਕਦੇ ਹੋ । ਇਸਤੋਂ ਇਲਾਵਾ ਗੁਰਬਾਣੀ ਵਿਚ ਹੋਰ ਵੀ ਉਦਾਹਰਣਾ ਹਨ , ਜਿਨ੍ਹਾਂ ਦੇ ਅਰਥਾਂ ਬਾਰੇ ਕਿਸੇ ਵੀ ਵਿਦਵਾਨ ਸੱਜਣ ਨੇ ਕੋਈ ਗਲ ਨਹੀ ਕੀਤੀ ।ਜਿਨ੍ਹਾਂ ਸਬਦਾਂ ਨੂੰ ਗੁਰੂ ਰੂਪ ਗੁਰਬਾਣੀ ਜਾਣਕੇ ਸਤਿਕਾਰ ਨਾਲ ਪੜ੍ਹਿਆ ਜਾਂਦਾ ਹੈ ।ਉਹ ਸਬਦ ਇਹ ਹਨ :-

'ਏਕੁ ਸੁਆਨੁ ਕੈ ਘਰਿ ਗਾਵਣਾ ॥ '{ਸਿਰੀ ਰਾਗੁ ਕਬੀਰਜੀ ਅੰਗ-੯੧}


ਯਾਨੜੀਏ ਕੈ ਘਰ ਗਾਵਣਾ' {ਬਿਲਾਵਲੁ ਮਹਲਾ ੫ ਅੰਗ੮੦੨}

ਜੁਮਲਾ, ਛਕੇ, ਛਕਾ, ਸੁਚਜੀ, ਕੁਚਜੀ, ਰਹਾਉ, ਘਰ , ਪੜਤਾਲਾਂ ਘੋੜੀਆ,ਅਲਾਹਣੀਆਂ ਆਦਿਕ ।

ਨੋਟ:- ਥੱਲੇ ਦਿੱਤੇ ਇਹ (ਨੌ ਧੁਨਾਂ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਕਰਤਾਰ ਪੁਰ ਸਾਹਿਬ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਲਿਖਵਾਈਆਂ ਹਨ । ਉਹਨਾਂ ਦੀ ਸਿਆਹੀ ਤੇ ਲਿਖਾਈ ਭਾਈ ਗੁਰਦਾਸ ਜੀ ਦੀ ਲਿਖਾਈ ਤੇ ਸਿਆਹੀ ਨਾਲੋਂ

ਵਖਰੀ ਹੈ । ਭਾਈ ਗੁਰਦਾਸ ਜੀ ਦੀ ਲਿਖਾਈ ਤੇ ਸਿਆਹੀ **ੴ** ਤੋਂ ਲੈ ਕੇ 'ਅਠਾਰਹ ਦਸ ਬੀਸ'ਤਕ ਇੱਕੋ ਹੈ । ਦਾਸ ਨੇ ਆਪ ਜਾ ਕੇ ਦਰਸ਼ਨ ਕੀਤੇ ਹਨ । ਕਰਤਾਰ ਪੁਰ ਸਾਹਿਬ ਉਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵੈਸਾਖੀ ਵਾਲੇ ਦਿਨ ਦਰਸ਼ਨ ਕਰਾਉਦੇ ਹਨ । ਜਿਹਨਾਂ ਗੁਰਮੁਖਾਂ ਨੇ ਦਰਸ਼ਨ ਕਰਨੇ ਹੋਂਣ ਉਹ ਕਰ ਸਕਦੇ ਹਨ । ਜਿਹਨਾਂ ਗੁਰਮੁਖਾਂ ਨੂੰ ਉੱਥੇ ਦਰਸ਼ਨ ਕਰਕੇ ਵੀ ਭਰੋਸਾ ਨਹੀਂ ਆਇਆ ਕਿ ਰਾਗ ਮਾਲਾ ਗੁਰੂ ਕੀ ਬਾਣੀ ਹੈ । ਉਹ ਗੁਰਮੁਖ ਸਤਿਗੁਰੂ ਜੀ ਦੇ ਸਨਮੁਖ ਹੋ ਕੇ ਇਹ ਅਰਦਾਸ ਕਰਨ ਕਿ ਹੇ ਸਤਿਗੁਰੂ ਜੀ ਜੇ ਰਾਗ ਮਾਲਾ ਆਪ ਜੀ ਦੀ ਬਾਣੀ ਹੈ,ਤਾਂ ਜਿਹੜੇ ਰਾਗ ਮਾਲਾ ਨਹੀਂ ਪੜ੍ਹ ਦੇ ਉਹ ਅੰਨ੍ਹੇ ਤੇ ਬੋਲ਼ੇ ਹੋ ਜਾਣ , ਜੇ ਰਾਗ ਮਾਲਾ ਆਪ ਜੀ ਦੀ ਬਾਣੀ ਨਹੀਂ ਤਾਂ ਜਿਹੜੇ ਰਾਗ ਮਾਲਾ ਪੜ੍ਹਦੇ ਹਨ ਉਹ ਅੰਨ੍ਹੇ ਤੇ ਬੋਲ਼ੇ ਹੋ ਜਾਣ ਤਾਂ ਸਤਿਗੁਰੂ ਜੀ ਆਪੇ ਹੀ ਨਿਬੇੜਾ ਕਰ ਦੇਣਗੇ ।

ਕਰਤਾਰ ਪੁਰ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਭਾਈ ਗੁਰਦਾਸ ਜੀ ਦੇ ਕਲਮ ਦਾ ਲਿਖਿਆ ਜਪੁਜੀ ਸਾਹਿਬ ਜੀ ਦੇ ਆਰੰਭ ਤੋਂ ਮਹਾਂਮੰਤ੍ਰ ਦੀ ਤੇ ਰਾਗ ਮਾਲਾ ਦੇ ਕੁਝ ਕੁ ਪੰਗਤੀਆਂ ਦੀ ਫੋਟੋ ਕਾਪੀ ਦਿੱਤੀ ਹੈ ।੦੦


ਕਰਤਾਰ ਪੁਰ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਭਾਈ ਗੁਰਦਾਸ ਜੀ ਦੀ ਕਲਮ ਦਾ ਲਿਖਿਆ ਜਪੁਜੀ ਸਾਹਿਬ ਦੇ ਆਰੰਭ ਤੋਂ ਮਹਾਮੰਤ੍ਰ ਦੀ ਥੱਲੇ ਫੋਟੋ ਕਾਪੀ ।

ੴ
ਸਤਿਨਾਮੁਕਰਤਾਪੁਰਖੁਨਿਰ
ਭਉਨਿਰਵੈਰੁਅਕਾਲਮੂਰ
ਤਿਅਜੂਨੀਸੈਭੰਗੁਰਪ੍ਰਸਾ
ਦਿ॥ ॥ਜਪੁ॥ ॥ ॥

— ੧੮੯ —

(੧) 'ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ ' {ਵਾਰ ਮਾਝ ਕੀ ਅੰਗ-੧੩੭}

(੨) 'ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ' {ਗਉੜੀ ਕੀ ਦੂਜੀ ਵਾਰ ਅੰਗ-੩੧੮}

(੩ 'ਟੁੰਡੇ ਅਸਰਾਜੈ ਕੀ ਧੁਨੀ ॥' {ਆਸਾ ਦੀਵਾਰ ਅੰਗ-੪੬੨}
(੪)'ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ' {ਗੂਜਰੀ ਕੀ ਵਾਰ ਅੰਗ-੫੦੮}
(੫) 'ਲਲਾਂ ਬਹਲੀਮਾ ਕੀ ਧੁਨਿ ਗਾਵਣੀ' {ਵਡਹੰਸ ਕੀ ਵਾਰ ਅੰਗ-੫੮੫}
(੬) 'ਜੋਧੈ ਵੀਰੈ ਪੂਰਬਾਣੀ ਕੀ ਧੁਨੀ॥' {ਰਾਮਕਲੀ ਕੀਵਾਰ ਅੰਗ-੯੪੭}
(੭)'ਰਾਇ ਮਹਮੇ ਹਸਨੇ ਕੀ ਧੁਨਿ' {ਸਾਰੰਗ ਕੀ ਵਾਰ ਅੰਗ-੧੨੩੭}
(੮)'ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ' {ਵਾਰ ਮਲਾਰ ਕੀ ਅੰਗ-੧੨੭੮}
(੯)'ਮੂਸੇ ਕੀ ਵਾਰ ਕੀ ਧੁਨੀ' {ਕਾਨੜੇ ਕੀ ਵਾਰ ਮਹਲਾ ੪ ਅੰਗ-੧੩੧੨}

ਜਪੁ ਜੀ ਸਾਹਿਬ ਦੀ 'ਅਸੰਖ ਮੂਰਖ ਅੰਧ ਘੋਰ'ਵਾਲੀ ਪਉੜੀ ਵਿਚ ਕਿਤੇ ਵੀ ਕੋਈ ਗਿਆਨ ਭਗਤੀ ਵਾਲੀ ਕੋਈ ਗਲ ਨਹੀਂ ਹੈ ।ਕੱਲ੍ਹ ਨੂੰ ਇਹ ਕਹਿਣਗੇ ਕਿ ਇਹਨਾ ਦਾ ਵੀ ਕੋਈ ਅਧਿਆਤਮੀ ਅਰਥ ਜਾਂ ਕੋਈ ਗਿਆਨ ਵਾਲੀ ਗੱਲ ਨਹੀਂ ਹੈ ,ਇਹਨਾਂ ਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਕਢ ਦਿਓ । ਗੁਰਸਿੱਖ ਨੂੰ ਸਤਿਗੁਰੂ ਜੀ ਤੇ ਕਿੰਤੂ ਪਰੰਤੂ ਨਹੀਂ ਕਰਨੀ ਚਾਹੀਦੀ ਸਤਿਗੁਰੂ ਜੀ ਦਾ ਹੁਕਮ ਮੰਨਣਾ ਚਾਹੀਦਾ ਹੈ । 'ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥' ਅੰਗ(੪੭੧)

ਪੰਜਾਂ ਪਿਆਰਿਆਂ ਬਾਰੇ ਜਾਣਕਾਰੀ, ਮੁਸਲਮਾਨ ਅਬੂਉੱਲਾ ਤਰਾਨੀ ਦਾ ਅੱਖੀ ਡਿਠਾ ਹਾਲ ਲਿਖਿਆ ਹੋਇਆ ਹੈ ।

ਬਟਾਲ਼ੇ ਤੋਂ ਚੜ੍ਹਦੇ ਪਾਸੇ ਗੁਰਦਾਸਪੁਰ ਵਾਲੀ ਸੜਕ ਉੱਤੇ ਸ਼ਹਿਰੋਂ ਕੋਈ ਡੇੜ ਕੁ ਮੀਲ ਦੀ ਵਿਥ ਤੇ ਪਿੰਡ ਕਿਲ੍ਹਾ ਟੇਕ ਸਿੰਘ ਹੈ । ਉੱਥੇ ਚੰਗੇ ਤਕੜੇ ਵਿਦਵਾਨ ਗਿਆਨੀ ਬੂਟਾ ਸਿੰਘ ਜੀ ਹਨ । ਜਿਹੜੇ ਵਾਹੀ ਜੋਤੀ (ਖੇਤੀਵਾੜੀ)ਦੇਨਾਲ ਹਿਕਮਤ(ਦੇਸੀ ਦਵਾਈਆਂ) ਦਾ ਕੰਮ ਕਰਦੇ ਹਨ ।ਆਪ ਸਿੱਖ ਧਰਮ ਦੇ ਸੱਚੇ ਧਾਰਨੀ ਨਿਤ ਨੇਮੀ ਚੰਗੇ ਉੱਚੇ ਆਚਰਣ ਵਾਲੇ ਚੰਗੇ ਵਿਦਵਾਨ ਹਨ । ਉਨ੍ਹਾਂ ਦੀ ਲਾਇਬਰੇਰੀ ਚੋਂ ਇੱਕ ਉਰਦੂ ਦੀ ਪੁਸਤਕ ਮਿਲੀ ।ਉਹ ਪੁਸਤਕ ਮੁਸਲਮਾਨ ਅਬੂਉੱਲਾ ਤਰਾਨੀ ਦੀ ਲਿਖੀ ਹੋਈ ਸੀ । ਅਬੂਉੱਲਾ ਤਰਾਨੀ ਪਹਿਲਾਂ ਬ੍ਰਾਹਮਣਸੀ,ਬਾਅਦ ਵਿਚ ਉਹ ਮੁਸਲਮਾਨ ਹੋ ਗਿਆ ਸੀ । ਉਹ ਸ਼੍ਰੀ ਦਸਮੇਸ਼ ਜੀ ਦੇ ਦਰਬਾਰ ਵਿਚ ਬ੍ਰਾਹਮਣ ਦਾ ਰੂਪ ਧਾਰਕੇ,ਟਿੱਕਾ ਲਾ ਜਨੇਊ ਅਤੇ ਧੋਤੀ ਪਾ ਕੇ ਰਹਿੰਦਾ ਸੀ ।ਔਰੰਗਜੇਬ ਵੱਲੋਂ ਉਹ ਸੀਆਇਡੀ ਦਾ ਕੰਮ ਕਰਦਾ ਸੀ । ਸ੍ਰੀ ਦਸਮੇਸ਼ ਜੀ ਦੇ ਦਰਬਾਰ ਦੀ ਰੋਜ ਦੀ ਰਿਪੋਟ ਔਰੰਗਜੇਬ ਨੂੰ ਭੇਜਦਾ ਸੀ । ਇਹ ਦਸਮੇਸ਼ ਜੀ ਦੇ ਮਾਲੀ ਗੁਲਾਬੇ ਪਾਸ ਰਹਿੰਦਾ ਸੀ । ਉਹ ਰੋਜ਼ ਦਸਮੇਸ਼ ਜੀ ਦੇ ਦਰਬਾਰ ਵਿਚ ਜਾਂਦਾ ਅਤੇ ਉਹਨਾਂ ਦੇ ਚਰਨਾਂ ਵਿਚ ਡੰਡਵਤ ਪ੍ਰਣਾਮ ਕਰਦਾ ਸੀ । ਅੱਗੋਂ ਦਸਮੇਸ਼ ਪਿਤਾ ਜੀ ਜਾਣੀ ਜਾਣ ਹੱਸ ਛਡਦੇ ਸਨ ।ਸ਼ਾਇਦ ਉਹਨਾਂ ਨੂੰ ਇਸਦੇ ਪਖੰਡ ਦੰਭ ਤੇ ਜਾਸੂਸੀ ਦਾ ਇਲਮ ਹੋਵੇ । ਭਾਈ ਵੀਰ ਸਿੰਘ ਜੀ ਆਪਣੇ ਦਸਮੇਸ਼ ਚਮਤਕਾਰ ਵਿਚ ਅਬੂਉੱਲਾ ਤਰਾਨੀ ਦਾ ਜ਼ਿਕਰ ਕਰਦੇ ਹਨ । ਅਬੂਉੱਲਾ ਤਰਾਨੀ ਡੇਢ ਦੋ ਸਾਲ ਇਸੇ ਤਰ੍ਹਾਂ ਸਤਿਗੁਰੂ ਜੀ ਦੇ ਦਰਬਾਰ ਦੀ ਜਾਸੂਸੀ ਕਰਦਾ ਰਿਹਾ । ਇਹ ਅਬੂਉੱਲਾ ਤਰਾਨੀ ਉਸੇ ਕਿਤਾਬ ਵਿਚ ਇਸਤਰ੍ਹਾਂ ਲਿਖਦਾ ਹੈ ਕਿ:-"ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਅੰਮ੍ਰਿਤ ਤਿਆਰ ਕੀਤਾ, ਦੀਵਾਨ ਵਿਚ ਹਾਜ਼ਰੀ ੩੫-੪੦ ਹਜਾਰ ਸੀ । ਮੁਗਲਾਂ ਦੇ ਚਾਰ ਤਖ਼ਤ ਸਨ ,ਦਿੱਲੀ,ਆਗਰਾ, ਲਾਹੌਰ ,ਅਤੇ ਕਲਾਨੌਰ ,ਪਰ ਗੁਰੂ ਜੀ ਦੇ ਤਖ਼ਤ ਦੀ ਸੋਭਾ ਨਿਰਾਲੀ ਸੀ । ਇਹ ਤਖ਼ਤ ਮੁਗਲ ਬਾਦਸ਼ਾਹਾਂ ਦੇ ਤਖ਼ਤ ਨੂੰ ਮਾਤ ਕਰਦਾ ਸੀ । ਉਸ ਦਿਨ ਗੁਰੂ ਜੀ ਦਰਬਾਰ ਵਿਚ ਆਏ ਤਾਂ ਉਹਨਾਂ ਦਾ ਲਿਬਾਸ ,ਚੜ੍ਹਤ ਜਲਾਲ ਅਤੇ ਤੇਜ ਅਝੱਲਵਾਂ ਸੀ । ਗੁਰੂ ਜੀ ਨੇ ਕ੍ਰਿਪਾਨ ਨੂੰ ਮਿਆਨ ਵਿੱਚੋਂ ਕੱਢ ਨੰਗੀ ਕਰਕੇ ਫੜ ਬਾ ਅਵਾਜ਼ ਬੁਲੰਦ ਕਿਹਾ , ਮੈਨੂੰ ਇਕ ਸਿਰ ਦੀ ਲੋੜ ਹੈ, ਬਿਗੈਰ ਦੇਰ ਸੋਚ ਵੀਚਾਰ ਅਤੇ ਕਿਸੇ ਹੀਲ-ਹੁੱਜਤ ਦੇ ਦਇਆ ਰਾਮ ਆ ਹਾਜਰ ਹੋਇਆ ,ਗੁਰੂ ਜੀ ਨੇ ਭਰੇ ਦਰਬਾਰ ਵਿਚ ਜਿੱਥੇ ਉਹ ਖਲੋਤੇ ਸਨ ਸਭਨਾ ਦੇ ਸਾਹਮਣੇ ਇੱਕ ਵਾਰ ਕੀਤਾ , ਸਿਰ ਧੜ ਨਾਲੋਂ ਜੁਦਾ ਹੋ ਗਿਆ । ਦੀਵਾਨ ਵਿਚ ਸਨਸਨੀ ਫੈਲ ਗਈ ਅਤੇ ਬਹੁਤੇ ਆਦਮੀ ਅਵਾਕ ਰਹਿ ਗਏ । ਗੁਰੂ ਜੀ ਨੇ ਫਿਰ ਗਰਜਵੀਂ ਤੇ ਕੜਕਵੀਂ ਅਵਾਜ ਵਿਚ ਕਿਹਾ" "ਮੈਨੂੰ ਹੋਰ ਸਿਰ ਦੀ ਲੋੜ ਹੈ"ਝਟ ਧਰਮ ਚੰਦ ਉਠਿਆ,ਜਾ ਗੁਰੂ ਜੀ ਨੂੰ ਨਮਸਕਾਰ ਕੀਤੀ । ਅਤੇ ਗੁਰੂ ਜੀ ਦੇ ਇੱਕੋ ਵਾਰ ਨੇ ਇਸਦਾ ਸਿਰ ਧੜ ਤੋਂ ਵੱਖ ਕਰ ਦਿੱਤਾ । ਦੀਵਾਨ ਵਿਚ ਹਲਚਲੀ ਮਚ ਗਈ, ਭਾਜੜ ਪੈ ਗਈ । ਗੁਰੂ ਜੀ ਨੇ ਫੇਰ ਬਾ ਅਵਾਜ ਬੁਲੰਦ ਇੱਕ ਹੋਰ ''ਸਿਰ ਮੰਗਿਆ ਅਤੇ ਯਕੇ ਦੀਗਰੇ ਹਿੰਮਤ ਰਾਏ , ਮੁਹਕਮ ਚੰਦ , ਸਾਹਿਬ ਰਾਮ, ਇਹਨਾਂ ਨੂੰ ਕਤਲ ਕਰ ਦਿੱਤਾ । ਸਿਰ ਧੜਾਂ ਨਾਲੋਂ ਵਖਰੇ ਕਰ ਦਿੱਤੇ । ਕਈ ਆਦਮੀ ਗੁਰੂ ਜੀ ਦੀ ਮਾਤਾ ਕੋਲ ਪਹੁੰਚ ਗਏ ਅਤੇ ਸਾਰੀ'ਵਿਥਿਆ ਸੁਣਾਈ । ਗੁਰੂ ਜੀ ਨੇ ਉਹਨਾਂ ਪੰਜਾਂ ਦੇ ਸਰੀਰਾਂ ਅਤੇ ਕਪੜਿਆਂ ਨੂੰ ਚੰਗੀ ਤਰ੍ਹਾਂ ਧੋ ਦਿੱਤਾ । ਫਰਸ ਨੂੰ ਵੀ ਚੰਗੀ ਤਰ੍ਹਾਂ ਸਾਫ਼ ਕੀਤਾ ਅਤੇ ਖ਼ੂਨ ਦਾ ਦਾਗ ਕਿਤੇ ਵੀ ਨਾ ਰਹਿਣ ਦਿੱਤਾ । ਫਿਰ ਉਸ ਕਾਫਰਾਂ ਦੇ ਪੀਰ ਨੇ ਇੱਕ ਦਾ ਸਿਰ ਦੂਸਰੇ ਦੇ ਧੜ ਨਾਲ ਅਤੇ ਸਿਰ ਤੋਂ ਧੜ ਰਲਾ ਮਿਲਾ ਕੇ ਦੂਸਰਿਆਂ ਧੜਾਂ ਨਾਲ ਦੂਸਰੇ ਸਿਰ ਲਾ ਕੇ ਪਹਿਰ ਕੁ ਵਿਚ ਚੰਗੀ ਤਰਾਂ ਹਿਕਮਤੇ ਅਮਲੀ(ਸ਼ਕਤੀ) ਨਾਲ ਸੀ ਦਿੱਤੇ । ਉਹਨਾਂ ਪੰਜਾਂ ਲਾਸਾਂ ਉੱਤੇ ਚਿਟਾ ਕਪੜਾ ਪਾ ਦਿੱਤਾ । ਫਿਰ ਇਕ ਪੱਥਰ ਦਾ ਕੁੰਡਾ ਮਗਾ ਕੇ ਉਸ ਤੇ ਇਕ ਲੋਹੇ ਦੀ ਕੜਾਹੀ ਰੱਖੀ ਜਿਸ ਨੂੰ ਕੁੰਡੇ ਨਹੀਂ ਸੀ ਲੱਗੇ ਹੋਏ । ਉਸ ਵਿਚ ਪਾਣੀ ਪਾ ਕੇ ਆਬੇ ਹਿਯਾਤ ਬਨਾਉਣ ਲਗ ਪਿਆ । ਕਾਫਰਾਂ ਦਾ ਪੀਰ ਉਸ ਕੜਾਹੀ ਵਿਚ ਤਲਵਾਰ ਫੇਰਦਾ ਰਿਹਾ ਅਤੇ ਕੋਈ ਕਲਮਾ ਪੜਦਾ ਰਿਹਾ । ਇਹ ਅਮਲ ਕੋਈ ਅੱਧਾ ਪੌਣਾ ਪਹਿਰ ਹੁੰਦਾ ਰਿਹਾ । ਏਸੇ ਸਮੇਂ ਕਾਫਰਾਂ ਦੇ ਪੀਰ ਦੀ ਕਿਸੇ ਔਰਤ ਨੇ ਉਸ ਕੜਾਹੀ ਵਿਚ ਕੁਝ ਲਿਆ ਕੇ ਪਾ ਦਿੱਤਾ । ਹੁਣ ਆਬੇ ਹਿਯਾਤ ਤਿਆਰ ਹੋ ਚੁਕਾ ਸੀ । ਗੁਰੂ ਜੀ ਨੇ ਉਹਨਾ ਲਾਸ਼ਾਂ ਤੋਂ ਪੜਦਾ ਚੁੱਕ, ਪਹਿਲਾਂ ਦਇਆ ਸਿੰਘ ਦੇ ਸਿਰਹਾਣੇ ਬੈਠ ਮੂੰਹ ਖੋਲ ਆਬੇ ਹਿਯਾਤ ਉਸ ਦੇ ਮੂੰਹ ਵਿਚ ਪਾ ਦਿੱਤਾ । ਸਿਰ ਦੇ ਵਾਲਾਂ

ਵਿਚ ਪਾਇਆ ਅਤੇ ਸਾਰੇ ਸਰੀਰ ਤੇ ਛਿੜਕਿਆ ਤੇ ਆਖਿਆ "ਬੋਲ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ॥"ਏਹ ਕਹਿੰਦੇ ਸਾਰ ਹੀ ਦਇਆ ਸਿੰਘ ਉੱਠ ਕੇ ਖਲੋ ਗਿਆ । ਅਤੇ ਉੱਚੀ ਸਾਰੀ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਬੋਲਿਆ ॥ ਭਰੇ ਦੀਵਾਨ ਵਿਚ ਸਕਤੇ ਦਾ ਆਲਮ ਛਾ ਗਿਆ, ਹਜ਼ਾਰਾਂ ਇਨਸਾਨਾਂ ਦੇ ਹੁੰਦਿਆਂ ਹੋਇਆਂ ਵੀ ਕੋਈ ਸਾਹ ਨਹੀ ਲੈ ਰਿਹਾ ਸੀ । ਅਤੇ ਦੀਵਾਨ ਵਿਚ ਬੈਠੇ ਆਦਮੀ ਗੁਰੂ ਜੀ ਦੀ ਕਰਾਮਾਤ ਉੱਤੇ ਮੁਗਧ ਹੋਏ ਕਿਸੇ ਜਾਦੂ ਦੇ ਅਸਰ ਹੇਠ ਕੀਲੇ ਹੋਏ ਬੈਠੇ ਸਨ । ਇਸੇ ਤਰ੍ਹਾਂ ਉਸ ਦੇ ਬਾਅਦ ਯਕੇਬਾਦ ਦੀਗਰੇ ਬਾਕੀ ਦੇ ਉਹਨਾਂ ਚੋਹਾਂ ਨੂੰ ਵੀ ਆਬੇ ਹਿਯਾਤ ਛਿੜਕ ਕੇ "ਬੋਲ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ॥"ਬੁਲਾ ਕੇ ਉਹਨਾਂ ਨੂੰ ਮੁੜ ਜਿੰਦਾ ਕਰ ਦਿੱਤਾ । ਗੁਰੂ ਉਹਨਾਂ ਨੂੰ ਤੰਬੂ ਵਿਚ ਲੈ ਗਿਆ । ਕੁਝ ਚਿਰ ਬਾਦ ਗੁਰੂ ਆਪ ਵੀ ਅਤੇ ਉਹ ਪੰਜੇ ਆਦਮੀ ਪਿੱਛੇ-ਪਿੱਛੇ ਤੰਬੂ ਵਿੱਚੋਂ ਬਾਹਰ ਨਿਕਲ ਆਏ । ਹੁਣ ਉਹਨਾਂ ਨੇ ਨਵੇਂ ਲਿਬਾਸ ਪਾਏ ਹੋਏ ਸਨ । ਉਹ ਪੰਜੇ ਮੁੜ ਜਿੰਦਾ ਕੀਤੇ ਆਦਮੀ ਤੰਬੂ ਤੋਂ ਬਾਰ ਖਲੋ ਗਏ, ਅਤੇ ਗੁਰੂ ਜੀ ਨੇ ਬੀਰ ਆਸਨ ਕਰ ਉਹਨਾਂ ਤੋਂ ਆਪ ਆਬੇ ਹਿਯਾਤ ਮੰਗਿਆ । ਉਹਨਾਂ ਨੇ ਪੁਛਿਆ ਤੁਸੀਂ ਇਸ ਅਮੋਲ ਵਸਤੂ ਲਈ ਕੀ ਦਿੱਤਾ ? ਗੁਰੂ ਜੀ ਨੇ ਕਿਹਾ "ਮੈਂ ਪ੍ਰਣ ਕਰਦਾ ਹਾਂ" ਮੈਂ ਆਪਣੇ ਮਾਤਾ ਪਿਤਾ ਔਲਾਦ ਆਪ ਤੇ ਸਭ ਕੁਰਬਾਨ ਕਰ ਦਿਆਂਗਾ, ਅਤੇ ਇਸ ਤੇ ਉਹਨਾਂ ਪੰਜਾਂ ਨੇ ਗੁਰੂ ਜੀ ਨੂੰ ਆਬੇ ਹਿਯਾਤ ਦਿੱਤਾ ਅਤੇ ਗੁਰੂ ਜੀ ਦਾ ਨਾਮ ਉਸ ਵਕਤ ਤੋਂ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਹੋ ਗਿਆ ਅਤੇ ਉਹਨਾਂ ਦੇ ਨਾਮ ਨਾਲ ਵੀ ਸਿੰਘ ਜੋੜ ਦਿੱਤਾ ।ਦਇਆ ਸਿੰਘ,ਧਰਮ ਸਿੰਘ,ਹਿੰਮਤ ਸਿੰਘ, ਮੁਹਕਮ ਸਿੰਘ, ਆਤੇ ਸਾਹਿਬ ਸਿੰਘ ਰੱਖ ਦਿਤਾ ।

ਅਬੂਉੱਲਾ ਤਰਾਨੀ ਲਿਖਦਾ ਹੈ "ਕਿ ਮੈਂ ਬਹੁਤ ਪਛਤਾਇਆ ਤੇ ਰੋਇਆ ।ਉਸ ਤੋਂ ਬਾਅਦ ਉੱਥੋਂ ਹੀ ਹਜਾਰਾਂ ਆਦਮੀਆਂ ਨੇ ਉਹ ਆਬੇ ਹਿਯਾਤ ਪੀਤਾ । ਮੈਥੋਂ ਵੀ ਨਾ ਰਿਹਾ ਗਿਆ ਅਤੇ ਮੈਂ ਵੀ ਆਪ ਨੂੰ ਬੜਾ ਧਿਰਕਾਰਿਆ ਅਤੇ ਪਛਤਾਂਦਾ ਹੋਇਆ ਉਸੇ ਵਕਤ ਹੀ ਕਿਸੇ ਮਿਕਨਾਤੀਸੀ ਕਸ਼ਸ਼ ਅਧੀਨ ਝਟ ਗੁਰੂ ਕੇ ਚਰਨਾਂ ਤੇ ਡਿੱਗਾ ਉਸ ਤੋਂ ਆਬੇ ਹਿਯਾਤ ਦੀ ਦਾਤ ਮੰਗੀ । ਗੁਰੂ ਜੀ ਜਿਹੜਾ ਮੇਰਾ ਪਖੰਡ ਤੇ ਦੰਭ ਜਾਣਦੇ ਸੀ ਬੜੇ ਪਿਆਰ ਨਾਲ ਮੈਂਨੂੰ ਥਾਪੜਾ ਦੇ ਕੇ ਆਬੇ ਹਿਯਤ ਪਿਆ ਕੇ ਮੇਰਾ ਨਾਮ ਅਜਮੇਰ ਸਿੰਘ ਰੱਖ ਦਿੱਤਾ, ਮੇਰੇ ਜਨਮਾਂਤਰਾਂ ਦੇ ਪਾਪ ਕੱਟੇ ਗਏ । ਮੈਂ ਗੁਰੂ ਜੀ ਦੀ ਫੌਜ ਵਿਚ ਭਰਤੀ ਹੋ ਗਿਆ ਤੇ ਕਈ ਜੰਗਾਂ ਵਿਚ ਜੁਲਮ ਨਾਲ ਦੂ ਬਦੂ ਲੜਿਆ । ਮੈਂ ਉਸੇ ਦਿਨ ਹੀ ਆਪਣੀ ਜਿੰਦਗੀ ਦੀ ਅਖੀਰਲੀ ਰੀਪੋਟ ਔਰੰਗਜ਼ੇਬ ਨੂੰ ਘੱਲ ਦਿੱਤੀ ਤੇ ਇਸ ਦੀਵਾਨ ਵਿਚ ਵਾਪਰੀ ਅਤੇ ਅੱਖੀ ਡਿੱਠੀ ਘਟਨਾ ਦਾ ਸਾਰਾ ਹਾਲ ਵਿਸਥਾਰ ਨਾਲ ਖੋਹਲ ਕੇ ਲਿਖ ਦਿੱਤਾ ਅਤੇ ਬੜੇ ਜੋਰਦਾਰ ਲਫ਼ਜਾਂ ਵਿਚ ਔਰੰਗਜੇਬ ਨੂੰ ਤਾੜਨਾਂ ਕੀਤੀ । ਕਿ ਖ਼ਬਰਦਾਰ ਰੱਬ ਨਾਲ ਜਿਉਂਦੇ ਜਾਗਦੇ ਖੁਦਾ ਨਾਲ ਮੱਥਾ ਨਾ ਲਾ ,ਜੁਲਮ ਨਾ ਕਮਾ । ਜੇ ਮੇਰੀ ਸਿਫ਼ਾਰਸ ਤੇ ਅਮਲ ਨਾ ਕੀਤਾ ਤਾਂ ਖਾਨਦਾਨ ਸਲਤਨਤ ਤਬਾਹ ਹੋ ਜਾਵੇਗੀ , ਦੁਨਿਆਂ ਸੇ ਤਖ਼ਤੇ ਉੱਤੇ ਨਾਮੋ ਨਿਸ਼ਾਨ ਮਿਟ ਜਾਵੇਗਾ । ਗਿਆਨੀ ਦਲੀਪ ਸਿੰਘ 'ਕੋਮਲ' ਧਨੌਲਾ ਵਾਲਿਆਂ ਨੇ ਦਸਿਆ ਕਿ ਇਹ ਪੁਸਤਕ ਅਲੀਗੜ੍ਹ ਯੁਨੀਵਰਸਟੀ ਵਿਚ ਵੀ ਪਈ ਦੱਸੀ ਦੀ ਹੈ ।(ਧੰਨਵਾਦ ਸਹਿਤ ਅਣਪਛਾਤੇ ਰਮਗੜੀਆ ਇਤਿਹਾਸ ਵਿਚੋਂ)ਇਸੇ ਉਪਰੋਕ ਸਾਖੀ ਨੂੰ ਪੜ੍ਹ ਕੇ ਵੀ ਜੋ ਸਤਿਗੁਰੂ ਜੀ ਤੇ ਭਰੋਸਾ ਨਹੀਂ ਕਰਦੇ ਉਹਨਾਂ ਬੇ ਪਰਤੀਤਿਆਂ ਬਾਰੇ ਸਤਿਗੁਰੂ ਜੀ ਫੁਰਮਾਉਦੇ ਹਨ:-

"ਇਕਨਾ ਸਤਿਗੁਰ ਕੀ ਪਰਤੀਤ ਨ ਆਈਆ ਸਬਦ ਨ ਲਾਗੋ ਭਾਉ ॥"

ਜਿਸੁ ਅੰਦਰਿ ਪ੍ਰੀਤਿ ਨਹੀਂ ਸਤਿਗੁਰ ਕੀ ਕੂੜੀ ਆਵੈ ਕੂੜੀ ਜਾਵੈ ॥(ਅੰਗ ੩੦੫)

ਇਕਨੀ ਸੁਣਿ ਕੈ ਮੰਨਿਆ ਹਰਿ ਊਤਮ ਕਾਮ ॥ (ਅੰਗ ੧੦੯੦)

(ਭੁੱਚੋ ਕਲਾਂ ਬਠਿੰਡਾ ਡੇਰਾ ਬਾਬਾ ਰੁੰਮੀਵਾਲਾ ਦੇ ਧੰਨਵਾਦ ਸਹਿਤ)

ਪੰਜਾਂ ਪਿਆਰਿਆਂ ਦੇ ਨਾਮ ਤੇ ਕਿੱਥੋਂ ਦੇ ਰਹਿਣ ਵਾਲੇ ਸਨ ।

- ਭਾਈ ਦਇਆ ਸਿੰਘ ਜੀ ਲਾਹੌਰ ਦੇ ਖਤ੍ਰੀ **।ਲਾਹੌਰ ਨਿਵਾਸੀ ਪਿਤਾ ਸੁੱਧੇ ਖਤ੍ਰੀ ਮਾਤਾ ਦਿਆਲੀ ਜੀ ਦੇ ਘਰ ਜਨਮ ਧਾਰਿਆ ।**
- ਭਾਈ ਧਰਮ ਸਿੰਘ ਜੀ **(ਯੂ:ਪੀ:)ਜਿਲ੍ਹਾ ਮੇਰਠ ਹਸਤਿਨਾ ਪੁਰ ਤੋਂ ਤਿਨ ਕਿਲੋ ਮੀਟਰ ਦੂਰ ਪਿੰਡ ਸੈਦ ਪੁਰ, ਪਿਤਾ ਸੰਤਰਾਮ ਜਟ ਮਾਤਾ ਸਾਭੋ ਦੇ ਘਰ ਜਨਮ ਧਾਰਿਆ ਹੈ ।**
- ਭਾਈ ਮੋਹਕਮ ਸਿੰਘ ਜੀ
- ਭਾਈ ਹਿੰਮਤ ਸਿੰਘ ਜੀ ਦੁਆਰਕਾ ਨਿਵਾਸੀ ਤੀਰਥ ਚੰਦ ਛੀਂਬੇ ਮਾਤਾ ਦੇਵਾਂ ਬਾਈ ਦੇ ਘਰ ਜਨਮ ਧਾਰਿਆ ।
- ਭਾਈ ਸਾਹਿਬ ਸਿੰਘ ਜੀ ਬਿਦਰ ਦੇ ਨਾਈ ਸਨ ।

ਗਿਆਨੀ ਠਾਕਰ ਸਿੰਘ ਜੀ ਦੇ ਗੁਰਦੁਆਰੇ ਦਰਸ਼ਨ ਪੋਥੀ ਵਿਚ ਪੰਨਾ ਪ੩੬ -੩੭ ਦੇ ਲਿਖਤ ਆਨੁਸਾਰ ਭਾਈ ਸਾਹਿਬ ਸ਼ਿੰਘ ਜੀ ਦਾ ਜਨਮ ੪ ਹਾੜ ਸੰਮਤ ੧੭੨੨ ਬਿ: ਨੂੰ ਮਾਤਾ ਵਿਸ਼ਨ ਦੇਵੀ ਦੀ ਕੁੱਖੋਂ ,ਪਿਤਾ ਤੁਲਸੀ ਉਰਫ ਚਮਨਾ ਰਾਮ ਨਾਈ ਦੇ ਘਰ ਪਿੰਡ ਨੰਗਲ ਸ਼ਹੀਦਾਂ ਜਿਲ੍ਹਾ ਹੁਸਿਆਰ ਪੁਰ ਵਿਖੇ ਹੋਇਆ ।ਸੰਮਤ ੧੭੫ ੬ ਬਿ: ਨੂੰ ਭਾਈ ਸਾਹਿਬ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਸਾਹਿਬ ਉਸ ਸਮੇ ਮਿਲੇ ਜਦੋਂ ਵੈਸਾਖੀ ਦੇ ਗੁਰਪੁਰਬ ਦੀਆਂ ਤਿਆਰੀਆਂ ਕੀਤਿਆਂ ਜਾ ਰਹੀਆਂ ਸਨ ।ਭਾਈ ਸਾਹਿਬ ਸਿੰਘ ਜੀ ੮ ਪੋਹ ਸੰਮਤ ੧੭੬੧ ਬਿ: ਨੂੰ ਚਮਕੌਰ ਸਾਹਿਬ ਦੇ ਧਰਮ ਯੁੱਧ ਵਿਚ ਸ਼ਹੀਦ ਹੋਏ । ਇਹਨਾਂ ਦੇ ਦੋ ਲੜਕੇ ਸਨ । ਭਈ ਬੁਧ ਸਿੰਘ ਅਤੇ ਵਿਨੋਦ ਸਿੰਘ । ਭਾਈ ਬੁਧ ਸਿੰਘ ਦੇ ਦੋ ਲੜਕੇ ਸਨ । ਭਾਈ ਚਤਰ ਸਿੰਘ ਤੇ ਚੜੱਤ ਸਿੰਘ । ਭਾਈ ਚੜੱਤ ਸਿੰਘ ਦੇ ਤਿੰਨ ਲੜਕੇ ਸਨ ।ਭਾਈ ਰਾਮ ਸਿੰਘ ,ਉੱਤਮ ਸਿੰਘ ਅਤੇ ਰੂੜ ਸਿੰਘ । ਭਾਈ ਰੂੜ ਸਿੰਘ ਜੀ ਦੀ ਇੱਕੋ ਲੜਕੀ ਸੀ । ਜਿਸਦਾ ਨਾਮ ਆਤਮਾ ਦੇਵੀ ਸੀ । ਜਿਸ ਦੀ ਸ਼ਾਦੀ ਪਿੰਡ ਪਥਿਆਲ ਜਿਲ੍ਹਾ ਹੁਸਿਆਰਪੁਰ ਵਿਚ ਹੋਈ ਸੀ ।ਭਾਈ ਰੂੜ ਸਿੰਘ ਦੀ ਧਰਮ ਪਤਨੀ ਸਵਰਗਵਾਸ ਹੋ ਗਈ ।ਉਸ ਤੋਂ ਬਾਅਦ ਉਹਨਾਂ ਨੇ ਸਿਵ ਦੇਵੀ ਨਾਲ ਦੂਜੀ ਸ਼ਾਦੀ ਕਰਵਾਈ । ਜਿਸਦਾ

ਪਹਿਲਾਂ ਹੀ ਇਕ ਲੜਕਾ ਸੀ । ਜਿਸਦਾ ਨਾਮ ਅਮਰ ਸਿੰਘ ਸੀ । ਭਾਈ ਰੂੜ ਸਿੰਘ ਜੀ ਨੇ ਅਮਰ ਸਿੰਘ ਨੂੰ ਸਿੱਖ ਧਰਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਰੀ ਸਿਖਿਆ ਦਿੱਤੀ । ਭਾਈ ਰੂੜ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਭਾਈ ਅਮਰ ਸਿੰਘ ਜੀ ਗੁਰਦੁਆਰਾ ਬਾਬਾ ਸਾਹਿਬ ਸਿੰਘ ਜੀ ਦੀ ਚੰਗੀ ਤਰ੍ਹਾਂ ਸਾਂਭ ਸੰਭਾਲ ਕਰਦੇ ਰਹੇ । ਉਹ ਆਪਣੀ ਸਾਰੀ ਜਾਇਦਾਦ ਗੁਰਦੁਆਰਾ ਬਾਬਾ ਸਾਹਿਬ ਸਿੰਘ ਜੀ ਦੇ ਨਾਮ ਲਵਾ ਗਏ ਸਨ।

ਮਿਤੀ ੩੧-੭-੭੪ ਨੂੰ ਭਾਈ ਅਮਰ ਸਿੰਘ ਜੀ ਦੇ ਸਵਰਗ ਵਾਸ ਹੋਣ ਤੋਂ ਬਾਅਦ ਬਾਬਾ ਸਾਹਿਬ ਸਿੰਘ ਜੀ ਦੇ ਗੁਰਦੁਆਰੇ ਦੀ ਸਾਂਭ ਸੰਭਾਲ ਹੁਣ ਲੋਕਲ ਪ੍ਰਬੰਧ ਕਮੇਟੀ ਕਰ ਰਹੀ ਹੈ । ਪਹਿਲਾਂ ਗੁਰਦੁਆਰੇ ਦੀ ਛੋਟੀ ਇਮਾਰਤ ਸੀ ਹੁਣ ਲੋਕਲ ਕਮੇਟੀ ਨੇ ਗੁਰਦੁਆਰੇ ਦੀ ਵੱਡੀ ਇਮਾਰਤ ੩੦× ੩੦ ਤਿਆਰ ਕਰਵਾ ਦਿੱਤੀ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ

ਪ੍ਰਸ਼ਨ ੧ : ਸਿੱਖ ਧਰਮ ਦੀ ਨੀਂਹ ਕਿਸਨੇ ਰੱਖੀ ?

ਉੱਤਰ – ਸਿੱਖ ਧਰਮ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ ।

ਪ੍ਰਸ਼ਨ ੨: ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਕਿੱਥੇ ਤੇ ਕਦੋਂ ਹੋਇਆ ?

ਉੱਤਰ – ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਰਾਇਭੋਇ ਦੀ ਤਲਵੰਡੀ(ਨਨਕਾਣਾ ਸਾਹਿਬ ਪਾਕਿਸਤਾਨ)ਵਿਚ ੧੫੨੬ ਬਿ: ੨੧ ਕਤਕ ,ਕਤਕ ਸੁਦੀ ਪੂਰਨਮਾਸੀ ਮੁਤਾਬਿਕ ੨੦ ਸਤੰਬਰ ੧੪੬੯ ਈ: ਨੂੰ ਹੋਇਆ ।

ਪ੍ਰਸ਼ਨ ੩: ਸ੍ਰੀ ਗੁਰੂ ਨਾਨਕ ਦੇ ਜੀ ਦੇ ਮਾਤਾ ਪਿਤਾ ਤੇ ਭੈਣ ਜੀ ਦਾ ਨਾਮ ਦੱਸੋ ?

ਉੱਤਰ – ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਤਾ ਜੀ ਦਾ ਨਾਮ ਮਾਤਾ ਤ੍ਰਿਪਤਾ ਜੀ ਪਿਤਾ ਜੀ ਦਾ ਨਾਮ ਬਾਬਾ ਕਲਿਆਣ ਚੰਦ ਜੀ ਤੇ ਭੈਣ ਜੀ ਦਾ ਨਾਮ ਬੇਬੇ ਨਾਨਕੀ ਜੀ ਸੀ ।

ਪ੍ਰਸ਼ਨ ੪: ਬੇਬੇ ਨਾਨਕੀ ਜੀ ਗੁਰੂ ਜੀ ਤੋਂ ਕਿੰਨੇ ਸਾਲ ਵੱਡੇ ਸਨ ?

ਉੱਤਰ – ਬੇਬੇ ਨਾਨਕੀ ਜੀ ਉਮਰ ਵਿਚ ਗੁਰੂ ਜੀ ਤੋਂ ਪੰਜ ਸਾਲ ਵੱਡੇ ਸਨ ।

ਪ੍ਰਸ਼ਨ ੫: ਗੁਰੂ ਜੀ ਦੇ ਚਾਚਾ ਜੀ ਦਾ ਨਾਮ ਕੀ ਸੀ ?

ਉੱਤਰ – ਗੁਰੂ ਜੀ ਦੇ ਚਾਚਾ ਜੀ ਦਾ ਨਾਮ ਲਾਲ ਚੰਦ ਜੀ ਸੀ ।

ਪ੍ਰਸ਼ਨ ੬: ਗੁਰੂ ਜੀ ਦੇ ਦਾਦਾ ਜੀ ਤੇ ਦਾਦੀ ਜੀ ਦਾ ਨਾਮ ਦੱਸੋ ?

ਉੱਤਰ – ਗੁਰੂ ਜੀ ਦੇ ਦਾਦਾ ਜੀ ਦਾ ਨਾਮ ਸ਼ਿਵਰਾਮ ਜੀ ਤੇ ਦਾਦੀ ਜੀ ਦਾ ਨਾਮ ਬਨਾਰਸੀ ਸੀ ।

ਪ੍ਰਸ਼ਨ ੭: ਗੁਰੂ ਜੀ ਦਾ ਦਾਦਕਾ ਪਿੰਡ ਕਿੱਥੇ ਸੀ ?

ਉੱਤਰ – ਗੁਰੂ ਜੀ ਦਾ ਦਾਦਕਾ ਪਿੰਡ ਡੇਰਾ ਸਾਹਿਬ (ਪੱਠੇ ਵਿੰਡ) ਜਿਲ੍ਹਾ ਤਰਨ ਤਾਰਨ, ਤਰਨ ਤਾਰਨ ਸਾਹਿਬ ਜੀ ਤੋਂ ਵੀਹ ਕਿਲੋਮੀਟਰ ਤੇ ਹੈ ।

ਪ੍ਰਸ਼ਨ ੮: ਗੁਰੂ ਜੀ ਦੇ ਨਾਨਕੇ ਕਿੱਥੇ ਸਨ, ਤੇ ਉਹਨਾਂ ਦੇ ਨਾਨਾ ਨਾਨੀ ਤੇ ਮਾਮਾ ਜੀ ਦਾ ਨਾਮ ਦੱਸੋ ?

ਉੱਤਰ – ਗੁਰੂ ਜੀ ਦੇ ਨਾਨਕੇ ਲਾਹੌਰ ਤੋਂ ੩੫ ਕਿਲੋਮੀਟਰ ਦੂਰ ਘਵਿੰਡੀ ਰੋਡ ਤੇ ਡੇਰਾ ਚਾਹਲ ਪਿੰਡ ਸੀ ,ਗੁਰੂ ਜੀ ਦੇ ਨਾਨਾ ਜੀ ਦਾ ਨਾਮ ਭਾਈ ਰਾਮਾ ਜੀ ,ਨਾਨੀ ਜੀ ਦਾ ਨਾਮ ਭਿਰਾਈ ਜੀ ਅਤੇ ਮਾਮਾ ਜੀ ਦਾ ਨਾਮ ਭਾਈ ਕ੍ਰਿਸ਼ਨਾ ਜੀ ਸੀ ।

ਪ੍ਰਸ਼ਨ ੯: ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਨੇਊ ਪਾਉਣ ਤੋਂ ਇਨਕਾਰ ਕਿਉਂ ਕੀਤਾ ਸੀ ?

ਉੱਤਰ – ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ੧੪ ਕੁ ਸਾਲ ਦੇ ਹੋਏ ਤਾਂ ਬਾਬਾ ਕਲਿਆਣ ਚੰਦ ਜੀ ਨੇ ਵਿਚਾਰਿਆ ਕੁਲਰੀਤੀ ਅਨੁਸਾਰ ਬ੍ਰਾਹਮਣ ਨੂੰ ਸਦ ਕੇ ਨਾਨਕ ਨੂੰ ਜਨੇਊ ਪੁਆ ਦਈਏ, ਹਿੰਦੂ ਰੀਤੀ ਅਨੁਸਾਰ ਜਨੇਊ ਜਨਾਨੀ ਜਾਂ ਨੀਵੀਂ ਜਾਤ ਵਾਲੇ ਨਹੀਂ ਪਾ ਸਕਦੇ ਹਨ, ਜਿਸ ਬ੍ਰਾਹਮਣ ਤੋਂ ਜਨੇਊ ਪਾਇਆ ਜਾਂਦਾ ਹੈ ਉਸ ਨੂੰ ਗੁਰੂ ਮੰਨਿਆ ਜਾਂਦਾ ਹੈ, ਇਸ ਕਰਕੇ ਗੁਰੂ ਜੀ ਨੇ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਸਾਡਾ ਗੁਰੂ ਬ੍ਰਾਹਮਣ ਨਹੀ ਇਕ ਅਕਾਲ ਪੁਰਖ ਹੈ । ਗੁਰੂ ਜੀ ਨੇ ਉਸ ਸਮੇਂ ਇਹ ਸਲੋਕ ਉਚਾਰਕੇ ਪੰਡਿਤ ਹਰਦਿਆਲ ਜੀ ਨੂੰ ਉਪਦੇਸ਼ ਦਿੱਤਾ ਸੀ ।

ਦਇਆ ਕਪਾਹ ਸੰਤੋਖ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥

ਗੁਰੂ ਜੀ ਨੇ ਪੰਡਤ ਹਰਦਿਆਲ ਜੀ ਨੂੰ ਕਿਹਾ ਜੇ ਤੁਹਾਡੇ ਪਾਸ ਇਹੋ ਜਿਹਾ ਜਨੇਊ ਹੈ ਤਾਂ ਮੇਰੇ ਗਲ ਪਾ ਦਿਓ ਧਾਗੇ ਦਾ ਜਨੇਊ ਅਸੀ ਨਹੀਂ ਪਾਉਣਾ ।

ਪ੍ਰਸ਼ਨ ੧੦: ਗੁਰੂਜੀ ਨੇ ਕਿੰਨੇ ਸਾਲ ਦੀ ਉਮਰ ਵਿਚ ਪਸ਼ੂ ਚਾਰੇ ਸਨ ?

ਉੱਤਰ – ਗੁਰੂ ਜੀਨੇ ੧੩ ਸਾਲ ਦੀ ਉਮਰ ਵਿਚ ਪਸ਼ੂ ਚਾਰੇ ਸਨ ।

ਪ੍ਰਸ਼ਨ ੧੧: ਜਦੋਂ ਗੁਰੂ ਜੀ ਪਸ਼ੂ ਚਾਰ ਦੇ ਹੋਏ ਅਰਾਮ ਕਰ ਰਹੇ ਸਨ , ਮੂੰਹ ਤੇ ਧੁਪ ਆਉਣ ਕਰਕੇ ਸੱਪ ਨੇ ਛਾਂ ਕੀਤੀ ਇਹ ਕੌਤਕ ਕਿਸਨੇ ਵੇਖਿਆ ?

ਉੱਤਰ – ਜਦੋਂ ਗੁਰੂ ਜੀ ਪਸ਼ੂ ਚਾਰਦੇ ਹੋਇ ਅਰਾਮ ਕਰ ਰਹੇ ਸਨ , ਮੂੰਹ ਤੇ ਧੁਪ ਆਉਣ ਕਰਕੇ ਸੱਪ ਨੇ ਛਾਂ ਕੀਤੀ, ਇਹ ਕੌਤਕ ਰਾਇ ਬੁਲਾਰ ਨੇ ਵੇਖਿਆ ਸੀ ।

ਪ੍ਰਸ਼ਨ ੧੨: ਰਾਇ ਬੁਲਾਰ ਕੌਣ ਸੀ ?

ਉੱਤਰ – ਰਾਇ ਬੁਲਾਰ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਦਾ ਹਾਕਮ ਸੀ ।

ਪ੍ਰਸ਼ਨ ੧੩ ਬਾਬਾ ਕਲਿਆਣ ਚੰਦ ਜੀ ਨੇ ਗੁਰੂ ਜੀ ਨੂੰ ਵੀਹ ਰੁਪਏ ਕੀ ਕਰਨ ਨੂੰ ਦਿੱਤੇ ਸਨ ?

ਉੱਤਰ – ਬਾਬਾ ਕਲਿਆਣ ਚੰਦ ਜੀ ਨੇ ਗੁਰੂ ਜੀ ਨੂੰ ਵਪਾਰ ਵਿਚ ਲਾਉਣ ਦੀ ਸੋਚ ਕੇ ਕਿਹਾ, ਪੁੱਤਰ ਜੀ ਵੀਹ ਰੁਪਏ ਲੈ ਕੇ ਜਾਓ ਤੇ ਕੋਈ ਨਫੇ-ਵੰਦਾ ਖਰਾ ਸੌਦਾ ਕਰਕੇ ਲਿਆਓ ।

ਪ੍ਰਸ਼ਨ ੧੪: ਗੁਰੂ ਜੀ ਕਿਸਨੂੰ ਨਾਲ ਲੈ ਕੇ ਖਰਾ ਸੌਦਾ ਕਰਨ ਗਏ ਸਨ ?

ਉੱਤਰ – ਗੁਰੂ ਜੀ ਭਾਈ ਬਾਲੇ ਨੂੰ ਨਾਲ ਲੈ ਕੇ ਖਰਾ ਸੌਦਾ ਕਰਨ ਗਏ ਸਨ ।

ਪ੍ਰਸ਼ਨ ੧੫ :ਗੁਰੂ ਜੀ ਨੇ ਕਿਸ ਤਰ੍ਹਾਂ ਦਾ ਨਫੇ-ਵੰਦਾ ਖਰਾ ਸੌਦਾ ਕੀਤਾ ਸੀ ?

ਉੱਤਰ –ਬਾਬਾ ਕਲਿਆਣ ਚੰਦ ਜੀ ਨੇ ਜੋ ਵੀਹ ਰੁਪਏ ਗੁਰੂ ਜੀ ਨੂੰ ਵਪਾਰ ਕਰਨ ਵਾਸਤੇ ਦਿਤੇ ਸਨ, ਉਸ ਮਾਇਆ ਦੀ ਗੁਰੂ ਜੀ ਸੰਤਾਂ ਨੂੰ ਲੰਗਰ ਵਾਸਤੇ ਰਸਦ ਲੈ ਕੇ ਦੇ ਆਏ ਸਨ ।

ਪ੍ਰਸ਼ਨ ੧੬ :ਜਦੋਂ ਬਾਬਾ ਕਲਿਆਣ ਚੰਦ ਜੀ ਗੁਰੂ ਜੀ ਨੂੰ ਚਪੇੜਾਂ ਮਾਰ ਰਹੇ ਸਨ ਤਾਂ ਕਿਸ ਨੇ ਛੁਡਾਇਆ ਸੀ ?

ਉੱਤਰ –ਜਦੋਂ ਬਾਬਾ ਕਲਿਆਣ ਚੰਦ ਜੀ ਗੁਰੂ ਜੀ ਨੂੰ ਚਪੇੜਾਂ ਮਾਰ ਰਹੇ ਸਨ ਤਾਂ ਇਸ ਮਾਰ ਤੋਂ ਗੁਰੂ ਜੀ ਨੂੰ ਬੇਬੇ ਨਾਨਕੀ ਜੀ ਨੇ ਛੁਡਾਇਆ ਸੀ ।

ਪ੍ਰਸ਼ਨ ੧੭:ਬਾਬਾ ਕਲਿਆਣ ਚੰਦ ਜੀ ਜਦੋਂ, ਰਾਇ ਬੁਲਾਰ ਨੂੰ ਵੀਹ ਰੁਪਏ ਮੋੜਨ ਗਏ ਸਨ ਤਾਂ ਰਾਇ ਬੁਲਾਰ ਨੇ ਕੀ ਕਿਹਾ ਸੀ ?

ਉੱਤਰ –ਰਾਇ ਬੁਲਾਰ ਨੇ ਬਾਬਾ ਕਲਿਆਣ ਚੰਦ ਜੀ ਨੂੰ ਕਿਹਾ!ਤੂੰ ਆਪਣੇ ਮਨ ਵਿੱਚੋਂ ਗੁੱਸਾ ਦੂਰ ਕਰ, ਤੇ ਗੁਰੂ ਜੀ ਵਲ ਇਸ਼ਾਰਾ ਕਰ ਕੇ ਕਿਹਾ ਮੈਂ ਇਹ ਮਾਇਆ ਇਨ੍ਹਾਂ ਤੋਂ ਉਧਾਰ ਲੈ ਕੇ ਤੈਨੂੰ ਦਿੱਤੀ ਹੈ ।

ਪ੍ਰਸਨ ੧੮:ਬੇਬੇ ਨਾਨਕੀ ਜੀ ਦੀ ਸ਼ਾਦੀ ਕਿਸ ਨਾਲ ਹੋਈ ਸੀ ਤੇ ਉਹ ਕਿੱਥੋਂ ਦੇ ਰਹਿਣ ਵਾਲੇ ਸਨ ?

ਉੱਤਰ – ਬੇਬੇ ਨਾਨਕੀ ਜੀ ਦੀ ਸ਼ਾਦੀ ਪਰਮਾਨੰਦ ਜੀ ਦੇ ਪੁੱਤਰ ਜੈਰਾਮ ਜੀ ਨਾਲ ਹੋਈ ਸੀ , ਉਹ ਸੁਲਤਾਨਪੁਰ ਲੋਧੀ(ਕਪੂਰਥਲਾ) ਦੇ ਰਹਿਣ ਵਾਲੇ ਸਨ ।

ਪ੍ਰਸ਼ਨ ੧੯:ਗੁਰੂ ਜੀ ਨੂੰ ਆਪਣੇ ਜੀਜੇ ਕੋਲ ਕਿਸਨੇ ਭੇਜਿਆ ਸੀ ?

ਉੱਤਰ – ਗੁਰੂ ਜੀ ਨੂੰ ਆਪਣੇ ਜੀਜੇ ਕੋਲ ਰਾਇਬੁਲਾਰ ਨੇ ਭੇਜਿਆ ਸੀ ।

ਪ੍ਰਸ਼ਨ ੨੦: ਗੁਰੂ ਜੀ ਆਪਣੇ ਜੀਜਾ ਜੀ ਕੋਲ ਜਾ ਕੇ ਕਿਹੜੇ ਕੰਮ ਤੇ ਲੱਗੇ ਸਨ ?

ਉੱਤਰ – ਗੁਰੂ ਜੀ ਆਪਣੇ ਜੀਜਾ ਜੀ ਕੋਲ ਜਾ ਕੇ ਮੋਦੀਖਾਨੇ ਦੇ ਕੰਮ ਤੇ ਲੱਗੇ ਸਨ ।

ਪ੍ਰਸ਼ਨ ੨੧ :ਜਦੋਂ ਬੇਬੇ ਨਾਨਕੀ ਜੀ ਨੇ ਗੁਰੂ ਜੀ ਦੇ ਚਰਨਾ ਤੇ ਮੱਥਾ ਟੇਕਿਆ ਤਾਂ ਗੁਰੂ ਜੀ ਨੇ ਕੀ ਕਿਹਾ ਸੀ ?

ਉੱਤਰ –ਜਦੋਂ ਗੁਰੂ ਜੀ ਸੁਤਲਾਨਪੁਰ ਜੈ ਰਾਮ ਜੀ ਦੇ ਘਰ ਪਹੁੰਚੇ ਤਾਂ ਬੇਬੇ ਨਾਨਕੀ ਜੀ ਨੇ ਆਪ ਜੀ ਨੂੰ ਮੱਥਾ ਟੇਕਿਆ । ਗੁਰੂ ਜੀ ਨੇ ਕਿਹਾ ਭੈਣ ਜੀ!ਤੁਸੀਂ ਤਾਂ ਉਲਟੀ ਗੱਲ ਕਰ ਦਿਤੀ ਹੈ । ਭੈਣ ਜੀ ਨੇ ਕਿਹਾ ਮੈਂ ਆਪ ਜੀ ਨੂੰ ਛੋਟਾ ਭਰਾ ਨਹੀਂ ਜਾਣਦੀ, ਮੈਂ ਆਪ ਜੀ ਨੂੰ ਪਰਮੇਸ਼ਰ ਦਾ ਰੂਪ ਕਰਕੇ ਜਾਣਦੀ ਹਾਂ ।

ਪ੍ਰਸ਼ਨ ੨੨: ਮੋਦੀਖਾਨਾ ਕਿਸਨੂੰ ਕਹਿੰਦੇ ਹਨ, ਉਹ ਕਿਸਦਾ ਸੀ ?

ਉੱਤਰ – ਮੋਦੀਖਾਨਾ ਸੁਲਤਾਨਪੁਰ ਲੋਧੀ ਦੇ ਹਾਕਮ ਨਵਾਬ ਦੌਲਤ ਖਾਂ ਦਾ ਸੀ ਮੋਦੀਖਾਨੇ ਤੋਂ ਲੋਕਾਂ ਨੂੰ ਸਸਤੇ ਭਾ ਤੇ ਚੀਜਾਂ ਮਿਲਦੀਆਂ ਸਨ ।

ਪ੍ਰਸ਼ਨ ੨੩:ਦੌਲਤ ਖਾਂ ਨੇ ਗੁਰੂ ਜੀ ਨੂੰ ਵੇਖ ਕੇ ਕੀ ਕਿਹਾ ਤੇ ਕੀ ਦਿੱਤਾ ਸੀ ?

ਉੱਤਰ –ਦੌਲਤ ਖਾਂ ਨੇ ਗੁਰੂ ਜੀ ਦਾ ਰੂਪ ਵੇਖ ਕੇ ਕਿਹਾ ਇਹ ਮੋਦੀ ਖਾਨੇ ਦਾ ਕੰਮ ਚਲਾ ਸਕਦੇ ਹਨ । ਨਵਾਬ ਨੇ ਖੁਸ਼ ਹੋ ਕੇ ਗੁਰੂ ਜੀ ਨੂੰ ਇਕ ਚੋਲ਼ਾ ਤੇ ਮੋਦੀ ਖਾਨੇ ਦਾ ਕੰਮ ਸ਼ੁਰੂ ਕਰਨ ਵਾਸਤੇ ਇਕ ਹਜ਼ਾਰ ਰੁਪਏ ਦਿੱਤੇ ਸਨ ।

ਪ੍ਰਸ਼ਨ ੨੪: ਗੁਰੂ ਜੀ ਨੇ ਮੋਦੀਖਾਨਾ ਕਰਦੇ ਸਮੇਂ ਸਿੱਖ ਧਰਮ ਦੇ ਕਿਹੜੇ ਅਸੂਲ ਕਮਾ ਕੇ ਵਿਖਾਏ ਸਨ ?

ਉੱਤਰ – ਗੁਰੂ ਜੀ ਨੇ ਮੋਦੀਖਾਨਾ ਕਰਦੇ ਸਮੇ ਸਿੱਖ ਧਰਮ ਦੇ ਤਿੰਨ ਅਸੂਲ ਕਮਾ ਕੇ ਵਿਖਾਏ ਸਨ ,ਕਿਰਤ ਕਰਨੀ,ਨਾਮ ਜਪਣਾ , ਤੇ ਵੰਡ ਕੇ ਛਕਣਾ ।

ਪ੍ਰਸ਼ਨ ੨੫: ਗੁਰੂ ਜੀ ਦਾ ਵਿਆਹ ਕਿਤਨੇ ਸਾਲ ਦੀ ਉਮਰ ਵਿਚ ਹੋਇਆ ਅਤੇ ਬਰਾਤ ਕਿੱਥੋਂ ਚਲਕੇ ਕਿੱਥੇ ਗਈ ਸੀ ?

ਉੱਤਰ – ਗੁਰੂ ਜੀ ਦਾ ਵਿਆਹ ੧੮ ਸਾਲ ਦੀ ਉਮਰ ਵਿਚ ਹੋਇਆ ਸੀ ,ਬਰਾਤ ਸੁਲਤਾਨਪੁਰ ਤੋਂ ਚਲ ਕੇ ਬਟਾਲ਼ੇ ਗਈ ਸੀ ।

ਪ੍ਰਸ਼ਨ ੨੬: ਗੁਰੂ ਜੀ ਦੇ ਸੱਸ ਤੇ ਸਹੁਰਾ ਜੀ ਦਾ ਨਾਮ ਕੀ ਸੀ ਤੇ ਉਹ ਕੀ ਕੰਮ ਕਰਦੇ ਸਨ ?

ਉੱਤਰ – ਗੁਰੂ ਜੀ ਦੇ ਸੱਸ ਦਾ ਨਾਮ ਚੰਦੋ ਰਾਣੀ , ਤੇ ਸਹੁਰੇ ਜੀ ਦਾ ਨਾਮ ਮੂਲਚੰਦ ਸੀ, ਉਹ ਪਟਵਾਰੀ ਦਾ ਕੰਮ ਕਰਦੇ ਸਨ ।

ਪ੍ਰਸ਼ਨ ੨੭: ਜਿੱਥੇ ਗੁਰੂ ਜੀ ਮੋਦੀਖਾਨਾ ਕਰਦੇ ਸਨ , ਉਸ ਅਸਥਾਨ ਦਾ ਹੁਣ ਕੀ ਨਾਮ ਹੈ ?

ਉੱਤਰ – ਜਿੱਥੇ ਗੁਰੂ ਜੀ ਮੋਦੀਖਾਨਾ ਕਰਦੇ ਸਨ ਉਸ ਅਸਥਾਨ ਦਾ ਨਾਮ ਹੁਣ ਗੁਰਦੁਆਰਾ ਹੱਟ ਸਾਹਿਬ ਹੈ ।

ਪ੍ਰਸ਼ਨ ੨੮: ਗੁਰੂ ਜੀ ਦੇ ਕਿੰਨੇ ਪੁੱਤਰ ਸਨ ਉਹਨਾਂ ਦੇ ਨਾਮ ਦੱਸੋ ?

ਉੱਤਰ – ਗੁਰੂ ਜੀ ਦੇ ਦੋ ਪੁੱਤਰ ਸ੍ਰੀ ਚੰਦ ਜੀ ਤੇ ਲਖਮੀ ਦਾਸ ਜੀ ਸਨ ।

ਪ੍ਰਸ਼ਨ ੨੯: ਗੁਰੂ ਜੀ ਦੇ ਮੋਦੀਖਾਨਾ ਕਰਦੇ ਸਮੇਂ ਕਿਹੜਾ ਸਿੱਖ ਗੁਰੂ ਜੀ ਦੇ ਨਾਲ ਸੀ ?

ਉੱਤਰ – ਗੁਰੂ ਜੀ ਦੇ ਮੋਦੀਖਾਨਾ ਕਰਦੇ ਸਮੇਂ ਭਾਈ ਬਾਲਾ ਜੀ ਗੁਰੂ ਜੀ ਦੇ ਨਾਲ ਸਨ ।

ਪ੍ਰਸ਼ਨ ੩੦: ਭਾਈ ਬਾਲੇ ਨੇ ਗੁਰੂ ਜੀ ਕੋਲੋਂ ਕੀ ਵਰ ਮੰਗਿਆ ਸੀ ?

ਉੱਤਰ – ਭਾਈ ਬਾਲੇ ਨੇ ਕਿਹਾ, ''ਗੁਰੂ ਜੀ ! ਮੈਨੂੰ ਇਹ ਵਰ ਦਿਓ ਕਿ ਮੈਂ ਆਪ ਜੀ ਦਾ ਹੁਕਮ ਕਦੀ ਵੀ ਨਾ ਮੋੜਾਂ, ਸਦਾ ਹੀ ਮੰਨਦਾ ਰਹਾਂ ।

ਪ੍ਰਸ਼ਨ ੩੧: ਭਾਈ ਬਾਲੇ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਭਾਈ ਬਾਲੇ ਨੂੰ ਕੀ ਕਿਹਾ ਸੀ ?

ਉੱਤਰ – ਗੁਰੂ ਜੀ ਨੇ ਭਾਈ ਬਾਲੇ ਨੂੰ ਕਿਹਾ, ਤੂੰ ਸਾਡਾ ਮਿੱਤਰ ਹੈਂ, ਤੇਰਾ ਮਨ ਸਦਾ ਕਰਤਾਰ ਵਲ ਲੱਗਾ ਰਹੇਗਾ ।

ਪ੍ਰਸ਼ਨ ੩੨: ਭਾਈ ਭਗੀਰਥ ਜੀ ਕਿੱਥੋਂ ਦੇ ਰਹਿਣ ਵਾਲੇ ਸਨ ?

ਉੱਤਰ – ਭਾਈ ਭਗੀਰਥ ਜੀ ਮਲਸੀਹਾਂ (ਜਲੰਧਰ) ਦੇ ਰਹਿਣ ਵਾਲੇ ਸਨ ।

ਪ੍ਰਸ਼ਨ ੩੩: ਭਾਈ ਭਗੀਰਥ ਜੀ ਗੁਰੂ ਜੀ ਦੀ ਸਰਨ ਵਿੱਚ ਆਉਣ ਤੋਂ ਪਹਿਲਾਂ ਕਿਸ ਦੇ ਪੁਜਾਰੀ ਸਨ ?

ਉੱਤਰ – ਭਾਈ ਭਗੀਰਥ ਜੀ ਗੁਰੂ ਜੀ ਦੀ ਸਰਨ ਵਿਚ ਆਉਣ ਤੋਂ ਪਹਿਲਾਂ ਕਾਲਕਾ ਦੇਵੀ ਦੇ ਪੁਜਾਰੀ ਸਨ ।

ਪ੍ਰਸ਼ਨ ੩੪: ਜਦੋਂ ਭਾਈ ਭਗੀਰਥ ਜੀ ਨੂੰ ਕਾਲਕਾ ਦੇਵੀ ਜੀ ਦੇ ਦਰਸਨ ਹੋਏ ਤਾਂ ਉਹਨਾ ਨੇ ਕੀ ਦਾਤ ਮੰਗੀ ਸੀ ?

ਉੱਤਰ – ਜਦੋਂ ਭਾਈ ਭਗੀਰਥ ਜੀ ਨੂੰ ਕਾਲਕਾ ਦੇਵੀ ਜੀ ਦੇ ਦਰਸਨ ਹੋਏ ਤਾਂ ਉਸਨੇ ਮੁਕਤੀ ਦੀ ਦਾਤ ਮੰਗੀ ਸੀ ।

ਪ੍ਰਸ਼ਨ ੩੫: ਕਾਲਕਾ ਦੇਵੀ ਜੀ ਨੇ ਭਾਈ ਭਗੀਰਥ ਜੀ ਨੂੰ ਮੁਕਤੀ ਦੀ ਦਾਤ ਪ੍ਰਾਪਤ ਕਰਨ ਵਾਸਤੇ ਕਿੱਥੇ ਭੇਜਿਆ ਸੀ ?

ਉੱਤਰ – ਕਾਲਕਾ ਦੇਵੀ ਜੀ ਨੇ ਭਾਈ ਭਗੀਰਥ ਜੀ ਨੂੰ ਮੁਕਤੀ ਦੀ ਦਾਤ ਪ੍ਰਾਪਤ ਕਰਨ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਸੁਲਤਾਨਪੁਰ ਭੇਜਿਆ ਸੀ ।

ਪ੍ਰਸ਼ਨ ੩੬: ਮਰਦਾਨੇ ਨੇ ਗੁਰੂ ਜੀ ਨੂੰ ਆਪਣਾ ਸੁਲਤਾਨਪੁਰ ਆਉਣ ਦਾ ਕੀ ਮਨੋਰਥ ਦਸਿਆ ਸੀ ?

ਉੱਤਰ– ਮਰਦਾਨੇ ਨੇ ਤਲਵੰਡੀ ਤੋਂ ਆ ਕੇ ਗੁਰੂ ਜੀ ਪਾਸ ਬੇਨਤੀ ਕੀਤੀ, ਆਪ ਜੀ ਨੇ ਕਿਹਾ ਸੀ ਮਰਦਾਨੇ ਤੂੰ ਬੇਦੀ ਕੁਲ ਦਾ ਮਰਾਸੀ ਹੈਂ । ਜੋ ਕੁਝ ਮੰਗਣਾ ਹੈ ਸਾਡੇ ਕੋਲੋਂ ਮੰਗੀ, ਹੋਰ ਕਿਸੇ ਕੋਲੋਂ ਨਾ ਮੰਗੀਂ ।ਮੈਂ ਆਪ ਜੀ ਦਾ ਬਚਨ ਚੇਤੇ ਕਰਕੇ ਇੱਥੇ ਆਇਆ ਹਾਂ । ਮੇਰੀ ਪੁੱਤਰੀ ਦੀ ਸ਼ਾਦੀ ਹੈ । ਸ਼ਾਦੀ ਵਿਚ ਖਰਚੇ ਦੀ ਬਹੁਤ ਲੋੜ ਹੈ । ਇਤਨਾ ਖਰਚਾ ਕਰਨ ਦੀ ਸਾਡੇ ਵਿਚ ਤਾਕਤ ਨਹੀਂ ਹੈ । ਆਪ ਜੀ ਮੇਰੀ ਬੇਨਤੀ ਪਰਵਾਨ ਕਰਕੇ ਸ਼ਾਦੀ ਵਾਸਤੇ ਲੋੜੀਂਦੀਆਂ ਵਸਤੂਆਂ ਦਿਓ ।

ਪ੍ਰਸ਼ਨ ੩੭: ਗੁਰੂ ਜੀ ਨੇ ਭਾਈ ਭਗੀਰਥ ਨੂੰ ਵਿਆਹ ਦਾ ਸਮਾਨ ਲੈਣ ਵਾਸਤੇ ਕਿਥੇ ਭੇਜਿਆ ਸੀ ?

ਉੱਤਰ – ਗੁਰੂ ਜੀ ਨੇ ਭਗੀਰਥ ਨੂੰ ਵਿਆਹ ਦਾ ਸਮਾਨ ਲੈਣ ਵਾਸਤੇ ਲਾਹੌਰ ਭੇਜਿਆ ਸੀ ।

ਪ੍ਰਸ਼ਨ ੩੮: ਭਾਈ ਭਗੀਰਥ ਜੀ ਕਿਸਨੂੰ ਗੁਰ ਸਿੱਖੀ ਦੀ ਪ੍ਰਾਪਤੀ ਕਰਾਉਣ ਵਾਸਤੇ ਆਪਣੇ ਨਾਲ ਲਾਹੌਰ ਤੋਂ ਲੈ ਕੇ ਗੁਰੂ ਜੀ ਪਾਸ ਆਏ ਸਨ ?

ਉੱਤਰ – ਭਾਈ ਭਗੀਰਥ ਜੀ ਮਨਸੁਖ ਸ਼ਾਹੂਕਾਰ ਨੂੰ ਗੁਰ ਸਿੱਖੀ ਦੀ ਦਾਤ ਪ੍ਰਾਪਤ ਕਰਾਉਣ ਵਾਸਤੇ ਲਾਹੌਰ ਤੋਂ ਆਪਣੇ ਨਾਲ ਲਿਆਏ ਸਨ ।

ਪ੍ਰਸ਼ਨ ੩੯: ਜਦੋਂ ਲਾਹੌਰ ਤੋਂ ਗੁਰੂ ਜੀ ਪਾਸ ਭਾਈ ਭਗੀਰਥ ਤੇ ਮਨਸੁਖ ਆਏ ਤਾਂ ਗੁਰੂ ਜੀ ਨੇ ਕੀ ਕਿਹਾ ਸੀ ?

ਉੱਤਰ – ਗੁਰੂ ਜੀ ਨੇ ਦੋਵਾਂ ਨੂੰ ਆਉਂਦਿਆ ਵੇਖ ਕੇ ਕਿਹਾ, ਭਗੀਰਥ ਪਰਉਪਕਾਰੀ ਆਓ । ਪਹਿਲਾ ਇਹ ਮਨਸੁਖ ਕਚਾ ਸੀ । ਹੁਣ ਅਪਣਾ ਨਾਮ ਸਚਾ ਮਨਸੁਖ ਕਰਨਾ ਚਾਹੁੰਦਾ ਹੈ ।

ਪ੍ਰਸ਼ਨ ੪੦: ਗੁਰੂ ਜੀ ਨੇ ਮਨਸੁਖ ਨੂੰ ਸਚੇ ਸੁਖ ਦੀ ਪ੍ਰਾਪਤੀ ਕਿਸ ਤਰ੍ਹਾਂ ਦਸੀ ?

ਉੱਤਰ –ਗੁਰੂ ਜੀ ਨੇ ਕਿਹਾ ਪੂਰਾ ਗੁਰੂ ਧਾਰਨ ਤੋਂ ਬਗੈਰ ਮਨੁਖ ਜਨਮ–ਮਰਨ ਤੋਂ ਨਹੀਂ ਛੁਟਦਾ । ਇਸ ਕਰਕੇ ਹੰਗਤਾ–ਮਮਤਾ,ਮੇਰ–ਤੇਰ ਨੂੰ ਛਡ ਕੇ ਪ੍ਰੇਮ ਨਾਲ ਮਨ ਲਗਾ ਕੇ ਵਾਹਿਗੁਰੂ ਜਪ । ਇਹ ਸਚੇ ਸੁਖ ਦੀ ਪ੍ਰਾਪਤੀ ਹੈ ।

ਪ੍ਰਸ਼ਨ ੪੧: ਜਿੱਥੋਂ ਗੁਰੂ ਜੀ ਵੇਈਂ ਨਦੀ ਵਿੱਚੋਂ ਚੁੱਭੀ ਲਾ ਕੇ ਸਚਖੰਡ ਨੂੰ ਗਏ ਸਨ , ਉਸ ਅਸਥਾਨ ਦਾ ਨਾਮ ਕੀ ਹੈ ?

ਉੱਤਰ – ਜਿੱਥੋਂ ਗੁਰੂ ਜੀ ਵੇਈਂ ਨਦੀ ਵਿੱਚੋਂ ਚੁੱਭੀ ਲਾਕੇ ਸਚਖੰਡ ਨੂੰ ਗਏ ਸਨ , ਉਸ ਅਸਥਾਨ ਦਾ ਨਾਮ ਗੁਰਦੁਆਰਾ ਬੇਰ ਸਾਹਿਬ ਹੈ ।

ਪ੍ਰਸ਼ਨ ੪੨: ਜਦੋਂ ਦੌਲਤ ਖਾਂ ਨੂੰ ਗੁਰੂ ਜੀ ਦੇ ਸੇਵਕ ਨੇ ਦਸਿਆ ਕਿ ਨਾਨਕ ਜੀ ਵੇਈਂ ਵਿਚ ਇਸ਼ਨਾਨ ਕਰਨ ਗਏ ਸਨ ਉਹ ਬਾਹਰ ਨਹੀਂ ਨਿਕਲੇ, ਤਾਂ ਉਸ ਨੇ ਕੀ ਕੀਤਾ ਸੀ ?

ਉੱਤਰ – ਜਦੋਂ ਦੌਲਤ ਖਾਂ ਨੇ ਸੁਣਿਆਂ ਕਿ ਨਾਨਕ ਜੀ ਅੰਮ੍ਰਿਤ ਵੇਲੇ ਵੇਈਂ ਤੇ ਇਸ਼ਨਾਨ ਕਰਨ ਗਏ ਸੀ ਪਰ ਬਾਹਰ ਨਹੀਂ ਨਿਕਲੇ । ਉਹ ਉਸੇ ਵੇਲੇ ਘੋੜੇ ਤੇ ਚੜ੍ਹ ਕੇ ਵੇਈਂ ਤੇ ਗਿਆਂ ਤੇ ਗੁਰੂ ਜੀ ਦੀ ਭਾਲ ਕਰਨ ਵਾਸਤੇ ਮਲਾਹਾਂ ਨੂੰ ਸਦਿਆ । ਜਦੋਂ ਗੁਰੂ ਜੀ ਨਹੀਂ ਲਭੇ ਤਾਂ ਉਸ ਨੇ ਕਿਹਾ , ਇਹੋ ਜਿਹਾ ਨੇਕ ਮੋਦੀ ਮੁੜ ਕੇ ਮੈਂਨੂੰ ਨਹੀਂ ਮਿਲਣਾ ।

ਪ੍ਰਸ਼ਨ ੪੩: ਸਚਖੰਡ ਤੋਂ ਵਾਪਸ ਆ ਕੇ ਗੁਰੂ ਜੀ ਜਿਸ ਅਸਥਾਨ ਤੋਂ ਪ੍ਰਗਟ ਹੋਏ ਸਨ ਉਸ ਅਸਥਾਨ ਦਾ ਨਾਮ ਕੀ ਹੈ ?

ਉੱਤਰ – ਸਚਖੰਡ ਤੋਂ ਵਾਪਸ ਆ ਕੇ ਗੁਰੂ ਜੀ ਜਿਸ ਅਸਥਾਨ ਤੋਂ ਪ੍ਰਗਟ ਹੋਏ ਸਨ ਉਸ ਅਸਥਾਨ ਦਾ ਨਾਮ ਗੁਰਦੁਆਰਾ ਸੰਤ ਘਾਟ ਹੈ ।

ਪ੍ਰਸ਼ਨ ੪੪: ਗੁਰੂ ਜੀ ਤੇ ਪਰਮੇਸ਼ਰ ਦਾ ਅਵਤਾਰ ਹੋਣ ਦਾ ਪੂਰਾ ਨਿਸਚਾ ਕਿਸ ਨੂੰ ਸੀ ?

ਉੱਤਰ –ਗੁਰੂ ਜੀ ਤੇ ਪਰਮੇਸ਼ਰ ਦਾ ਅਵਤਾਰ ਹੋਣ ਦਾ ਪੂਰਾ ਨਿਸਚਾ ਬੇਬੇ ਨਾਨਕੀ ਜੀ, ਅਤੇ ਰਾਇ ਬੁਲਾਰ ਜੀ ਨੂੰ ਸੀ ।

ਪ੍ਰਸ਼ਨ ੪੫: ਜਦੋਂ ਗੁਰੂ ਜੀ ਤੀਜੇ ਦਿਨ ਵੇਈਂ ਤੋਂ ਬਾਹਰ ਆਏ ਤਾਂ ਮੋਦੀ ਖਾਨੇ ਨੂੰ ਕੀ ਕੀਤਾ ਸੀ ?

ਉੱਤਰ –ਜਦੋਂ ਗੁਰੂ ਜੀ ਤੀਜੇ ਦਿਨ ਵੇਈਂ ਤੋਂ ਬਾਹਰ ਆਏ ਤਾਂ ਮੋਦੀ ਖਾਨਾ ਲੁਟਾ ਦਿੱਤਾ ਸੀ ।

ਪ੍ਰਸ਼ਨ ੪੬: ਜਦੋਂ ਇਕ ਸਾਲ ਦਾ ਮੋਦੀ ਖਾਨੇ ਦਾ ਹਿਸਾਬ ਹੋਇਆਂ ਤਾਂ ਗੁਰੂ ਜੀ ਦਾ ਕਿਤਨਾ ਵਾਧਾ ਨਿਕਲਿਆ ਸੀ ?

ਉੱਤਰ – ਜਦੋਂ ਇੱਕ ਸਾਲ ਦਾ ਮੋਦੀ ਖਾਨੇ ਦਾ ਹਿਸਾਬ ਹੋਇਆ ਤਾਂ ਗੁਰੂ ਜੀ ਦੇ ਸਤ ਸੌ ਸਠ (੭੬੦) ਰੁਪਈਏ ਬਾਕੀ ਨਿਕਲੇ ਸਨ ।

ਪ੍ਰਸ਼ਨ ੪੭: ਦੌਲਤ ਖਾਂ ਨੇ ਗੁਰੂ ਜੀ ਦੀ ਮਾਇਆ ਕਿਸ ਨੂੰ ਦੇਣ ਦਾ ਫੈਸਲਾ ਕੀਤਾ ਸੀ ?

ਉੱਤਰ –ਦੌਲਤ ਖਾਂ ਨੇ ਅੱਧੀ ਮਾਇਆ ਗੁਰੂ ਜੀ ਦੇ ਪਰਿਵਾਰ ਨੂੰ ਤੇ ਅੱਧੀ ਮਾਇਆ ਸਾਧਾਂ ਨੂੰ ਦੇਣ ਦਾ ਫੈਸਲਾ ਕੀਤਾ ਸੀ ।

ਪ੍ਰਸ਼ਨ ੪੮ : ਸਮਸ਼ਾਨ ਘਾਟ ਵਿਚ ਬੈਠ ਕੇ ਗੁਰੂ ਜੀ ਨੇ ਕੀ ਨਾਹਰਾ ਲਾਇਆ ਸੀ ?

ਉੱਤਰ – ਸਨਸ਼ਾਨ ਘਾਟ ਵਿਚ ਬੈਠ ਕੇ ਗੁਰੂ ਜੀ ਨੇ ਨਾਹਰਾ ਲਾਇਆ ਸੀ ,ਨਾ ਕੋਈ ਹਿੰਦੂ ਨਾ ਮੁਸਲਮਾਨ ।

ਪ੍ਰਸ਼ਨ ੪੯ : ਗੁਰੂ ਜੀ ਦਾ ਇਹ ਨਾਹਰਾ ਸੁਣ ਕੇ ਕਾਜੀ ਨੇ ਗੁਰੂ ਜੀ ਨੂੰ ਕੀ ਕਿਹਾ ਸੀ ?

ਉੱਤਰ – ਗੁਰੂ ਜੀ ਦਾ ਇਹ ਨਾਹਰਾ ਸੁਣ ਕੇ ਕਾਜੀ ਨੇ ਕਿਹਾ ,ਜੇ ਤੁਸੀਂ ਹਿੰਦੂਆਂ ਤੇ ਮੁਸਲਮਾਨਾਂ ਨੂੰ ਇੱਕੋ ਜਿਹਾ ਜਾਣਦੇ ਹੋ ਤਾਂ ਸਾਡੇ ਨਾਲ ਮਸੀਤ ਵਿਚ ਚਲ ਕੇ ਨਮਾਜ ਪੜ੍ਹੋ ।

ਪ੍ਰਸ਼ਨ ੫੦ : ਮਸੀਤ ਵਿਚ ਜਾ ਕੇ ਗੁਰੂ ਜੀ ਨੇ ਕੀ ਕੀਤਾ ?

ਉੱਤਰ – ਮਸੀਤ ਵਿਚ ਜਾ ਕੇ ਕਾਜੀ ਤੇ ਨਵਾਬ ਨਮਾਂਜ ਪੜ੍ਹਨ ਲਗ ਪਏ ਤੇ ਗੁਰੂ ਜੀ ਚੁਪ ਕਰਕੇ ਖਲੋਤੇ ਰਹੇ ।

ਪ੍ਰਸ਼ਨ ੫੧ : ਜਦੋਂ ਨਵਾਬ ਤੇ ਕਾਜੀ ਨੇ ਗੁਰੂ ਜੀ ਨੂੰ ਕਿਹਾ ਤੁਸੀਂ ਸਾਡੇ ਨਾਲ ਨਮਾਜ ਕਿਉਂ ਨਹੀਂ ਪੜ੍ਹੀ ਤਾਂ ਗੁਰੂ ਜੀ ਨੇ ਕੀ ਉੱਤਰ ਦਿੱਤਾ ?

ਉੱਤਰ – ਗੁਰੂ ਜੀ ਨੇ ਕਿਹਾ ! ਨਵਾਬ ਦਾ ਮਨ ਤਾਂ ਕਾਬਲੋਂ ਘੋੜੇ ਖਰੀਦ ਰਿਹਾ ਸੀ , ਕਾਜੀ ਤੇਰੇ ਘਰ ਵਿਚ ਨਵੀਂ ਘੋੜੀ ਸੂਈ ਹੈ, ਤੈਨੂੰ ਡਰ ਸੀ ਕਿਤੇ ਘੋੜੀ ਦਾ ਵਛੇਰਾ ਖੂਹੀ ਵਿਚ ਨਾ ਡਿਗ ਪਵੇ , ਇਹ ਕਾਹਦੀ ਨਮਾਜ ਹੋਈ , ਇਹ ਉੱਤਰ ਸੁਣ ਕੇ ਸਾਰੇ ਹੈਰਾਨ ਹੋ ਗਏ ।

ਪ੍ਰਸ਼ਨ ੫੨ : ਗੁਰੂ ਜੀ ਨੇ ਸੱਚੀ ਨਮਾਜ ਸੱਚੀ ਪੂਜਾ ਸੱਚੀ ਭਗਤੀ ਕਿਸਨੂੰ ਕਿਹਾ ?

ਉੱਤਰ – ਗੁਰੂ ਜੀ ਨੇ ਕਿਹਾ –ਸੱਚੀ ਨਮਾਜ , ਸੱਚੀ ਪੂਜਾ, ਸੱਚੀ ਭਗਤੀ ਤਾ ਹੀ ਸਮਝੀ ਜਾਂਦੀ ਹੈ , ਜੇ ਮਨ ਸੰਸਾਰ ਵਿਚ ਰਹਿੰਦਿਆਂ ਪਰਮੇਸ਼ਰ ਵੱਲ ਜੋੜਿਆ ਹੋਵੇ ।

ਪ੍ਰਸ਼ਨ ੫੩: ਬਾਬਾ ਕਲਿਆਣ ਚੰਦ ਜੀ ਨੇ ਮਰਦਾਨੇ ਨੂੰ ਗੁਰੂ ਜੀ ਪਾਸ ਕਿਉਂ ਭੇਜਿਆ ਸੀ ?

ਉੱਤਰ – ਬਾਬਾ ਕਾਲਿਆਣ ਚੰਦ ਜੀ ਨੂੰ ਤਲਵੰਡੀ ਜਾ ਕੇ ਕਿਸੇ ਨੇ ਦੱਸਿਆ, ਆਪ ਜੀ ਦਾ ਪੁੱਤਰ ਨਾਨਕ ਮੋਦੀ ਖਾਨਾ ਛਡ ਕੇ ਫ਼ਕੀਰ ਬਣ ਗਿਆ ਹੈ। ਇਹ ਸੁਣ ਕੇ ਬਾਬਾ ਕਾਲਿਆਣ ਚੰਦ ਜੀ ਨੇ ਮਰਦਾਨੇ ਨੂੰ ਸੁਲਤਾਨਪੁਰ ਗੁਰੂ ਜੀ ਦੀ ਖ਼ਬਰ ਲੈਣ ਭੇਜਿਆ ਸੀ ।

ਪ੍ਰਸ਼ਨ ੫੪: ਗੁਰੂ ਜੀ ਨੇ ਮਰਦਾਨੇ ਨੂੰ ਰਬਾਬ ਲੈਣ ਕਿਥੇ ਤੇ ਕਿਸ ਦੇ ਪਾਸ ਭੇਜਿਆ ਸੀ ?

ਉੱਤਰ – ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, ਦੱਖਣ ਵਾਲੇ ਪਾਸੇ ਜਿੱਥੇ ਦੋ ਨਦੀਆਂ ਮਿਲਦੀਆਂ ਹਨ । ਉਹਨਾਂ ਦੇ ਵਿਚਕਾਰ ਇਕ ਪਿੰਡ ਹੈ । ਉੱਥੇ ਜਾ ਕੇ ਰਬਾਬੀ ਫਿਰੰਦੇ ਦਾ ਨਾਮ ਪੁੱਛ ਕੇ ਉਸ ਕੋਲੋਂ ਰਬਾਬ ਲਿਆ ।

ਪ੍ਰਸ਼ਨ ੫੫: ਭਾਈ ਫਿਰੰਦੇ ਨੇ ਮਰਦਾਨੇ ਨੂੰ ਰਬਾਬ ਬਾਰੇ ਕੀ ਕਿਹਾ ਸੀ ?

ਉੱਤਰ – ਭਾਈ ਫਿਰੰਦੇ ਨੇ ਮਰਦਾਨੇ ਨੂੰ ਕਿਹਾ, ਇਹ ਰਬਾਬ ਇਸ ਲੋਕ ਦੀ ਨਾ ਜਾਣ । ਤੂੰ ਗੁਰੂ ਨਾਨਕ ਦੇਵ ਜੀ ਤੋਂ ਬਗੈਰ ਇਹ ਰਬਾਬ ਹੋਰ ਕਿਸੇ ਅੱਗੇ ਨਹੀਂ ਵਜਾਉਣੀ ।

ਪ੍ਰਸ਼ਨ ੫੬ : ਪਹਿਲੀ ਉਦਾਸੀ ਧਾਰ ਕੇ ਗੁਰੂ ਜੀ ਕਿੱਥੋਂ ਕਿੱਥੇ ਗਏ ਤੇ ਕਿਸਨੂੰ ਨਾਲ ਲੈ ਕੇ ਗਏ ਸਨ ?

ਉੱਤਰ – ਪਹਿਲੀ ਉਦਾਸੀ ਧਾਰ ਕੇ ਗੁਰੂ ਜੀ ਸੁਲਤਾਨਪੁਰ ਤੋਂ ਐਮਨਾਬਾਦ (ਪਾਕਿਸਤਾਨ) ਭਾਈ ਮਰਦਾਨੇ ਨੂੰ ਨਾਲ ਲੈ ਕੇ ਭਾਈ ਲਾਲੋ ਜੀ ਪਾਸ ਗਏ ਸਨ ।

ਪ੍ਰਸ਼ਨ ੫੭ : ਭਾਈ ਲਾਲੋ ਜੀ ਕੀ ਕੰਮ ਕਰਦੇ ਸਨ ?

ਉੱਤਰ – ਭਾਈ ਲਾਲੋ ਜੀ ਤਰਖਾਣ ਦਾ ਕੰਮ ਕਰਦੇ ਸਨ ।

ਪ੍ਰਸ਼ਨ ੫੮ : ਐਮਨਾਬਾਦ ਬ੍ਰਹਮ ਭੋਜ ਕਿਸ ਨੇ ਕਰਵਾਇਆ ਸੀ ?

ਉੱਤਰ – ਐਮਨਾਬਾਦ ਬ੍ਰਹਮ ਭੋਜ ਮਲਕ ਭਾਗੋ ਨੇ ਕਰਵਾਇਆ ਸੀ ।

ਪ੍ਰਸ਼ਨ ੫੯: ਜਦੋਂ ਮਲਕ ਭਾਗੋ ਨੇ ਗੁਰੂ ਜੀ ਨੂੰ ਕਿਹਾ , ਤੁਸੀ ਮੇਰੇ ਘਰ ਬ੍ਰਹਮ ਭੋਜ ਛਕਣ ਵਾਸਤੇ ਕਿਉਂ ਨਹੀਂ ਆਏ ਤੁਸੀ ਇਸ ਵਿਚ ਕੀ ਖੋਟ ਵੇਖਿਆ ਤਾਂ ਸਤਿਗੁਰੂ ਜੀ ਨੇ ਉਸਦਾ ਸੰਸਾ ਕਿਸ ਪ੍ਰਕਾਰ ਦੂਰ ਕੀਤਾ ?

ਉੱਤਰ – ਉਸ ਵਖਤ ਗੁਰੂ ਜੀ ਨੇ ਮਲਕ ਭਾਗੋ ਤੋਂ ਭੋਜਨ ਮੰਗਵਾਇਆ ਤੇ ਭਾਈ ਲਾਲੋ ਤੋਂ ਵੀ ਕੋਧਰੇ ਦੀ ਰੋਟੀ ਮੰਗਵਾਈ ਉਹ ਦੋਵੇਂ ਹੱਥਾਂ ਦੀਆਂ ਮੁੱਠਾਂ ਵਿਚ ਅਡ-ਅਡ ਘੁਟੀਆਂ ਤਾਂ ਮਲਕ ਭਾਗੋ ਦੇ ਘਿਉ ਵਿਚ ਤਲੇ ਪਦਾਰਥਾਂ ਵਿੱਚੋਂ ਲਹੂ ਚੋਣ ਲਗ ਪਿਆ ਅਤੇ ਭਾਈ ਲਾਲੋ ਦੇ ਕੋਧਰੇ ਦੀ ਰੋਟੀ ਵਿੱਚੋਂ ਦੁਧ ਚੋਣ ਲਗ ਪਿਆ ਸੀ।

ਪ੍ਰਸ਼ਨ ੬੦ : ਗੁਰੂ ਜੀ ਨੇ ਦੋਨਾਂ ਦੀ ਕਮਾਈ ਕਿਸ ਤਰ੍ਹਾਂ ਦੀ ਦੱਸੀ ?

ਉੱਤਰ – ਗੁਰੂ ਜੀ ਨੇ ਕਿਹਾ ਭਾਈ ਲਾਲੋ ਧਰਮ ਦੀ ਕਿਰਤ ਕਰਦਾ ਹੈ ਇਸ ਕਰਕੇ ਉਸ ਦੇ ਕੋਧਰੇ ਦੀ ਰੋਟੀ ਵਿੱਚੋਂ ਦੁਧ ਨਿਕਲਿਆ ਹੈ ਤੂੰ ਗਰੀਬਾਂ ਦਾ ਲਹੂ ਨਿਚੋੜ ਕੇ ਪਾਪਾਂ ਦੀ ਕਮਾਈ ਕੀਤੀ ਹੈ ਇਸ ਕਰਕੇ ਤੇਰੇ ਘਿਉ ਤਲੇ ਪਦਾਰਥਾਂ ਵਿੱਚੋਂ ਲਹੂ ਨਿਕਲਿਆ ਹੈ, ਅਸੀਂ ਤੇਰੇ ਪਾਪਾਂ ਦੀ ਕਮਾਈ ਦਾ ਭੋਜਨ ਕਿਉਂ ਖਾਈਏ ।

ਪ੍ਰਸ਼ਨ ੬੧: ਕਾਮਰੂਪ ਦੇਸ ਕਿਥੇ ਹੈ ?

ਉੱਤਰ –ਅੱਜ ਕਲ੍ਹ ਅਸਾਮ ਦਾ ਇਕ ਜਿਲ੍ਹਾ ਕਾਮਰੂਪ ਹੈ ।

ਪ੍ਰਸ਼ਨ ੬੨:ਜਦੋਂ ਮਰਦਾਨਾ ਸ਼ਹਿਰ ਵਿਚ ਭੋਜਨ ਛਕਣ ਵਾਸਤੇ ਗਿਆ ਤਾਂ ਉਸ ਦੀ ਕਿਸ ਤਰ੍ਹਾਂ ਦੀ ਸੇਵਾ ਹੋਈ ਸੀ ?

ਉੱਤਰ –ਜਦੋਂ ਮਰਦਾਨਾ ਸ਼ਹਿਰ ਵਿਚ ਭੋਜਨ ਛਕਣ ਵਾਸਤੇ ਗਿਆ । ਉਸ ਨੇ ਉੱਥੇ ਸੁੰਦਰ ਰੂਪ ਵਾਲੀਆਂ ਇਸਤਰੀਆਂ ਵੇਖੀਆਂ । ਉਨ੍ਹਾਂ ਨੇ ਜਦੋਂ ਮਰਦਾਨੇ ਨੂੰ ਵੇਖਿਆ, ਤਾਂ ਉਹਨਾਂ ਵਿੱਚੋਂ ਇਕ ਨੇ ਮਰਦਾਨੇ ਦੇ ਗਲ਼ ਵਿਚ ਮੰਤਰਿਆ ਧਾਗਾ ਪਾ ਦਿਤਾ । ਮਰਦਾਨਾ ਉਸੇ ਵੇਲੇ ਭੇਡੂ ਬਣ ਗਿਆ । ਉਹਨਾਂ ਨੇ ਉਸ ਦੇ ਗਲ਼ ਵਿਚ ਰਸੀ ਪਾ ਕੇ ਬੰਨ੍ਹ ਦਿਤਾ ।

ਪ੍ਰਸ਼ਨ ੬੩: ਜਿੱਥੇ ਭਾਈ ਮਰਦਾਨੇ ਨੂੰ ਭੇਡੂ ਬਣਾ ਕੇ ਬੰਨਿਆਂ ਸੀ, ਜਦੋਂ ਗੁਰੂ ਜੀ ਤੇ ਭਾਈ ਬਾਲਾ ਜੀ ਉੱਥੇ ਗਏ ਤਾਂ ਉਹਨਾਂ ਜਾਦੂਗਰਨੀਆਂ ਨੇ ਗੁਰੂ ਜੀ ਨਾਲ ਕੀ ਵਿਹਾਰ ਕੀਤਾ ਤੇ ਉਸਦਾ ਉਹਨਾਂ ਤੇ ਕੀ ਅਸਰ ਹੋਇਆ ਸੀ ?

ਉੱਤਰ –ਜਿੱਥੇ ਭਾਈ ਮਰਦਾਨੇ ਨੂੰ ਭੇਡੂ ਬਣਾ ਕੇ ਬੰਨਿਆਂ ਸੀ, ਜਦੋਂ ਗੁਰੂ ਜੀ ਉਸ ਘਰ ਵਿਚ ਗਏ, ਉਹਨਾਂ ਇਸਤਰੀਆਂ ਵਿੱਚੋਂ ਦੋਹਾਂ ਜਣੀਆਂ ਨੇ ਉੱਠ ਕੇ ਆਪਣੇ ਹੱਥਾਂ ਵਿਚ ਧਾਗਾ ਲਿਆ ਤੇ ਮੰਤਰ ਪੜ੍ਹਦੀਆਂ ਨੇ ਜਦੋਂ ਇਕ ਭਾਈ ਬਾਲੇ ਦੇ ਗਲ਼ ਵਿਚ ਧਾਗਾ ਪਾਉਣ ਲਗੀ, ਤਾਂ ਉਹ ਆਪ ਹੀ ਭੇਡੂ ਬਣ ਗਈ । ਦੂਜੀ ਗੁਰੂ ਜੀ ਦੇ ਗਲ਼ ਵਿਚ ਧਾਗਾ ਪਾਉਣ ਵਾਸਤੇ ਅੱਗੇ ਹੋਈ ਤਾਂ ਉਹ ਕੁੱਤੀ ਬਣ ਗਈ ।

ਪ੍ਰਸ਼ਨ ੬੪: ਜਦੋਂ ਉਹਨਾਂ ਜਨਾਨੀਆਂ ਦੇ ਪਤੀਆਂ ਨੇ ਗੁਰੂ ਜੀ ਤੋਂ ਉਨ੍ਹਾਂ ਦੀ ਗਲਤੀ ਦੀ ਮੁਆਫੀ ਮੰਗੀ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਕੀ ਸਿਖਿਆ ਦਿੱਤੀ ਸੀ ?

ਉੱਤਰ –ਗੁਰੂ ਜੀ ਨੇ ਉਨ੍ਹਾਂ ਜਨਾਨੀਆਂ ਦੇ ਪਤੀਆਂ ਨੂੰ ਕਿਹਾ ਤੁਸੀਂ ਸਾਡੀ ਸਿਖੀ ਧਾਰਨ ਕਰੋ । ਧਰਮਸ਼ਾਲਾ ਬਣਾਉ । ਉੱਥੇ ਦੋਵੇਂ ਸਮੇਂ ਸਤਿਸੰਗ ਵਿੱਚ ਪ੍ਰਮੇਸ਼ਰ ਦਾ ਸਿਮਰਨ ਕਰੋ । ਸਿੱਖਾਂ ਸੰਤਾਂ ਦੀ ਸੇਵਾ ਕਰੋ,ਧਰਮ ਦੀ ਕਿਰਤ ਕਰੋ, ਤੁਹਾਡਾ ਭਲਾ ਹੋਵੇਗਾ,ਅੰਤ ਸਮੇਂ ਤੁਹਾਡੇ ਗਲ਼ ਜਮਾ ਦੀ ਫਾਹੀ ਨਹੀਂ ਪਵੇਗੀ ।

ਪ੍ਰਸ਼ਨ ੬੫: ਜਦੋਂ ਮਰਦਾਨਾ ਪਾਣੀ ਪੀਣ ਗਿਆ ਤਾਂ ਉਸ ਦੀ ਕਿਸ ਤਰ੍ਹਾਂ ਦੀ ਸੇਵਾ ਹੋਈ ਸੀ ?

ਉੱਤਰ –ਜਦੋਂ ਮਰਦਾਨਾ ਕਿਸੇ ਦੇ ਘਰ ਪਾਣੀ ਪੀਣ ਗਿਆ, ਉਸ ਘਰਵਾਲੀ ਜਨਾਨੀ ਨੇ ਪਾਣੀ ਪਿਆਉਣ ਦੇ ਬਹਾਨੇ ਮਰਦਾਨੇ ਦੇ ਗਲ਼ ਵਿਚ ਮੰਤਰਿਆਂ ਧਾਗਾ ਪਾ ਦਿਤਾ । ਉਹ ਉਸੇ ਵੇਲੇ ਭੇਡੂ ਬਣ ਗਿਆ। ਉਸ ਨੂੰ ਕਿਲੇ ਨਾਲ ਬੰਨ ਦਿਤਾ ।

ਪ੍ਰਸ਼ਨ ੬੬: ਉਸ ਜਨਾਨੀ ਦੇ ਸਿਰ ਤੋਂ ਘੜਾ ਕਿਸ ਤਰ੍ਹਾ ਉਤਰਿਆ ਸੀ ?

ਉੱਤਰ –ਜਦੋਂ ਉਨ੍ਹਾਂ ਜਾਦੂਗਰਨੀਆਂ ਦਾ ਕੋਈ ਜਾਦੂ ਨਾ ਚਲਿਆ, ਤਾਂ ਜਿਸ ਜਨਾਨੀ ਦੇ ਸਿਰ ਤੇ ਘੜਾ ਜੁੜਿਆ ਸੀ ਉਹ ਅਤ ਦੁਖੀ ਸੀ । ਉਸਨੇ ਨੂਰ ਸ਼ਾਹ ਨੂੰ ਆਪਣੀ ਗਲਤੀ ਦੱਸ ਕੇ ਕਿਹਾ ਮੈਨੂੰ ਇੰਨ੍ਹਾਂ ਸੰਤਾਂ ਤੋਂ ਮੁਆਫੀ ਦਿਵਾ ਦਿਓ । ਇਹ ਸੁਣ ਕੇ ਨੂਰ ਸ਼ਾਹ ਨੇ ਜਾਣ ਲਿਆ ਇਹ ਪੀਰਾਂ ਦੇ ਪੀਰ ਹਨ । ਉਹ ਘਿਗਿਆ ਕੇ ਗੁਰੂ ਜੀ ਦੇ ਚਰਨੀ ਪੈ ਗਈ, ਤੇ ਬੇਨਤੀਆ ਕਰਨ ਲੱਗੀ ਅਸੀਂ ਆਪ ਜੀ ਦਾ ਭੇਦ ਨਹੀਂ ਜਾਣ ਸਕੀਆਂ । ਸਾਡੀ ਖਤਾ ਬਖਸੋ । ਕ੍ਰਿਪਾ ਕਰਕੇ ਇਸ ਦੇ ਸਿਰ ਤੋਂ ਘੜਾ ਉਤਾਰ ਦਿਓ । ਗੁਰੂ ਜੀ ਨੇ ਇਨ੍ਹਾਂ ਦੀ ਨਿਮਰਤਾ ਵੇਖ ਕੇ ਕਿਹਾ, ਤੁਸੀਂ ਵਾਹਿਗੁਰੂ ਕਹਿ ਕੇ ਇਸ ਦੇ ਸਿਰ ਤੋਂ ਘੜਾ ਉਤਾਰ ਲਓ । ਗੁਰੂ ਜੀ ਤੋਂ ਇਹ ਸੁਣ ਕੇ ਉਨ੍ਹਾਂ ਨੇ ਵਾਹਿਗੁਰੂ ਆਖ ਕੇ ਘੜਾ ਉਤਾਰ ਲਿਆ ।

ਪ੍ਰਸ਼ਨ ੬੭: ਗੁਰੂ ਜੀ ਨੇ ਉਨ੍ਹਾਂ ਨੂੰ ਕੀ ਉਪਦੇਸ ਦਿਤਾ ਸੀ ?

ਉੱਤਰ –ਜਦੋਂ ਉਨ੍ਹਾਂ ਨੇ ਬਹੁਤ ਅਧੀਨਗੀ ਦੇ ਬਚਨ ਕਹੇ ਤਾਂ ਗੁਰੂ ਜੀ ਨੇ ਚਰਨ ਪਾਹੁਲ ਦੇ ਕੇ ਉਨ੍ਹਾਂ ਨੂੰ ਸਿਖੀ ਦੀ ਦਾਤ ਬਖਸ਼ੀ । ਉੱਥੇ ਧਰਮਸ਼ਾਲਾ ਬਣਵਾਈ ਤੇ ਸਤਿਸੰਗਤ ਕਰਨ ਦੀ ਰੀਤੀ ਤੋਰੀ ਤੇ ਕਿਹਾ ਹਮੇਸ਼ਾ ਵਾਹਿਗੁਰੂ ਜਪੋ, ਜੋ ਸਾਰੇ ਦੁਖਾਂ ਨੂੰ ਨਾਸ ਕਰਨ ਵਾਲਾ ਹੈ । ਪਿਛਲੀ ਰੀਤੀ ਛਡ ਕੇ ਆਏ ਗਏ ਦੀ ਸੇਵਾ ਕਰੋ । ਇਸ ਤਰ੍ਹਾਂ ਉਨ੍ਹਾਂ ਨੂੰ ਭਾਉ ਭਗਤੀ ਦਾ ਉਪਦੇਸ਼ ਦਿਤਾ ।

ਪ੍ਰਸ਼ਨ ੬੮: ਮਰਦਾਨੇ ਨੂੰ ਬਚਾਉਣ ਵਾਸਤੇ ਗੁਰੂ ਜੀ ਕੌਡੇ ਕੋਲ ਕਿੰਨੇ ਕੋਹ ਤੋਂ ਇਕ ਛਿਨ ਵਿਚ ਗਏ ਸਨ ?

ਉੱਤਰ -ਮਰਦਾਨੇ ਨੂੰ ਬਚਾਉਣ ਵਾਸਤੇ ਗੁਰੂ ਜੀ ਕੌਡੇ ਕੋਲ ੧੧ ਕੋਹ ਤੋਂ ਭਾਈ ਬਾਲੇ ਦੀ ਬਾਂਹ ਫੜ੍ਹ ਕੇ ਇਕ ਛਿਨ ਵਿਚ ਗਏ ਸਨ ।

ਪ੍ਰਸ਼ਨ ੬੯: ਕੌਡੇ ਦਾ ਤੱਤੇ ਤੇਲ ਦਾ ਕੜਾਹਾ ਕਿਸ ਤਰ੍ਹਾਂ ਠੰਡਾ ਹੋਇਆ ਤੇ ਉਸ ਨੇ ਕੀ ਕਿਹਾ ਸੀ ?

ਉੱਤਰ - ਜਦੋਂ ਤੇਲ ਅੱਗ ਸਮਾਨ ਤਪ ਗਿਆ ਤਾਂ ਕੌਡੇ ਨੇ ਮਰਦਾਨੇ ਨੂੰ ਫੜ੍ਹ ਕੇ ਤੇਲ ਵਿਚ ਪਾ ਦਿੱਤਾ । ਮਰਦਾਨਾ ਘਿਗਿਆ ਕੇ ਕਹਿਣ ਲਗਾ ਗੁਰੂ ਜੀ ਮੈਨੂੰ ਰੱਖ ਲਉ ਮੈਂ ਆਪ ਜੀ ਦੀ ਸ਼ਰਨ ਹਾਂ । ਮਰਦਾਨੇ ਦਾ ਸਰੀਰ ਲਗਣ ਨਾਲ ਹੀ ਤੇਲ ਠੰਡਾ ਹੋ ਗਿਆ । ਉਦੋਂ ਗੁਰੂ ਜੀ ਨੇ ਆਪਣਾ ਸਰੂਪ ਕੌਡੇ ਨੂੰ ਵਿਖਾਇਆ । ਵੇਖਦਿਆਂ ਹੀ ਉਸ ਨੇ ਕਿਹਾ, ਤੂੰ ਕੌਣ ਹੈਂ ਤੇ ਕਿੱਥੋਂ ਆਇਆਂ ਹੈਂ । ਮੇਰਾ ਤਪਦਾ ਕੜਾਹਾ ਠੰਡਾ ਕਰ ਦਿਤਾ ਹੈ ।

ਪ੍ਰਸ਼ਨ ੭੦: ਗੁਰੂ ਜੀ ਨੂੰ ਕੌਡੇ ਨੇ ਆਪਣਾ ਪਿਛਲਾ ਬ੍ਰਿਤਾਂਤ ਕੀ ਦਸਿਆ ਸੀ ?

ਉੱਤਰ -ਕੌਡੇ ਨੇ ਕਿਹਾ ਮੇਰਾ ਪਿਛਲਾ ਜਨਮ ਬ੍ਰਾਹਮਣ ਦਾ ਸੀ , ਮੈਨੂੰ ਵਿਦਿਆ ਪੜ੍ਹ ਕੇ ਬਹੁਤ ਹੰਕਾਰ ਹੋ ਗਿਆ ਸੀ ।ਇਕ ਦਿਨ ਮੇਰੇ ਤਤ ਬੇਤੇ ਗੁਰੂ ਜੀ ਸਾਡੇ ਘਰ ਆਏ । ਮੈਂ ਉੱਠ ਕੇ ਉਨ੍ਹਾਂ ਦਾ ਸਤਿਕਾਰ ਨਹੀਂ ਕੀਤਾ । ਮੇਰੇ ਗੁਰੂ ਜੀ ਨੇ ਆਪਣੀ ਨਿਰਾਦਰੀ ਵੇਖ ਕੇ ਮੈਨੂੰ ਸਰਾਪ ਦਿਤਾ ! ਕਿਹਾ ਤੂੰ ਐਸੀ ਉਲਟੀ ਮੱਤ ਆਪਣੇ ਮਨ ਵਿਚ ਧਾਰੀ ਹੈ, ਹੇ ਹੰਕਾਰੀ ਮੇਰਾ ਤਾਂ ਕੁਝ ਨਹੀਂ ਵਿਗੜਨਾ, ਜੇ ਤੂੰ ਇਸ ਦਾ ਫਲ ਨਾ ਪਾਏਂਗਾ ਤਾਂ ਜਗਤ ਵਿਚ ਸ੍ਰੇਸਟ ਮਤ ਖਤਮ ਹੋ ਜਾਵੇਗੀ । ਇਸ ਕਰਕੇ ਤੂੰ ਦੈਂਤ ਦਾ ਸਰੀਰ ਧਾਰ ਕੇ ਆਪਣੇ ਮਾੜੇ ਕੰਮਾਂ ਦਾ ਫਲ਼ ਭੋਗ ।

ਪ੍ਰਸ਼ਨ ੭੧: ਗੁਰੂ ਜੀ ਨੇ ਕੌਡੇ ਨੂੰ ਕਿਸ ਅਸਥਾਨ ਤੇ ਰਹਿ ਕੇ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਕਿਹਾ ਸੀ ?

ਉੱਤਰ -ਕੌਡੇ ਨੂੰ ਵਾਹਿਗੁਰੂ ਨਾਮ ਦਾ ਉਪਦੇਸ਼ ਦੇ ਕੇ ਪ੍ਰਮੇਸ਼ਰ ਦੀ ਭਗਤੀ ਵਿਚ ਜੋੜ ਕੇ ਪੂਰਾ ਸੰਤ ਬਣਾ ਦਿੱਤਾ । ਉੱਥੋਂ ਉਸ ਨੂੰ ਨਾਲ ਲੈ ਕੇ ਜਬਲਪੁਰ (ਮੱਧ ਪ੍ਰਦੇਸ਼) ਮੜ੍ਹਾ ਤਾਲ ਗੁਰਦੁਆਰੇ ਵਾਲੇ ਅਸਥਾਨ ਤੇ ਰਹਿ ਕੇ ਗੁਰਸਿਖੀ ਦਾ ਪ੍ਰਚਾਰ ਕਰਨ ਵਾਸਤੇ ਕਿਹਾ ਸੀ ।

ਪ੍ਰਸ਼ਨ ੭੨: ਮੱਕਾ ਕਿੱਥੇ ਹੈ ?

ਉੱਤਰ -ਮੱਕਾ ਸਾਊਦੀ ਅਰਬ ਵਿਚ ਭਾਰਤ ਤੋਂ ਪੱਛਮ ਵਲ ਹੈ ।

ਪ੍ਰਸ਼ਨ ੭੩: ਗੁਰੂ ਜੀ ਨੇ ਹਾਜੀਆਂ ਨੂੰ ਕਿਤਾਬ ਦਾ ਪੜ੍ਹਨਾ ਕਿੰਨੇ ਪ੍ਰਕਾਰ ਦਾ ਦਸਿਆ ਸੀ ?

ਉੱਤਰ -ਗੁਰੂ ਜੀ ਨੇ ਹਾਜੀਆਂ ਨੂੰ ਕਿਤਾਬ ਦਾ ਪੜ੍ਹਨਾ ਤਿੰਨ ਪ੍ਰਕਾਰ ਦਾ ਦਸਿਆ । ਇਹਨਾਂ ਦੇ ਲਛਣ ਇਸ ਤਰ੍ਹਾਂ ਹਨ ਜੋ ਪੜ੍ਹ ਕੇ ਸਾਰਿਆਂ ਨੂੰ ਹੁਜਤ ਕਰਨੀ, ਇਹ ਹਡ ਖਾਣ ਦੀ ਤਰ੍ਹਾਂ ਹੈ । ਜਿਹੜਾ ਪੜ੍ਹ ਕੇ ਵਡਾ ਜਾਂ ਪੂਜਨੀਕ ਬਣਨਾ ਆਪਣੀ ਸੇਵਾ ਕਰਾਉਣੀ, ਇਹ ਗੋਸਤ ਖਾਣ ਦੀ ਤਰ੍ਹਾਂ ਹੈ । ਜਿਹੜੇ ਪੜ੍ਹ ਕੇ ਖੁਦਾ ਦਾ ਨਾਮ ਜਪਦੇ ਹਨ, ਸਾਰਿਆਂ ਵਿਚ ਖੁਦਾ ਨੂੰ ਹਾਜ਼ਰ ਜਾਣ ਕੇ ਸਾਰਿਆਂ ਦਾ ਭਲਾ ਮੰਗਦੇ ਹਨ । ਇਸ ਪੜ੍ਹਾਈ ਦਾ ਨਾਮ ਮਗਜ਼ ਖਾਣਾ ਹੈ ।

ਪ੍ਰਸ਼ਨ ੭੪: ਜਦੋਂ ਮਰਦਾਨਾ ਕਾਬੇ ਵਿਚ ਗਿਆ ਤਾਂ ਉਸ ਨੇ ਉੱਥੇ ਕੀ ਵੇਖਿਆ ਸੀ ?

ਉੱਤਰ -ਜਦੋਂ ਮਰਦਾਨਾ ਕਾਬੇ ਵਿੱਚ ਗਿਆ ਤਾਂ ਉਸਨੇ ਉੱਥੇ ਇਕ ਕਾਲਾ ਪੱਥਰ ਵੇਖਿਆ ।

ਪ੍ਰਸ਼ਨ ੭੫: ਜੀਵਨ ਨਾਮੇ ਕਾਜੀ ਨੇ ਗੁਰੂ ਜੀ ਨਾਲ ਕਿਹੋ ਜਿਹਾ ਸਲੂਕ ਕੀਤਾ ਤੇ ਉਸ ਦਾ ਕੀ ਫਲ ਨਿਕਲਿਆ ਸੀ ?

ਉੱਤਰ -ਗੁਰੂ ਜੀ ਰਾਤ ਨੂੰ ਕਾਬੇ ਵਲ ਪੈਰ ਕਰਕੇ ਲੰਮੇ ਪਏ ਸਨ । ਅੰਮ੍ਰਿਤ ਵੇਲੇ ਜੀਵਨ ਨਾਮੇ ਇਕ ਕਾਜੀ ਝਾੜੂ ਫੇਰਨ ਵਾਸਤੇ ਆਇਆ । ਉਸ ਨੇ ਗੁਰੂ ਜੀ ਨੂੰ ਬੜੇ ਗੁੱਸੇ ਨਾਲ ਲੱਤ ਮਾਰੀ ਤੇ ਖੋਟੇ ਬਚਨ ਬੋਲ ਕੇ ਕਹਿਣ ਲਗਾ, ਤੂੰ ਕਿੱਥੋਂ ਆਇਆ ਹੈਂ । ਤੂੰ ਰਸੂਲ ਦੇ ਮੰਦਰ ਵੱਲ ਪੈਰ ਕੀਤੇ ਹਨ । ਤੈਨੂੰ ਕੋਈ ਸ਼ਰਮ ਨਹੀਂ ਤੂੰ ਹਿੰਦੂ ਹੈਂ ਕਿ ਮੁਸਲਮਾਨ ? ਇੱਥੋਂ ਨਿਕਲ ਜਾਹ ।

ਪ੍ਰਸਨ ੭੬ :ਗੁਰੂ ਜੀ ਨੇ ਜੀਵਨ ਨੂੰ ਕੀ ਉੱਤਰ ਦਿੱਤਾ ?

ਉੱਤਰ - ਗੁਰੂ ਜੀ ਨੇ ਜੀਵਨ ਨੂੰ ਕਿਹਾ, ਮੈਂ ਪੈਂਡਾ ਕਰਕੇ ਥਕਿਆ ਹਾਂ । ਮੈਨੂੰ ਕੋਈ ਖ਼ਬਰ ਨਹੀਂ ਪੈਰ ਕਿਧਰ ਕਰਨੇ ਹਨ । ਜਿਸ ਪਾਸੇ ਖੁਦਾ ਦਾ ਘਰ ਨਹੀਂ ਉਸ ਪਾਸੇ ਸਾਡੇ ਪੈਰ ਫੜ ਕੇ ਕਰ ਦੇ ।

ਪ੍ਰਸਨ ੭੭ :ਗੁਰੂ ਜੀ ਦੇ ਬਚਨ ਸੁਣ ਕੇ ਜੀਵਨ ਕਾਜੀ ਨੇ ਕੀ ਕੀਤਾ ?

ਉੱਤਰ- ਗੁਰੂ ਜੀ ਦੇ ਬਚਨ ਸੁਣ ਕੇ ਜੀਵਨ ਨੇ ਗੁਰੂ ਦੇ ਚਰਨ ਫੜ੍ਹ ਕੇ ਜੋਰ ਨਾਲ ਘਸੀਟ ਕੇ ਦੂਜੇ ਪਾਸੇ ਕਰ ਦਿੱਤੇ । ਕਾਬਾ ਵੀ ਗੁਰੂ ਜੀ ਦੇ ਚਰਨਾਂ ਨਾਲ ਦੂਜੇ ਪਾਸੇ ਫਿਰ ਗਿਆ । ਉਹ ਜਿਧਰ-ਜਿਧਰ ਗੁਰੂ ਜੀ ਦੇ ਚਰਨ ਕਰੇ ਉੱਧਰ-ਉੱਧਰ ਹੀ ਕਾਬਾ ਫਿਰੀ ਜਾਵੇ । ਇਹ ਵੇਖ ਕੇ ਉਹ ਖਲੋ ਗਿਆ ।

ਪ੍ਰਸ਼ਨ ੭੮: ਖੁਨਾਂਕ ਨਾਮੇ ਬਾਦਸ਼ਾਹ ਨੇ ਸ਼ਿਵ ਲਿੰਗ ਨੂੰ ਕੀ ਕਰਵਾਇਆ ਸੀ ਤੇ ਉਸ ਦਾ ਕੀ ਫਲ ਨਿਕਲਿਆ ?

ਉੱਤਰ -ਗੁਰੂ ਜੀ ਨੇ ਕਿਹਾ ਇਸ ਦੇਸ਼ ਵਿਚ ਇਕ ਖੁਨਾਂਕ ਨਾਮੇ ਤੁਰਕ ਰਾਜਾ ਹੋਇਆ ਹੈ । ਇਸ ਸ਼ਿਵ ਲਿੰਗ ਨੂੰ ਦੇਖ ਕੇ ਉਸ ਨੂੰ ਬਹੁਤ ਗੁਸਾ ਆਇਆ । ਉਸ ਨੇ ਆਪਣੇ ਸੇਵਕਾਂ ਨੂੰ ਆਖ ਕੇ ਸ਼ਿਵਲਿੰਗ ਨੂੰ ਦੂਰ ਸੁੱਟਵਾ ਦਿੱਤਾ, ਉਦੋਂ ਸਾਰੇ ਦੇਸ ਵਿਚ ਅੱਗ ਲਗ ਗਈ ।

ਪ੍ਰਸ਼ਨ ੭੯: ਸੁਪਨੇ ਵਿਚ ਸ਼ਿਵਜੀ ਨੇ ਬਾਦਸ਼ਾਹ ਨੂੰ ਕੀ ਕਿਹਾ ਸੀ ?

ਉੱਤਰ –ਜਦੋਂ ਰਾਤ ਨੂੰ ਬਾਦਸ਼ਾਹ ਸੁੱਤਾ ਤਾਂ ਸੁਪਨੇ ਵਿਚ ਸ਼ਿਵਜੀ ਨੇ ਕਿਹਾ, ਇਸ ਜਗ੍ਹਾ ਮੇਰਾ ਮੰਦਰ ਬਣਾ ਕੇ, ਉਸ ਵਿਚ ਸ਼ਿਵ ਲਿੰਗ ਨੂੰ ਟਿਕਾਉ । ਉਸ ਮੰਦਰ ਅੰਦਰ ਅੱਖਾਂ ਮੂੰਦ ਕੇ ਜਾਉ । ਸਾਰੇ ਕਾਰਜ ਸਿੱਧ ਹੋ ਜਾਣਗੇ । ਜੋ ਇਸ ਤਰ੍ਹਾਂ ਨਹੀਂ ਜਾਵੇਗਾ ਉਹ ਅੰਨ੍ਹਾ ਹੋ ਜਾਵੇਗਾ ।

ਪ੍ਰਸ਼ਨ ੮੦: ਮਰਦਾਨੇ ਨੇ ਬਾਰਾਂ ਦਿਨਾਂ ਦਾ ਰਸਤਾ ਨੇੜੇ ਕਿਉਂ ਦੱਸਿਆ ਸੀ ?

ਉੱਤਰ –ਗੁਰੂ ਜੀ ਨੇ ਮਰਦਾਨੇ ਨੂੰ ਕਿਹਾ ਮਦੀਨਾ ਇੱਥੋਂ ੧੨ ਦਿਨਾਂ ਦਾ ਰਸਤਾ ਬਹੁਤ ਦੂਰ ਹੈ । ਮਰਦਾਨੇ ਨੇ ਕਿਹਾ ਨੇੜੇ ਹੀ ਹੈ ਅਸੀਂ ਉੱਥੇ ਛੇਤੀ ਚਲੇ ਜਾਵਾਂਗੇ । ਪ੍ਰਭੂ ਜੀ ਆਪ ਜੀ ਦੀ ਕ੍ਰਿਪਾ ਨਾਲ ਕਈ ਹਜ਼ਾਰ ਕੋਹ ਛੇਤੀ ਆ ਗਏ ਹਾਂ ।

ਪ੍ਰਸ਼ਨ ੮੧:ਜਦੋਂ ਗੁਰੂ ਜੀ ਮੁਹੰਮਦ ਸਾਹਿਬ ਜੀ ਦੀ ਕਬਰ ਕੋਲ ਗਏ ਤਾਂ ਕਬਰ ਨੇ ਗੁਰੂ ਜੀ ਦਾ ਸਤਿਕਾਰ ਕਿਸ ਤਰ੍ਹਾਂ ਕੀਤਾ ਸੀ ?

ਉੱਤਰ –ਜਦੋਂ ਗੁਰੂ ਜੀ ਮੁਹੰਮਦ ਸਾਹਿਬ ਜੀ ਦੀ ਕਬਰ ਕੋਲ ਗਏ ਤਾਂ ਉੱਥੇ ਬਹੁਤ ਮੁਲਾਣੇ ਕਬਰ ਦੀ ਸੇਵਾ ਕਰ ਰਹੇ ਸਨ । ਗੁਰੂ ਜੀ ਨੂੰ ਵੇਖ ਕੇ ਮੁਲਾਣੇ ਕਹਿਣ ਲੱਗੇ, ਤੂੰ ਕੌਣ ਹੈਂ, ਖੜਾਵਾਂ ਪਾ ਕੇ ਇੱਥੇ ਆਇਆ ਹੈਂ । ਤੇਰੀ ਮੱਤ ਅਣਜਾਣ ਹੈਂ । ਤੇਰੀ ਇਹ ਜਿਆਰਤ ਕਰਨ ਦੀ ਰੀਤੀ ਨਹੀਂ ਹੈ । ਤੂੰ ਮੁਹੰਮਦ ਸਾਹਿਬ ਦਾ ਅਦਬ ਨਹੀਂ ਧਾਰਿਆ ਤੂੰ ਪਿੱਛੇ ਹਟ ਜਾਹ ।

ਪ੍ਰਸ਼ਨ ੮੨: ਗੁਰੂ ਜੀ ਨੇ ਮੁਲਾਣਿਆਂ ਦੀ ਗਲ ਸੁਣ ਕੇ ਕੀ ਉਚਾਰਿਆ ?

ਤੁੱਤਰ – ਗੁਰੂ ਜੀ ਨੇ ਮੁਲਾਣਿਆਂ ਦੀ ਗਲ ਸੁਣ ਕੇ ਇਕ ਸ਼ਬਦ ਉਚਾਰਿਆ । ਉਸੇ ਵੇਲੇ ਮੁਹੰਮਦ ਸਾਹਿਬ ਦੀ ਕਬਰ ਆਪਣੀ ਜਗ੍ਹਾ ਤੋਂ ਉੱਠ ਕੇ ਗੁਰੂ ਜੀ ਦੇ ਚਰਨਾਂ ਤੇ ਝੁੱਕੀ ਤੇ ਆਪਣੇ ਅਸਥਾਨ ਤੇ ਟਿੱਕ ਗਈ ।

ਪ੍ਰਸ਼ਨ ੮੩: ਗੁਰੂ ਜੀ ਨੇ ਮਜੌਰਾਂ ਨੂੰ ਕੀ ਸਿਖਿਆ ਦਿਤੀ ਸੀ ?

ਉੱਤਰ –ਗੁਰੂ ਜੀ ਨੇ ਮਜੌਰਾਂ ਨੂੰ ਕਿਹਾ, ਤੁਸੀਂ ਆਪਣੀ ਮੌਤ ਚੇਤੇ ਰੱਖੋ । ਵਿਕਾਰਾਂ ਤੇ ਪੱਖਵਾਦ ਨੂੰ ਛਡ ਕੇ ਸਾਰਿਆਂ ਵਿਚ ਇਕ ਖੁਦਾ ਨੂੰ ਜਾਣੋ । ਉਸ ਦਾ ਨਾਮ ਸਿਮਰੋ, ਜਿਸ ਕਰਕੇ ਨਰਕਾਂ ਵਿਚ ਨਹੀਂ ਪਵੋਗੇ । ਲੋਕ ਵਿਖਾਵੇ ਨੂੰ ਛਡ ਕੇ ਸਚੇ ਨਾਮ ਦੀ ਕਮਾਈ ਕਰੋ, ਇਸ ਤੋਂ ਸਾਰੇ ਸੁਖ ਪ੍ਰਾਪਤ ਹੋਣਗੇ ।

ਪ੍ਰਸ਼ਨ ੮੪ : ਗੁਰੂ ਜੀ ਕਾਰੂ ਬਾਦਸ਼ਾਹ ਕੋਲ ਕੀ ਕਰਨ ਗਏ ਸਨ ?

ਉੱਤਰ –ਗੁਰੂ ਜੀ ਕਾਰੂ ਬਾਦਸ਼ਾਹ ਕੋਲ ਉਸ ਨੂੰ ਸਿੱਧੇ ਰਸਤੇ ਪਾਉਣ ਵਾਸਤੇ ਗਏ ਸਨ ।

ਪ੍ਰਸ਼ਨ ੮੫: ਕਾਰੂ ਨੇ ਆਪਣੀ ਪੁੱਤਰੀ ਬੁਲਾ ਕੇ ਵਜ਼ੀਰਾਂ ਨੂੰ ਕੀ ਕਿਹਾ ਸੀ ?

ਉੱਤਰ –ਇੱਕ ਸਮੇਂ ਕਾਰੂ ਨੇ ਆਪਣੇ ਵਜ਼ੀਰਾਂ ਨੂੰ ਕਰੜੇ ਬਚਨਾਂ ਨਾਲ ਕਿਹਾ, ਦੱਸੋ ਕਿਤੇ ਮੇਰੇ ਦੇਸ਼ ਵਿੱਚ ਹੋਰ ਧਨ ਤਾਂ ਨਹੀਂ ? ਵਜੀਰਾਂ ਨੇ ਡਰਦੇ ਹੋਇਆਂ ਕਿਹਾ, ਸਾਡੇ ਦੇਸ਼ ਵਿਚ ਕਿਤੇ ਖੋਜਦਿਆਂ ਇੱਕ ਰੁਪਇਆ ਨਹੀਂ ਮਿਲ ਰਿਹਾ । ਇਹ ਸੁਣ ਕੇ ਕਾਰੂ ਨੇ ਆਪਣੀ ਪੁੱਤਰੀ ਬੁਲਾਈ । ਵਜ਼ੀਰਾਂ ਨੂੰ ਕਿਹਾ ਸਾਰੇ ਦੇਸ਼ ਵਿਚ ਢੰਢੋਰਾ ਫੇਰ ਦਿਓ ਕਿ ਜੋ ਇਕ ਰੁਪਈਆ ਦੇਵੇਗਾ ਉਸ ਨਾਲ ਕਾਰੂ ਬਾਦਸ਼ਾਹ ਦੀ ਲੜਕੀ ਵਿਆਹੀ ਜਾਵੇਗੀ । ਲੜਕੀ ਨੂੰ ਸ਼ਹਿਰ ਦੇ ਇੱਕ ਥੜੇ ਤੇ ਖੜੀ ਕਰ ਦਿੱਤਾ ।

ਪ੍ਰਸ਼ਨ ੮੬: ਨੌਜਵਾਨ ਨੂੰ ਉਸ ਦੀ ਮਾਤਾ ਨੇ ਕਿੱਥੋਂ ਰੁਪਈਆ ਕਢ ਕੇ ਲਿਆਉਣ ਵਾਸਤੇ ਕਿਹਾ ਸੀ ?

ਉੱਤਰ –ਨੌਜਵਾਨ ਨੂੰ ਉਸ ਦੀ ਮਾਤਾ ਨੇ ਉਸ ਦੇ ਪਿਤਾ ਦੀ ਕਬਰ ਪੁੱਟ ਕੇ ਰੁਪਈਆ ਲਿਆਉਣ ਵਾਸਤੇ ਕਿਹਾ ਸੀ ।

ਪ੍ਰਸ਼ਨ ੮੭: ਜਦੋਂ ਨੌਜਵਾਨ ਰੁਪਈਆ ਲੈ ਕੇ ਗਿਆ ਤਾਂ ਕਾਰੂ ਨੇ ਕੀ ਕਿਹਾ ਸੀ ?

ਉੱਤਰ –ਕਾਰੂ ਨੇ ਉਸੇ ਵੇਲੇ ਨੌਜਵਾਨ ਨੂੰ ਮੰਗਵਾ ਕੇ ਤਾੜਨਾ ਕਰਵਾ ਕੇ ਪੁੱਛਿਆ ਤੂੰ ਸੱਚ ਦੱਸ ਇਹ ਰੁਪਈਆ ਕਿੱਥੋਂ ਲਿਆਇਆ ਹੈਂ। ਨੌਜਵਾਨ ਨੇ ਕਿਹਾ ਮੈਂ ਇਹ ਰੁਪਈਆ ਆਪਣੇ ਪਿਤਾ ਦੀ ਕਬਰ ਪੁੱਟ ਕੇ ਲਿਆਇਆ ਹਾਂ।

ਪ੍ਰਸ਼ਨ ੮੮: ਨੌਜਵਾਨ ਦੀ ਗਲ ਸੁਣ ਕੇ ਕਾਰੂ ਨੇ ਕੀ ਕੀਤਾ ਸੀ ?

ਉੱਤਰ – ਕਾਰੂ ਨੇ ਇਹ ਗਲ ਸੁਣ ਕੇ ਸਾਰੀਆਂ ਕਬਰਾਂ ਪੁੱਟਵਾ ਕੇ ਮੁਰਦਿਆਂ ਦੇ ਮੂੰਹਾਂ ਵਿੱਚੋਂ ਰੁਪਈਏ ਕਢਵਾ ਲਏ ਸਨ।

ਪ੍ਰਸ਼ਨ ੮੯: ਗੁਰੂ ਜੀ ਨੇ ਕਿਹੜੀ ਬਾਣੀ ਉਚਾਰ ਕੇ ਕਾਰੂ ਨੂੰ ਉਪਦੇਸ਼ ਦਿਤਾ ਸੀ ?

ਉੱਤਰ – ਗੁਰੂ ਜੀ ਨੇ 'ਨਸੀਹਤ ਨਾਮਾ' ਬਾਣੀ ਉਚਾਰ ਕੇ ਕਾਰੂ ਨੂੰ ਉਪਦੇਸ਼ ਦਿੱਤਾ ਸੀ ।

ਪ੍ਰਸ਼ਨ ੯੦: ਪਿੰਡ ਵਾਲਿਆਂ ਨੇ ਜਾਣ ਦੀ ਤਿਆਰੀ ਕਿਉਂ ਕੀਤੀ ਸੀ ?

ਉੱਤਰ – ਉਸ ਪਿੰਡ ਨੂੰ ਛੇ ਮਹੀਨਿਆਂ ਪਿੱਛੋਂ ਅੱਗ ਲੱਗ ਜਾਂਦੀ ਸੀ, ਇਸ ਕਰਕੇ ਇਸ ਪਿੰਡ ਵਾਲਿਆਂ ਨੇ ਜਾਣ ਦੀ ਤਿਆਰੀ ਕੀਤੀ ਸੀ ।

ਪ੍ਰਸ਼ਨ ੯੧: ਗੁਰੂ ਜੀ ਨੇ ਉਸ ਪਿੰਡ ਵਾਲਿਆਂ ਨੂੰ ਕੀ ਆਖ ਕੇ ਰੋਕਿਆ ਸੀ ?

ਉੱਤਰ –ਗੁਰੂ ਜੀ ਨੇ ਉਸ ਪਿੰਡ ਵਾਲਿਆ ਨੂੰ ਕਿਹਾ ਸੀ ਜੇ ਤੁਸੀਂ ਸਾਡੀ ਸਿੱਖੀ ਧਾਰਣ ਕਰ ਲਵੋ ਫਿਰ ਤੁਹਾਡੇ ਘਰ ਨਹੀਂ ਸੜਨਗੇ । ਤੁਸੀਂ ਵਾਹਿਗੁਰੂ ਨਾਮ ਦਾ ਜਾਪ ਕਰੋ । ਹਿਰਦੇ ਵਿੱਚੋਂ ਡਰ ਦੂਰ ਕਰਕੇ ਘਰਾਂ ਵਿਚ ਵਸੋ । ਉਹ ਗੁਰੂ ਜੀ ਦਾ ਬਚਨ ਸੁਣ ਕੇ ਖੁਸ਼ ਹੋਏ ਤੇ ਗੁਰੂ ਜੀ ਤੋਂ ਚਰਨਾਂ ਮ੍ਰਿਤ ਲੈ ਕੇ ਗੁਰਸਿੱਖੀ ਧਾਰ ਲਈ ।

ਪ੍ਰਸ਼ਨ ੯੨: ਦੈਂਤ ਨੇ ਪਿੰਡ ਵਾਲਿਆਂ ਨੂੰ ਕੀ ਕਿਹਾ ਸੀ ?

ਉੱਤਰ – ਦੈਂਤ ਨੇ ਕਿਹਾ ਤੁਸੀਂ ਮੇਰਾ ਡਰ ਛਡ ਕੇ ਇੱਥੇ ਹੀ ਰਹਿ ਪਏ ਹੋ, ਹੁਣ ਤੁਹਾਨੂੰ ਨਹੀਂ ਛਡਾਂਗਾ ।

ਪ੍ਰਸ਼ਨ ੯੩: ਜਦੋਂ ਗੁਰੂ ਜੀ ਨੇ ਉਸ ਦੈਂਤ ਵਲ ਗੁੱਸੇ ਨਾਲ ਵੇਖਿਆ ਤਾਂ ਦੈਂਤ ਨੂੰ ਕੀ ਹੋਇਆ ਸੀ ?

ਉੱਤਰ – ਜਦੋਂ ਗੁਰੂ ਜੀ ਨੇ ਉਸ ਦੈਂਤ ਵਲ ਗੁਸੇ ਨਾਲ ਵੇਖਿਆ ਤਾਂ ਉਸੇ ਵੇਲੇ ਦੈਂਤ ਮੂਰਛਾ ਖਾ ਕੇ ਧਰਤੀ ਤੇ ਡਿਗ ਪਿਆ ਸੀ ।

ਪ੍ਰਸ਼ਨ ੯੪: ਦੈਂਤ ਨੂੰ ਗੁਰੂ ਜੀ ਨੇ ਕੀ ਉਪਦੇਸ਼ ਦਿਤਾ ਸੀ ?

ਉੱਤਰ – ਗੁਰੂ ਜੀ ਨੇ ਦੈਂਤ ਨੂੰ ਕਿਹਾ, ਇਸ ਪਿੰਡ ਵਿਚ ਧਰਮਸ਼ਾਲਾ ਬਣਾ । ਉਸ ਵਿਚ ਸਾਰੇ ਬੈਠ ਕੇ ਸਾਰੇ ਵਾਹਿਗੁਰੂ ਜਪੋ । ਜਿਸ ਦੇ ਜਪਣ ਨਾਲ ਸਾਰੇ ਪਾਪ ਨਾਸ ਹੋ ਜਾਂਦੇ ਹਨ । ਤੂੰ ਸਿਰ ਤੇ ਜਲ ਲਿਆ ਕੇ ਸੰਗਤ ਦੀ ਸੇਵਾ ਕਰ ਤੇ ਸੰਗਤ ਨਾਲ ਬੈਠ ਕੇ ਪ੍ਰਮੇਸ਼ਰ ਦਾ ਜਾਪ ਕਰ ।

ਪ੍ਰਸ਼ਨ ੯੫: ਉਹ ਮਸੀਤ ਕਿਥੇ ਹੈ, ਜੋ ਗੁਰੂ ਜੀ ਨੇ ਉਡਾਈ ਸੀ ?

ਉੱਤਰ – ਜੋ ਮਸੀਤ ਗੁਰੂ ਜੀ ਨੇ ਉਡਾਈ ਉਹ ਕਾਬਲ ਵਿੱਚ ਹੈ ।

ਪ੍ਰਸ਼ਨ ੯੬: ਮਸੀਤ ਨੂੰ ਉਡਾਉਣ ਦਾ ਕੀ ਕਾਰਨ ਬਣਿਆ ਸੀ ?

ਉੱਤਰ – ਗੁਰੂ ਜੀ ਉੱਥੇ ਇੱਕ ਮਸੀਤ ਵਿਚ ਚਲੇ ਗਏ । ਉੱਥੇ ਇਕ ਮੁੱਲਾਂ ਆਇਆ । ਉਸ ਨੇ ਗੁੱਸੇ ਨਾਲ ਕਿਹਾ ਤੂੰ ਹਿੰਦੂ ਜਾਪਦਾ ਹੈਂ, ਇਹ ਤੁਰਕਾਂ ਦਾ ਅਸਥਾਨ ਹੈ । ਇੱਥੋਂ ਚਲਿਆ ਜਾਹ । ਗੁਰੂ ਜੀ ਉਸ ਦਾ ਕ੍ਰੋਧ ਦੂਰ ਕਰਨ ਵਾਸਤੇ ਮਸੀਤ ਤੇ ਚੜ੍ਹ ਗਏ । ਉਸ ਨੂੰ ਕਾਬਲ ਸ਼ਹਿਰ ਦੇ ਚਾਰ ਚੁਫੇਰੇ ਉਡਾਇਆ ।

ਪ੍ਰਸ਼ਨ ੯੭:ਉਹ ਮਸੀਤ ਗੁਰੂ ਜੀ ਨੇ ਕਿਸ ਤਰ੍ਹਾ ਟਿਕਾਈ ਸੀ ?

ਉੱਤਰ – ਸਾਰੇ ਹੀ ਕਰਾਮਾਤ ਵੇਖ ਕੇ ਆਖਣ ਲਗੇ ਇਹ ਪੀਰ ਔਲੀਆ ਜਾਂ ਖੁਦਾ ਆਪ ਆਇਆ ਹੈ । ਦੂਰੋਂ ਹੀ ਨਮਸ਼ਕਾਰਾਂ ਕਰਨ ਲੱਗੇ । ਸ਼ਹਿਰ ਦੇ ਕਾਜੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਤੁਸੀਂ ਖੁਦਾ ਦੇ ਵਾਸਤੇ ਮਸੀਤ ਟਿਕਾ ਦਿਓ ਤੇ ਆਪਣਾ ਦਰਸ਼ਨ ਦਿਓ । ਉਂਦੋਂ ਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਸੁਣ ਕੇ ਮਸੀਤ ਟਿਕਾ ਦਿੱਤੀ ।

ਪ੍ਰਸ਼ਨ ੯੮:ਗੁਰੂ ਜੀ ਕੋਲੋਂ ਉਨ੍ਹਾਂ ਨੇ ਕੀ ਨਿਸ਼ਾਨੀ ਮੰਗੀ ਸੀ ?

ਉੱਤਰ – ਗੁਰੂ ਜੀ ਪਾਸੋਂ ਉਨਾਂ ਨੇ ਚਰਨਾਂ ਦੀ ਖੜਾਂਵ ਨਿਸ਼ਾਨੀ ਵੱਜੋਂ ਮੰਗੀ ਸੀ, ਜਿਸ ਨੂੰ ਉਹ ਬਾਅਦ ਵਿਚ ਪੂਜਦੇ ਰਹੇ।

ਪ੍ਰਸ਼ਨ ੯੯:ਜਦੋਂ ਗੁਰੂ ਜੀ ਠੱਗਾਂ ਦੇ ਪਿੰਡ ਗਏ। ਭਾਈ ਬਾਲੇ ਨੂੰ ਕੀ ਬਣਾਇਆ ਤੇ ਆਪ ਕੀ ਬਣੇ ਸਨ ?

ਉੱਤਰ – ਜਦੋਂ ਗੁਰੂ ਜੀ ਠੱਗਾਂ ਦੇ ਪਿੰਡ ਗਏ ਤਾਂ ਭਾਈ ਬਾਲੇ ਨੂੰ ੧੬ ਸਾਲਾਂ ਦੀ ਮੁਟਿਆਰ ਬਣਾ ਦਿੱਤਾ,ਆਪ ਗੁਰੂ ਜੀ ਚੰਗੀ ਪੁਸ਼ਾਕ ਪਾ ਕੇ ਲਾੜੇ ਬਣ ਗਏ ।

ਪ੍ਰਸ਼ਨ ੧੦੦: ਸਾਰੇ ਠੱਗਾਂ ਨੇ ਉਸ ਘਰ ਵਾਲੇ ਠੱਗ ਨੂੰ ਰਾਤ ਨੂੰ ਕੀ ਕਰਨ ਵਾਸਤੇ ਕਿਹਾ ਸੀ ?

ਉੱਤਰ – ਸਾਰੇ ਠਗਾਂ ਨੇ ਉਸ ਘਰ ਵਾਲੇ ਠਗ ਨੂੰ ਕਿਹਾ, ਇਸ ਦੇ ਮੱਥੇ ਤੇ ਬਹੁਤ ਚਮਕ ਹੈ । ਇਸ ਦੇ ਪਾਸ ਬਹੁਤ ਧਨ ਹੈ । ਤੂੰ ਇਸ ਕੋਲੋਂ ਰਾਤ ਨੂੰ ਸਾਰਾ ਧਨ ਲੁਟ ਲਵੀਂ । ਅਸੀਂ ਸਵੇਰੇ ਆ ਕੇ ਤੇਰੇ ਪਾਸੋਂ ਧਨ ਵੰਡਾ ਲਵਾਂਗੇ ।

ਪ੍ਰਸ਼ਨ ੧੦੧: ਜਦੋਂ ਠੱਗ ਗੁਰੂ ਜੀ ਨੂੰ ਫੜਨ ਗਏ ਤਾਂ ਗੁਰੂ ਜੀ ਨੂੰ ਕੀ ਅਵਾਜ ਮਾਰੀ ਸੀ ?

ਉੱਤਰ – ਜਦੋਂ ਠੱਗ ਗੁਰੂ ਜੀ ਨੂੰ ਫੜਨ ਗਏ ਤਾਂ ਪੰਜ ਕੋਹ ਤੇ ਜਾ ਕੇ ਗੁਰੂ ਜੀ ਨੂੰ ਵੇਖਿਆ । ਉਸੇ ਵੇਲੇ ਗੁਰੂ ਜੀ ਨੂੰ ਇਕ ਠੱਗ ਨੇ ਅਵਾਜ ਮਾਰੀ, ਤੁਸੀਂ ਕਿੱਥੇ ਚੱਲੇ ਹੋ, ਇੱਥੇ ਹੀ ਖੜੇ ਹੋ ਜਾਓ । ਤੁਸੀਂ ਮੇਰੇ ਘਰ ਤੋਂ ਧਨ ਚੁਰਾ ਕੇ ਲਿਆਏ ਹੋ । ਤਹਾਨੂੰ ਅਸੀਂ ਮਾਰ ਦਿਆਂਗੇ ।

ਪ੍ਰਸ਼ਨ ੧੦੨: ਗੁਰੂ ਜੀ ਨੇ ਉਨ੍ਹਾਂ ਠੱਗਾਂ ਨੂੰ ਅੱਗ ਕਿੱਥੋਂ ਲਿਆਉਣ ਵਾਸਤੇ ਕਿਹਾ ਸੀ ?

ਉੱਤਰ – ਗੁਰੂ ਜੀ ਨੇ ਕਿਹਾ ਕਿ ਇਸ ਦਿਸ਼ਾ ਵੱਲ ਧੂੰਆਂ ਨਿਕਲ ਰਿਹਾ ਹੈ । ਸਾਡੇ ਜਿਊਂਦਿਆਂ ਹੀ ਉੱਥੋਂ ਅੱਗ ਲਿਆਉ । ਫਿਰ ਤੁਸੀਂ ਸਾਨੂੰ ਮਾਰ ਦਿਓ।

ਪ੍ਰਸ਼ਨ ੧੦੩: ਉਨ੍ਹਾਂ ਠੱਗਾਂ ਨੇ ਅੱਗ ਲਿਆਉਣ ਸਮੇਂ ਕੀ ਕੌਤਕ ਵੇਖਿਆ ਸੀ ?

ਉੱਤਰ – ਜਦੋਂ ਉਹ ਠੱਗ ਗੁਰੂ ਜੀ ਨੂੰ ਫੜ੍ਹਨ ਵਾਸਤੇ ਆ ਰਹੇ ਸਨ, ਉਨ੍ਹਾਂ ਨੇ ਇਕ ਮਨੁਖ ਨੂੰ ਕੁਝ ਕੁ ਜਾਣੇ ਮਾਰਦੇ ਕੁਟਦੇ, ਗਾਲ਼ਾਂ ਕੱਢਦੇ, ਬੰਨ ਕੇ ਲਿਜਾਂਦੇ ਵੇਖੇ ਜਦੋਂ ਉਹ ਠਗ ਅੱਗ ਲੈਣ ਵਾਸਤੇ ਉਸ ਪਾਸੇ ਗਏ ਜਿਸ ਮਨੁਖ ਨੂੰ ਪਹਿਲਾਂ ਕੁਟ-ਮਾਰ ਕਰ ਰਹੇ ਸਨ, ਹੁਣ ਉਸ ਨੂੰ ਬਿਬਾਨ ਵਿਚ ਬਿਠਾ ਕੇ ਲਿਜਾ ਰਹੇ ਸਨ ।

ਪ੍ਰਸ਼ਨ ੧੦੪: ਗੁਰੂ ਜੀ ਨੇ ਉਨ੍ਹਾਂ ਠੱਗਾਂ ਨੂੰ ਕੀ ਉਪਦੇਸ਼ ਦਿੱਤਾ ਸੀ ?

ਉੱਤਰ – ਗੁਰੂ ਜੀ ਨੇ ਕਿਹਾ, ਤੁਸੀਂ ਜੀਵ ਹੱਤਿਆ ਛੱਡ ਕੇ ਖੇਤੀ ਕਰਨ ਦੀ ਚੰਗੀ ਮਤ ਗ੍ਰਹਿਣ ਕਰੋ । ਤੁਹਾਡੇ ਘਰਾਂ ਵਿਚ ਜਿਤਨਾਂ ਪਾਪਾਂ ਦਾ ਧਨ ਹੈ ਉਹ ਸਾਰਾ ਲੁਟਾ ਦਿਓ। ਅਪਣੇ ਹੱਥਾਂ ਨਾਲ ਧਰਮ ਦੀ ਕਿਰਤ ਕਰੋ । ਉਸ ਕਮਾਈ ਵਿੱਚੋਂ ਪੁੰਨ ਦਾਨ ਕਰੋ , ਵੰਡ ਕੇ ਛਕੋ । ਅਪਣੇ ਪਿੰਡ ਧਰਮਸ਼ਾਲਾ ਬਣਾਉ , ਲੋੜਵੰਦਾਂ ਨੂੰ ਤੇ ਸਾਧਾਂ ਸੰਤਾਂ ਨੂੰ ਭੋਜਨ ਛਕਾਉ । ਸਦਾ ਵਾਹਿਗੁਰੂ ਸਿਮਰੋ ਜੋ ਸਾਰੇ ਪਾਪਾਂ ਨੂੰ ਨਾਸ ਕਰਨ ਵਾਲਾ ਹੈ । ਦਿਨੇ ਦਸਾਂ ਨਹੁੰਆਂ ਦੀ ਕਮਾਈ ਕਰੋ , ਸ਼ਾਮ ਨੂੰ ਧਰਮਸ਼ਾਲਾ ਵਿਚ ਇਕਠੇ ਹੋ ਕੇ ਪ੍ਰਭੂ ਦਾ ਸਿਮਰਨ ਕਰੋ । ਅੰਮ੍ਰਿਤ ਵੇਲੇ ਵੀ ਮਨ ਨੂੰ ਟਿਕਾ ਕੇ ਨਾਮ ਜਪੋ । ਇਸ ਉਪਦੇਸ਼ ਦੀ ਸਦਾ ਕਮਾਈ ਕਰੋ । ਤੁਹਾਡਾ ਜਨਮ ਸਫਲਾ ਹੋ ਜਾਵੇਗਾ ।

ਪ੍ਰਸ਼ਨ ੧੦੫: ਸ਼ਹੁ-ਸੁਹਾਗਣ ਲੋਕਾਂ ਨੂੰ ਕੀ ਆਖਦਾ ਹੁੰਦਾ ਸੀ ?

ਉੱਤਰ – ਸ਼ਹੁ-ਸੁਹਾਗਣ ਲੋਕਾਂ ਨੂੰ ਕਹਿੰਦਾ ਸੀ, ਦੂਜ ਦੀ ਰਾਤ ਨੂੰ ਮੇਰੇ ਕੋਲ ਸ਼ਹੁ (ਪਰਮੇਸ਼ਰ) ਆਉਂਦਾ ਹੈ ।

ਪ੍ਰਸ਼ਨ ੧੦੬: ਜਦੋਂ ਗੁਰੂ ਜੀ ਸ਼ਹੁ-ਸੁਹਾਗਣ ਕੋਲ ਗਏ ਤਾਂ ਉਸ ਨੇ ਕੀ ਜਵਾਬ ਦਿਤਾ ਸੀ ?

ਉੱਤਰ -ਜਦੋਂ ਗੁਰੂ ਜੀ ਸ਼ਹੁ-ਸਹਾਗਣ ਕੋਲ ਗਏ ਉਸ ਨੇ ਕਿਹਾ, ਅੰਦਰ ਆਉਣ ਦੀ ਆਗਿਆ ਨਹੀਂ ਹੈ । ਅੱਜ ਮੇਰੇ ਪਾਸ ਸ਼ਹੁ ਨੇ ਆਉਣਾ ਹੈ ।

ਪ੍ਰਸ਼ਨ ੧੦੭: ਜਦੋਂ ਗੁਰੂ ਜੀ ਉੱਥੋਂ ਮੁੜੇ ਤਾਂ ਉੱਥੇ ਕੀ ਹੋਇਆ ਸੀ ?

ਉੱਤਰ -ਜਦੋਂ ਗੁਰੂ ਜੀ ਉੱਥੋਂ ਮੁੜੇ ਤਾਂ ਮੇਲੇ ਵਿਚ ਲੜਾਈ ਸ਼ੁਰੂ ਹੋ ਗਈ । ਕਈ ਫੱਟੜ ਹੋ ਗਏ ਤੇ ਕਈ ਮਾਰੇ ਗਏ, ਉੱਥੇ ਲੁਟ ਪੈ ਗਈ ।

ਪ੍ਰਸ਼ਨ ੧੦੮: ਜਦੋਂ ਲੋਕੀ ਧੱਕੇ ਨਾਲ ਅੰਦਰ ਗਏ ਤਾਂ ਲੋਕਾਂ ਨੇ ਉਸ ਨੂੰ ਕੀ ਕਰਦਾ ਵੇਖਿਆ ?

ਉੱਤਰ - ਜਦੋਂ ਲੋਕੀ ਧਕੇ ਨਾਲ ਅੰਦਰ ਗਏ ਤਾਂ ਉਸ ਦੇ ਮੰਜੇ ਤੇ ਇਕ ਸੁੰਦਰ ਇਸਤਰੀ ਸੀ । ਉਹ ਉਸ ਨਾਲ ਭੋਗ- ਬਿਲਾਸ ਕਰ ਰਿਹਾ ਸੀ ।

ਪ੍ਰਸ਼ਨ ੧੧੩ :ਤੁਲੰਭਾ ਨਗਰ ਕਿਥੇ ਹੈ ?

ਉੱਤਰ - ਤੁਲੰਭਾ ਨਗਰ ਪਾਕਿਸਤਾਨ ਦੇ ਮੁਲਤਾਨ ਜਿਲ੍ਹੇ ਵਿਚ ਹੈ ।

ਪ੍ਰਸ਼ਨ ੧੧੪ : ਸੱਜਣ ਠੱਗ ਕਿੱਥੋਂ ਦਾ ਰਹਿਣ ਵਾਲਾ ਸੀ ?

ਉੱਤਰ - ਸੱਜਣ ਠੱਗ ਤੁਲੰਭੇ ਨਗਰ ਦਾ ਰਹਿਣ ਵਾਲਾ ਸੀ ।

ਪ੍ਰਸ਼ਨ ੧੧੫ : ਸੱਜਣ ਠੱਗ ਆਏ ਮੁਸਾਫਰਾਂ ਨਾਲ ਕਿਸ ਤਰ੍ਹਾਂ ਦਾ ਵਿਹਾਰ ਕਰਦਾ ਸੀ ?

ਉੱਤਰ - ਸੱਜਣ ਠੱਗ ਆਏ ਮੁਸਾਫਰਾਂ ਦੀ ਪਹਿਲਾਂ ਚੰਗੀ ਸੇਵਾ ਕਰਦਾ ਫਿਰ ਉਸਦੇ ਸਾਥੀ ਉਸਨੂੰ ਮਾਰ ਦਿੰਦੇ ਤੇ ਉਸਦਾ ਧਨ ਮਾਲ ਲੈ ਲੈਂਦੇ ਸਨ ।

ਪ੍ਰਸ਼ਨ ੧੧੬: ਗੁਰੂ ਜੀ ਨੇ ਸੱਜਣ ਠੱਗ ਨੂੰ ਚੰਗੇ ਰਸਤੇ ਪਾਉਣ ਵਾਸਤੇ ਕਿਹੜਾ ਸ਼ਬਦ ਉਚਾਰਿਆ ਉਸਦੀ ਪਹਿਲੀ ਪੰਗਤੀ ਦੱਸੋ ?

ਉੱਤਰ - ਗੁਰੂ ਜੀ ਨੇ ਸੱਜਣ ਠੱਗ ਨੂੰ ਸਿੱਧੇ ਰਸਤੇ ਪਾਉਣ ਵਾਸਤੇ ਜਿਹੜਾ ਸ਼ਬਦ ਉਚਾਰਿਆ , ਉਸਦੀ ਪਹਿਲੀ ਪੰਗਤੀ ਇਹ ਹੈ :- " ਉਜਲ ਕੈਹਾ ਚਿਲਕਣਾ ਘੋਟਮ ਕਾਲੜੀ ਮਸੁ " ॥

ਪ੍ਰਸ਼ਨ ੧੧੭ : ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਸ ਰਾਗ ਵਿਚ ਤੇ ਕਿਤਨੇ ਅੰਗ ਤੇ ਹੈ ?

ਉੱਤਰ - ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਵਿਚ ਸੂਹੀ ਰਾਗ ਵਿਚ ੭੨੯ ਅੰਗ ਤੇ ਹੈ ।

ਪ੍ਰਸ਼ਨ ੧੧੮ : ਜਦੋਂ ਗੁਰੂ ਜੀ ਹਸਨ ਅਬਦਾਲ ਇਲਾਕੇ ਵਿਚ ਗਏ ਮਰਦਾਨੇ ਨੂੰ ਪਿਆਸ ਲਗੀ ਤਾਂ ਗੁਰੂ ਜੀ ਨੇ ਉਸਨੂੰ ਪਾਣੀ ਪੀਣ ਵਾਸਤੇ ਕਿਸ ਪਾਸ ਭੇਜਿਆ ਸੀ ?

ਉੱਤਰ - ਮਰਦਾਨੇ ਨੂੰ ਪਿਆਸ ਲਗਣ ਤੇ ਗੁਰੂ ਜੀ ਨੇ ਉਸਨੂੰ ਮੁਸਲਮਾਨ ਪੀਰ ਵਲੀ ਕੰਧਾਰੀ ਪਾਸ ਭੇਜਿਆ ਸੀ ।

ਪ੍ਰਸ਼ਨ ੧੧੯ : ਗੁਰੂ ਜੀ ਨੇ ਭਾਈ ਮਰਦਾਨੇ ਨੂੰ ਵਲੀ ਕੰਧਾਰੀ ਪਾਸ ਕਿੰਨੀ ਵਾਰੀ ਪਾਣੀ ਪੀਣ ਵਾਸਤੇ ਭੇਜਿਆ ਸੀ ?

ਉੱਤਰ - ਗੁਰੂ ਜੀ ਨੇ ਭਾਈ ਮਰਦਾਨੇ ਨੂੰ ਤਿੰਨ ਵਾਰੀ ਵਲੀ ਕੰਧਾਰੀ ਪਾਸ ਪਾਣੀ ਪੀਣ ਵਾਸਤੇ ਭੇਜਿਆ ਸੀ ,ਤੀਜੀ ਵਾਰ ਵੀ ਉਸਨੇ ਭਾਈ ਮਰਦਾਨੇ ਨੂੰ ਪਾਣੀ ਨਹੀ ਦਿੱਤਾ ।

ਪ੍ਰਸ਼ਨ ੧੨੦ : ਵਲੀ ਕੰਧਾਰੀ ਨੇ ਭਾਈ ਮਰਦਾਨੇ ਨੂੰ ਪਾਣੀ ਕਿਉਂ ਨਹੀਂ ਦਿੱਤਾ ?

ਉੱਤਰ - ਵਲੀ ਕੰਧਾਰੀ ਦੇ ਪੁਛਣ ਤੇ ਭਾਈ ਮਰਦਾਨੇ ਨੇ ਗੁਰੂ ਜੀ ਦੀ ਬੜੀ ਉਸਤਤੀ ਕੀਤੀ , ਗੁਰੂ ਜੀ ਦੀ ਉਸਤਤੀ ਸੁਣ ਕੇ ਗੁੱਸੇ ਵਿਚ ਆ ਕੇ ਉਸਨੂੰ ਪਾਣੀ ਨਹੀਂ ਦਿੱਤਾ ਤੇ ਕਿਹਾ ਜਿਸ ਪੀਰ ਨੂੰ ਤੂੰ ਇਤਨਾ ਵੱਡਾ ਦੱਸ ਰਿਹਾ ਹੈ ਕੀ ਉਹ ਤੈਨੂੰ ਪਾਣੀ ਨਹੀ ਦੇ ਸਕਦਾ ।

ਪ੍ਰਸ਼ਨ ੧੨੧ : ਮਰਦਾਨੇ ਨੂੰ ਕਿਸ ਤਰ੍ਹਾਂ ਪਾਣੀ ਪ੍ਰਾਪਤ ਹੋਇਆ ?

ਉੱਤਰ - ਜਦੋਂ ਮਰਦਾਨੇ ਨੂੰ ਤਿੰਨ ਵਾਰੀ ਜਾਣ ਤੇ ਵੀ ਵਲੀ ਕੰਧਾਰੀ ਨੇ ਪਾਣੀ ਨਹੀਂ ਦਿੱਤਾ, ਤਾਂ ਗੁਰੂ ਜੀ ਨੇ ਆਪਣੇ ਹੱਥ ਦੀ ਸੋਟੀ ਨੂੰ ਧਰਤੀ ਤੇ ਮਾਰਕੇ ਪਾਣੀ ਕਢਿਆ, ਉੱਪਰ ਵਲੀ ਕੰਧਾਰੀ ਦਾ ਇਕੱਠਾ ਕੀਤਾ ਪਾਣੀ ਥੱਲੇ ਨੂੰ ਖਿਚਿਆ ਗਿਆ ।

ਪ੍ਰਸ਼ਨ ੧੨੨ :ਜਦੋਂ ਵਲੀ ਕੰਧਾਰੀ ਨੇ ਅਪਣਾ ਇਕੱਠਾ ਪਾਣੀ ਸ਼ਕਤੀ ਨਾਲ ਥੱਲੇ ਨੂੰ ਜਾਂਦਾ ਵੇਖਿਆ ਤਾਂ ਉਸਨੇ ਕੀ ਕੀਤਾ ?

ਉੱਤਰ - ਵਲੀ ਕੰਧਾਰੀ ਨੇ ਪਾਣੀ ਨੂੰ ਰੋਕਣ ਵਾਸਤੇ ,ਅਪਣੀ ਸ਼ਕਤੀ ਨਾਲ ਇਕ ਬਹੁਤ ਵੱਡਾ ਪੱਥਰ ਥੱਲੇ ਨੂੰ ਰੇੜਿਆ,ਜੋ ਰਿੜਦਾ ਰਿੜਦਾ ਗੁਰੂ ਜੀ ਪਾਸ ਆ ਗਿਆ , ਗੁਰੂ ਜੀ ਨੇ ਉਸਨੂੰ ਪੰਜਾ ਲਾ ਕੇ ਰੋਕ ਦਿੱਤਾ ,ਤੇ ਗੁਰੂ ਜੀ ਦਾ ਪੰਜਾ ਉਸ ਪੱਥਰ ਵਿਚ ਖੁਭ ਗਿਆ ,ਹੁਣ ਤਕ ਗੁਰੂ ਜੀ ਦੇ ਪੰਜੇ ਦਾ ਨਿਸ਼ਾਨ ਉਸ ਪੱਥਰ ਵਿਚ ਲੱਗਾ ਹੈ , ਗੁਰੂ ਜੀ ਦਾ ਪੰਜਾ ਲੱਗਣ ਕਰਕੇ ਉਸ ਜਗ੍ਹਾ ਦਾ ਨਾਮ ਪੰਜਾ ਸਾਹਿਬ ਪੈ ਗਿਆ ਹੈ ।

ਪ੍ਰਸ਼ਨ ੧੨੩:ਕੰਗਣ ਪੁਰ ਦੇ ਵਸਨੀਕ ਕਿਹੋ ਜਿਹੇ ਸਨ, ਉਨ੍ਹਾਂ ਨੇ ਗੁਰੂ ਜੀ ਦੀ ਕਿਹੋ ਜਿਹੀ ਸੇਵਾ ਕੀਤੀ ਸੀ ?

ਉੱਤਰ - ਕੰਗਣ ਪੁਰ ਦੇ ਵਸਨੀਕ ਇਤਨੇ ਹੰਕਾਰੀ ਤੇ ਬਦ-ਕਿਸਮਤ ਸਨ ਕਿ ਉਹ ਕਿਸੇ ਨਾਲ ਨੇਕੀ ਕਰਨੀ ਜਾਣਦੇ ਹੀ ਨਹੀਂ ਸਨ । ਕਿਸੇ ਆਏ ਗਏ ਦੀ ਸੇਵਾ ਕਰਨ ਦੀ ਉਨ੍ਹਾਂ ਨੂੰ ਜਾਂਚ ਹੀ ਨਹੀਂ ਸੀ । ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਭਾਈ ਬਾਲੇ ਤੇ ਮਰਦਾਨੇ ਦਾ ਵੀ ਉਨ੍ਹਾਂ ਨੇ ਕੋਈ ਆਦਰ ਸਤਿਕਾਰ ਨਹੀਂ ਕੀਤਾ । ਨਾ ਉਨ੍ਹਾਂ ਨੇ ਅੰਨ ਪਾਣੀ ਹੀ ਛਕਾਇਆ ਤੇ ਨਾਂ ਹੀ ਉਨ੍ਹਾਂ ਨੂੰ ਮੰਜੇ ਬਿਸਤਰੇ ਹੀ ਦਿੱਤੇ, ਸਗੋਂ ਉੱਥੋਂ ਦੇ ਵਸਨੀਕਾਂ ਨੇ ਗੁਰੂ ਜੀ ਨੂੰ ਬੈਠਣ ਵੀ ਨਹੀਂ ਦਿਤਾ ਤੇ ਵੱਟੇ ਮਾਰੇ ।

ਪ੍ਰਸ਼ਨ ੧੨੪: ਮਾਣਕ ਦੇਕੇ ਪਿੰਡ ਦੇ ਲੋਕ ਕਿਹੋ ਜਿਹੇ ਸਨ, ਉਨ੍ਹਾਂ ਨੇ ਗੁਰੂ ਜੀ ਦੀ ਕਿਸ ਤਰ੍ਹਾਂ ਸੇਵਾ ਕੀਤੀ ਸੀ ?

ਉੱਤਰ –ਮਾਣਕ ਦੇਕੇ ਪਿੰਡ ਦੇ ਲੋਕ ਬੜੇ ਚੰਗੇ ਸੁਭਾਉ ਦੇ ਸਨ । ਉਹ ਆਏ ਗਏ ਹਰ ਕਿਸੇ ਦੀ ਸੇਵਾ ਕਰਦੇ ਸਨ । ਉਨ੍ਹਾਂ ਨੇ ਗੁਰੂ ਜੀ ਦੀ ਵੀ ਬੜੇ ਪ੍ਰੇਮ ਨਾਲ ਸੇਵਾ ਕੀਤੀ ।

ਪ੍ਰਸ਼ਨ ੧੨੫: ਗੁਰੂ ਜੀ ਨੇ ਕੰਗਣਪੁਰ ਦਿਆਂ ਨੂੰ ਵੱਸਦੇ ਰਹੋ ਤੇ ਮਾਣਕ ਦੇਕੇ ਪਿੰਡ ਦਿਆਂ ਨੂੰ ਉੱਜੜ ਜਾਓ ਕਿਉਂ ਕਿਹਾ ਸੀ ?

ਉੱਤਰ –ਗੁਰੂ ਜੀ ਨੇ ਮਰਦਾਨੇ ਨੂੰ ਕਿਹਾ ਪਹਿਲੇ ਪਿੰਡ ਦੇ ਲੋਕ ਮੰਦੇ ਹਨ । ਉਹ ਜਿੱਥੇ ਜਾਣਗੇ ਲੋਕਾਂ ਨੂੰ ਭੈੜੀ ਮਤ ਹੀ ਦੇਣਗੇ ਤੇ ਭੈੜੇ ਕੰਮ ਕਰਨੇ ਹੀ ਸਿਖਾਉਣਾਗੇ । ਉਹ ਜਿੱਥੇ ਹਨ ਉੱਥੇ ਹੀ ਠੀਕ ਹਨ। ਲੋਕਾਂ ਦਾ ਭਲਾ ਇਸੇ ਵਿਚ ਹੀ ਹੈ । ਦੂਜੇ ਪਿੰਡ ਦੇ ਲੋਕ ਨੇਕ ਤੇ ਸਾਊ ਹਨ ਉਹ ਜਿੱਥੇ ਜਾਣਗੇ ਲੋਕਾਂ ਨੂੰ ਭਲੀ ਮਤ ਹੀ ਦੇਣਗੇ ਤੇ ਚੰਗੇ ਕੰਮ ਕਰਨ ਦੀ ਜਾਂਚ ਹੀ ਦੱਸਣਗੇ । ਲੋਕਾਂ ਦਾ ਭਲਾ ਇਸੇ ਵਿਚ ਹੀ ਹੈ, ਉਹ ਆਪਣਾ ਪਿੰਡ ਛਡ ਕੇ ਹੋਰਨੀ ਪਿੰਡੀ ਜਾ ਵੱਸਣ ।

ਪ੍ਰਸ਼ਨ ੧੨੬: ਕਵਲਨੈਨ ਕਿਸ ਦੇਸ਼ ਦਾ ਰਾਜਾ ਸੀ ਤੇ ਕਿਤਨੇ ਦੇਸ਼ਾਂ ਦੇ ਰਾਜੇ ਉਸ ਦੀ ਈਨ ਮੰਨਦੇ ਸਨ ?

ਉੱਤਰ – ਕਵਲਨੈਨ ਸੁਅਰਨ ਪੁਰ ਦਾ ਰਾਜਾ ਸੀ, ਸਤਾਰਾਂ ਦੇਸ਼ਾਂ ਦੇ ਰਾਜੇ ਉਸ ਦੀ ਈਂਨ ਮੰਨਦੇ ਸਨ ।

ਪ੍ਰਸ਼ਨ ੧੨੭: ਜਦੋਂ ਮਰਦਾਨਾਂ ਸੁਅਰਨ ਪੁਰ ਸ਼ਹਿਰ ਵੇਖਣ ਗਿਆ ਤਾਂ ਧਰਮ ਸਿੰਘ ਨੇ ਉਸਨੂੰ ਕੀ ਕਿਹਾ ਸੀ ਤੇ ਮਰਦਾਨੇ ਨੇ ਕੀ ਉੱਤਰ ਦਿਤਾ ਸੀ ?

ਉੱਤਰ – ਧਰਮ ਸਿੰਘ ਨੇ ਮਰਦਾਨੇ ਨੂੰ ਕਿਹਾ ਚਲ ਤੈਂਨੂੰ ਮੈਂ ਭੋਜਨ ਦਿਵਾ ਦਿੰਦਾ ਹਾਂ । ਤੇਰੇ ਨਾਲ ਹੋਰ ਜੋ ਵੀ ਸਾਥੀ ਹਨ ਉਹਨਾਂ ਵਾਸਤੇ ਵੀ ਲੈ ਜਾਹ । ਮਰਦਾਨੇ ਨੇ ਕਿਹਾ, ਮੇਰੇ ਨਾਲ ਦੋ ਸੰਗੀ ਹੋਰ ਹਨ ਉਹ ਕੁਝ ਖਾਂਦੇ ਪੀਂਦੇ ਨਹੀਂ ਤੂੰ ਮੈਨੂੰ ਭੋਜਨ ਦਿਵਾ ਦੇ ।

ਪ੍ਰਸ਼ਨ ੧੨੮: ਜਦੋਂ ਮਰਦਾਨਾ ਭੋਜਨ ਛਕ ਕੇ ਗੁਰੂ ਜੀ ਪਾਸ ਵਾਪਸ ਆਇਆ ਤਾਂ, ਗੁਰੂ ਜੀ ਨੇ ਉਸ ਸ਼ਹਿਰ ਬਾਰੇ ਤੇ ਰਾਜੇ ਬਾਰੇ ਕੀ ਦੱਸਿਆ ਸੀ ?

ਉੱਤਰ – ਗੁਰੂ ਜੀ ਨੇ ਕਿਹਾ, ਇੱਥੇ ਕੋਈ ਝੂਠ ਨਹੀਂ ਬੋਲਦਾ । ਇੱਥੇ ਬਹੁਤ ਵੱਡੀ ਧਰਮਸ਼ਾਲਾ ਹੈ । ਸਾਰੇ ਦੇਸ਼ ਤੋਂ ਪਾਪ ਨਿਕਲ ਗਿਆ ਹੈ । ਇੱਥੇ ਸਾਰੇ ਸੰਤੋਖੀ ਹਨ । ਲੋਕ ਵਿਭਚਾਰੀ ਨਹੀਂ ਹਨ । ਪੁੰਨ ਕਰਮਾਂ ਤੇ ਸਾਰਿਆਂ ਦੀ ਪ੍ਰੀਤੀ ਹੈ । ਕਲਜੁਗ ਵਿਚ ਇਸ ਰਾਜੇ ਦੇ ਬਰਾਬਰ ਹੋਰ ਰਾਜਾ ਕੋਈ ਨਹੀਂ ਹੈ । ਇਸ ਦੀ ਈਨ ਸਤਾਰਾਂ ਦੇਸਾਂ ਦੇ ਰਾਜੇ ਮੰਨਦੇ ਹਨ । ਇਹ ਧਰਮੀ ਰਾਜਾ ਹੈ ।

ਪ੍ਰਸ਼ਨ ੧੨੯: ਜਦੋਂ ਧਰਮ ਸਿੰਘ ਗੁਰੂ ਜੀ ਵਾਸਤੇ ਭੋਜਨ ਲੈ ਕੇ ਗਿਆ ਤਾਂ ਗੁਰੂ ਜੀ ਨੇ ਕੀ ਕਿਹਾ ਸੀ ?

ਉੱਤਰ –ਧਰਮ ਸਿੰਘ ਨੂੰ ਗੁਰੂ ਜੀ ਨੇ ਕਿਹਾ, ਇਹ ਭੋਜਨ ਕਿਸ ਨੇ ਭੇਜਿਆ ਹੈ ? ਤੂੰ ਕੌਣ ਹੈਂ ਤੇ ਕਿਸ ਮਨੋਰਥ ਵਾਸਤੇ ਆਇਆ ਹੈਂ ?

ਪ੍ਰਸ਼ਨ ੧੩੦ : ਹਰਿਦੁਆਰ ਕਿੱਥੇ ਹੈ ?

ਉੱਤਰ – ਹਰਿਦੁਆਰ ਉਤਰਾਂਚਲ ਸੂਬੇ ਵਿਚ ਗੰਗਾ ਦੇ ਕਿਨਾਰੇ ਤੇ ਹੈ ।

ਪ੍ਰਸ਼ਨ ੧੩੧ : ਜਦੋਂ ਗੁਰੂ ਜੀ ਹਰਿਦੁਆਰ ਗਏ ਤਾਂ ਲੋਕਾਂ ਨੂੰ ਕੀ ਕਰਦੇ ਵੇਖਿਆ ?

ਉੱਤਰ – ਜਦੋਂ ਗੁਰੂ ਜੀ ਹਰਿਦੁਆਰ ਗਏ ਤਾਂ ਲੋਕਾਂ ਨੂੰ ਚੜ੍ਹਦੇ ਵਲ ਮੂੰਹ ਕਰਕੇ ਪਾਣੀ ਦੇਂਦੇ ਵੇਖਿਆ ।

ਪ੍ਰਸ਼ਨ ੧੩੨ :ਲੋਕਾਂ ਨੂੰ ਚੰਗੀ ਮਤ ਦੇਣ ਵਾਸਤੇ ਗੁਰੂ ਜੀ ਨੇ ਕੀ ਕੀਤਾ ?

ਉੱਤਰ – ਪਲੋਕਾਂ ਨੂੰ ਚੰਗੀ ਮਤ ਦੇਣ ਵਾਸਤੇ ਗੁਰੂ ਜੀ ਪੱਛਮ ਵਲ ਮੂੰਹ ਕਰ ਕੇ ਪਾਣੀ ਸੁੱਟਣ ਲਗ ਪਏ , ਇਹ ਵੇਖ ਕੇ ਕਈਆਂ ਨੇ ਪੁਛਿਆ ਤੁਸੀ ਹਿੰਦੂ ਹੋ ਜਾਂ ਮੁਸਲਮਾਨ ,ਤੁਸੀ ਪੱਛਮ ਵਲ ਪਾਣੀ ਕਿਉਂ ਸੁੱਟ ਰਹੇ ਹੋ ?

ਪ੍ਰਸ਼ਨ ੧੩੩ : ਗੁਰੂ ਜੀ ਨੇ ਕਿਹਾ , ਪਹਿਲਾਂ ਤੁਸੀ ਦੱਸੋ ਕਿ ਚੜ੍ਹਦੇ ਵਲ ਮੂੰਹ ਕਰਕੇ ਪਾਣੀ ਕਿਸਨੂੰ ਦੇ ਰਹੇ ਹੋ ?

ਉੱਤਰ – ਲੋਕਾਂ ਕਿਹਾ ਅਸੀਂ ਪੂਰਬ ਵਲ ਮੂੰਹ ਕਰਕੇ ਸੂਰਜ ਨੂੰ ਤੇ ਆਪਣੇ ਮਰੇ ਹੋਏ ਪਿਤਰਾਂ ਨੂੰ ਪਾਣੀ ਦੇ ਰਹੇ ਹਾਂ ।

ਪ੍ਰਸ਼ਨ ੧੩੪ :ਗੁਰੂ ਜੀ ਨੇ ਕਿਹਾ , ਤੁਹਾਡੇ ਪਿਤਰ (ਮਰੇ ਹੋਏ ਬਜੁਰਗ) ਇੱਥੋ ਕਿੰਨੀ ਦੂਰ ਹਨ ?

ਉੱਤਰ – ਲੋਕਾਂ ਨੇ ਕਿਹਾ ਸਾਡੇ ਪਿਤਰ ਲੱਖਾਂ ਕਰੋੜਾਂ ਕੋਹ ਦੂਰ ,ਕਿਸੇ ਹੋਰ ਧਰਤੀ ਵਿਚ ਵਸਦੇ ਹਨ , ਅਸੀ ਉਹਨਾਂ ਨੂੰ ਪਾਣੀ ਦੇ ਰਹੇ ਹਾਂ ।

ਪ੍ਰਸ਼ਨ ੧੩੫ :ਗੁਰੂ ਜੀ ਨੇ ਪੱਛਮ ਵਲ ਪਾਣੀ ਦੇਣ ਦਾ ਮਨੋਰਥ ਕੀ ਦੱਸਿਆ ?

ਉੱਤਰ – ਗੁਰੂ ਜੀ ਨੇ ਕਿਹਾ ਮੇਰਾ ਪਿੰਡ ਪੱਛਮ ਵਲ ਪੰਜਾਬ ਵਿਚ ਹੈ ਉੱਥੇ ਮੈਂ ਖੇਤੀ ਬੀਜ ਕੇ ਆਇਆ ਹਾਂ ਉੱਥੇ ਮੀਂਹ ਨਹੀ ਪਿਆ ਮੈਂ ਉਸਨੂੰ ਪਾਣੀ ਦੇ ਰਿਹਾ ਹਾਂ ।

ਪ੍ਰਸ਼ਨ ੧੩੬ : ਗੁਰੂ ਜੀ ਦੀ ਪੱਛਮ ਵਲ ਪਾਣੀ ਦੇਣ ਦੀ ਗੱਲ ਸੁਣ ਕੇ ਲੋਕਾਂ ਨੇ ਕੀ ਕਿਹਾ ?

ਉੱਤਰ – ਲੋਕਾਂ ਨੇ ਕਿਹਾ , ਤੁਹਾਡਾ ਸੁੱਟਿਆ ਪਾਣੀ ਇੱਥੇ ਹੀ ਡਿਗ ਰਿਹਾ ਹੈ , ਪੰਜਾਬ ਵਿਚ ਤੁਹਾਡੀ ਖੇਤੀ ਤੀਕ ਨਹੀ ਜਾ ਰਿਹਾ ਹੈ ।

ਪ੍ਰਸ਼ਨ ੧੩੭ : ਗੁਰੂ ਜੀ ਨੇ ਚੜ੍ਹਦੇ ਪਾਸੇ ਪਾਣੀ ਦੇਣ ਵਾਲਿਆਂ ਨੂੰ ਕੀ ਸਿਖਿਆ ਦਿੱਤੀ ?

ਉੱਤਰ – ਗੁਰੂ ਜੀ ਨੇ ਕਿਹਾ ਜੇ ਮੇਰਾ ਸੁਟਿਆ ਪਾਣੀ ਇਸੇ ਧਰਤੀ ਪੰਜਾਬ ਵਿਚ ,ਮੇਰੀ ਖੇਤੀ ਤੱਕ ਨਹੀ ਪਹੁੰਚ ਸਕਦਾ ਤਾਂ ਤੁਹਾਡਾ ਸੁਟਿਆ ਪਾਣੀ ਲੱਖਾਂ ਕਰੋੜਾਂ ਕੋਹ ਦੂਰ ਕਿਸੇ ਹੋਰ ਧਰਤੀ ਵਿਚ ਕਿਸ ਤਰ੍ਹਾਂ ਚਲਿਆ ਜਾਵੇਗਾ ਸੋਚੋ ਤਾਂ ਸਹੀ , ਇਹ ਸੁਣ ਕੇ ਲੋਕਾਂ ਨੂੰ ਅਪਣੀ ਭੁਲ ਦਾ ਅਹਸਾਸ ਹੋਇਆ ।

ਪ੍ਰਸ਼ਨ ੧੩੮ : ਜਿਹੜੇ ਲੋਕੀਂ ਉੱਥੇ ਮਾਲ਼ਾ ਫੜ੍ਹ ਕੇ ਨਾਮ ਜਪ ਰਹੇ ਸਨ , ਗੁਰੂ ਜੀ ਨੇ ਉਨ੍ਹਾਂ ਦੇ ਮਨ ਦੀ ਕੀ ਗਲ ਦੱਸੀ ?

ਉੱਤਰ – ਗੁਰੂ ਜੀ ਨੇ ਕਿਹਾ ਮਾਲ਼ਾਂ ਤਾਂ ਤੁਸੀ ਜ਼ਰੂਰ ਫੜੀਆਂ ਹਨ ,ਪਰ ਮਨ ਤੁਹਾਡੇ ਦੁਨੀਆਂ-ਦਾਰੀ ਵਿਚ ਫਸੇ ਹਨ ,ਇਕ ਨੂੰ ਕਿਹਾ ਤੇਰਾ ਮਨ ਮੁਲਤਾਨ ਵਿਚ ਗਿਆ ਹੈ , ਦੂਜੇ ਨੂੰ ਕਿਹਾ ਤੇਰਾ ਮਨ ਕਾਬਲ ਵਿਚ ਗਿਆ ਹੈ ,ਤੀਜੇ ਨੂੰ ਕਿਹਾ ਤੇਰਾ ਮਨ ਦਿੱਲੀ ਵਿਚ ਗਿਆ ਹੈ , ਜਿੱਥੇ ਜਿੱਥੇ ਉਨ੍ਹਾਂ ਦੇ ਮਨ ਗਏ ਸਨ ਸਭ ਨੂੰ ਦਸ ਦਿੱਤਾ ।

ਪ੍ਰਸ਼ਨ ੧੩੯ : ਜਦੋਂ ਹਰਿਦੁਆਰ ਪੰਡਤਾਂ ਨੇ ਗੁਰੂ ਜੀ ਨੂੰ ਭੋਜਨ ਛਕਣ ਵਾਸਤੇ ਕਿਹਾ , ਤਾਂ ਗੁਰੂ ਜੀ ਨੇ ਕੀ ਉੱਤਰ ਦਿੱਤਾ ?

ਉੱਤਰ – ਜਦੋਂ ਸਾਰੇ ਪੰਡਤ ਰਸੋਈ ਵਿਚ ਗਏ ਤਾਂ ਗੁਰੂ ਜੀ ਨੇ ਕਿਹਾ ਤੁਹਾਡੇ ਨਾਲ ਨੀਚ ਆਏ ਹਨ ,ਤੁਹਾਡੇ ਆਉਣ ਤੇ ਰਸੋਈ ਭਿੱਟੀ ਗਈ ਹੈ ,ਪੰਡਤਾਂ ਨੇ ਕਿਹਾ ਜੀ ਸਾਨੂੰ ਤਾਂ ਨੀਚ ਦਿਸ ਨਹੀਂ ਰਹੇ ਜੇ ਆਪਜੀ ਨੂੰ ਦਿਸ ਰਹੇ ਹਨ ਤਾਂ ਦੱਸੋ ਕਿੱਥੇ ਹਨ , ਉੱਦੋਂ ਗੁਰੂ ਜੀ ਨੇ ਇਹ ਸਲੋਕ ਉਚਾਰਿਆ :-

ਸਲੋਕ ਮਹਲਾ ੧ ॥

"ਕੁਬੁਧ ਡੂਮਣੀ ਕੁਦਇਆ ਕਸਾਇਣ ਪਰਨਿੰਦਾ ਘਟ ਚੂਹੜੀ ਮੁਠੀ ਕ੍ਰੋਧ ਚੰਡਾਲ "

ਗੁਰੂ ਜੀ ਦੇ ਬਚਨ ਸੁਣਕੇ ਉਹ ਸਾਰੇ ਔਗੁਣ ਆਪਣੇ ਵਿਚ ਵੇਖਣ ਲੱਗੇ ।

ਪ੍ਰਸ਼ਨ ੧੪੦: ਪੰਡਤਾਂ ਨੇ ਕਿਹਾ ਆਪ ਜੀ ਦੱਸੋ ਰਸੋਈ ਕਿਸ ਤਰ੍ਹਾਂ ਪਵਿੱਤਰ ਹੋਵੇਗੀ ?

ਉੱਤਰ – ਉਦੋਂ ਗੁਰੂ ਜੀ ਨੇ ਰਸੋਈ ਪਵਿੱਤਰ ਹੋਣ ਬਾਰੇ ਸਲੋਕ ਉਚਾਰ ਕੇ ਦਸਿਆ :-

" ਸੁਚ ਸੰਜਮ ਕਰਣੀ ਕਾਰਾਂ ਨਾਵਣ ਨਾਉ ਜਪੇਹੀ ॥
ਨਾਨਕ ਅਗੈ ਉਤਮ ਸੇਈ ਜਿ ਪਾਪਾਂ ਪੰਧਿ ਨ ਦੇਹੀ ॥"

ਇਸ ਤਰ੍ਹਾ ਨਾਮ ਜਪਣ ਨਾਲ ਹੀ ਪਵਿਤਰ ਹੋਣ ਦਾ ਉਪਦੇਸ਼ ਦਸਿਆ ।

ਪ੍ਰਸ਼ਨ ੧੪੧: ਗੁਰੂ ਜੀ ਕਾਗ ਭਸੁੰਡ ਕੋਲ ਕਿਸ ਰਸਤੇ ਗਏ ?

ਉੱਤਰ – ਗੁਰੂ ਜੀ ਭਾਰਤ ਤੋਂ ਨੇਪਾਲ, ਭੁਟਾਨ, ਤਿਬਤ, ਚੀਨ, ਰੂਸ ਤੋਂ ਹੁੰਦੇ ਹੋਏ ਸੁਮੇਰ ਪਰਬਤ ਨੂੰ ਗਏ । ਉੱਥੇ ਸਿਧਾਂ ਨਾਲ ਗੋਸਟ ਕਰਕੇ ਕਾਗ ਭਸੁੰਡ ਨੂੰ ਮਿਲੇ ।

ਪ੍ਰਸ਼ਨ ੧੪੨: ਜਦੋਂ ਕਾਗ ਭਸੁੰਡ ਨੇ ਮਰਦਾਨੇ ਕੋਲੋ ਸ਼ਬਦ ਸੁਣਿਆ ਤਾਂ ਉਸ ਨੇ ਕੀ ਪੁੱਛਿਆ ਸੀ ?

ਉੱਤਰ –ਕਾਗ ਭਸੁੰਡ ਨੇ ਮਰਦਾਨੇ ਵਲ ਇਸ਼ਾਰਾ ਕਰਕੇ ਕਿਹਾ, ਇਹ ਸ਼ਬਦ ਕਿਸ ਦਾ ਗਾਇਆ ਹੈ, ਜੋ ਮੋਹ ਰੂਪੀ ਜੰਗਲ ਨੂੰ ਦਾਵਾ ਅਗਨੀ ਦੀ ਤਰ੍ਹਾਂ ਸਾੜਨ ਵਾਲਾ ਹੈ ।

ਪ੍ਰਸ਼ਨ ੧੪੩: ਮਰਦਾਨੇ ਨੇ ਕਾਗ ਭਸੁੰਡ ਨੂੰ ਕੀ ਉੱਤਰ ਦਿਤਾ ਸੀ ?

ਉੱਤਰ – ਮਰਦਾਨੇ ਨੇ ਕਿਹਾ, ਇਹ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਹੈ । ਇਹ ਆਪ ਨਿਰੰਕਾਰ ਅਵਤਾਰ ਧਾਰ ਕੇ ਆਏ ਹਨ ।

ਪ੍ਰਸ਼ਨ ੧੪੪: ਮਰਦਾਨੇ ਦੀ ਗਲ ਸੁਣ ਕੇ ਕਾਗ ਭਸੁੰਡ ਨੇ ਕੀ ਕੀਤਾ ਸੀ ?

ਉੱਤਰ – ਮਰਦਾਨੇ ਦੀ ਗਲ ਸੁਣ ਕੇ ਕਾਗ ਭਸੁੰਡ ਨੇ ਗੁਰੂ ਜੀ ਦੇ ਚਰਨਾਂ ਤੇ ਮੱਥਾਂ ਟੇਕਿਆ । ਉਸ ਨੂੰ ਵੇਖ ਕੇ ਸਾਰੇ ਪੰਛੀਆਂ ਨੇ ਵੀ ਮੱਥਾ ਟੇਕਿਆ । ਉਸ ਨੇ ਕਿਹਾ ਮੈਂਨੂੰ ਇਹ ਖ਼ਬਰ ਪਹਿਲਾਂ ਹੀ ਮਿਲ ਗਈ ਸੀ ਕਿ ਪਰਮੇਸਰ ਜੀ ਕਲਜੁਗ ਵਿਚ ਅਵਤਾਰ ਧਾਰ ਕੇ ਆਏ ਹਨ । ਮੈਂਨੂੰ ਆਪ ਜੀ ਦੇ ਦਰਸ਼ਨਾਂ ਦੀ ਇੱਛਾ ਸੀ । ਸੋ ਆਪ ਜੀ ਨੇ ਮੇਰੇ ਮਨ ਦੀ ਜਾਣ ਕੇ ਮੈਂਨੂੰ ਇੱਥੇ ਆ ਕੇ ਦਰਸ਼ਨ ਦਿੱਤੇ ਹਨ ।

ਪ੍ਰਸ਼ਨ ੧੪੫: ਕਾਗ ਭਸੁੰਡ ਨੇ ਬਾਲਾ ਜੀ ਦੇ ਪੁੱਛਣ ਤੇ ਆਪਣੀ ਉਮਰ ਕਿਤਨੀ ਦੱਸੀ ਸੀ ?

ਉੱਤਰ –ਕਾਗ ਭਸੁੰਡ ਨੇ ਕਿਹਾ ਮੇਰੀ ਉਮਰ ਪ੍ਰਮਾਣ ਰਹਿਤ ਹੈ । ਜਦੋਂ ਸੌ ਜੁਗ ਬਤੀਤ ਹੋ ਜਾਂਦੇ ਹਨ । ਬ੍ਰਹਮਾ ਦਾ ਇਕ ਦਿਨ ਹੁੰਦਾ ਹੈ। ਇਸੇ ਤਰ੍ਹਾਂ ਸੌ ਜੁਗ ਬਤੀਤ ਜਾਣ ਤਾਂ ਬ੍ਰਹਮਾਂ ਦੀ ਇਕ ਰਾਤ ਬਣਦੀ ਹੈ । ਇਸ ਤਰ੍ਹਾਂ ਜਦੋਂ ਬ੍ਰਹਮੇ ਦੀ ਸੌ ਸਾਲ ਦੀ ਉਮਰ ਬੀਤ ਜਾਂਦੀ ਹੈ ਤਾਂ ਬ੍ਰਹਮਾ ਚੜ੍ਹਾਈ ਕਰ ਜਾਂਦਾ ਹੈ । ਮੇਰੇ ਵੇਖਦਿਆਂ ਕਈ ਬ੍ਰਹਮੇ ਮਰੇ ਹਨ ਕਈ ਵਾਰ ਜਗ ਵਿਚ ਪਰਲੋ ਆਈ ਹੈ । ਫਿਰ ਬ੍ਰਹਮਾ ਪੈਦਾ ਹੁੰਦਾ ਹੈ ਤੇ ਸੰਸਾਰ ਨੂੰ ਪੈਦਾ ਕਰਦਾ ਹੈ ।

ਪ੍ਰਸ਼ਨ ੧੪੬: ਗੁਰੂ ਜੀ ਧ੍ਰੂ ਭਗਤ ਕੋਲ ਕਿੱਥੋਂ ਹੁੰਦੇ ਹੋਏ ਗਏ ?

ਉੱਤਰ – ਗੁਰੂ ਜੀ ਧ੍ਰੂ ਭਗਤ ਕੋਲ ਸੁਮੇਰ ਪਰਬਤ ਤੋਂ ਹੁੰਦੇ ਹੋਏ ਗਏ ।

ਪ੍ਰਸ਼ਨ ੧੪੭: ਧ੍ਰੂ ਦੀ ਮਤ੍ਰੇਈ ਮਾਂ ਨੇ ਧ੍ਰੂ ਨੂੰ ਰਾਜੇ ਦੀ ਗੋਦ ਵਿੱਚੋਂ ਕੀ ਆਖ ਕੇ ਉਠਾਇਆ ਸੀ ?

ਉੱਤਰ –ਜਦੋਂ ਧ੍ਰੂ ਪੰਜਾਂ ਸਾਲਾਂ ਦਾ ਹੋਇਆ ਤਾਂ ਉਹ ਆਪਣੇ ਪਿਤਾ ਉਤਾਨਪਾਦ ਕੋਲ ਗਿਆ । ਰਾਜੇ ਨੇ ਪੁੱਤਰ ਨੂੰ ਬੜੇ ਪ੍ਰੇਮ ਨਾਲ ਗੋਦ ਵਿਚ ਬਿਠਾਇਆ ਤੇ ਪਿਆਰ ਕੀਤਾ । ਇਹ ਵੇਖ ਕੇ ਧ੍ਰੂ ਦੀ ਮਤ੍ਰੇਈ ਮਾਂ ਨੇ ਗੁੱਸੇ ਨਾਲ ਧ੍ਰੂ ਨੂੰ ਬਾਹੋਂ ਫੜ ਕੇ ਰਾਜੇ ਦੀ

ਗੋਦ ਵਿੱਚੋਂ ਉੱਠਾ ਦਿੱਤਾ । ਆਖਣ ਲਗੀ ਜੇ ਤੂੰ ਇਹ ਪਦਵੀ ਚਾਹੁੰਦਾ ਹੈਂ ਤਾਂ ਸਰੀਰ ਛੱਡ ਕੇ ਮੇਰੇ ਉਦਰ ਥਾਣੀ ਪੈਦਾ ਹੋ ਕੇ ਆ । ਇਹ ਵੇਖ ਕੇ ਰਾਜਾ ਰਾਣੀ ਨੂੰ ਕੁਝ ਨਾ ਕਹਿ ਸਕਿਆ ।

ਪ੍ਰਸ਼ਨ ੧੪੮: ਜਦੋਂ ਦੋ ਕੁ ਦਿਨ ਮੀਂਹ ਪੈਣੋ ਨਾ ਹੱਟਿਆ ਤਾਂ ਗੁਰੂ ਜੀ ਨੇ ਆਪਣੇ ਪੁੱਤਰਾਂ ਨੂੰ ਕੀ ਕਿਹਾ ?

ਉੱਤਰ – ਜਦੋਂ ਦੋ ਕੁ ਦਿਨ ਮੀਂਹ ਪੈਣੋ ਨਾ ਹੱਟਿਆ,ਤਾਂ ਜਿਸ ਕਰਕੇ ਲੰਗਰ ਤਿਆਰ ਨਾ ਹੋ ਸਕਿਆ । ਸੰਗਤਾਂ ਨੂੰ ਭੁਖਿਆਂ ਵੇਖ ਕੇ ਗੁਰੂ ਜੀ ਨੇ ਆਪਣੇ ਦੋਹਾਂ ਪੁੱਤਰਾਂ ਨੂੰ ਕਿਹਾ ਸਾਹਮਣੇ ਜੋ ਕਿੱਕਰ ਦਾ ਬ੍ਰਿਛ ਹੈ, ਉਸ ਤੇ ਚੜ੍ਹ ਕੇ ਹਲੂਣਾ ਦਿਓ । ਉਸ ਵਿੱਚੋਂ ਅਨੇਕ ਪ੍ਰਕਾਰ ਦੀਆਂ ਮਿਠਿਆਈਆਂ ਡਿੱਗਣਗੀਆਂ । ਸੰਗਤਾਂ ਛੱਕਣਗੀਆਂ।

ਪ੍ਰਸ਼ਨ ੧੪੯: ਗੁਰੂ ਜੀ ਦਾ ਬਚਨ ਸੁਣ ਕੇ ਸ੍ਰੀ ਚੰਦ ਜੀ ਨੇ ਕੀ ਉੱਤਰ ਦਿੱਤਾ ?

ਉੱਤਰ – ਸ੍ਰੀ ਚੰਦ ਨੇ ਕਿਹਾ , ਮੈਂ ਕਦੀ ਬ੍ਰਿਛਾਂ ਨਾਲ ਨਾ ਭੋਜਨ ਲੱਗੇ ਵੇਖੇ ਤੇ ਨਾਹੀ ਸੁਣੇ । ਜੇ ਮੈਂ ਤੁਹਾਡੇ ਆਖੇ ਲੱਗ ਕੇ ਇਸ ਤਰ੍ਹਾਂ ਕਰਾਂਗਾ ਤਾਂ ਲੋਕਾਂ ਵਿਚ ਸ਼ਰਮਿੰਦਾ ਹੋਵਾਂਗਾ । ਇਸ ਕਰਕੇ ਮੈਂ ਕਿੱਕਰ ਤੇ ਨਹੀਂ ਚੜ੍ਹ ਸਕਦਾ। ਲਖਮੀ ਦਾਸ ਜੀ ਨੇ ਵੀ ਇਹੋ ਜਿਹਾ ਜਵਾਬ ਦੇ ਕੇ ਨਾਂਹ ਕਰ ਦਿੱਤੀ ।

ਪ੍ਰਸ਼ਨ ੧੫੦: ਗੁਰੂ ਜੀ ਦਾ ਬਚਨ ਕਿਸਨੇ ਪੂਰਾ ਕੀਤਾ ?

ਉੱਤਰ –ਫਿਰ ਗੁਰੂ ਜੀ ਨੇ ਸ੍ਰੀ ਲਹਿਣਾ ਜੀ ਨੂੰ ਕਿਹਾ ਪੁਰਖਾ ਤੂੰ ਹੀ ਇਹ ਕਾਰਜ ਕਰ । ਸੰਗਤਾਂ ਭੁਖੀਆਂ ਹਨ । ਗੁਰੂ ਜੀ ਦਾ ਬਚਨ ਸੁਣ ਕੇ ਸ੍ਰੀ ਲਹਿਣਾ ਜੀ ਨੇ ਉਸ ਵੇਲੇ ਸੰਗਤਾਂ ਨੂੰ ਨਾਲ ਲੈ ਕੇ ਕਿੱਕਰ ਤੇ ਚੜ੍ਹ ਕੇ ਉਸ ਨੂੰ ਜੋਰ ਜੋਰ ਨਾਲ ਹਿਲਾਇਆ । ਉਸ ਵਿੱਚੋਂ ਅਨੇਕ ਪ੍ਰਕਾਰ ਦੀਆਂ ਮਿਠਿਆਈਆਂ ਡਿੱਗੀਆਂ, ਉਨ੍ਹਾਂ ਨੂੰ ਛੱਕ ਕੇ ਸੰਗਤਾਂ ਤ੍ਰਿਪਤ ਹੋ ਗਈਆਂ ।

ਪ੍ਰਸ਼ਨ ੧੫੧: ਰਾਤ ਨੂੰ ਗੁਰੂ ਜੀ ਨੇ ਆਪਣੇ ਪੁੱਤਰਾਂ ਨੂੰ ਦਰਿਆ ਤੇ ਜਾ ਕੇ ਕੀ ਸੇਵਾ ਕਰਨ ਵਾਸਤੇ ਕਿਹਾ, ਤੇ ਉਹ ਸੇਵਾ ਕਿਸ ਨੇ ਪੂਰੀ ਕੀਤੀ ?

ਉੱਤਰ – ਰਾਤ ਨੂੰ ਗੁਰੂ ਜੀ ਨੇ ਆਪਣੇ ਦੋਹਾਂ ਪੁੱਤਰਾਂ ਨੂੰ ਵਾਰੀ ਵਾਰੀ ਕਿਹਾ ਦਰਿਆ ਤੇ ਜਾ ਕੇ ਸਾਡਾ ਚਾਦਰਾ ਧੋ ਕੇ ਲਿਆਓ । ਦੋਹਾਂ ਪੁੱਤਰਾਂ ਨੇ ਜਾਣ ਵਾਸਤੇ ਨਾਹ ਕਰ ਦਿਤੀ , ਕਿਹਾ ਹੁਣ ਅਸੀਂ ਅਰਾਮ ਕਰ ਰਹੇ ਹਾਂ । ਸਵੇਰੇ ਸੇਵਕਾਂ ਪਾਸੋਂ ਧੁਆ ਦਿਆਂਗੇ ।

ਪ੍ਰਸ਼ਨ ੧੫੨: ਗੁਰੂ ਜੀ ਦਾ ਬਚਨ ਕਿਸ ਸਿੱਖ ਨੇ ਪੂਰਾ ਕੀਤਾ ?

ਉੱਤਰ – ਫਿਰ ਗੁਰੂ ਜੀ ਨੇ ਸ੍ਰੀ ਲਹਿਣਾ ਜੀ ਨੂੰ ਕਿਹਾ, ਪੁਰਖਾ ਸਾਡਾ ਚਾਦਰਾ ਧੋ ਕੇ ਲਿਆਓ । ਉਦੋਂ ਸ੍ਰੀ ਲਹਿਣਾ ਜੀ ਝੱਟ ਨਦੀ ਤੇ ਚਾਦਰਾ ਧੋਣ ਚਲੇ ਗਏ । ਜਦੋਂ ਉੱਥੇ ਗਏ ਤਾਂ ਸਿਖਰ ਦੁਪਹਿਰ ਵੇਖੀ । ਸ੍ਰੀ ਲਹਿਣਾ ਜੀ ਚਾਦਰਾ ਧੋ ਕੇ ਸੁਕਾ ਕੇ ਡੇਰੇ ਆ ਗਏ ।

ਪ੍ਰਸ਼ਨ ੧੫੩: ਬਾਬਾ ਬੁੱਢਾ ਜੀ ਦਾ ਫੁਰਨਾਂ ਜਾਣ ਕੇ ਗੁਰੂ ਜੀ ਨੇ ਬਾਬਾ ਬੁਢਾ ਜੀ ਨੂੰ ਕੀ ਕਿਹਾ ਸੀ ?

ਉੱਤਰ – ਇਕ ਵੇਰ ਬਾਬਾ ਬੁੱਢਾ ਜੀ ਦੇ ਮਨ ਵਿਚ ਵਿਚਾਰ ਆਈ ਕਿ ਮੈਂ ਵੀ ਗੁਰੂ ਜੀ ਦੀ ਸੇਵਾ ਕਰਦਾਂ ਹਾਂ, ਆਗਿਆ ਅਨੁਸਾਰ ਚਲਦਾ ਹਾਂ । ਪਤਾ ਨਹੀਂ ਲਹਿਣੇ ਤੇ ਇਤਨੀ ਕ੍ਰਿਪਾ ਕਿਉਂ ਕਰਦੇ ਹਨ ? ਗੁਰੂ ਜੀ ਨੇ ਬਾਬੇ ਬੁੱਢਾ ਜੀ ਦੇ ਮਨ ਦੀ ਜਾਣ ਕੇ ਰਾਤ ਨੂੰ ਪਰਖਣ ਵਾਸਤੇ ਕਿਹਾ, ਬੁੜੇ ! ਬਾਹਰ ਜਾ ਕੇ ਵੇਖ ਰਾਤ ਕਿਤਨੀ ਕੁ ਬਾਕੀ ਹੈ । ਇਸ਼ਨਾਨ ਕਰਨ ਦਾ ਸਮਾਂ ਹੋਇਆ ਕਿ ਨਹੀਂ । ਬਾਬਾ ਬੁੱਢਾ ਜੀ ਨੇ ਬਾਹਰ ਜਾ ਕੇ ਵੇਖ ਕੇ ਕਿਹਾ ਜੀ ਅੱਧੀ ਰਾਤ ਬਾਕੀ ਹੈ । ਗੁਰੂ ਜੀ ਨੇ ਕਿਹਾ ਇਤਨੀ ਨਹੀਂ ਇਕ ਪਹਿਰ ਹੈ । ਫਿਰ ਗੁਰੂ ਜੀ ਨੇ ਕਿਹਾ ਚੰਗੀ ਤਰ੍ਹਾਂ ਵੇਖ ਕੇ ਦੱਸ । ਫਿਰ ਬਾਬਾ ਬੁੱਢਾ ਜੀ ਨੇ ਦੋਵੇਂ ਵਾਰੀ ਚੰਗੀ ਤਰ੍ਹਾਂ ਵੇਖ ਕੇ ਕਿਹਾ, ਜੀ ਅੱਧੀ ਰਾਤ ਹੀ ਰਹਿੰਦੀ ਹੈ ।

ਪ੍ਰਸ਼ਨ ੧੫੪: ਬਾਅਦ ਵਿਚ ਗੁਰੂ ਜੀ ਦਾ ਬਚਨ ਕਿਸ ਨੇ ਪੂਰਾ ਕੀਤਾ ?

ਉੱਤਰ – ਫਿਰ ਗੁਰੂ ਜੀ ਨੇ ਲਹਿਣਾ ਜੀ ਨੂੰ ਕਿਹਾ ਪੁਰਖਾ ਤੂੰ ਵੇਖ ਰਾਤ ਕਿੰਨੀ ਰਹਿੰਦੀ ਹੈ । ਲਹਿਣਾ ਜੀ ਨੇ ਤਾਰਿਆਂ ਦਾ ਅੰਦਾਜ਼ਾ ਲਾ ਕੇ ਕਿਹਾ, ਜੀ ਅੱਧੀ ਰਾਤ ਬਾਕੀ ਹੈ । ਗੁਰੂ ਜੀ ਨੇ ਫਿਰ ਕਿਹਾ, ਚੰਗੀ ਤਰ੍ਹਾਂ ਵੇਖ ਇਕ ਪਹਿਰ ਰਾਤ ਰਹਿੰਦੀ ਹੈ । ਲਹਿਣਾ ਜੀ ਨੇ ਫਿਰ ਬਾਹਰ ਜਾ ਕੇ ਵੇਖਿਆ, ਰਾਤ ਤਾਂ ਠੀਕ ਅੱਧੀ ਹੈ, ਪਰ ਗੁਰੂ ਜੀ ਨੂੰ ਪਤਾ ਨਹੀਂ ਕੀ ਭਾਉਂਦਾ ਹੈ । ਉਨ੍ਹਾਂ ਦੀ ਉਹ ਜਾਣਨ । ਇਹ ਵਿਚਾਰ ਕੇ ਲਹਿਣਾ ਜੀ ਨੇ ਕਿਹਾ ਮਹਾਰਾਜ ਜੀ ਮੇਰੀਆਂ ਅੱਖਾਂ ਨੀਂਦ ਨਾਲ ਭਰੀਆਂ ਸਨ, ਇਸ ਕਰਕੇ ਭੁਲ ਕੇ ਅੱਧੀ ਰਾਤ ਕਹੀ ਹੈ । ਆਪ ਜੀ ਨੇ ਜਿਤਨੀ ਬਿਤਾਈ ਹੈ ਉਤਨੀ ਬੀਤ ਗਈ ਹੈ । ਜਿਤਨੀ ਆਪ ਜੀ ਨੇ ਰੱਖੀ ਹੈ ਉਤਨੀ ਰਹਿੰਦੀ ਹੈ । ਇਹ ਉੱਤਰ ਸੁਣ ਕੇ ਬਾਬਾ ਬੁੱਢਾ ਜੀ ਸਮਝ ਗਏ ਕਿ ਮੈਂ ਲਹਿਣਾ ਜੀ ਵਾਂਗੂੰ ਗੁਰੂ ਜੀ ਦੀ ਆਗਿਆਂ ਦਾ ਪਾਲਣ ਨਹੀਂ ਕਰ ਸਕਿਆ ।

ਪ੍ਰਸ਼ਨ ੧੫੫: ਜਦੋਂ ਗੁਰੂ ਜੀ ਨੇ ਸਿੱਖਾਂ ਨੂੰ ਮੁਰਦਾ ਖਾਣ ਵਾਸਤੇ ਕਿਹਾ ਤਾਂ ਸਿੱਖਾਂ ਨੇ ਕੀ ਕੀਤਾ ?

ਉੱਤਰ – ਜਦੋਂ ਗੁਰੂ ਜੀ ਸਿੱਖਾਂ ਨੂੰ ਉਜਾੜ ਵਿਚ ਲੈ ਗਏ, ਉੱਥੇ ਇਕ ਮੁਰਦਾ ਪਿਆ ਵੇਖਿਆ । ਉਸ ਦੇ ਉਪਰ ਚਿੱਟਾ ਵਸਤਰ ਪਿਆ ਸੀ । ਗੁਰੂ ਜੀ ਨੇ ਕਿਹਾ, ਜੇ ਤੁਸੀਂ ਮੇਰੇ ਸਿੱਖ ਹੋ ਤਾਂ ਇਸ ਮੁਰਦੇ ਨੂੰ ਖਾਉ, ਜੇ ਨਹੀਂ ਖਾਓਗੇ ਤਾਂ ਪਛਤਾਉਗੇ । ਜਦੋਂ ਸਿੱਖਾਂ ਨੇ ਇਸ ਤਰ੍ਹਾਂ ਸੁਣਿਆਂ ਤਾਂ ਹੈਰਾਨ ਹੋ ਗਏ, ਉਦੋਂ ਬਾਬਾ ਬੁੱਢਾ ਜੀ ਵਰਗੇ ਬਹੁਤ ਸਾਰੇ ਸਿੱਖ ਝਾੜੀਆਂ ਦੇ ਉਹਲੇ ਹੋ ਗਏ । ਕਈ ਡੇਰੇ ਨੂੰ ਆ ਗਏ ।

ਪ੍ਰਸ਼ਨ ੧੫੬: ਜਦੋਂ ਗੁਰੂ ਜੀ ਨੇ ਸ੍ਰੀ ਲਹਿਣਾ ਜੀ ਨੂੰ ਮੁਰਦਾ ਖਣਵਾਸਤੇ ਕਿਹਾ ਤਾਂ ਉਹਨਾ ਨੇ ਕੀ ਕੀਤਾ ?

ਉੱਤਰ –ਜਦੋਂ ਸ੍ਰੀ ਲਹਿਣਾ ਜੀ ਨੇ ਵਸਤਰ ਚੁਕਿਆ ਤਾਂ ਮੁਰਦੇ ਦੀ ਤਰ੍ਹਾਂ ਕੜਾਹ ਪ੍ਰਸ਼ਾਦ ਬਣਿਆ ਵੇਖਿਆ ।

ਪ੍ਰਸ਼ਨ ੧੫੭: ਜਦੋਂ ਸਧਾਰਨ ਜੀ ਗੁਰੂ ਜੀ ਦੇ ਪੁਤਰਾਂ ਨੂੰ ਸੱਦਣ ਵਾਸਤੇ ਗਏ ਤਾਂ ਉਨ੍ਹਾਂ ਨੇ ਕੀ ਕਿਹਾ ਸੀ ?

ਉੱਤਰ –ਜਦੋਂ ਸਧਾਰਨ ਜੀ ਗੁਰੂ ਜੀ ਦੇ ਪੁੱਤਰਾਂ ਨੂੰ ਸੱਦਣ ਵਾਸਤੇ ਗਏ ਉਹਨਾਂ ਨੇ ਗੁਰੂ ਜੀ ਦੇ ਪੁੱਤਰਾਂ ਨੂੰ ਕਿਹਾ, ਅੱਜ ਗੁਰੂ ਜੀ ਨੇ ਸਚਖੰਡ ਨੂੰ ਚਲੇ ਜਾਣਾ ਹੈ । ਤੁਹਾਨੂੰ ਸੱਦਿਆ ਹੈ । ਪੁੱਤਰਾਂ ਨੇ ਕਿਹਾ ਇਤਨੀ ਛੇਤੀ ਤਿਆਰੀਕਿਸ ਤਰ੍ਹਾਂ ਹੋ ਗਈ ਇਹ ਆਖ ਕੇ ਉਹ ਨਹੀਂ ਆਏ । ਫਿਰ ਦਸਵੀਂ ਵਾਲੇ ਦਿਨ ਵੀ ਪੁੱਤਰਾਂ ਨੂੰ ਸੱਦਿਆ । ਤਾਂ ਉਨ੍ਹਾਂ ਨੇ ਕਿਹਾ ਜਿਵੇਂ ਸਪਤਮੀ ਨੂੰ ਸਮਾਉਣ ਲੱਗੇ ਸਨ ਉਵੇਂ ਅੱਜ ਵੀ ਸਮਾਉਣਗੇ । ਇਹ ਆਖ ਕੇ ਉਹ ਨਹੀਂ ਆਏ ।

ਪ੍ਰਸ਼ਨ ੧੫੮:ਮਾਤਾ ਸੁਲੱਖਣੀ ਜੀ ਨੇ ਗੁਰੂ ਜੀ ਨੂੰ ਕਿਹੜਾ ਕਾਰਜ ਕਰਕੇ ਸਮਾਉਣ ਵਾਸਤੇ ਕਿਹਾ ਸੀ ?

ਉੱਤਰ –ਮਾਤਾ ਸੁਲਖਣੀ ਜੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ, ਆਪ ਜੀ ਸਾਰੀ ਸੰਗਤ ਨੂੰ ਇੱਕਠੀ ਕਰਕੇ ਤੇ ਦਰਸ਼ਨ ਦੇ ਕੇ ਜਾਓ। ਇਸ ਕਰਕੇ ਇਕ ਦਿਨ ਹੋਰ ਠਹਿਰ ਜਾਉ । ਗੁਰੂ ਜੀ ਨੇ ਕਿਹਾ ਤੂੰ ਠੀਕ ਕਿਹਾ ਹੈ।ਅਸੀਂ ਅਸਟਮੀ ਤੇ ਨੌਮੀ ਦੋ ਦਿਨ ਹੋਰ ਰਹਾਂਗੇ ਤੇ ਦਸਵੀਂ ਨੂੰ ਜਾਵਾਂਗੇ ।

ਪ੍ਰਸ਼ਨ ੧੫੯: ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋ ਬਾਅਦ ਜਦੋਂ ਉਨ੍ਹਾਂ ਦੇ ਪੁੱਤਰ ਆਏ ਤਾ ਉਨ੍ਹਾਂ ਨੇ ਕੀ ਬੇਨਤੀ ਕੀਤੀ ਸੀ ?

ਉੱਤਰ –ਦਸਵੀਂ ਵਾਲੇ ਦਿਨ ਸਿੱਖਾਂ ਵਿਚ ਰੌਲ਼ਾ ਪੈ ਗਿਆ ਕਿ ਗੁਰੂ ਜੀ ਚਲਾਣਾ ਕਰ ਗਏ ਹਨ । ਉਦੋਂ ਰੌਲ਼ਾ ਸੁਣ ਕੇ ਸ੍ਰੀ ਚੰਦ ਜੀ ਤੇ ਲਖਮੀ ਦਾਸ ਜੀ ਆਏ ਤੇ ਗੁਰੂ ਜੀ ਅੱਗੇ ਬੜੀ ਸ਼ਰਧਾ ਨਾਲ ਬੇਨਤੀ ਕੀਤੀ, ਹੇ ਸਰਬਗ ਪਿਤਾ ਜੀ । ਸਾਨੂੰ ਇਹ ਪਤਾ ਨਹੀ ਸੀ ਕਿ ਆਪ ਜੀ ਸਾਨੂੰ ਮਿਲਣ ਤੋਂ ਬਗੈਰ ਹੀ ਜੋਤੀ ਜੋਤ ਸਮਾ ਜਾਓਗੇ । ਇਸ ਕਰਕੇ ਸਾਡੀ ਬੇਨਤੀ ਪਰਵਾਨ ਕਰੋ ਸਾਨੂੰ ਦੋ ਘੜੀਆਂ ਦਰਸ਼ਨ ਦੇ ਕੇ ਜਾਉ ।

ਪ੍ਰਸ਼ਨ ੧੬੦: ਪੁੱਤਰਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਕੀ ਕੀਤਾ ਸੀ ?

ਉੱਤਰ –ਆਪਣੇ ਪੁੱਤਰਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਉੱਠ ਬੈਠੇ , ਤੇ ਕਿਹਾ , ਜੇ ਹੁਣ ਤੁਸੀਂ ਸਾਡਾ ਬਹੁਤੇ ਸਮੇਂ ਲਈ ਜੀਵਨ ਮੰਗਦੇ ਤਾਂ ਅਸੀਂ ਤੁਹਾਡੀ ਉਹ ਬੇਨਤੀ ਵੀ ਪਰਵਾਨ ਕਰ ਲੈਣੀ ਸੀ । ਤੁਸੀਂ ਕੇਵਲ ਦੋ ਘੜੀਆਂ ਹੀ ਮੰਗੀਆਂ ਹਨ ਜੋ ਪਰਮੇਸ਼ਰ ਨੂੰ ਭਾਉਂਦਾ ਹੈ ਉਹੋ ਹੁੰਦਾ ਹੈ । ਹੁਣ ਜੋ ਕੁਝ ਤੁਹਾਡੇ ਮਨ ਵਿਚ ਹੈ ਦੱਸੋ । ਸ੍ਰੀ ਚੰਦ ਨੇ ਹੱਥ ਜੋੜ ਕੇ ਕਿਹਾ, ਪਿਤਾ ਦੀ ਜਾਇਦਾਦ ਦੇ ਅਧਿਕਾਰੀ ਪੁੱਤਰ ਹੁੰਦੇ ਹਨ । ਤੁਸੀਂ ਸਾਨੂੰ ਖਾਲੀ ਛੱਡ ਕੇ ਆਪਣੇ ਥਾਂ ਲਹਿਣਾ ਜੀ ਨੂੰ ਥਾਪ ਚੱਲੇ ਹੋ । ਇਹ ਆਪ ਜੀ ਨੇ ਅਯੋਗ ਗੱਲ ਕੀਤੀ ਹੈ । ਅਸੀਂ ਆਪ ਜੀ ਦੇ ਪੁੱਤਰ ਹਾਂ, ਆਪਣੇ ਨਾਮ ਦੀ ਆਪ ਜੀ ਨੂੰ ਹੀ ਲਾਜ ਹੈ ।

ਪ੍ਰਸ਼ਨ ੧੬੧: ਪੁੱਤਰਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਕੀ ਕਿਹਾ ਸੀ ?

ਉੱਤਰ –ਗੁਰੂ ਜੀ ਨੇ ਕਿਹਾ, ਤੁਹਾਡੇ ਵਿਚ ਰਿਧੀਆਂ ਸਿਧੀਆਂ ਕਰਾਮਾਤਾਂ ਹੋਣਗੀਆਂ । ਕਿਸੇ ਪਦਾਰਥ ਦੀ ਤੋਟ ਨਹੀਂ ਆਵੇਗੀ । ਸਾਡੇ ਸਿਖ ਤੁਹਾਨੂੰ ਪੂਜਣਗੇ, ਕਿਉਂਕਿ ਗੁਰੂ ਪੀਰਾਂ ਦੇ ਕੂਕਰਾਂ ਨੂੰ ਵੀ ਜਗਤ ਦੇ ਲੋਕ ਮੰਨਦੇ ਹਨ । ਤੁਸੀਂ ਤਾਂ ਸਾਡੇ ਪੁੱਤਰ ਹੋ। ਤੁਹਾਨੂੰ ਕਿਉਂ ਨਾ ਮੰਨਣਗੇ । ਪਰੰਤੂ ਜੋ ਸ਼ਬਦ ਦੀ ਵਡਿਆਈ ਹੈ, ਉਹ ਸ੍ਰੀ ਅੰਗਦ ਦੇਵ ਜੀ ਨੂੰ ਬਣਿਆਈ ਹੈ । ਤੁਸੀਂ ਇਸ ਤੇ ਦੁਖ ਨਾ ਕਰੋ । ਇੰਨੇ ਨੂੰ ਦੋ ਘੜੀਆਂ ਪੂਰੀਆਂ ਹੋ ਗਈਆਂ । ਗੁਰੂ ਜੀ ਨੇ ਸਾਰਿਆਂ ਨੂੰ ਕਨਾਤ ਤੋਂ ਬਾਹਰ ਕਰ ਦਿੱਤਾ । ਆਪ ਉੱਪਰ ਚਿੱਟਾ ਚਾਦਰਾ ਲੈ ਕੇ ਲੰਮੇ ਪੈ ਗਏ ਤੇ ਦੇਹ ਸਣੇ ਸਚਖੰਡ ਨੂੰ ਚਲੇ ਗਏ ।

ਪ੍ਰਸ਼ਨ ੧੬੨: ਜਦੋਂ ਗੁਰੂ ਜੀ ਸਚਖੰਡ ਨੂੰ ਚਲੇ ਗਏ ਤਾਂ ਸਸਕਾਰ ਕਰਨ ਵਾਸਤੇ ਕੀ ਝਗੜਾ ਹੋਇਆ ਸੀ ?

ਉੱਤਰ –ਗੁਰੂ ਜੀ ਦੇ ਸਰੀਰ ਦਾ ਸਸਕਾਰ ਕਰਨ ਲਗਿਆਂ ਅਨੋਖਾ ਝਗੜਾ ਹੋ ਗਿਆ ।ਹਿੰਦੂ ਕਹਿਣ ਲਗੇ ਅਸੀਂ ਗੁਰੂ ਜੀ ਦੀ ਦੇਹ ਦਾ ਸਸਕਾਰ ਕਰਨਾ ਹੈ ।ਮੁਸਲਮਾਨ ਕਹਿਣ ਅਸੀਂ ਗੁਰੂ ਜੀ ਦੇ ਸਰੀਰ ਨੂੰ ਦਫਨਾਉਣਾ ਹੈ । ਇਸ ਤਰ੍ਹਾਂ ਦੋਵੇਂ ਧਿਰਾਂ ਵਿਚ ਝਗੜਾ ਹੋ ਗਿਆ ।

ਪ੍ਰਸ਼ਨ ੧੬੩: ਬਾਬਾ ਬੁੱਢਾ ਜੀ ਵਰਗੇ ਸਿਆਣੇ ਸਿੱਖਾਂ ਨੇ ਦੋਵੇਂ ਧਿਰਾਂ ਨੂੰ ਕੀ ਸਲਾਹ ਦਿੱਤੀ ਸੀ ?

ਉੱਤਰ – ਬਾਬਾ ਬੁੱਢਾ ਜੀ ਵਰਗੇ ਸਿਆਣੇ ਸਿਖਾਂ ਨੇ ਕਿਹਾ ਤੁਸੀਂ ਲੜੋ ਨਾਂ । ਗੁਰੂ ਜੀ ਦੀ ਸਲਾਹ ਲੈ ਲੈਂਦੇ ਹਾਂ । ਜਦੋਂ ਅੰਦਰ ਗਏ ਤਾਂ ਉੱਥੇ ਗੁਰੂ ਜੀ ਦਾ ਸਰੀਰ ਨਹੀਂ ਸੀ । ਕੇਵਲ ਉੱਪਰ ਲਿਆ ਚਾਦਰਾ ਹੀ ਸੀ । ਉਹ ਦੋਵੇਂ ਧਿਰਾਂ ਨੇ ਅੱਧਾ-ਅੱਧਾ ਵੰਡ ਲਿਆ । ਹਿੰਦੂਆਂ ਨੇ ਉਸ ਨੂੰ ਅਗਨ ਭੇਟ ਕਰ ਦਿੱਤਾ । ਮੁਸਲਮਾਨਾਂ ਨੇ ਉਸ ਨੂੰ ਕਬਰ ਵਿਚ ਦਫਨਾ ਦਿੱਤਾ ।

ਪ੍ਰਸ਼ਨ ੧੬੪: ਗੁਰੂ ਜੀ ਨੇ ਆਰਤੀ ਦਾ ਸ਼ਬਦ " ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ " ਕਿਥੇ ਉਚਾਰਿਆ ?

ਉੱਤਰ – ਗੁਰੂ ਜੀ ਨੇ ਆਰਤੀ ਦਾ ਸ਼ਬਦ " ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ "ਉੜੀਸਾ ਸੂਬੇ ਦੇ ਪੁਰੀ ਸ਼ਹਿਰ , ਜਗੰਨਾਥ ਜੀ , ਦੇ ਮੰਦਰ ਤੇ ਉਚਾਰਿਆ ।

ਪ੍ਰਸ਼ਨ ੧੬੫ : ਬਟਾਲ਼ੇ ਸ਼ਹਿਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਿਤਨੇ ਅਸਥਾਨ ਹਨ ?

ਉੱਤਰ – ਬਟਾਲੇ ਸ਼ਹਿਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੋ ਅਸ ਥਾਨ , ਗੁਰਦੁਆਰਾ ਕੰਧ ਸਾਹਿਬ ਤੇ ਗੁਰਦੁਆਰਾ ਡੇਹਰਾ ਸਾਹਿਬ ਹਨ ।

ਪ੍ਰਸ਼ਨ ੧੬੬ : ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਾਤਨ ਸਾਹਿਬ ਗੁਰਦੁਆਰਾ ਕਿਥੇ ਹੈ ?

ਉੱਤਰ – ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਾਤਨ ਸਾਹਿਬ ਗੁਰਦੁਆਰਾ ਉੜੀਸਾ ਸੂਬੇ ਦੇ ਕਟਕ ਜਿਲੇ ਦੇ ਮਹਾਂ ਨਦੀ ਦੇ ਕਿਨਾਰੇ ਹੈ ।

ਪ੍ਰਸ਼ਨ ੧੬੭ : ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਰੀਰ ਕਰਕੇ ਸੰਸਾਰ ਵਿਚ ਕਿਤਨੀ ਉਮਰ ਬਿਤਾਈ ?

ਉੱਤਰ – ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਰੀਰ ਕਰਕੇ ਸੰਸਾਰ ਵਿਚ ੬੯ ਸਾਲ ੧੦ ਮਹੀਨੇ ੧੮ ਦਿਨ ਉਮਰ ਬਿਤਾਈ ।

ਪ੍ਰਸ਼ਨ ੧੬੮: ਗੁਰੂ ਜੀ ਸਚਖੰਡ ਨੂੰ ਕਿਸ ਅਸਥਾਨ ਤੋਂ , ਤੇ ਕਦੋਂ ਗਏ ?

ਉੱਤਰ – ਗੁਰੂ ਜੀ ਸਚਖੰਡ ਨੂੰ ਕਰਤਾਰਪੁਰ ਜਿਲ੍ਹਾ ਨਾਰੋਵਾਲ (ਪਾਕਿਸਤਾਨ)ਤੋਂ ੧੫੯੬ ਬਿਕ੍ਰਮੀ ੮ ਅੱਸੂ ਐਤਵਾਰ ਮੁਤਾਬਿਕ ੭ ਸਤੰਬਰ ੧੫੩੯ ਈਸਵੀ ਨੂੰ ਗਏ ।

ਪ੍ਰਸ਼ਨ ੧੬੯ : ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹੜਾ ਨਗਰ ਵਸਾਇਆ , ਉਹ ਕਿੱਥੇ ਹੈ ?

ਉੱਤਰ – ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਨਗਰ ਵਸਾਇਆ ,ਉਹ ਰਾਵੀ ਦੇ ਕਿਨਾਰੇ ਨਾਰੋਵਾਲ ਜਿਲ੍ਹੇ ਵਿਚ ਹੈ ।

ਪ੍ਰਸ਼ਨ ੧੭੦ : ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਮੁਖ ਰੂਪ ਵਿਚ ਕਿਹੜੇ ਚਾਰ ਹਿਸਿਆਂ ਵਿਚ ਵੰਡਿਆ ਜਾ ਸਕਦਾ ਹੈ ?

ਉੱਤਰ – ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਪਹਿਲਾ ਹਿੱਸਾ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਦੂਜਾ ਹਿੱਸਾ ਸੁਲਤਾਨਪੁਰ ਵਿਚ ਮੋਦੀ ਖਾਨਾ ਚਲਾਉਣਾ ,ਤੀਜਾ ਹਿੱਸਾ ਚਾਰ ਉਦਾਸੀਆਂ , ਚੌਥਾ ਹਿੱਸਾ ਕਰਤਾਰਪੁਰ ਵਿਚ ਵਾਹੀ ਜੋਤੀ ਕਰਨੀ ।

ਪ੍ਰਸ਼ਨ ੧੭੧: ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚਾ ਗੁਰੂ ਕਿਸਨੂੰ ਦਸਿਆ ਤੇ ਉਸ ਦੀ ਪ੍ਰਾਪਤੀ ਕਿਸ ਤਰਾਂ ਦੱਸੀ ਹੈ ?

ਉੱਤਰ – ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚਾ ਗੁਰੂ ਆਪ ਪਰਮਾਤਮਾ ਨੂੰ ਦਸਿਆ ਹੈ ਉਹ ਗੁਰ ਸ਼ਬਦ ਦੁਆਰਾ ਪ੍ਰਾਪਤ ਹੁੰਦਾ ਦਸਿਆ ਹੈ ।

ਪ੍ਰਸ਼ਨ ੧੭੨:ਸਿੱਖ ਧਰਮ ਦੇ ਮਹਤਵ ਪੂਰਨ ਗ੍ਰੰਥ ਕਿਹੜੇ – ਕਿਹੜੇ ਹਨ ?

ਉੱਤਰ – ਸਿੱਖ ਧਰਮ ਦੇ ਮਹਤਵ ਪੂਰਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਜੀ ,ਸ੍ਰੀ ਦਸਮ ਗ੍ਰੰਥ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿੱਤ ਸਵਈਯੇ ,ਗੁਰ ਇਤਿਹਾਸ ਆਦਿਕ ਹਨ ।ਭਾਈ ਨੰਦ ਲਾਲ ਦੀਆਂ ਗਜਲਾਂ ,ਅਤੇ ਸਰਬ ਲੋਹ ਗ੍ਰੰਥ ।

ਸ੍ਰੀ ਗੁਰੂ ਅੰਗਦ ਦੇਵ ਜੀ ○○○○○○

– ——————————

ਪ੍ਰਸ਼ਨ ੧ : ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜੱਦੀ ਪਿੰਡ ਕਿਹੜਾ ਸੀ ਅਤੇ ਉਨਾਂ ਦਾ ਅਵਤਾਰ ਕਦੋਂ ਹੋਇਆ ?

ਉੱਤਰ – ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜੱਦੀ ਪਿੰਡ ਨਾਂਗੇ ਦੀ ਸਰਾਂ (ਮੱਤੇ ਦੀ ਸਰਾਂ) ਜਿਲ੍ਹਾ ਮੁਕਤਸਰ ਸੀ ,ਉਨ੍ਹਾਂ ਦਾ ਅਵਤਾਰ ੧੫੬੧ ਬਿਕ੍ਰਮੀ ੨੦ ਵੈਸਾਖ ਮੁਤਾਬਿਕ ੧੫੦੪ ਈ: ੧੫ ਅਪ੍ਰੈਲ ਨੂੰ ਹੋਇਆ ।

ਪ੍ਰਸ਼ਨ ੨ : ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮਾਤਾ ਪਿਤਾ ਅਤੇ ਸੱਸ ਸਹੁਰੇ ਦਾ ਨਾਂ ਦੱਸੋ ?

ਉੱਤਰ – ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮਾਤਾ ਜੀ ਦਾ ਨਾਮ ਮਾਤਾ ਦਇਆ ਕੌਰ (ਸਭਰਾਈ ਜੀ), ਪਿਤਾ ਜੀ ਦਾ ਨਾਮ ਫੇਰੂਮਲ ਜੀ , ਸੱਸ ਦਾ ਨਾਮ ਭਿਰਾਈ ਜੀ , ਸਹੁਰੇ ਜੀ ਦਾ ਨਾਮ ਦੇਵੀਦਾਸ ਜੀ ਸੀ , ਸਹੁਰਾ ਜੀ ਖਡੂਰ ਸਾਹਿਬ ਦੇ ਲਾਗੇ ਸੰਘਰ ਪਿੰਡ ਦੇ ਵਸਨੀਕ ਸਨ , ਬਾਦ ਵਿਚ ਉਹ ਖਡੂਰ ਸਾਹਿਬ ਆ ਕੇ ਵਸ ਗਏ ਸਨ ।

ਪ੍ਰਸ਼ਨ ੩ : ਸ੍ਰੀ ਗੁਰੂ ਅੰਗਦ ਦੇਵ ਜੀ ਦਾ ਵਿਆਹ ਕਿੱਥੇ ਤੇ ਕਿਸ ਨਾਲ ਹੋਇਆ ਸੀ ?

ਉੱਤਰ – ਸ੍ਰੀ ਗੁਰੂ ਅੰਗਦ ਦੇਵ ਜੀ ਦਾ ਵਿਆਹ ਮਾਤਾ ਖੀਵੀ ਜੀ ਨਾਲ ਖਡੂਰ ਸਾਹਿਬ ਹੋਇਆ ਸੀ ।

ਪ੍ਰਸ਼ਨ ੪ : ਸ੍ਰੀ ਗੁਰੂ ਅੰਗਦ ਦੇਵ ਜੀ ਦੇ ਕਿੰਨੇ ਪੁੱਤਰ ਤੇ ਪੁੱਤਰੀਆਂ ਸਨ ?

ਉੱਤਰ – ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦੋ ਪੁੱਤਰ ਭਾਈ ਦਾਤੂ ਜੀ ,ਅਤੇ ਭਾਈ ਦਾਸੂ ਜੀ , ਦੋ ਪੁੱਤਰੀਆਂ ਬੀਬੀ ਅਮਰੋ ਜੀ ਤੇ ਬੀਬੀ ਅਨੋਖੀ ਜੀ ਸਨ ।

ਪ੍ਰਸ਼ਨ ੫ : ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਹੁਰਾ ਜੀ ਕਿਸ ਦੇ ਪੁਜਾਰੀ ਸਨ ,ਉਨ੍ਹਾਂ ਦੇ ਮਗਰੋਂ ਉਹ ਸੇਵਾ ਕਿਸਨੂੰ ਦਿੱਤੀ ਗਈ ਸੀ ?

ਉੱਤਰ – ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਹੁਰਾ ਜੀ , ਜਵਾਲਾ ਜੀ ਦੇ ਪੁਜਾਰੀ ਸਨ , (ਜੋ ਹਿਮਾਚਲ ਸੂਬੇ ਦੇ ਕਾਂਗੜਾ ਜਿਲ੍ਹੇ ਵਿਚ ਹੈ) ਉਹਨਾਂ ਦੇ ਬਾਦ ਉਹ ਸੇਵਾ ਸ੍ਰੀ ਗੁਰੂ ਅੰਗਦ ਦੇਵ ਜੀ (ਸ਼੍ਰੀ ਲਹਿਣਾ ਜੀ) ਨੂੰ ਦਿੱਤੀ ਗਈ ਸੀ ।

ਪ੍ਰਸ਼ਨ ੬ : ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪਹਿਲਾਂ ਗੁਰਬਾਣੀ ਕਿਸ ਸਿੱਖ ਪਾਸੋਂ ਸੁਣੀ ਸੀ ?

ਉੱਤਰ – ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪਹਿਲਾਂ ਗੁਰਬਾਣੀ ਭਾਈ ਜੋਧਾ ਜੀ ਪਾਸੋਂ ਸੁਣੀ ਸੀ ।

ਪ੍ਰਸ਼ਨ ੭ : ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸਨਾਂ ਵਾਸਤੇ ਕਰਤਾਰਪੁਰ ਸਾਹਿਬ ਗਏ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ , ਕੀ ਸੋਚ ਕੇ ਬਾਹਰ ਆਏ ਸਨ ?

ਉੱਤਰ – ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ , ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸਨਾਂ ਵਾਸਤੇ ਗਏ, ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਸਤਿਕਾਰ ਨਾਲ ਬਾਹਰ ਆਏ ਸਨ । ਕਿ ਸਾਡੇ ਗੁਰਤਾ ਗੱਦੀ ਦੇ ਵਾਰਸ ਮਹਾਂਪੁਰਖ ਆ ਰਹੇ ਹਨ, ਜਿਨਾਂ ਨੇ ਗੁਰੂ ਬਣ ਕੇ ਲੋਕਾਈ ਦਾ ਭਲਾ ਕਰਨਾ ਹੈ ।

ਪ੍ਰਸ਼ਨ ੮ : ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਦੀ ਪ੍ਰੀਖਿਆਵਾਂ ਲਈਆਂ ਸਨ ਤਾਂ ਉਨ੍ਹਾਂ ਵਿੱਚੋਂ ਕੌਣ ਪਾਸ ਹੋਇਆ ਸੀ ?

ਉੱਤਰ – ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਦੀ ਪ੍ਰੀਖਿਆਵਾਂ ਲਈਆਂ ਸਨ ਤਾਂ ਉਨ੍ਹਾਂ ਵਿੱਚੋਂ ਸ੍ਰੀ ਗੁਰੂ ਅੰਗਦ ਦੇਵ ਜੀ ਹੀ ਪਾਸ ਹੋਏ ਸਨ ।

ਪ੍ਰਸ਼ਨ ੯ : ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ ਕੀ ਸੀ ?

ਉੱਤਰ – ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ ਸ੍ਰੀ ਲਹਿਣਾ ਜੀ ਸੀ ।

ਪ੍ਰਸ਼ਨ ੧੦ :ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਤਾ ਗੱਦੀ ਦਿੱਤੀ ਸੀ , ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀ ਕੀਤਾ ਤੇ ਕੀ ਕਿਹਾ ਸੀ ?

ਉੱਤਰ – ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਤਾ ਗੱਦੀ ਦਿੱਤੀ ਤਾਂ ਤਿੰਨ ਪ੍ਰਕਰਮਾ ਕਰਕੇ ਚਰਨਾ ਤੇ ਮੱਥਾ ਟੇਕਿਆ , ਤੇ ਕਿਹਾ ਅੱਜ ਤੋਂ ਤੁਸੀ ਸਾਡਾ ਰੂਪ ਹੋ ਗਏ ਹੋ । ਸਾਡੇ ਅੰਗਾਂ ਨਾਲ ਲੱਗ ਕੇ ਅੱਜ ਤੋਂ ਤੁਹਾਡਾ ਨਾਮ ਅੰਗਦ ਹੋਇਆ ਹੈ ।

ਪ੍ਰਸ਼ਨ ੧੧ : ਗੁਰਤਾ ਗੱਦੀ ਦੇਣ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਕੀ ਹੁਕਮ ਕੀਤਾ ਸੀ ?

ਉੱਤਰ – ਗੁਰਤਾ ਗੱਦੀ ਦੇਣ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਕਿਹਾ , ਤੁਸੀ ਹੁਣ ਆਪਣੇ ਨਗਰ ਖਡੂਰ ਚਲੇ ਜਾਉ , ਇੱਥੇ ਸਾਡੇ ਪੁੱਤਰ ਤੁਹਾਡੇ ਨਾਲ ਈਰਖਾ ਕਰਨਗੇ ।

ਪ੍ਰਸ਼ਨ ੧੨ : ਸ੍ਰੀ ਗੁਰੂ ਅੰਗਦ ਦੇਵ ਜੀ ਵੇਲੇ ਦਿੱਲੀ ਦਾ ਬਾਦਸ਼ਾਹ ਕੌਣ ਸੀ ?

ਉੱਤਰ – ਸ੍ਰੀ ਗੁਰੂ ਅੰਗਦ ਦੇਵ ਜੀ ਵੇਲੇ ਦਿੱਲੀ ਦਾ ਬਾਦਸ਼ਾਹ ਬਾਬਰ ਦਾ ਪੁੱਤਰ ਹੁਮਾਯੂੰ ਸੀ ।

ਪ੍ਰਸ਼ਨ ੧੩ : ਹੁਮਾਯੂੰ ਤੋਂ ਕੌਣ ਬਾਗੀ ਹੋ ਗਏ ਸਨ ?

ਉੱਤਰ – ਹੁਮਾਯੂੰ ਤੋਂ ਦੋ ਪਠਾਣ ਭਰਾ ਬਾਗੀ ਹੋ ਗਏ ਸਨ , ਹੁਮਾਯੂੰ ਜੰਗ ਵਿਚ ਉਨ੍ਹਾਂ ਤੋਂ ਹਾਰ ਗਿਆ ਸੀ ।

ਪ੍ਰਸ਼ਨ ੧੪ : ਹੁਮਾਯੂੰ ਬਾਦਸ਼ਾਹ ਗੁਰੂ ਜੀ ਪਾਸ ਕਿਸ ਇਰਾਦੇ ਨਾਲ ਆਇਆ ਸੀ ?

ਉੱਤਰ – ਹੁਮਾਯੂੰ ਬਾਦਸ਼ਾਹ ਗੁਰੂ ਜੀ ਨੂੰ ਨਮਸਕਾਰ ਕਰਕੇ ਖੜਾ ਹੋ ਗਿਆ । ਗੁਰੂ ਜੀ ਉਸ ਸਮੇ ਬਚਿਆਂ ਨੂੰ ਗੁਰਮੁਖੀ ਪੜ੍ਹਾਉਣ ਤੇ ਪਰਚੇ ਹੋਏ ਸਨ । ਉਸ ਵੱਲ ਕੋਈ ਧਿਆਨ ਨਹੀਂ ਦਿੱਤਾ । ਉਸ ਸਮੇਂ ਉਸਨੇ ਸੋਚਿਆ ਮੈਂ ਬਾਦਸ਼ਾਹ ਹਾਂ ਇਨ੍ਹਾਂ ਨੇ ਮੇਰੀ ਜਰਾ ਜਿੰਨ੍ਹੀ ਪਰਵਾਹ ਨਹੀ ਕੀਤੀ ,ਇਹ ਕਤਲ ਕਰਨ ਯੋਗ ਹਨ । ਇਹ ਸੋਚਕੇ ਜਦੋਂ ਉਹ ਕ੍ਰਿਪਾਨ ਖਿੱਚਣ ਲੱਗਾ ਤਾਂ ਹੱਥ ਕ੍ਰਿਪਾਨ ਦੇ ਮੁੱਠੇ ਨਾਲ ਹੀ ਜੁੜ ਗਿਆ ਹਿੱਲਿਆ ਹੀ ਨਹੀਂ । ਇਹ ਵੇਖ ਕੇ ਬਹੁਤ ਪਛਤਾਇਆ ਤੇ ਸੋਚਣ ਲੱਗਾ ਮੈਂ ਬਹੁਤ ਖੋਟਾ ਕੰਮ ਕਰਨ ਲੱਗਾ ਸੀ ।

ਪ੍ਰਸ਼ਨ ੧੫ : ਗੁਰੂ ਜੀ ਨੇ ਹੁਮਾਯੂੰ ਦੇ ਮਨ ਦਾ ਖੋਟ ਵੇਖ ਕੇ ਕੀ ਕਿਹਾ ?

ਉੱਤਰ – ਗੁਰੂ ਜੀ ਨੇ ਕਿਹਾ ! ਸ਼ੇਰਸ਼ਾਹ ਨਾਲ ਤੇਰਾ ਕੋਈ ਚਾਰਾ ਨਹੀਂ ਚੱਲਿਆ , ਉੱਥੋਂ ਕਾਇਰ ਹੋ ਕੇ ਭੱਜ ਆਇਆ ਹੈ । ਉਦੋਂ ਇਹ ਕ੍ਰਿਪਾਨ ਤੇਰਾ ਕੁਛ ਸਵਾਰ ਨਾ ਸਕੀ , ਸਾਨੂੰ ਬਹਾਦਰੀ ਵਿਖਾਉਂਦਾ ਹੈਂ ।

ਪ੍ਰਸ਼ਨ ੧੬ : ਗੁਰੂ ਜੀ ਦੇ ਬਚਨ ਸੁਣ ਕੇ ਹੁਮਾਯੂੰ ਨੇ ਕੀ ਬੇਨਤੀ ਕੀਤੀ ?

ਉੱਤਰ – ਹੁਮਾਯੂੰ ਨੇ ਹੱਥ ਜੋੜ ਕੇ ਬੇਨਤੀ ਕੀਤੀ ,ਮੈਥੋਂ ਅਨਜਾਣ ਪੁਣੇ ਵਿਚ ਗਲਤੀ ਹੋ ਗਈ ਹੈ , ਮੈਂਨੂੰ ਬਖਸ਼ ਦਿਓ । ਮੈਂ ਆਪਜੀ ਤੋਂ ਇਹ ਪੁੱਛਣ ਆਇਆ ਹਾਂ ਕਿ ਗੁਰੂ ਨਾਨਕ ਦੇਵ ਜੀ ਖੁਦਾ ਦਾ ਰੂਪ ਸਨ , ਤਾਂ ਉਨ੍ਹਾਂ ਦਾ ਵਾਕ ਹੁਣ ਝੂਠਾ ਕਿਉਂ ਹੋਣ ਲੱਗਾ ਹੈ , ਇਸਦਾ ਕੀ ਕਾਰਣ ਹੈ । ਤੁਹਾਡੇ ਤੇ ਉਨ੍ਹਾਂ ਵਿਚ ਕੋਈ ਫਰਕ ਨਹੀਂ ਹੈ ।

ਪ੍ਰਸ਼ਨ ੧੭ : ਗੁਰੂ ਜੀ ਨੇ ਹੁਮਾਯੂੰ ਦੀ ਬੇਨਤੀ ਸੁਣਕੇ ਕੀ ਉੱਤਰ ਦਿੱਤਾ ਸੀ ?

ਉੱਤਰ – ਗੁਰੂ ਜੀ ਨੇ ਕਿਹਾ ! ਤੇਰੇ ਪਾਸੋਂ ਕੋਈ ਵੱਡੀ ਬੇ-ਇਨਸਾਫੀ ਹੋਈ ਹੋਵੇਗੀ । ਜਿਸ ਕਰਕੇ ਤੇਰੀ ਇਹ ਹਾਲਤ ਹੋਈ ਹੈ । ਜੇ ਤੂੰ ਹੁਣ ਸਾਡੇ ਉੱਤੇ ਤਲਵਾਰ ਨਾਂ ਉਠਾਉਂਦਾ ਤਾਂ ਤੈਨੂੰ ਹੁਣੇ ਰਾਜ ਭਾਗ ਮਿਲ ਜਾਣਾ ਸੀ ਪਰ ਹੁਣ ਤੂੰ ਅਪਣੇ ਦੇਸ ਤੁਰਕਿਸਤਾਨ ਜਾਹ । ਉੱਥੋਂ ਬਹੁਤ ਸਾਰੀ ਫੌਜ ਇਕੱਠੀ ਕਰਕੇ ਲਿਆਵੇਂਗਾ ਤਾਂ ਤੈਨੂੰ ਸਮਾਂ ਪਾ ਕੇ ਰਾਜ ਭਾਗ ਮਿਲ ਜਾਵੇਗਾ ।

ਪ੍ਰਸ਼ਨ ੧੮ : ਭਾਈ ਜੀਵਾ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕੀ ਸੇਵਾ ਕਰਦੇ ਸਨ ?

ਉੱਤਰ – ਭਾਈ ਜੀਵਾ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਦਹੀਂ ਤੇ ਖਿਚੜੀ ਬਣਾ ਕੇ ਛਕਾਉਣ ਦੀ ਸੇਵਾ ਕਰਦੇ ਸਨ ।

ਪ੍ਰਸ਼ਨ ੧੯ : ਜਦੋਂ ਹਨ੍ਹੇਰੀ ਆ ਰਹੀ ਸੀ ਤਾਂ ਭਾਈ ਜੀਵਾ ਜੀ ਨੇ ਗੁਰੂ ਜੀ ਨੂੰ ਕੀ ਬੇਨਤੀ ਕੀਤੀ ਸੀ ?

ਉੱਤਰ – ਇਕ ਦਿਨ ਸੰਧਿਆ ਸਮੇ ਬਹੁਤ ਜੋਰ ਦੀ ਹਨੇਰੀ ਚੱਲਣ ਲੱਗੀ । ਭਾਈ ਜੀਵਾ ਜੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਸੱਚੇ ਪਾਤਿਸਾਹ ਜੀ , ਹਨੇਰੀ ਬਹੁਤ ਜੋਰ ਦੀ ਚੱਲ ਰਹੀ ਹੈ । ਆਪ ਜੀ ਬਚਨ ਕਰੋ ਹਨੇਰੀ ਹੱਟ ਜਾਵੇ , ਹਨੇਰੀ ਹਟੇਗੀ ਤਾਂ ਮੈਂ ਛੇਤੀ ਭੋਜਨ ਤਿਆਰ ਕਰਕੇ ਆਪ ਜੀ ਨੂੰ ਛਕਾਵਾਂਗਾ ।

ਪ੍ਰਸ਼ਨ ੨੦ : ਗੁਰੂ ਜੀ ਨੇ ਹਨੇਰੀ ਬਾਰੇ ਕੀ ਉੱਤਰ ਦਿੱਤਾ ਸੀ ?

ਉੱਤਰ – ਗੁਰੂ ਜੀ ਨੇ ਕਿਹਾ ਗੁਰਮੁਖ ਇਹੋ ਜਿਹਾ ਮਨੋਰਥ ਨਹੀਂ ਕਰਨਾ ਚਾਹੀਦਾ , ਇਹ ਪਰਮੇਸਰ ਦੀ ਰਜਾ ਵਿਚ ਦਖਲ ਦੇਣਾ ਹੈ । ਇਸ ਹਨੇਰੀ ਨੇ ਵੀ ਕਈ ਕਾਰਜ ਸਵਾਰਨੇ ਹਨ , ਕਈਆ ਜੀਵਾਂ ਨੂੰ ਰੋਜੀ ਦੇਣੀ ਹੈ । ਸਮੁੰਦਰੀ ਜਹਾਜ ਇਸ ਹਨੇਰੀ ਨਾਲ ਚਲਦੇ ਹਨ , ਉਹਨਾਂ ਵਿਚ ਵੀ ਕਈਆਂ ਦੀ ਰੋਜੀ ਹੈ । ਉਹ ਚੱਲਣਗੇ ਤਾਂ ਕਈਆਂ ਨੂੰ ਰੋਜੀ ਮਿਲੇਗੀ । ਤਾਂਬੇ ਦੀ ਧਰਤੀ ਵਿਚ ਜੋ ਸੱਪ ਰਹਿੰਦੇ ਹਨ ਉਨ੍ਹਾਂ ਵਾਸਤੇ ਮਿੱਟੀ ਉਡਕੇ ਉੱਥੇ ਜਾਵੇਗੀ , ਉਸਨੂੰ ਖਾਕੇ ਉਹ ਗੁਜਾਰਾ ਕਰਨਗੇ ,ਜੇ ਹੁਣ ਭੋਜਨ ਤਿਆਰ ਨਹੀਂ ਹੋਵੇਗਾ ਤਾਂ ਸਵੇਰੇ ਹੋ ਜਾਵੇਗਾ , ਗੁਰਮੁਖ ਪਰਮੇਸ਼ਰ ਦਾ ਭਾਣਾ ਮੰਨਦੇ ਹਨ ।

ਪ੍ਰਸ਼ਨ ੨੧: ਮਲੂਕੇ ਚੌਧਰੀ ਨੂੰ ਕੀ ਰੋਗ ਸੀ ?

ਉੱਤਰ – ਮਲੂਕੇ ਚੌਧਰੀ ਨੂੰ ਮਿਰਗੀ ਦਾ ਰੋਗ ਸੀ ।

ਪ੍ਰਸ਼ਨ ੨੨: ਮਲੂਕਾ ਗੁਰੂ ਜੀ ਪਾਸ ਕਿਸ ਮਨੋਰਥ ਵਾਸਤੇ ਗਿਆ ਸੀ ?

ਉੱਤਰ – ਮਲੂਕਾ ਗੁਰੂ ਜੀ ਪਾਸ ਮਿਰਗੀ ਹਟਾਉਣ ਵਾਸਤੇ ਗਿਆ ਸੀ ।

ਪ੍ਰਸ਼ਨ ੨੩: ਗੁਰੂ ਜੀ ਨੇ ਮਲੂਕੇ ਨੂੰ ਤੇਰਾ ਮਿਰਗੀ ਦਾ ਰੋਗ ਕਿਸ ਤਰ੍ਹਾਂ ਹਟੇਗਾ ਕਿਹਾ ਸੀ ?

(੫੯)ਉੱਤਰ –ਗੁਰੂ ਜੀ ਨੇ ਮਲੂਕੇ ਨੂੰ ਕਿਹਾ, ਜੇ ਤੂੰ ਸ਼ਰਾਬ ਪੀਣੀ ਛੱਡ ਦੇਵੇਂ ਤਾਂ ਤੇਰਾ ਮਿਰਗੀ ਦਾ ਰੋਗ ਦੂਰ ਹੋ ਜਾਵੇਗਾ ।

ਪ੍ਰਸ਼ਨ ੨੪: ਮਲੂਕੇ ਚੌਧਰੀ ਦਾ ਅੰਤ ਕਿਸ ਤਰ੍ਹਾਂ ਹੋਇਆ ਸੀ ?

ਉੱਤਰ – ਇਕ ਦਿਨ ਬੂੰਦਾ–ਬਾਂਦੀ ਹੋਣ ਲੱਗੀ । ਜਿਸ ਕਰਕੇ ਠੰਡੀ ਹਵਾ ਵੱਗਣ ਲੱਗ ਪਈ । ਇਹੋ ਜਿਹਾ ਸੁਹਾਵਣਾ ਮੌਸਮ ਵੇਖ ਕੇ ਉਸ ਤੋਂ ਰਿਹਾ ਨਾ ਗਿਆ ਤੇ ਸ਼ਰਾਬ ਮੰਗਵਾ ਕੇ ਪੀ ਲਈ ਤੇ ਚੁਬਾਰੇ ਤੇ ਚੜ੍ਹ ਗਿਆ । ਗੁਰੂ ਜੀ ਵੱਲ ਵੇਖ ਕੇ ਉੱਚੀ ਅਵਾਜ ਦੇ ਕੇ ਕਹਿਣ ਲੱਗਾ । ਤਪਾ ਜੀ ਅੱਜ ਮੈਂ ਆਪ ਜੀ ਦਾ ਹੁਕਮ ਮੋੜ ਦਿੱਤਾ ਹੈ । ਇਹੋ ਜਿਹਾ ਸੁਹਾਵਣਾ ਮੌਸਮ ਵੇਖ ਕੇ ਮੈਥੋਂ ਰਿਹਾ ਨਹੀਂ ਗਿਆ।

ਪ੍ਰਸ਼ਨ ੨੫: ਗੁਰੂ ਜੀ ਨੇ ਮਲੂਕੇ ਦੀ ਅਵਾਜ ਸੁਣ ਕੇ ਕੀ ਕਿਹਾ ਸੀ ?

ਉੱਤਰ – ਗੁਰੂ ਜੀ ਨੇ ਮਲੂਕੇ ਦੀ ਅਵਾਜ ਸੁਣ ਕੇ ਕਿਹਾ, ਜੇ ਤੂੰ ਸਾਡਾ ਹੁਕਮ ਮੋੜ ਦਿੱਤਾ ਹੈ ਤਾਂ ਮਿਰਗੀ ਵੀ ਸਾਡੇ ਹੁਕਮ ਦੀ ਬੱਧੀ ਸੀ । ਸਾਵਧਾਨ ਹੋ ਜਾਹ ਤੇਰੇ ਵੱਲ ਆ ਰਹੀ ਹੈ । ਉਸੇ ਵੇਲੇ ਮਲੂਕੇ ਨੂੰ ਮਿਰਗੀ ਪੈ ਗਈ ਉਹ ਚੁਬਾਰੇ ਤੋਂ ਡਿੱਗ ਕੇ ਮਰ ਗਿਆ ।

ਪ੍ਰਸ਼ਨ ੨੬: ਸ੍ਰੀ ਗੁਰੂ ਅਮਰਦਾਸ ਜੀ ਨੇ ਪੰਗਤ ਵਿਚ ਬੈਠ ਕੇ ਕੀ ਫੁਰਨਾ ਕੀਤਾ ਸੀ ?

ਉੱਤਰ ਸ੍ਰੀ ਗੁਰੂ ਅਮਰਦਾਸ ਜੀ ਨੇ ਮਨ ਵਿਚ ਫੁਰਨਾ ਕੀਤਾ ਕਿ ਜੇ ਗੁਰੂ ਜੀ ਸੰਮ੍ਰਥ ਹਨ ਤਾਂ ਮੈਂਨੂੰ ਆਪਣਾ ਸ਼ੀਤ ਪ੍ਰਸ਼ਾਦ ਦੇਣ । ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਨ੍ਹਾਂ ਦੇ ਮਨ ਦੀ ਜਾਣ ਕੇ ਆਪ ਭੋਜਨ ਛੱਕ ਕੇ ਉਸ ਵਿੱਚੋਂ ਕੁਝ ਕੁ ਭੋਜਨ ਸ੍ਰੀ ਗੁਰੂ ਅਮਰਦਾਸ ਜੀ ਨੂੰ ਦੇ ਦਿੱਤਾ ।

ਪ੍ਰਸ਼ਨ ੨੭:ਸ੍ਰੀ ਗੁਰੂ ਅਮਰਦਾਸ ਜੀ ਨੂੰ ਸੇਵਾ ਕਰਦਿਆਂ ਕੀ ਚਮਤਕਾਰ ਹੋਇਆ ਸੀ ?

ਉੱਤਰ– ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਸੇਵਾ ਕਰਦਿਆਂ ਅੱਠ ਸਾਲ ਹੋ ਗਏ, ਤਾਂ ਆਪ ਜੀ ਦੇ ਹਿਰਦੇ ਵਿਚ ਕੁਝ ਕੁ ਚਾਨਣਾ ਹੋ ਗਿਆ, ਤੇ ਕੁਝ ਸ਼ਕਤੀ ਵੀ ਹੋ ਆਈ ।

ਪ੍ਰਸ਼ਨ ੨੮:ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਦਾ ਫੋੜਾ ਕਿਸ ਤਰ੍ਹਾਂ ਠੀਕ ਹੋਇਆ ਸੀ ?

ਉੱਤਰ ਸ੍ਰੀ ਗੁਰੂ ਅਮਰਦਾਸ ਜੀ ਨੇ ਸੋਚਿਆ ਕਿ ਇਹ ਸ਼ਕਤੀ ਮੇਰੇ ਕਿਸ ਕੰਮ ਆਉਣੀ ਹੈ । ਮੈਂ ਇਸ ਨਾਲ ਗੁਰੂ ਜੀ ਦੇ ਇਸ ਫੋੜੇ ਨੂੰ ਠੀਕ ਕਰਦਿਆਂ । ਗੁਰੂ ਜੀ ਸੁਖੀ ਹੋ ਜਾਣਗੇ । ਇਹ ਵਿਚਾਰ ਕੇ ਉਹ ਫੋੜਾ ਠੀਕ ਕਰ ਦਿੱਤਾ ।

ਪ੍ਰਸ਼ਨ੨੯: ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਫੋੜਾ ਠੀਕ ਹੋਇਆ ਵੇਖਿਆ ਤਾਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਕੀ ਸਿੱਖਿਆ ਦਿੱਤੀ ?

ਉੱਤਰ –ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕਿਹਾ, ਸੁਣ ਪੁਰਖਾ ਤੈਥੋਂ ਥੋੜੀ ਜਿਹੀ ਵੀ ਸ਼ਕਤੀ ਸਹਾਰੀ ਨਹੀਂ ਗਈ । ਜਦੋਂ ਤਿੰਨਾਂ ਲੋਕਾਂ ਦੇ ਮਾਲਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਗੁਰ–ਗਦੀ ਦਿੱਤੀ ਸੀ । ਉਦੋਂ ਉਨ੍ਹਾਂ ਨੇ ਇਨ੍ਹਾਂ ਪੈਰਾਂ ਤੇ ਮੱਥਾ ਟੇਕਿਆ ਸੀ । ਇਸ ਕਰਕੇ ਇਹ ਪੈਰ ਠੀਕ ਹੀ ਦੁਖ ਦੇਣ ਦੇ ਯੋਗ ਹਨ । ਤੂੰ ਇਹ ਰੋਗ ਕਿਉਂ ਹਟਾ ਦਿੱਤਾ ਹੈ । ਹੁਣ ਤੋਂ ਤੁਸੀਂ ਕਿਸੇ ਜਗ੍ਹਾ ਵੀ ਸ਼ਕਤੀ ਨਹੀਂ ਵਿਖਾਉਣੀ ਤੇ ਇਸ ਫੋੜੇ ਨੂੰ ਉਸੇ ਤਰ੍ਹਾਂ ਕਰ ਦੇਵੋ ।

ਪ੍ਰਸ਼ਨ੩੦: ਗੋਂਦੇ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਕੀ ਬੇਨਤੀ ਕੀਤੀ ਸੀ ?

ਉੱਤਰ –ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੋਂਦੇ ਨਾਮੇ ਖੱਤ੍ਰੀ ਨੇ ਆ ਕੇ ਮੱਥਾ ਟੇਕ ਕੇ ਬੇਨਤੀ ਕੀਤੀ, ਗੁਰੂ ਜੀ ਮੈਂ ਆਪ ਜੀ ਦੀ ਲੋਕਾਂ ਤੋਂ ਬਹੁਤ ਮਹਿਮਾ ਸੁਣੀ ਹੈ । ਮੇਰਾ ਪਿੰਡ ਭੂਤਾਂ ਪ੍ਰੇਤਾਂ ਨੇ ਉਜਾੜ ਕੇ ਉੱਥੇ ਆਪ ਡੇਰਾ ਲਾਇਆ ਹੈ । ਉਹ ਉੱਥੇ ਕਿਸੇ ਨੂੰ ਵੱਸਣ ਨਹੀਂ ਦਿੰਦੇ । ਦਿਨੇ ਲੋਕ ਘਰਾਂ ਦੀ ਉਸਾਰੀ ਕਰਦੇ ਹਨ ਤੇ ਰਾਤ ਨੂੰ ਉਹ ਢਾਹ ਦਿੰਦੇ ਹਨ ਤੇ ਬਹੁਤ ਡਰਾਉਂਦੇ ਹਨ । ਉੱਥੇ ਆਪ ਜੀ ਚਰਨ ਪਾਉ ਤੇ ਮੇਰਾ ਪਿੰਡ ਵਸਾਉ । ਆਪ ਜੀ ਨੂੰ ਜਿਤਨੀ ਧਰਤੀ ਚਾਹੀਦੀ ਹੈ ਉਤਨੀ ਲੈ ਲਵੋ ।

ਪ੍ਰਸ਼ਨ ੩੧: ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੰਗਤ ਵਿਚ ਆਪਣੇ ਪੁੱਤਰਾਂ ਦੀ ਪਰਖ ਕਰਕੇ ਕਿਵੇਂ ਵਿਖਾਈ ਸੀ ?

ਉੱਤਰ –ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਵੱਡੇ ਪੁੱਤਰ ਦਾਸੂ ਨੂੰ ਕਿਹਾ ਪੁੱਤਰ ਗੋਂਦੇ ਨਾਲ ਜਾ ਕੇ ਭੂਤਾਂ–ਪ੍ਰੇਤਾਂ ਨੂੰ ਭਜਾ ਕੇ ਪਿੰਡ ਵਸਾਉ । ਦਾਸੂ ਨੇ ਕਿਹਾ ਮੈਂ ਭੂਤਾਂ–ਪ੍ਰੇਤਾਂ ਵਿਚ ਕਿਸ ਤਰ੍ਹਾਂ ਪਿੰਡ ਵਸਾਵਾਗਾਂ । ਮੈਂ ਖਡੂਰ ਛੱਡ ਕੇ ਨਹੀਂ ਜਾਣਾ । ਫਿਰ

ਗੁਰੂ ਜੀ ਨੇ ਆਪਣੇ ਛੋਟੇ ਪੁੱਤਰ ਦਾਤੂ ਨੂੰ ਕਿਹਾ, ਤੇਰਾ ਵੱਡਾ ਭਰਾ ਜਾਣ ਵਾਸਤੇ ਨਹੀਂ ਮੰਨਿਆ । ਬਚਨ ਮੰਨ ਕੇ ਤੂ ਹੀ ਇਸ ਖ਼੍ਰਤੀ ਨਾਲ ਜਾ ਕੇ ਪਰ-ਉਪਕਾਰ ਕਰ । ਸਾਰੇ ਭੂਤਾਂ-ਪ੍ਰੇਤਾਂ ਨੂੰ ਭਜਾ ਕੇ ਉੱਥੇ ਪਿੰਡ ਵਸਾ । ਦਾਤੂ ਨੇ ਕਿਹਾ, ਪਿਤਾ ਜੀ ਅਸੀਂ ਖਡੂਰ ਰਹਿ ਕੇ ਪਰਮੇਸ਼ਰ ਦੀ ਭਗਤੀ ਕਰਾਂਗੇ । ਸਾਨੂੰ ਉੱਥੇ ਜਾਣ ਦੀ ਕੀ ਜ਼ਰੂਰਤ ਹੈ । ਆਪਣੇ ਆਪਣੇ ਕਾਰਜ ਵਾਸਤੇ ਕਈਆਂ ਨੇ ਆਉਣਾ ਹੈ । ਅਸੀਂ ਕਿੱਥੇ-ਕਿੱਥੇ ਜਾਵਾਂਗੇ ।

ਪ੍ਰਸ਼ਨ ੩੨:ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਜਾ ਕੇ ਕੀ ਕੀਤਾ ਸੀ ?

ਉੱਤਰ -ਸ੍ਰੀ ਗੁਰੂ ਅਮਰਦਾਸ ਜੀ ਨੇ ਉੱਥੇ ਜਾ ਕੇ ਗੁਰੂ ਜੀ ਦੀ ਬਖਸ਼ੀ ਹੋਈ ਛਿਟੀ ਉੱਚੀ ਕਰਕੇ ਭੂਤਾਂ ਪ੍ਰੇਤਾਂ ਨੂੰ ਵਿਖਾ ਕੇ ਹਿਲਾਈ । ਉਸੇ ਵੇਲੇ ਉਹਨਾਂ ਦੇ ਸਰੀਰ ਤੇ ਤਪਸ਼ ਪੈਣ ਲੱਗੀ ਜਿਸ ਕਰਕੇ ਉਹਨਾਂ ਨੂੰ ਉੱਥੇ ਇਕ ਖਿਨ ਵੀ ਰਹਿਣਾ ਮੁਸ਼ਕਿਲ ਹੋ ਗਿਆ । ਆਪਣੇ ਪਰਿਵਾਰਾਂ ਨੂੰ ਸਾਂਭਣ ਦਾ ਵੀ ਕਿਸੇ ਨੂੰ ਵੀ ਸਮਾਂ ਨਾ ਮਿਲਿਆ । ਸਾਰੇ ਆਪਣੇ-ਆਪ ਨੂੰ ਲੈ ਕੇ ਭੱਜਣ ਲਗੇ, ਜਿਧਰ-ਜਿਧਰ ਸ੍ਰੀ ਗੁਰੂ ਅਮਰਦਾਸ ਜੀ ਸੋਟੀ ਹਿਲਾਉਂਦੇ ਜਾਂਦੇ ਉਧਰੋਂ-ਉਧਰੋਂ ਭੂਤ ਪ੍ਰੇਤ ਰੋਲ਼ਾ ਪਾਉਂਦੇ ਨਿਕਲ ਜਾਂਦੇ ।

ਪ੍ਰਸ਼ਨ ੩੩: ਜਦੋਂ ਸ੍ਰੀ ਗੁਰੂ ਅਮਰਦਾਸ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਖਡੂਰ ਸਾਹਿਬ ਆਏ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕੀ ਕਿਹਾ ਸੀ ?

ਉੱਤਰ - ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਹਾ, ਪੁਰਖਾ ! ਹੁਣ ਤੁਸੀਂ ਆਪਣੇ ਨਗਰ ਬਾਸਰਕੇ ਜਾਉ । ਆਪਣਾ ਸਾਰਾ ਪਰਿਵਾਰ ਲਿਆ ਕੇ ਸੁਖ ਨਾਲ ਵਸੋ ।

ਪ੍ਰਸ਼ਨ ੩੪: ਤਪੇ ਨੂੰ ਲੋਕ ਕਿਉਂ ਮੰਨਦੇ ਸਨ ?

ਉੱਤਰ - ਤਪਾ ਜੰਤਰ-ਮੰਤਰ ਕਰਦਾ ਸੀ । ਜੰਤਰ ਮੰਤਰ ਦੇ ਪ੍ਰਭਾਵ ਕਰਕੇ ਲੋਕ ਉਸ ਦੀ ਮੰਨਤਾ ਤੇ ਪੂਜਾ ਕਰਦੇ ਸਨ ।

ਪ੍ਰਸ਼ਨ ੩੫: ਤਪਾ ਗੁਰੂ ਜੀ ਨਾਲ ਈਰਖਾ ਕਿਉਂ ਕਰਦਾ ਸੀ ?

ਉੱਤਰ - ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਤਾਪ ਵੇਖ ਕੇ ਤੇ ਮਹਿਮਾ ਸੁਣ ਕੇ ਤਪਾ ਈਰਖਾ ਕਰਦਾ ਸੀ ।

ਪ੍ਰਸ਼ਨ ੩੬ : ਖਡੂਰ ਸਾਹਿਬ ਦੇ ਜੱਟਾਂ ਨੇ ਤਪੇ ਤੋਂ ਕਿਹੜੀ ਚੀਜ ਦੀ ਮੰਗ ਕੀਤੀ ਸੀ ?

ਉੱਤਰ - ਖਡੂਰ ਸਾਹਿਬ ਇਕ ਤਪਾ ਜੋਗੀ ਰਹਿੰਦਾ ਸੀ , ਉਹ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਅਕਾਰਣ ਈਰਖਾ ਕਰਦਾ ਸੀ , ਖਡੂਰ ਸਾਹਿਬ ਇਕ ਸਮੇਂ ਮੀਂਹ ਨਹੀਂ ਪਿਆ , ਪਿੰਡ ਦੇ ਸਾਰੇ ਜਿਮੀਦਾਰ ਜੋਗੀ ਤਪੇ ਕੋਲ ਜਾ ਕੇ ਕਹਿਣ ਲੱਗੇ ਤਪਾ ਜੀ ਮੀਂਹ ਪੁਆਉ ।

ਪ੍ਰਸ਼ਨ ੩੭:ਤਪੇ ਨੇ ਗੁਰੂ ਜੀ ਨੂੰ ਕੀ ਆਖ ਕੇ ਕਢਵਾਇਆ ਸੀ ?

ਉੱਤਰ - ਜੋਗੀ ਨੇ ਗੁਰੂ ਜੀ ਨੂੰ ਪਿੰਡੋਂ ਕਢਵਾਉਣ ਦੀ ਵਿਉਂਤ ਬਣਾ ਕੇ ਕਹਿਣ ਲਗਾ, ਤੁਹਾਡੇ ਨਗਰ ਵਿਚ ਬੜਾ ਅਨਰਥ ਹੋ ਰਿਹਾ ਹੈ । ਇਕ ਖੱਤ੍ਰੀ, ਜਿਸ ਦਾ ਨਾਮ ਪਹਿਲਾਂ ਲਹਿਣਾ ਸੀ, ਹੁਣ ਉਸਨੂੰ ਅੰਗਦ ਕਹਿੰਦੇ ਹਨ । ਉਹ ਗ੍ਰਹਸਤੀ ਹੋ ਕੇ ਆਪਣੀ ਪੂਜਾ ਕਰਾ ਰਿਹਾ ਹੈ । ਉਸ ਦੇ ਇੱਥੇ ਵਸਣ ਕਰਕੇ ਮੀਂਹ ਨਹੀਂ ਪੈ ਰਿਹਾ ਹੈ । ਜੇ ਤੁਸੀਂ ਉਸ ਨੂੰ ਪਿੰਡੋਂ ਕੱਢ ਦਿਉਂ ਤਾਂ ਮੀਂਹ ਪੈ ਜਾਵੇਗਾ ।

ਪ੍ਰਸ਼ਨ ੩੮ : ਖਹਿਰੇ ਜੱਟਾਂ ਨੇ ਤਪੇ ਦੇ ਆਖੇ ਲੱਗ ਕੇ ਗੁਰੂ ਜੀ ਨੂੰ ਕੀ ਕਿਹਾ ?

ਉੱਤਰ - ਖਹਿਰੇ ਜੱਟਾਂ ਨੇ ਗੁਰੂ ਜੀ ਨੂੰ ਕਿਹਾ ,ਸਾਡੇ ਗੁਰੂ ਤਪੇ ਨੇ ਕਿਹਾ ਤੁਹਾਡੇ ਇੱਥੇ ਰਹਿਣ ਕਰਕੇ ਮੀਂਹ ਨਹੀਂ ਪੈ ਰਿਹਾ ਤੁਸੀ ਇੱਥੋਂ ਚਲੇ ਜਾਉ । ਗੁਰੂ ਜੀ ਉੱਥੋਂ ਸਿੱਖਾਂ ਸਮੇਤ ਛਾਪੜੀ ਸਾਹਿਬ ਵਾਲੇ ਅਸਥਾਨ ਤੇ ਚਲੇ ਗਏ ।

ਪ੍ਰਸ਼ਨ ੩੯: ਸਤਿਗੁਰੂ ਜੀ ਦੇ ਖਡੂਰ ਸਾਹਿਬ ਜਾਣ ਤੋਂ , ਕੀ ਤਪਾ ਮੀਂਹ ਪੁਆ ਸਕਿਆ ?

ਉੱਤਰ - ਸਤਿਗੁਰੂ ਜੀ ਦੇ ਖਡੂਰ ਸਾਹਿਬ ਜਾਣ ਤੋਂ ਤਪਾ ਮੀਂਹ ਨਹੀਂ ਪੁਆ ਸਕਿਆ ।

ਪ੍ਰਸ਼ਨ ੪੦: ਮੀਂਹ ਕਿਸ ਤਰ੍ਹਾਂ ਪਿਆ ?

ਉੱਤਰ - ਸਤਿਗੁਰੂ ਜੀ ਦੇ ਖਡੂਰ ਸਾਹਿਬ ਤੋਂ ਜਾਣ ਤੋਂ ਦੋ ਕੁ ਦਿਨ ਬਾਅਦ , ਗੋਇੰਦਵਾਲ ਸਾਹਿਬ ਤੋਂ ਸ੍ਰੀ ਗੁਰੂ ਅਮਰਦਾਸ ਜੀ ਆਏ ,ਉਨ੍ਹਾਂ ਨੂੰ ਗੁਰੂ ਜੀ ਦੇ ਦਰਸਨ ਨਾ ਹੋਏ , ਉਨ੍ਹਾਂ ਨੇ ਕਿਸੇ ਨੂੰ ਗੁਰੂ ਜੀ ਬਾਰੇ ਪੁੱਛਿਆ , ਉਸਨੇ ਕਿਹਾ ਤਪੇ ਨੇ ਇਰਖਾ ਕਰਕੇ ਗੁਰੂ ਜੀ ਨੂੰ ਇੱਥੋਂ ਕਢਵਾ ਦਿੱਤਾ ਹੈ । ਤਪੇ ਨੇ ਕਿਹਾ ਇੱਥੇ ਗ੍ਰਹਸਤੀ ਗੁਰੂ ਬਣੀ ਬੈਠੇ ਹਨ, ਇਸ ਕਰਕੇ ਮੀਂਹ ਨਹੀਂ ਪੈ ਰਿਹਾ ਹੈ ।

ਪ੍ਰਸ਼ਨ ੪੧ : ਸ੍ਰੀ ਗੁਰੂ ਅਮਰਦਾਸ ਜੀ ਨੇ ਜੱਟਾਂ ਨੂੰ ਮੀਂਹ ਪੈਣ ਦਾ ਕੀ ਢੰਗ ਦਸਿਆ ?

ਉੱਤਰ - ਸ੍ਰੀ ਗੁਰੂ ਅਮਰਦਾਸ ਜੀ ਨੇ ਜਾ ਕੇ ਜੱਟਾਂ ਨੂੰ ਕਿਹਾ , ਜੇ ਤਪਾ ਮੀਂਹ ਨਹੀ ਪੁਆ ਸਕਿਆ ਤਾਂ ਮੀਂਹ ਪੈਣ ਦਾ ਢੰਗ ਮੈਂ ਦੱਸਦਾ ਹਾਂ , ਸੂਰਜ ਹੁੰਦੇ ਹੁੰਦੇ ਤਪੇ ਨੂੰ ਜਿਸ ਜਿਸ ਪੈਲ਼ੀ ਵਿਚ ਲੈ ਜਾਓਗੇ , ਉਸ ਉਸ ਪੈਲ਼ੀ ਵਿਚ ਮੀਂਹ ਪਵੇਗਾ , ਲੋਕਾਂ ਨੇ ਇਸੇ ਤਰ੍ਹਾਂ ਕੀਤਾ ਮੀਂਹ ਪੈਣ ਲੱਗ ਪਿਆ ,ਦਿਨ ਥੋੜਾ ਹੋਂਣ ਕਰਕੇ ਤਪੇ ਨੂੰ ਧੂਹ ਕੇ ਲੈ ਜਾਣ ਲੱਗ ਪਏ , ਤਪਾ ਧੂਹੀਦਾ ਘਸੀਟੀ ਦਾ ਮਰ ਗਿਆ ।

ਪ੍ਰਸ਼ਨ ੪੨ : ਜਦੋਂ ਗੁਰੂ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਵਾਸਤੇ ਪਿੰਡ ਖਾਂਨ ਰਜਾਦੇ ਦੇ ਖੇਤ ਤੇ (ਗੁਰਦੁਆਰਾ ਛਾਪਰੀ ਸਾਹਿਬ ਵਾਲੇ ਅਸਥਾਨ) ਤੇ ਗਏ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕੀ ਕੀਤਾ ?

ਉੱਤਰ – ਜਦੋਂ ਸ੍ਰੀ ਗੁਰੂ ਅਮਰਦਾਸ ਜੀ ਖਡੂਰ ਸਾਹਿਬ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ਪਿੰਡ ਖਾਨ ਰਜਾਦੇ ਥੇਹ ਤੇ (ਗਰਦੁਆਰਾ ਛਾਪਰੀ ਸਾਹਿਬ ਵਾਲੇ ਅਸਥਾਨ ਤੇ) ਗਏ ,ਜਾ ਕੇ ਮੱਥਾ ਟੇਕਿਆ । ਗੁਰੂ ਅੰਗਦ ਦੇਵ ਜੀ ਨੇ ਆਪ ਜੀ ਵੱਲ ਪਿੱਛਾ ਕਰ ਲਿਆ , ਗੁਰੂ ਅਮਰਦਾਸ ਜੀ ਦੂਜੇ ਪਾਸੇ ਹੋ ਗਏ । ਗੁਰੂ ਜੀ ਨੇ ਅਪਣਾ ਚੇਹਰਾ ਤੀਜੇ ਪਾਸੇ ਕਰ ਲਿਆ , ਗੁਰੂ ਅਮਰਦਾਸ ਜੀ ਨੇ ਸਾਮਣੇ ਹੋ ਕੇ ਬੇਨਤੀ ਕੀਤੀ ,ਪ੍ਰਭੂ ਜੀ ਮੈਨੂੰ ਮੁਆਫ ਕਰੋ ,ਅੱਗੇ ਤੋਂ ਸੁੱਮਤ ਤੇ ਸਰੇਸ਼ਟ ਮਾਰਗ ਦੱਸੋ ।

ਪ੍ਰਸ਼ਨ ੪੩ : ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕੀ ਸਿੱਖਿਆ ਦਿੱਤੀ ?

ਉੱਤਰ – ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਹਾ ,ਤੁਸੀ ਮੀਂਹ ਪੁਆ ਕੇ ਤੇ ਤਪੇ ਨੂੰ ਮਰਵਾਕੇ ਅਪਣੇ ਆਪ ਨੂੰ ਵੱਡਾ ਅਖਵਾਇਆ ਹੈ । ਗੁਰੂ ਘਰ ਵਿਚ ਹੰਕਾਰ ਨੂੰ ਥਾਂ ਨਹੀਂ ਹੈ ਜੇ ਤਪਾ ਪਾਪ ਕਰਦਾ ਸੀ ਤਾਂ ਉਸਦਾ ਫਲ ਉਹ ਨਰਕਾਂ ਵਿਚ ਆਪੇ ਭੋਗਦਾ । ਉਸ ਸਮੇ ਗੁਰੂ ਅਮਰਦਾਸ ਜੀ ਨੇ ਮੁਆਫੀ ਮੰਗੀ ।

ਪ੍ਰਸ਼ਨ ੪੪: ਮੀਂਹ ਪੈਣ ਤੇ ਪਿੰਡ ਵਾਲਿਆਂ ਨੇ ਕੀ ਵਿਚਾਰ ਕੀਤੀ ਸੀ ?

ਉੱਤਰ – ਮੀਂਹ ਪੈਣ ਕਰਕੇ ਪਿੰਡ ਵਾਲੇ ਬਹੁਤ ਖੁਸ਼ ਹੋਏ । ਆਖਣ ਲੱਗੇ ਸਾਡੇ ਪਾਸੋਂ ਵੱਡੀ ਗਲਤੀ ਹੋਈ ਹੈ । ਅਸੀਂ ਗੁਰੂ ਜੀ ਦੀ ਮਹਿਮਾ ਨਹੀਂ ਜਾਣੀ, ਜਿਨ੍ਹਾਂ ਦੇ ਸੇਵਕ ਦੇ ਕਹਿਣ ਤੇ ਭਾਰੀ ਬਾਰਸ਼ ਹੋਈ ਹੈ । ਫਿਰ ਗੁਰੂ ਜੀ ਤਾਂ ਆਪ ਸ਼ਕਤੀਆਂ ਦੇ ਮਾਲਕ ਹੋਣਗੇ । ਸਾਰੇ ਇੱਕਠੇ ਹੋ ਕੇ ਉਨ੍ਹਾਂ ਪਾਸ ਜਾ ਕੇ ਆਪਣੀ ਭੁਲ ਬਖਸ਼ਾਈਏ । ਆਪਣੇ ਆਪ ਨੂੰ ਬਖਸ਼ਾਉਣ ਵਾਸਤੇ ਬਹੁਤ ਸਾਰੀ ਭੇਟਾ ਲੈ ਕੇ ਗੁਰੂ ਜੀ ਕੋਲ ਜਾ ਕੇ ਮੱਥਾ ਟੇਕਿਆ ਤੇ ਆਪਣੀ ਭੁਲ ਬਖਸ਼ਾਈ ।

ਪ੍ਰਸ਼ਨ ੪੫ : ਸ੍ਰੀ ਗੁਰੂ ਅੰਗਦ ਦੇਵ ਜੀ ਪਹਿਲਵਾਨਾ ਦਾ ਘੋਲ ਕਿੱਥੇ ਕਰਵਾਉਂਦੇ ਸਨ ?

ਉੱਤਰ – ਸ੍ਰੀ ਗੁਰੂ ਅੰਗਦ ਦੇਵ ਜੀ ਪਹਿਲਵਾਨਾ ਦਾ ਘੋਲ ਖਡੂਰ ਸਾਹਿਬ , ਗੁਰਦੁਆਰਾ ਮੱਲ ਅਖਾੜਾ ਸਾਹਿਬ ਵਾਲੇ ਅਸਥਾਨ ਤੇ ਕਰਵਾਉਂਦੇ ਸਨ ।

ਪ੍ਰਸ਼ਨ ੪੬: ਗੁਰੂ ਜੀ ਦਾ ਸਮਾਉਣਾ ਸੁਣ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਮਨ ਵਿੱਚ ਕੀ ਵਿਚਾਰ ਕੀਤੀ ਸੀ ?

ਉੱਤਰ –ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਾਰੀ ਸੰਗਤ ਨੂੰ ਕਿਹਾ, ਹੁਣ ਅਸੀਂ ਸਮਾ ਜਾਣਾ ਹੈ । ਗੁਰੂ ਜੀ ਦਾ ਸਮਾਉਣਾ ਸੁਣ ਕੇ ਦੂਰੋਂ-ਦੂਰੋਂ ਸੰਗਤਾਂ ਦਰਸ਼ਨ ਕਰਨ ਵਾਸਤੇ ਆਉਣ ਲਗੀਆਂ । ਇਹ ਗਲ ਸੁਣ ਕੇ ਸ੍ਰੀ ਗੁਰੂ ਅਮਰਦਾਸ ਜੀ ਬਹੁਤ ਦੁਖੀ ਹੋਏ । ਮਨ ਵਿੱਚ ਸੋਚਣ ਲੱਗੇ ਮੈਨੂੰ ਬੁਲਾਏ ਤੋਂ ਬਗੈਰ, ਉੱਥੇ ਜਾਣ ਦਾ ਹੁਕਮ ਨਹੀਂ ਹੈ । ਇਸ ਕਰਕੇ ਆਪ ਜੀ ਗੁਰੂ ਜੀ ਨੂੰ ਮਿਲਣ ਵਾਸਤੇ ਮਨ ਵਿੱਚ ਬਹੁਤ ਬੇਨਤੀਆਂ ਕਰਨ ਲੱਗੇ । ਮੈਨੂੰ ਹੁਕਮ ਹੋਵੇ ਤਾਂ ਮੈਂ ਆ ਕੇ ਆਪ ਜੀ ਦੇ ਦਰਸ਼ਨ ਕਰ ਲਵਾਂ ।

ਪ੍ਰਸ਼ਨ ੪੭:ਜਦੋਂ ਗੁਰੂ ਜੀ ਨੇ ਗੁਰ-ਗੱਦੀ ਸ੍ਰੀ ਗੁਰੂ ਅਮਰਦਾਸ ਜੀ ਨੂੰ ਦੇ ਦਿੱਤੀ ਤਾਂ ਪੁੱਤਰਾਂ ਨੇ ਕੀ ਕਿਹਾ ਸੀ ?

ਉੱਤਰ –ਜਦੋਂ ਗੁਰੂ ਨੇ ਗੁਰ-ਗੱਦੀ ਸ੍ਰੀ ਗੁਰੂ ਅਮਰਦਾਸ ਨੂੰ ਦਿੱਤੀ, ਆਪਣੇ ਵੱਡੇ ਪੁੱਤਰ ਨੂੰ ਕਿਹਾ ਤੂੰ ਵੀ ਉੱਠ ਕੇ ਇਨ੍ਹਾਂ ਨੂੰ ਮੱਥਾ ਟੇਕ । ਉਸ ਨੇ ਕਿਹਾ, ਪਿਤਾ ਜੀ ਇੱਕ ਤਾਂ ਇਨ੍ਹਾਂ ਨੇ ਸਾਡਾ ਅਧਿਕਾਰ ਲੈ ਲਿਆ ਹੈ, ਦੂਜਾ ਇਹ ਸਾਡੇ ਦਾਸ ਹਨ । ਇਹ ਗੱਲ ਮੈਥੋਂ ਨਹੀਂ ਹੁੰਦੀ । ਇਨ੍ਹਾਂ ਨੂੰ ਆਪਣੇ ਅਸਥਾਨ ਤੇ ਟਿਕਾ ਕੇ ਸਾਨੂੰ ਖਾਲੀ ਰੱਖਿਆ ਹੈ । ਦਾਸੂ ਤੋਂ ਜਵਾਬ ਸੁਣ ਕੇ ਗੁਰੂ ਜੀ ਨੇ ਦਾਤੂ ਨੂੰ ਕਿਹਾ, ਇਨ੍ਹਾਂ ਨੂੰ ਮੱਥਾ ਟੇਕ । ਉਸ ਨੇ ਵੀ ਗੁਰੂ ਜੀ ਦੀ ਗੱਲ ਨਹੀਂ ਮੰਨੀ ।

ਪ੍ਰਸ਼ਨ ੪੮:ਗੁਰੂ ਜੀ ਸਿੰਘਾਸਨ ਤੇ ਬੈਠੇ ਕਿਉਂ ਅਲੋਪ ਹੋ ਗਏ ਸਨ ?

ਉੱਤਰ –ਗੁਰੂ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕਿਹਾ, ਸਿੱਖਾਂ ਨੂੰ ਸੰਸਾ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਸਰੀਰ ਸਣੇ ਸੱਚਖੰਡ ਨੂੰ ਗਏ ਸਨ । ਜੇ ਇਹ ਉਨ੍ਹਾਂ ਦੀ ਜੋਤ ਤੇ ਰੂਪ ਹਨ ਤਾਂ ਇਹ ਵੀ ਸਰੀਰ ਦੇ ਨਾਲ ਹੀ ਸੱਚਖੰਡ ਨੂੰ ਜਾਣਗੇ । ਜੇ ਅਸੀਂ ਇਸ ਤਰ੍ਹਾਂ ਨਾ ਕਰਦੇ ਤਾਂ ਇਨ੍ਹਾਂ ਦੀ ਸ਼ਰਧਾ ਨਹੀਂ ਰਹਿਣੀ ਸੀ । ਜਿਸ ਕਰਕੇ ਇਨ੍ਹਾਂ ਨੂੰ ਵੱਡਾ ਪਾਪ ਲਗਣਾ ਸੀ । ਇਨ੍ਹਾਂ ਦੇ ਭਲੇ ਵਾਸਤੇ ਅਸੀਂ ਇਹ ਕੰਮ ਕੀਤਾ ਹੈ ।

ਪ੍ਰਸ਼ਨ ੪੯:ਜਦੋਂ ਪੁੱਤਰਾਂ ਨੇ ਕਿਹਾ ਆਪ ਜੀ ਤੋਂ ਬਾਅਦ ਅਸੀਂ ਕੁਲਰੀਤੀ ਜਾਂ ਜਗਤਰੀਤੀ ਕੀ ਕਰੀਏ ਤਾਂ ਗੁਰੂ ਜੀ ਨੇ ਕੀ ਉੱਤਰ ਦਿਤਾ ?

ਉੱਤਰ –ਗੁਰੂ ਜੀ ਨੇ ਕਿਹਾ ਕੋਈ ਰੀਤੀ ਨਹੀਂ ਕਰਨੀ ਕੀਰਤਨ ਕਰਨਾ ਤੇ ਸੁਣਨਾ ਸੰਗਤ ਨੂੰ ਲੰਗਰ ਛਕਾਉਣਾ ਜਾਰੀ ਰੱਖਣਾ । ਸਾਡਾ ਸਸਕਾਰ ਉਸ ਜਗ੍ਹਾ ਦੇ ਲਾਗੇ ਕਰਨਾ, ਜਿੱਥੇ ਸ੍ਰੀ ਅਮਰਦਾਸ ਜੀ ਦਾ ਪੈਰ ਖੱਡੀ ਦੇ ਕਿੱਲੇ ਨਾਲ ਲਗਾ ਸੀ । ਉਸ ਤੋਂ ਕੁਝ ਕੁ ਦੂਰ ਕਰਨਾ ਹੈ। ਉੱਥੇ ਸਾਡੀ ਨਿਸ਼ਾਨੀ ਬਣੇਗੀ ।

ਪ੍ਰਸ਼ਨ ੫੦ : ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੰਸਾਰਕ ਉਮਰ ਸਾਰੀ ਕਿਤਨੀ ਸੀ ?

ਉੱਤਰ – ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੰਸਾਰਕ ਉਮਰ ਸਾਰੀ ੪੭ ਸਾਲ ੧੧ ਮਹੀਨੇ ੩ ਦਿਨ ਦੀ ਸੀ ।

ਪ੍ਰਸ਼ਨ ੫੧ : ਗੁਰੂ ਜੀ ਨੇ ਕਿਤਨੇ ਸਾਲ ਗੁਰਤਾ ਗੱਦੀ ਕੀਤੀ ਤੇ ਜੋਤੀ ਜੋਤ ਕਦੋਂ ਸਮਾਏ ?

ਉੱਤਰ – ਗੁਰੂ ਜੀ ਨੇ ੧੨ ਸਾਲ ੬ ਮਹੀਨੇ ੧੪ ਦਿਨ ਗੁਰਤਾ ਕੀਤੀ , ਸੰਮਤ ੧੬੦੯ ਬਿਕਰਮੀ ੩ ਵਿਸਾਖ ਮੁਤਾਬਿਕ ੧੫੫੨ ਈ: ੨੯ ਮਾਰਚ ਮੰਗਲਵਾਰ ਨੂੰ ਜੋਤੀ ਜੋਤ ਸਮਾਏ ਸਨ ।

ਪ੍ਰਸ਼ਨ ੫੨:ਜਿਸ ਖੱਡੀ ਦੇ ਕਿੱਲੇ ਨਾਲ ਸ੍ਰੀ ਗੁਰੂ ਅਮਰ ਦਾਸ ਜੀ ਦਾ ਠੇਡਾ ਲੱਗਾ ਸੀ ਉਸ ਖੱਡੀ ਵਾਲੇ ਅਸਥਾਨ ਤੇ ਹੁਣ ਕੀ ਹੈ ?

ਉੱਤਰ –ਉਸ ਖੱਡੀ ਵਾਲੇ ਅਸਥਾਨ ਤੇ ਹੁਣ ਗੁਰਦੁਆਰਾ ਖੱਡੀ ਸਾਹਿਬ ਹੈ ।

ਸ੍ਰੀ ਗੁਰੂ ਅਮਰਦਾਸ ਜੀ

ਪ੍ਰਸ਼ਨ ੧ : ਸ੍ਰੀ ਗੁਰੂ ਅਮਰਦਾਸ ਜੀ ਦਾ ਅਵਤਾਰ ਕਦੋਂ ਤੇ ਕਿੱਥੇ ਹੋਇਆ ਸੀ ?

ਉੱਤਰ - ਸ੍ਰੀ ਗੁਰੂ ਅਮਰਦਾਸ ਜੀ ਦਾ ਅਵਤਾਰ ੧੫੨੬ ਬਿ: ੩੦ ਵੈਸਾਖ ਮੁਤਾਬਿਕ ੧੪੭੯ ਈ: ੨੫ ਮਾਰਚ ਨੂੰ ਬਾਸਰਕੇ-ਗਿੱਲਾਂ (ਅੰਮ੍ਰਿਤਸਰ) ਵਿਚ ਹੋਇਆ ਸੀ ।

ਪ੍ਰਸ਼ਨ ੨ :ਸ੍ਰੀ ਗੁਰੂ ਅਮਰਦਾਸ ਜੀ ਦੇ ਮਾਤਾ ਪਿਤਾ ਦਾ ਨਾਮ ਦੱਸੋ ?

ਉੱਤਰ - ਸ੍ਰੀ ਗੁਰੂ ਅਮਰਦਾਸ ਜੀ ਦੇ ਮਾਤਾ ਜੀ ਦਾ ਨਾਮ ,ਮਾਤਾ ਰੂਪ ਕੌਰ (ਲਛਮੀ) ਜੀ ,ਤੇ ਪਿਤਾ ਜੀ ਦਾ ਨਾਮ ਬਾਬਾ ਤੇਜ ਭਾਨ ਜੀ ਸੀ ।

ਪ੍ਰਸ਼ਨ ੩ : ਸ੍ਰੀ ਗੁਰੂ ਅਮਰਦਾਸ ਜੀ ਦੇ ਮਹਿਲਾਂ ਦਾ ਨਾਮ ਦੱਸੋ ?

ਉੱਤਰ - ਸ੍ਰੀ ਗੁਰੂ ਅਮਰਦਾਸ ਜੀ ਦੇ ਮਹਿਲਾਂ ਦਾ ਨਾਮ ਮਾਤਾ ਰਾਮੋ ਜੀ (ਰਾਮ ਕੌਰ) ਜੀ ਸੀ ।

ਪ੍ਰਸ਼ਨ ੪ : ਸ੍ਰੀ ਗੁਰੂ ਅਮਰਦਾਸ ਜੀ ਦੇ ਸੱਸ ਸਹੁਰੇ ਦਾ ਨਾਮ ਤੇ ਉਨ੍ਹਾਂ ਦਾ ਪਿੰਡ ਦੱਸੋ ?

ਉੱਤਰ - ਸ੍ਰੀ ਗੁਰੂ ਅਮਰਦਾਸ ਜੀ ਦੇ ਸੱਸ ਦਾ ਨਾਮ ਮਾਤਾ ਹਰਦੇਈ ਜੀ ,ਤੇ ਸਹੁਰਾ ਜੀ ਦਾ ਨਾਮ ਦੇਵੀ ਚੰਦ ਜੀ , ਖੇਮਕਰਨ (ਅੰਮ੍ਰਿਤਸਰ) ਤੋਂ ਸਨ ।

ਪ੍ਰਸ਼ਨ ੫ : ਸ੍ਰੀ ਗੁਰੂ ਅਮਰਦਾਸ ਜੀ ਦੇ ਕਿਤਨੇ ਭਰਾ ਸਨ ?

ਉੱਤਰ - ਸ੍ਰੀ ਗੁਰੂ ਅਮਰਦਾਸ ਜੀ ਦੇ ਦੋ ਭਰਾ ਤਾਰਾ ਚੰਦ ਜੀ ਤੇ ਈਸ਼ਰ ਦਾਸ ਜੀ ਸਨ ।

ਪ੍ਰਸ਼ਨ ੬ : ਸ੍ਰੀ ਗੁਰੂ ਅਮਰਦਾਸ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਰਨ ਆਉਣ ਤੋਂ ਪਹਿਲਾਂ ਕਿਤਨੀ ਵਾਰੀ ਗੰਗਾ ਇਸ਼ਨਾਨ ਕਰਨ ਗਏ ਸਨ ?

ਉੱਤਰ - ਸ੍ਰੀ ਗੁਰੂ ਅਮਰਦਾਸ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਰਨ ਆਉਣ ਤੋਂ ਪਹਿਲਾਂ ੨੦ ਵਾਰੀ ਗੰਗਾ ਇਸ਼ਨਾਨ ਕਰਨ ਗਏ ਸਨ ।

(੬੩)ਪ੍ਰਸ਼ਨ ੭ : ਸ੍ਰੀ ਗੁਰੂ ਅਮਰਦਾਸ ਜੀ ਦੇ ਕਿਤਨੇ ਪੁੱਤਰ ਤੇ ਪੁਤਰੀਆਂ ਸਨ ?

ਉਤਰ - ਸ੍ਰੀ ਗੁਰੂ ਅਮਰਦਾਸ ਜੀ ਦੇ ਦੋ ਪੁੱਤਰ ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ । ਦੋ ਪੁਤਰੀਆਂ ਬੀਬੀ ਦਾਨੀ ਜੀ ਤੇ ਬੀਬੀ ਭਾਨੀ ਜੀ ਸਨ ।

ਪ੍ਰਸ਼ਨ ੮ : ਜਦੋਂ ਗੁਰੂ ਅਮਰਦਾਸ ਜੀ ਵੀਹਵੀਂ ਵਾਰ ਗੰਗਾ ਇਸਨਾਨ ਕਰਨ ਗਏ ਤਾਂ ਮੇਹੜੇ ਪਿੰਡ ਦੇ ਪੰਡਤ ਦੁਰਗਾ ਦਾਸ ਨੇ ਗੁਰੂ ਜੀ ਨੂੰ ਕੀ ਕਿਹਾ ?

ਉੱਤਰ - ਮੇਹੜੇ ਪਿੰਡ ਦਾ ਪੰਡਤ ਦੁਰਗਾਦਾਸ, ਗੰਗਾ ਯਾਤਰੂਆਂ ਦੀ ਬੜੀ ਸੇਵਾ ਕਰਦਾ ਸੀ । ਗੁਰੂ ਜੀ ਉਸਦੇ ਘਰ ਦੁਪਹਿਰ ਨੂੰ ਅਰਾਮ ਕਰ ਰਹੇ ਸਨ । ਪੰਡਿਤ ਜੀ ਨੇ ਗੁਰੂ ਜੀ ਦੇ ਚਰਨਾਂ ਤੇ ਪਦਮ (ਕਮਲ)ਦਾ ਨਿਸ਼ਾਨ ਵੇਖਿਆ । ਗੁਰੂ ਜੀ ਤੁਰਨ ਲੱਗਿਆਂ ਪੰਡਤ ਜੀ ਨੂੰ ਕੁਝ ਦੱਛਣਾ (ਭੇਟਾ)ਦੇਣ ਲੱਗੇ । ਤਾਂ ਪੰਡਤ ਜੀ ਨੇ ਕਿਹਾ,ਮੈਂ ਤੁਹਾਡੀ ਦੱਛਣਾ ਹੁਣ ਨਹੀ ਲੈਂਦਾ , ਜਦੋਂ ਤੁਸੀ ਸੰਮ੍ਰਥ ਹੋ ਜਾਓਗੇ ਉਦੋਂ ਲਵਾਂਗਾ ।

ਪ੍ਰਸ਼ਨ ੯ : ਗੁਰੂ ਜੀ ਨੇ ਕਿਹਾ ! ਤੁਹਾਨੂੰ ਕਿਸ ਤਰ੍ਹਾਂ ਪਤਾ ਹੈ ਅਸੀ ਸੰਮ੍ਰਥ ਹੋ ਜਾਵਾਂਗੇ ?

ਉੱਤਰ - ਪੰਡਤ ਜੀ ਨੇ ਕਿਹਾ ਤੁਹਾਡੇ ਚਰਨਾਂ ਤੇ ਪਦਮ(ਕਮਲ) ਦਾ ਨਿਸ਼ਾਨ ਹੈ ਇਸ ਦਾ ਫਲ ਇਹ ਹੈ । ਜਾਂ ਤੁਸੀ ਵਿਸ਼ਨੂੰ ਜੀ ਦੇ ਅਵਤਾਰ ਹੋ ਸਕਦੇ ਹੋ,ਜਾਂ ਚੱਕਰਵਰਤੀ ਰਾਜਾ , ਜੇ ਤੁਹਾਨੂੰ ਇਸ ਦਾ ਫਲ ਹੁਣ ਤਕ ਨਹੀ ਮਿਲਿਆ ਤਾਂ ਹੁਣ ਜਰੂਰ ਮਿਲੇਗਾ ।

ਪ੍ਰਸ਼ਨ ੧੦ : ਬ੍ਰਹਮਚਾਰੀ ਸਾਧੂ ਨੇ ਜਦੋਂ ਗੁਰੂ ਅਮਰਦਾਸ ਜੀ ਨੂੰ ਪੁਛਿਆ ਤੁਹਾਡਾ ਗੁਰੂ ਕੌਣ ਹੈ । ਤਾਂ ਗੁਰੂ ਜੀ ਨੇ ਕੀ ਉੱਤਰ ਦਿੱਤਾ ?

ਉੱਤਰ - ਗੁਰੂ ਜੀ ਨੇ ਕਿਹਾ ਅਸੀਂ ਅਜੇ ਗੁਰੂ ਧਾਰਨ ਨਹੀਂ ਕੀਤਾ , ਗੁਰੂ ਧਾਰਨ ਦੀ ਇੱਛਾ ਬਹੁਤ ਸਮੇਂ ਤੋਂ ਹੈ ।

ਪ੍ਰਸ਼ਨ ੧੧ :ਬ੍ਰਹਮਚਾਰੀ ਸਾਧੂ ਕਿਸ ਗੱਲੋਂ ਦੁਖੀ ਹੋ ਕੇ ਚਲਾ ਗਿਆ ਸੀ ?

ਉੱਤਰ - ਬ੍ਰਹਮਚਾਰੀ ਸਾਧੂ ਨੇ ਦੁਖੀ ਹੋ ਕੇ ਕਿਹਾ , ਨਿਗੁਰੇ ਦੀ ਸੰਗਤ ਤੇ ਭੋਜਨ ਖਾ ਕੇ ਮੇਰਾ ਜਪ, ਤਪ , ਤੀਰਥ , ਬਰਤ , ਸਭ ਬਿਅਰਥ ਹੋ ਗਏ ਹਨ , ਇਹ ਆਖ ਕੇ ਉਹ ਗੁੱਸੇ ਨਾਲ ਉਸੇ ਵੇਲੇ ਚਲਾ ਗਿਆ ਸੀ ।

ਪ੍ਰਸ਼ਨ ੧੨ : ਅੰਮ੍ਰਿਤ ਵੇਲੇ ਗੁਰੂ ਅਮਰਦਾਸ ਜੀ ਨੇ ਗੁਰਬਾਣੀ ਕਿਸ ਪਾਸੋਂ ਸੁਣੀ ਸੀ ?

ਉੱਤਰ - ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਨਾਲ , ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪੁਤਰੀ ਬੀਬੀ ਅਮਰੋ ਜੀ ਵਿਆਹੀ ਸੀ । ਉਹ ਅੰਮ੍ਰਿਤ ਵੇਲੇ ਉਠ ਕੇ ਦੁਧ ਰਿੜਕਦੀ ਗੁਰਬਾਣੀ ਪੜ੍ਹ ਰਹੀ ਸੀ । ਗੁਰੂ ਅਮਰਦਾਸ ਜੀ ਨੇ ਜਦੋਂ ਬਾਣੀ ਸੁਣੀ ਤਾਂ ਮਨ ਨੂੰ ਸ਼ਾਂਤੀ ਪ੍ਰਾਪਤ ਹੋਈ । ਕੁਝ ਸਮੇਂ ਬਾਣੀ ਸੁਣਨ ਤੋਂ ਬਾਅਦ ਬੀਬੀ ਜੀ ਨੂੰ ਪੁੱਛਿਆ , ਪੁੱਤਰੀ ਇਹ ਬਾਣੀ ਕਿਸ ਦੀ ਹੈ ?

ਪ੍ਰਸ਼ਨ ੧੩ :ਬੀਬੀ ਅਮਰੋ ਜੀ ਨੇ ਗੁਰੂ ਅਮਰਦਾਸ ਜੀ ਨੂੰ ਕੀ ਉਤਰ ਦਿੱਤਾ ?

ਉੱਤਰ – ਬੀਬੀ ਅਮਰੋ ਜੀ ਨੇ ਕਿਹਾ ! ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ । ਉਹ ਹੁਣ ਸਚਖੰਡ ਨੂੰ ਚਲੇ ਗਏ ਹਨ । ਅਪਣੀ ਜਗ੍ਹਾ ਤੇ ਮੇਰੇ ਪਿਤਾ ਜੀ ਨੂੰ ਬਿਠਾ ਗਏ ਹਨ ।

ਪ੍ਰਸ਼ਨ ੧੪ : ਸ੍ਰੀ ਗੁਰੂ ਅਮਰਦਾਸ ਜੀ ਦਾ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਮਿਲਾਪ ਕਿਸਨੇ ਕਰਾਇਆ ?

ਉੱਤਰ – ਸ੍ਰੀ ਗੁਰੂ ਅਮਰਦਾਸ ਜੀ ਨੇ ਬੀਬੀ ਅਮਰੋ ਜੀ ਨੂੰ ਕਿਹਾ ! ਹੇ ਪੁਤਰੀ ਮੈਂਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਦੀ ਬਹੁਤ ਤਾਂਘ ਹੈ । ਮੈਨੂੰ ਉਨ੍ਹਾਂ ਦੇ ਪਾਸ ਲੈ ਚੱਲ । ਬੀਬੀ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦਾ ਬਚਨ ਮੰਨ ਕੇ ਉਨ੍ਹਾਂ ਨੂੰ ਖਡੂਰ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ਲੈ ਆਈ ।

ਪ੍ਰਸ਼ਨ ੧੫ : ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ਜਾ ਕੇ ਕੀ ਸੇਵਾ ਸੰਭਾਲੀ ਤੇ ਕਿੰਨੇ ਸਾਲ ਕੀਤੀ ?

ਉੱਤਰ – ਸ੍ਰੀ ਗੁਰੂ ਅਮਰਦਾਸ ਜੀ ਨੇ , ਸ੍ਰੀ ਗਰੂ ਅੰਗਦ ਦੇਵ ਜੀ ਪਾਸ ਜਾ ਕੇ, ਅੰਮ੍ਰਿਤ ਵੇਲੇ ਬਿਆਸਾ ਦਰਿਆ ਤੋਂ ਜਲ ਲਿਆ ਕੇ ਇਸਨਾਨ ਕਰਾਉਣ ਦੀ ਸੇਵਾ ਸੁਰੂ ਕੀਤੀ । ਉਹ ਸੇਵਾ ਉਨ੍ਹਾਂ ਨੇ ੧੨ ਸਾਲ ਨਿਰ- ਵਿਘਨ ਪੂਰੀ ਕੀਤੀ ।

ਪ੍ਰਸ਼ਨ ੧੬ : ਜਦੋਂ ਗੁਰੂ ਅਮਰਦਾਸ ਜੀ ਨੂੰ ਸੇਵਾ ਕਰਦਿਆਂ ਬਾਰਵਾਂ ਸਾਲ ਬੀਤਣ ਲੱਗਾ , ਉਦੋਂ ਕੀ ਕੌਤਕ ਵਰਤਿਆ ?

ਉੱਤਰ – ਇਕ ਦਿਨ ਪਰਮੇਸਰ ਦਾ ਭਾਣਾਂ ਇਹੋ ਜਿਹਾ ਵਰਤਿਆ , ਜਦੋਂ ਗੁਰੂ ਜੀ ਪਾਣੀ ਲੈਣ ਬਿਆਸ ਦਰਿਆ ਤੇ ਜਾ ਰਹੇ ਸਨ । ਮੀਂਹ ਹਨੇਰੀ ਵੱਗਣ ਲੱਗ ਪਈ । ਦਰਿਆ ਤੋਂ ਪਾਣੀ ਲੈ ਕੇ ਆਉਣ ਤੱਕ ਚਾਰ ਚੁਫੇਰੇ ਪਾਣੀ ਹੀ ਪਾਣੀ ਹੋ ਗਿਆ । ਲਾਗੇ ਜੁਲਾਹਿਆਂ ਦਾ ਘਰ ਸੀ , ਜੁਲਾਹੇ ਨੇ ਖੱਡੀ ਵਾਸਤੇ ਕਿੱਲਾ ਗੱਡਿਆ ਸੀ ਗੁਰੂ ਜੀ ਦਾ ਠੇਡਾ ਉਸ ਨਾਲ ਲੱਗਾ । ਜਿਸ ਕਰਕੇ ਗੁਰੂ ਜੀ ਖਡੀ ਦੇ ਟੋਏ ਵਿਚ ਡਿੱਗ ਪਏ । ਪਰ ਗੁਰੂ ਜੀ ਨੇ ਗਾਗਰ ਦਾ ਪਾਣੀ ਡੁੱਲਣ ਨਹੀਂ ਦਿੱਤਾ ।

ਪ੍ਰਸ਼ਨ ੧੭ : ਡਿਗਣ ਦਾ ਖੜਾਕ ਸੁਣਕੇ ਜੁਲਾਹੇ ਨੇ ਤੇ ਜੁਲਾਹੀ ਨੇ ਕੀ ਕਿਹਾ ?

ਉੱਤਰ – ਜੁਲਾਹੇ ਨੇ ਕਿਹਾ , ਇਸ ਮੀਂਹ ਹਨੇਰੀ ਵਿਚ ਬਾਹਰ ਕੋਈ ਡਿਗ ਪਿਆ ਜਾਪਦਾ ਹੈ । ਜੁਲਾਹੀ ਨੇ ਕਿਹਾ ਹੋਣਾ ਏ ! ਅਮਰੂ ਨਿਥਾਂਵਾਂ , ਜਿਸ ਨੂੰ ਨਾ ਦਿਨੇ ਚੈਨ ਨਾ ਰਾਤ ਅਰਾਮ ।

ਪ੍ਰਸ਼ਨ ੧੮ : ਗੁਰੂ ਜੀ ਨੇ ਜੁਲਾਹੀ ਦੀ ਗੱਲ ਸੁਣਕੇ ਕੀ ਉੱਤਰ ਦਿੱਤਾ ?

ਉੱਤਰ – ਗੁਰੂ ਜੀ ਨੇ ਕਿਹਾ ਮੈਂ ਨਿਥਾਵਾਂ ਨਹੀਂ ਕਮਲੀਏ , ਮੇਰੇ ਥਾਂ ਗੁਰੂ ਜੀ ਹਨ । ਇਹ ਆਖ ਕੇ ਗੁਰੂ ਜੀ ਜਲ ਦੀ ਗਾਗਰ ਲੈ ਕੇ ਆ ਗਏ । ਤੇ ਗੁਰੂ ਅੰਗਦ ਦੇਵ ਜੀ ਦਾ ਇਸ਼ਨਾਨ ਕਰਾਇਆ ।

ਪ੍ਰਸ਼ਨ ੧੯ : ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਵੇਰੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਪੁਛਿਆ ਕਿ ਰਾਤ ਨੂੰ ਤੁਹਾਨੂੰ ਕਿਸੇ ਨੇ ਕੀ ਕਿਹਾ ਸੀ ?

ਉੱਤਰ – ਗੁਰੂ ਅਮਰਦਾਸ ਜੀ ਨੇ ਕਿਹਾ ! ਆਪ ਜੀ ਅੰਤਰਜਾਮੀ ਹੋ ਕਹੇ ਤੋਂ ਬਗੈਰ ਸਭ ਕੁਛ ਜਾਣਦੇ ਹੋ । ਉਸ ਵਕਤ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜੁਲਾਹੇ ਤੇ ਜੁਲਾਹੀ ਨੂੰ ਸੱਦਕੇ ਸਾਰੀ ਵਾਰਤਾ ਪੁੱਛੀ । ਉਨ੍ਹਾਂ ਨੇ ਸਾਰੀ ਵਾਰਤਾ ਸੱਚੀ-ਸੱਚੀ ਦੱਸ ਦਿੱਤੀ । ਤੇ ਜੁਲਾਹੇ ਨੇ ਕਿਹਾ, ਤੁਹਾਡੇ ਸੇਵਕ ਨੇ ਮੇਰੀ ਘਰ ਵਾਲ਼ੀ ਨੂੰ ਕਮਲ਼ੀ ਕਿਹਾ ਸੀ ਉਦੋਂ ਤੋਂ ਇਹ ਕਮਲ਼ੀ ਹੋ ਗਈ ਸੀ , ਹੁਣ ਤੁਹਾਡੇ ਦਰਸ਼ਨ ਕਰਕੇ ਠੀਕ ਹੋ ਗਈ ਹੈ ।

ਪ੍ਰਸ਼ਨ ੨੦ : ਉਸ ਵਕਤ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕੀ-ਕੀ ਵਰ ਦਿੱਤੇ ਸਨ ?

ਉੱਤਰ – ਉਸ ਵਕਤ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕਿਹਾ ! ਤੁਸੀ ਨਿਮਾਣਿਆਂ ਦੇ ਮਾਣ , ਨਿਤਾਣਿਆਂ ਦੇ ਤਾਣ , ਨਿਥਾਂਵਿਆਂ ਦੇ ਥਾਂ , ਨਿਓਟਿਆਂ ਦੀ ਓਟ , ਨਿਆਸਰਿਆਂ ਦੇ ਆਸਰੇ ,ਨਿਗਤਿਆਂ ਦੀ ਗਤ , ਨਿਪਤਿਆਂ ਦੀ ਪਤ , ਨਿਧਿਰਿਆਂ ਦੀ ਧਿਰ ਹੋ , ਇਸ ਤਰ੍ਹਾਂ ਦੇ ਬਾਰਾਂ (੧੨) ਵਰ ਦਿੱਤੇ ਤੇ ਅਪਣੇ ਗਲ਼ ਨਾਲ਼ ਲਾਕੇ ਕਿਹਾ , ਤੁਸੀ ਹੁਣ ਸਾਡਾ ਹੀ ਰੂਪ ਹੋ ਗਏ ਹੋ ।

ਪ੍ਰਸ਼ਨ ੨੧ : ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕਿਸ ਸਿੱਖ ਨਾਲ ਨਵਾਂ ਨਗਰ ਵਸਾਉਣ ਵਾਸਤੇ ਭੇਜਿਆ , ਉੱਥੇ ਕੌਣ ਨਗਰ ਨਹੀਂ ਵੱਸਣ ਦਿੰਦੇ ਸਨ ?

ਉੱਤਰ – ਸ੍ਰੀ ਗੁਰੂ ਅੰਗਦ ਦੇਵ ਜੀ ਨੇ , ਸ੍ਰੀ ਗੁਰੂ ਅਮਰਦਾਸ ਜੀ ਨੂੰ ਗੋਂਦੇ ਸਿੱਖ ਨਾਲ ਨਵਾਂ ਨਗਰ ਵਸਾਉਣ ਵਾਸਤੇ ਭੇਜਿਆ । ਉੱਥੇ ਭੂਤ ਪ੍ਰੇਤ ਨਗਰ ਨਹੀਂ ਵੱਸਣ ਦਿੰਦੇ ਸਨ ।

ਪ੍ਰਸ਼ਨ ੨੨ : ਜਿਹੜਾ ਨਗਰ ਸ੍ਰੀ ਗੁਰੂ ਅਮਰਦਾਸ ਜੀ ਵਸਾਉਣ ਵਾਸਤੇ ਗਏ ਸਨ ਉਸ ਨਗਰ ਦਾ ਨਾਮ ਕਿਸਦੇ ਨਾਮ ਤੇ ਰੱਖਿਆ ਸੀ ?

ਉੱਤਰ – ਜਿਹੜਾ ਨਗਰ ਸ੍ਰੀ ਗੁਰੂ ਅਮਰਦਾਸ ਜੀ ਵਸਾਉਣ ਗਏ ਸਨ , ਉਸ ਨਗਰ ਦਾ ਨਾਮ ਗੋਂਦੇ ਦੇ ਨਾਮ ਤੇ ਗੋਇੰਦਵਾਲ ਸਾਹਿਬ ਰੱਖਿਆ ।

ਪ੍ਰਸ਼ਨ ੨੩ : ਸਾਵਣਮਲ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਕੀ ਲਗਦੇ ਸਨ । ਉਸ ਨੂੰ ਗੁਰੂ ਜੀ ਨੇ ਮਕਾਨ ਬਣਾਉਣ ਵਾਸਤੇ ਲੱਕੜ ਲੈਣ ਕਿੱਥੇ ਭੇਜਿਆ ਸੀ ?

ਉੱਤਰ – ਸਾਵਣਮਲ ਸ੍ਰੀ ਗੁਰੂ ਅਮਰਦਾਸ ਜੀ ਦਾ ਭਤੀਜਾ ਲਗਦਾ ਸੀ ,ਉਸ ਨੂੰ ਹਰੀ ਪੁਰ ਦੇ ਰਾਜੇ ਹਰੀ ਸੈਨ ਪਾਸ ਲੱਕੜ ਲੈਣ ਭੇਜਿਆ ਸੀ , ਜੋ ਹਿਮਾਚਲ ਸੂਬੇ ਦੀ ਇਕ ਰਿਆਸਤ ਹੈ ।

ਪ੍ਰਸ਼ਨ ੨੪: ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਮਿਲਣ ਤੇ ਈਰਖਾ ਵਿਚ ਆ ਕੇ ਗੁਰੂ ਜੀ ਨੂੰ ਕਿਸਨੇ ਲੱਤ ਮਾਰੀ ਸੀ ?
ਉੱਤਰ - ਸ੍ਰੀ ਗੁਰੂ ਅੰਗਦ ਦੇਵ ਜੀ ਦੇ ਵੱਡੇ ਪੁੱਤਰ ਦਾਤੂ ਜੀ ਨੇ ,ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਮਿਲਣ ਤੇ ਕੁਛ ਸਮਾ ਪਾ ਕੇ । ਗੋਇੰਦਵਾਲ ਸਾਹਿਬ ਜਾ ਕੇ , ਈਰਖਾ ਵਿਚ ਆ ਕੇ ਲੱਤ ਮਾਰੀ ਸੀ ।

ਪ੍ਰਸ਼ਨ ੨੫ : ਜਦੋਂ ਗੁਰੂ ਜੀ ਨੂੰ ਦਾਤੂ ਜੀ ਨੇ ਲੱਤ ਮਾਰੀ ਸੀ ਤਾਂ ਗੁਰੂ ਜੀ ਨੇ ਕੀ ਬਚਨ ਕੀਤਾ ਸੀ ?
ਉੱਤਰ - ਗੁਰੂ ਜੀ ਦਾਤੂ ਜੀ ਦੇ ਚਰਣ ਫੜਕੇ ਮਲਣ ਲੱਗ ਪਏ । ਤੇ ਕਿਹਾ ਸਾਡਾ ਸਰੀਰ ਬੁਢੇਪੇ ਕਰਕੇ ਕਰੜਾ ਹੈ । ਤੁਹਾਡੇ ਚਰਨ ਨਰਮ ਹਨ , ਇਨ੍ਹਾਂ ਨੂੰ ਦੁਖ ਲੱਗਾ ਹੋਵੇਗਾ । ਤੁਸੀ ਵੱਡੇ ਸਤਿਗੁਰੂ ਜੀ ਦੇ ਪੁੱਤਰ ਹੋ । ਮੈਂ ਤੁਹਾਡੇ ਆਉਣ ਤੇ ਸਤਿਕਾਰ ਵਜੋਂ ਖੜਾ ਨਹੀਂ ਹੋਇਆ । ਮੈਂਨੂੰ ਮੁਆਫ ਕਰ ਦਿਓ ।

ਪ੍ਰਸ਼ਨ ੨੬: ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਦਾਤੂ ਜੀ ਨੇ ਲੱਤ ਮਾਰੀ ਸੀ , ਗੁਰੂ ਜੀ ਰਾਤ ਨੂੰ ਕਿੱਥੇ ਚਲੇ ਗਏ ਸਨ ?
ਉੱਤਰ - ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਦਾਤੂ ਜੀ ਨੇ ਲੱਤ ਮਾਰੀ ਸੀ , ਗੁਰੂ ਜੀ ਰਾਤ ਨੂੰ ਅਪਣੇ ਪਿੰਡ ਬਾਸਰਕੇ-ਗਿੱਲਾਂ ਚਲੇ ਗਏ ਸਨ ।

ਪ੍ਰਸ਼ਨ ੨੭ : ਗੁਰੂ ਜੀ ਨੇ ਉੱਥੇ ਜਾ ਕੇ ਕੀ ਕੀਤਾ ਸੀ ?
ਉੱਤਰ - ਪਿੰਡੋਂ ਬਾਹਰ ਇਕ ਕੋਠਾ ਸੀ , ਗੁਰੂ ਜੀ ਨੇ ਉਸ ਕੋਠੇ ਦੇ ਬੂਹੇ ਤੇ ਲਿਖ ਦਿੱਤਾ । ਜੋ ਇਹ ਬੂਹਾ ਖੋਲੇਗਾ ਉਹ ਸਾਡਾ ਸਿੱਖ ਨਹੀਂ । ਬੂਹੇ ਨੂੰ ਇਟਾਂ ਨਾਲ ਬੰਦ ਕਰਕੇ ਆਪ ਅੰਦਰ ਸਮਾਧੀ ਲਾ ਕੇ ਬੈਠ ਗਏ ।

ਪ੍ਰਸ਼ਨ ੨੮: ਸੰਗਤਾਂ ਦੇ ਕਹਿਣ ਤੇ ਬਾਬਾ ਬੁੱਢਾ ਜੀ ਨੇ , ਗੁਰੂ ਜੀ ਦੀ ਭਾਲ ਕਿਸ ਤਰ੍ਹਾਂ ਕੀਤੀ ?
ਉੱਤਰ - ਗੁਰੂ ਜੀ ਦੀ ਇਕ ਘੋੜੀ ਸੀ ,ਬਾਬਾ ਬੁੱਢਾ ਜੀ ਨੇ ਕਿਹਾ ਇਹ ਘੋੜੀ ਬੜੀ ਕਰਨੀ ਵਾਲੀ ਹੈ । ਇਸਨੂੰ ਕਾਠੀ ਤੇ ਲਗਾਮ ਪਾਕੇ ਛੱਡ ਦਿਓ । ਇਹ ਗੁਰੂ ਜੀ ਦੀ ਖੋਜ ਕਰੇਗੀ । ਇਸ ਤਰ੍ਹਾਂ ਤਿਆਰ ਕਰਕੇ ਉਸ ਘੋੜੀ ਨੂੰ ਛਡ ਦਿੱਤਾ । ਬਾਬਾ ਬੁੱਢਾ ਜੀ ਸਮੇਤ ਬਹੁਤ ਸਾਰੀ ਸੰਗਤ ਉਸਦੇ ਮਗਰ ਮਗਰ ਤੁਰ ਪਈ । ਉਹ ਘੋੜੀ ਰਵਾਂ ਰਵੀਂ ਜਿਸ ਕੋਠੇ ਅੰਦਰ ਗੁਰੂ ਜੀ ਬੈਠੇ ਸਨ । ਉੱਥੇ ਜਾ ਕੇ ਹਿਣਕਣ ਲਗ ਪਈ ।

ਪ੍ਰਸ਼ਨ ੨੯ : ਉਸ ਕੋਠੇ ਅੰਦਰੋਂ ਗੁਰੂ ਜੀ ਨੂੰ ਕਿਸ ਤਰ੍ਹਾਂ ਪ੍ਰਗਟ ਕੀਤਾ ?
ਉੱਤਰ - ਬਾਬਾ ਬੁੱਢਾ ਜੀ ਨੇ ਉਸ ਕੋਠੇ ਦੇ ਚਾਰ ਚੁਫੇਰੇ ਵੇਖਿਆ । ਬੂਹੇ ਉੱਪਰ ਜੋ ਹੁਕਮ ਲਿਖਿਆ ਸੀ ਉਹ ਸੰਗਤਾਂ ਨੂੰ ਸੁਣਾਇਆ । ਸੰਗਤਾਂ ਨੇ ਬਾਬਾ ਬੁੱਢਾ ਜੀ ਨੂੰ ਕਿਹਾ ,ਤੁਸੀ ਇਹ ਕੌਤਕ ਵਿਖਾਇਆ ਹੈ । ਹੁਣ ਗੁਰੂ ਜੀ ਦੇ ਦਰਸ਼ਨ ਵੀ ਕਰਾਉ । ਉਦੋਂ ਬਾਬਾ ਜੀ ਨੇ ਕੋਠੇ ਦੇ ਪਿਛਲੇ ਪਾਸੇ ਤੋਂ ਸੰਨ ਲਾ ਕੇ ਲੰਘਣ ਜੋਗਾ ਮਘੋਰਾ ਬਣਾ ਕੇ ਅੰਦਰ ਲੰਘ ਗਏ ।

ਪ੍ਰਸ਼ਨ ੩੦ : ਅੰਦਰ ਗੁਰੂ ਜੀ ਕਿਸ ਤਰਾਂ ਬੈਠੇ ਸਨ ,ਬਾਬਾ ਬੁੱਢਾ ਜੀ ਨੇ ਕੀ ਕੀਤਾ ?
ਉੱਤਰ - ਅੰਦਰ ਗੁਰੂ ਜੀ ਸਮਾਧੀ ਲਾ ਕੇ ਬੈਠੇ ਸਨ । ਜਦੋਂ ਬਾਬਾ ਜੀ ਨੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ । ਸਰੀਰ ਨਾਲ ਲੱਗਣ ਨਾਲ ਗੁਰੂ ਜੀ ਦੀ ਸਮਾਧੀ ਖੁਲ ਗਈ ।

ਪ੍ਰਸ਼ਨ ੩੧ : ਜਦੋਂ ਗੁਰੂ ਜੀ ਦੀ ਸਮਾਧੀ ਖੁੱਲੀ ਤਾਂ ਬਾਬਾ ਬੁੱਢਾ ਜੀ ਨੂੰ ਗੁਰੂ ਜੀ ਨੇ ਕਿਹਾ ਤੁਸੀ ਸਾਡਾ ਬਚਨ ਕਿਉਂ ਮੋੜਿਆ ਹੈ , ਤਾਂ ਬਾਬਾ ਜੀ ਨੇ ਕੀ ਜਵਾਬ ਦਿੱਤਾ ?
ਉੱਤਰ - ਬਾਬਾ ਜੀ ਨੇ ਕਿਹਾ ! ਜੀ ਆਪਜੀ ਦਾ ਬਚਨ ਨਹੀਂ ਮੋੜਿਆ, ਮੈਂ ਪਿਛਲੇ ਪਾਸੇ ਤੋਂ ਸੰਨ ਲਾ ਕੇ ਅੰਦਰ ਆਇਆ ਹਾਂ । ਬਾਹਰ ਆਪ ਜੀ ਦੇ ਦਰਸਨਾਂ ਨੂੰ ਸੰਗਤਾਂ ਉਤਾਵਲੀਆਂ ਹਨ ।

ਪ੍ਰਸ਼ਨ ੩੨ : ਗੁਰੂ ਜੀ ਨੇ ਬਾਬਾ ਜੀ ਦੀ ਬੇਨਤੀ ਸੁਣਕੇ ਕੀ ਬਚਨ ਕੀਤਾ ?
ਉੱਤਰ - ਗੁਰੂ ਜੀ ਨੇ ਖੁਸ਼ ਹੋ ਕੇ ਕਿਹਾ ! ਬ੍ਰਿਧ ਜੀ ਤੁਸੀ ਧੰਨ ਹੋ ਸਾਰੇ ਕੰਮ ਪਰ-ਉਪਕਾਰ ਵਾਸਤੇ ਕਰਦੇ ਹੋ, ਉਠ ਕੇ ਬੂਹਾ ਖੋਲ ਦਿਓ । ਬਾਬਾ ਜੀ ਨੇ ਬੂਹਾ ਖੋਲ ਦਿੱਤਾ । ਸੰਗਤਾਂ ਉਤਸਾਹ ਨਾਲ ਗੁਰੂ ਜੀ ਦੇ ਦਰਸ਼ਨਾਂ ਨੂੰ ਆ ਗਈਆਂ । ਭੇਟਾ ਰੱਖ ਕੇ ਗੁਰੂ ਜੀ ਨੂੰ ਮੱਥਾ ਟੇਕਿਆ ।

ਪ੍ਰਸ਼ਨ ੩੩ : ਗੁਰੂ ਜੀ ਨੇ ਉਸ ਸੰਨ ਨੂੰ ਕੀ ਵਰ ਦਿੱਤਾ ਸੀ ?
ਉੱਤਰ - ਗੁਰੂ ਜੀ ਨੇ ਸੰਗਤਾਂ ਨੂੰ ਕਿਹਾ ,ਇਹ ਪਰ-ਉਪਕਾਰ ਬ੍ਰਿਧ ਜੀ ਦਾ ਹੈ । ਜੋ ਪ੍ਰਾਣੀ ਇਸ਼ਨਾਨ ਕਰਕੇ ਤੇ ਜਪੁਜੀ ਸਾਹਿਬ ਜੀ ਦਾ ਪਾਠ ਕਰਕੇ ਅਰਦਾਸ ਕਰਕੇ ਇਸ ਸੰਨ ਵਿੱਚੋਂ ਲੰਘੇਗਾ ਉਸਦੀ ਚੁਰਾਸੀ ਕੱਟੀ ਜਾਵੇਗੀ । ਬਾਬਾ ਬੁੱਢਾ ਜੀ ਸਿੱਖੀ ਦੇ ਜਹਾਜ ਹਨ , ਇਸ ਤੋਂ ਪਰੇ ਸਿੱਖੀ ਨਹੀਂ ਹੈ ।

ਪ੍ਰਸ਼ਨ ੩੪ : ਸ੍ਰੀ ਗੁਰੂ ਅਮਰਦਾਸ ਜੀ ਨੇ ਸੰਗਤਾਂ ਦੇ ਭਲੇ ਵਾਸਤੇ ,ਪਹਿਲਾ ਤੀਰਥ ਕਿੱਥੇ ਤੇ ਕਿਹੜਾ ਰਚਿਆ ?
ਉੱਤਰ - ਸ੍ਰੀ ਗੁਰੂ ਅਮਰਦਾਸ ਜੀ ਨੇ ਸੰਗਤਾਂ ਦੇ ਭਲੇ ਵਾਸਤੇ ਪਹਿਲਾ ਤੀਰਥ ਗੋਇੰਦਵਾਲ ਸਾਹਿਬ ਬਾਉਲੀ ਸਾਹਿਬ ਰਚਿਆ ।

ਪ੍ਰਸ਼ਨ ੩੫ :ਸ੍ਰੀ ਗੁਰੂ ਅਮਰਦਾਸ ਜੀ ਨੇ ਬਾਉਲੀ ਸਾਹਿਬ ਜੀ ਦੀ ੮੪ ਪੌੜੀਆਂ ਦੇਖਕੇ ਕੀ ਵਰ ਦਿੱਤਾ ?
ਉੱਤਰ - ਸ੍ਰੀ ਗੁਰੂ ਅਮਰਦਾਸ ਜੀ ਨੇ ਬਾਉਲੀ ਸਾਹਿਬ ਜੀ ਦੀਆਂ ੮੪ ਪੌੜੀਆਂ ਵੇਖ ਕੇ ਇਹ ਵਰ ਦਿੱਤਾ । ਕਿ ਜੋ ਪ੍ਰਾਣੀ ਬਾਉਲੀ ਸਾਹਿਬ ਜੀ ਵਿਚ ਸਣੇ ਕੇਸੀ ਇਸ਼ਨਾਨ ਕਰਕੇ । ਪਹਿਲੀ ਪਉੜੀ ਤੇ ਜਪੁਜੀ ਸਾਹਿਬ ਜੀ ਦਾ ਸੰਪੂਰਨ ਪਾਠ ਕਰੇ ।

ਫਿਰ ਸਣੇ ਕੇਸੀ ਇਸ਼ਨਾਨ ਕਰਕੇ ਦੂਜੀ ਪਉੜੀ ਤੇ ਜਪੁਜੀ ਸਾਹਿਬ ਜੀ ਦਾ ਸੰਪੂਰਨ ਪਾਠ ਕਰੇ । ਇਸ ਤਰ੍ਹਾਂ ਇਸ਼ਨਾਨ ਕਰ-ਕਰ ਕੇ ਜਪੁਜੀ ਸਾਹਿਬ ਜੀ ਦਾ ਸੰਪੂਰਨ ਪਾਠ ਚੌਰਾਸੀ ਪੌੜਿਆਂ ਤੇ ਕਰੇ ਉਸਦੀ ਚੌਰਾਸੀ ਕੱਟੀ ਜਾਵੇਗੀ ।

ਪ੍ਰਸ਼ਨ ੩੬ : ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਵਾਸਤੇ ਕਿੰਨੇ ਸਿੱਖਾਂ ਨੂੰ ਬ੍ਰਹਮ ਗਿਆਨ ਦੀ ਦਾਤ ਬਖਸ਼ ਕੇ ਮੰਜੀਆਂ ਬਖਸ਼ੀਆਂ ?

ਉੱਤਰ - ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਵਾਸਤੇ ੨੨ ਸਿੱਖਾਂ ਨੂੰ ਬ੍ਰਹਮ ਗਿਆਨ ਦੀ ਦਾਤ ਬਖਸ ਕੇ ਉਨ੍ਹਾਂ ਨੂੰ ੨੨ ਮੰਜੀਆਂ ਬਖਸੀਆਂ ਸਨ ।

ਪ੍ਰਸ਼ਨ ੩੭ : ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਵਾਸਤੇ ਮਾਈਆਂ ਨੂੰ ਕਿੰਨੇ ਪੀੜੇ ਬਖਸ਼ੇ ਸਨ ?

ਉੱਤਰ - ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਵਾਸਤੇ ਮਾਈਆਂ ਨੂੰ ੭੨ ਪੀੜੇ ਬਖਸ਼ੇ ਸਨ ।

ਪ੍ਰਸ਼ਨ ੩੮ : ਗੁਰੂ ਜੀ ਨੇ ਪਰਮਹੰਸ ਦੀ ਪਦਵੀ ਕਿਸ ਸਿੱਖ ਨੂੰ ਦਿੱਤੀ ਸੀ ?

ਉੱਤਰ - ਗੁਰੂ ਜੀ ਨੇ ਪਰਮਹੰਸ ਦੀ ਪਦਵੀ ਡੱਲੇ ਵਾਸੀ ਭਾਈ ਪਾਰੋ ਜੀ ਨੂੰ ਦਿੱਤੀ ਸੀ ।

ਪ੍ਰਸ਼ਨ ੩੯ : ਗੁਰੂ ਜੀ ਨੇ ਗੁਪਤ ਰੂਹਾਂ ਦਾ ਗੁਰੂ ਕਿਸਨੂੰ ਬਣਾਇਆ ਤੇ ਤੇਈਏ ਤਾਪ ਨੂੰ ਗੁਰੂ ਜੀ ਦੀ ਕੈਦ ਵਿੱਚੋਂ ਕਿਸ ਸਿੱਖ ਨੇ ਛਡਵਾਇਆ ,ਉਹ ਕਿੱਥੋਂ ਦੇ ਰਹਿਣ ਵਾਲੇ ਸਨ ?

ਉੱਤਰ - ਗੁਰੂ ਜੀ ਨੇ ਗੁਪਤ ਰੂਹਾਂ ਦਾ ਗੁਰੂ ਭਾਈ ਲਾਲੂ ਜੀ ਨੂੰ ਬਣਾਇਆ । ਤੇਈਏ ਤਾਪ ਨੂੰ ਵੀ ਗੁਰੂ ਜੀ ਦੀ ਕੈਦ ਵਿੱਚੋਂ ਭਾਈ ਲਾਲੂ ਜੀ ਨੇ ਹੀ ਛੁਡਵਾਇਆ ਸੀ , ਉਹ ਡੱਲੇ (ਕਪੂਰਥਲੇ) ਦੇ ਰਹਿਣ ਵਾਲੇ ਸਨ ।

ਪ੍ਰਸ਼ਨ ੪੦ : ਭਾਈ ਸੱਚਨ ਸੱਚ ਜੀ ਦਾ ਜੱਦੀ ਪਿੰਡ ਕਿਹੜਾ ਸੀ , ਤੇ ਉਨ੍ਹਾਂ ਦੇ ਪਿੰਡ ਦਾ ਕੀ ਨਾਮ ਸੀ ,ਗੁਰੂ ਜੀ ਨੇ ਉਨ੍ਹਾਂ ਨੂੰ ਕੀ ਬਖਸ਼ਿਸ਼ ਕੀਤੀ ਸੀ ?

ਉੱਤਰ - ਭਾਈ ਸੱਚਨ ਸੱਚ ਜੀ ਦਾ ਜੱਦੀ ਪਿੰਡ ਧੁੰਨੀ ਮੱਲਾਂ ਜਿਲ੍ਹਾ ਤੇ ਤਹਿਸੀਲ ਹਾਫ਼ਜਾ ਬਾਦ (ਪਾਕਿਸਤਾਨ) ਸੀ । ਘਰ ਦਾ ਨਾਮ ਉਨ੍ਹਾਂ ਦਾ ਪੈਰੋ ਮਲ ਸੀ । ਉਹ ਥੋਥਰ ਗੋਤ ਦੇ ਜਿਮੀਦਾਰ ਸਨ । ਗੁਰੂ ਜੀ ਨੇ ਉਨ੍ਹਾਂ ਦਾ ਵਿਆਹ ਕਰਕੇ ਮੰਜੀ ਤੇ ਚਰਨਾ ਦਾ ਜੋੜਾ ਬਖਸ਼ਿਆ ਸੀ ।

ਪ੍ਰਸ਼ਨ ੪੧ : ਬਾਬਾ ਹਿੰਦਾਲ ਜੀ ਲੰਗਰ ਵਿਚ ਕੀ ਸੇਵਾ ਕਰਦੇ ਸਨ , ਗੁਰੂ ਜੀ ਨੂੰ ਉਨ੍ਹਾਂ ਨੇ ਕਿਸ ਤਰ੍ਹਾਂ ਮੱਥਾ ਟੇਕਿਆ ਤੇ ਗੁਰੂ ਜੀ ਨੇ ਕੀ ਬਚਨ ਕੀਤਾ ?

ਉੱਤਰ - ਬਾਬਾ ਹਿੰਦਾਲ ਜੀ ਲੰਗਰ ਵਿਚ ਆਟਾ ਗੁੰਨ੍ਹਣ ਦੀ ਸੇਵਾ ਕਰਦੇ ਸਨ । ਜਦੋਂ ਗੁਰੂ ਜੀ ਲੰਗਰ ਵਿਚ ਗਏ ਤਾਂ ਉਹ ਆਟਾ ਗੁਨ੍ਹ ਰਹੇ ਸਨ । ਆਟੇ ਨਾਲ ਹੱਥ ਲਿਬੜਨ ਕਰਕੇ ਉਨ੍ਹਾਂ ਨੇ ਗੁਰੂ ਜੀ ਦਾ ਸਤਿਕਾਰ ਰੱਖਣ ਵਾਸਤੇ , ਪਿਛਾਂਹ ਹੱਥ ਕਰਕੇ ਗੁਰੂ ਜੀ ਨੂੰ ਮੱਥਾ ਟੇਕਿਆ । ਗੁਰੂ ਜੀ ਨੇ ਬਚਨ ਕੀਤਾ ,ਤੇਰੀ ਕੁਲ ਵਿਚ ਇਸੇ ਤਰ੍ਹਾਂ ਪਿਛਾਂਹ ਹੱਥ ਕਰਕੇ ਮੱਥਾ ਟੇਕਿਆ ਕਰਨਗੇ । ਉਨ੍ਹਾਂ ਦੀ ਕੁਲ ਵਿਚ ਹੁਣ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਿਛਾਂਹ ਹੱਥ ਕਰਕੇ ਮੱਥਾ ਟੇਕਦੇ ਹਨ ।

ਪ੍ਰਸ਼ਨ ੪੨ :ਬਾਬੇ ਹਿੰਦਾਲ ਜੀ ਦਾ ਜੱਦੀ ਪਿੰਡ ਤੇ ਮਾਤਾ ਪਿਤਾ ਦਾ ਨਾਮ ਦੱਸੋ ?

ਉੱਤਰ - ਬਾਬੇ ਹਿੰਦਾਲ ਜੀ ਦਾ ਜੱਦੀ ਪਿੰਡ ਜੰਡਿਆਲਾ ਗੁਰੂ (ਅੰਮ੍ਰਿਤਸਰ) ਸੀ । ਉਨ੍ਹਾਂ ਦੇ ਮਾਤਾ ਜੀ ਦਾ ਨਾਮ ਮਾਤਾ ਸੁਖੀ , ਪਿਤਾ ਜੀ ਦਾ ਨਾਮ ਬਾਬਾ ਗਾਜੀ ਸੀ , ਆਪ ਜੱਟ ਬਰਾਦਰੀ ਦੇ ਸਨ ।

ਪ੍ਰਸ਼ਨ ੪੩ :ਸ੍ਰੀ ਗੁਰੂ ਅਮਰਦਾਸ ਜੀ ਨੇ ਅਪਣੀ ਪੁਤਰੀ ਬੀਬੀ ਭਾਨੀ ਦੀ ਸ਼ਾਦੀ ਕਿਸ ਨਾਲ ਕੀਤੀ ?

ਉੱਤਰ - ਸ੍ਰੀ ਗੁਰੂ ਅਮਰਦਾਸ ਜੀ ਨੇ ਅਪਣੀ ਪੁਤਰੀ ਬੀਬੀ ਭਾਨੀ ਜੀ ਦੀ ਸ਼ਾਦੀ , ਸ੍ਰੀ ਗੁਰੂ ਰਾਮਦਾਸ ਜੀ ਨਾਲ ਕੀਤੀ ।

ਪ੍ਰਸ਼ਨ ੪੪ : ਸ੍ਰੀ ਗੁਰੂ ਅਮਰਦਾਸ ਜੀ ਸਮੇਂ ਗੋਇੰਦਵਾਲ ਸਾਹਿਬ ਕਿਸ ਸੜਕ ਤੇ ਸੀ ?

ਉੱਤਰ - ਸ੍ਰੀ ਗੁਰੂ ਅਮਰਦਾਸ ਜੀ ਸਮੇਂ ਗੋਇੰਦਵਾਲ ਸਾਹਿਬ , ਲਾਹੌਰ ਤੋਂ ਦਿੱਲੀ ਜਾਣ ਵਾਲੀ ਸੜਕ ਤੇ ਸੀ ।

ਪ੍ਰਸ਼ਨ ੪੫ : ਅਕਬਰ ਬਾਦਸ਼ਾਹ ਕਿਸ ਇਰਾਦੇ ਨਾਲ ਗੋਇੰਦਵਾਲ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਪਾਸ ਆਇਆ ਸੀ ?

ਉੱਤਰ - ਅਕਬਰ ਬਾਦਸ਼ਾਹ ਨੂੰ ਪਤਾ ਸੀ ! ਕਿ ਉਸ ਦੇ ਦਾਦੇ ਬਾਬਰ ਨੇ, ਸ੍ਰੀ ਗੁਰੂ ਨਾਨਕ ਦੇਵ ਜੀ ਪਾਸੋਂ ਸੱਤ ਪੁਸਤਾਂ ਦਾ ਰਾਜ ਪ੍ਰਾਪਤ ਕੀਤਾ ਸੀ । ਅਕਬਰ ਨੇ ਵੀ ਸ੍ਰੀ ਗੁਰੂ ਅਮਰਦਾਸ ਜੀ ਦੀ ਬਹੁਤ ਵਡਿਆਈ ਸੁਣੀ । ਇਸ ਇਰਾਦੇ ਨਾਲ ਉਹ ਦਿੱਲੀ ਤੋਂ ਲਾਹੌਰ ਨੂੰ ਤੁਰ ਪਿਆ ।

ਪ੍ਰਸ਼ਨ ੪੬: ਜਦੋਂ ਅਕਬਰ ਨੇ ਅਪਣਾ ਅਹਿਲ-ਕਾਰ ਗੁਰੂ ਜੀ ਵੱਲ ਭੇਜਿਆ ,ਤਾਂ ਗੁਰੂ ਜੀ ਨੇ ਕੀ ਕਿਹਾ ?

ਉਤਰ - ਜਦੋਂ ਅਕਬਰ ਬਾਦਸ਼ਾਹ ਨੇ ਅਪਣਾ ਅਹਿਲ-ਕਾਰ ਗੁਰੂ ਜੀ ਵੱਲ ਭੇਜਿਆ । ਤਾਂ ਗੁਰੂ ਜੀ ਨੇ ਕਿਹਾ ! ਪਹਿਲਾਂ ਬਾਦਸ਼ਾਹ ਲੰਗਰ ਵਿੱਚੋਂ ਭੋਜਨ ਛਕੇ ਫਿਰ ਦਰਸ਼ਨ ਹੋਣਗੇ ।

ਪ੍ਰਸ਼ਨ ੪੭ : ਗੁਰੂ ਜੀ ਦਾ ਹੁਕਮ ਸੁਣ ਕੇ ਅਕਬਰ ਨੇ ਕੀ ਕੀਤਾ ?

ਉੱਤਰ - ਗੁਰੂ ਜੀ ਦਾ ਹੁਕਮ ਸੁਣ ਕੇ ਅਕਬਰ ਨੇ ਅਪਣੇ ਅਹਿਲ-ਕਾਰਾਂ ਨਾਲ ਪਹਿਲਾਂ ਲੰਗਰ ਵਿੱਚੋਂ ਭੋਜਨ ਛਕਿਆ । ਲੰਗਰ ਚਲਦਾ ਵੇਖ ਕੇ ਉਹ ਬਹੁਤ ਖੁਸ਼ ਹੋਇਆ ।

ਪ੍ਰਸ਼ਨ ੪੮ : ਅਕਬਰ ਗੁਰੂ ਜੀ ਪਾਸ ਦਰਸ਼ਨਾਂ ਨੂੰ ਕਿਸ ਤਰ੍ਹਾਂ ਆਇਆ ?

ਉਤਰ – ਅਕਬਰ ਗੁਰੂ ਜੀ ਦੇ ਦਰਸ਼ਨਾ ਨੂੰ ਬਹੁਤ ਭੇਟਾ ਲੈ ਕੇ ਆਇਆ । ਤੇ ਮੱਥਾ ਟੇਕ ਕੇ ਬੈਠ ਗਿਆ । ਉਸਨੇ ਗੁਰੂ ਜੀ ਨੂੰ ਕਿਹਾ ! ਆਪ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੀ ਰੂਪ ਹੋ । ਆਪ ਜੀ ਜਾਤ ਪਾਤ ਦੇ ਵਿਤਕਰੇ ਤੋਂ ਰਹਿਤ ਹੋ ਕੇ ਲੰਗਰ ਚਲਾ ਰਹੇ ਹੋ । ਮੇਰੀ ਭੇਟਾ ਵੀ ਪਰਵਾਨ ਕਰੋ , ਮੈਨੂੰ ਵੀ ਗੁਰੂ ਘਰ ਦਾ ਦਾਸ ਜਾਣੋ ।

ਪ੍ਰਸ਼ਨ ੪੯ : ਗੁਰੂ ਜੀ ਨੇ ਅਕਬਰ ਦੀ ਬੇਨਤੀ ਸੁਣ ਕੇ ਕੀ ਕਿਹਾ ?

ਉੱਤਰ – ਗੁਰੂ ਜੀ ਨੇ ਕਿਹਾ ਅਸੀਂ ਉਤਨਾ ਹੀ ਅੰਨ ਲੈਂਦੇ ਹਾਂ ,ਜਿਤਨਾ ਇਕ ਦਿਨ ਦੇ ਲੰਗਰ ਵਿਚ ਪਕ ਜਾਵੇ । ਸਿੱਖ ਸੰਗਤਾਂ ਇਹ ਸੇਵਾ ਕਰਕੇ ਅਪਣੀ ਕਮਾਈ ਸਫਲਾ ਕਰ ਰਹੀਆਂ ਹਨ । ਅਸੀ ਹੋਰ ਭੇਟਾ ਪਰਵਾਨ ਨਹੀਂ ਕਰਦੇ ।

ਪ੍ਰਸ਼ਨ ੫੦ : ਉਦੋਂ ਬਾਦਸ਼ਾਹ ਨੇ ਗੁਰੂ ਜੀ ਨੂੰ ਕੀ ਬੇਨਤੀ ਕੀਤੀ ?

ਉੱਤਰ – ਬਾਦਸ਼ਹ ਨੇ ਕਿਹਾ ਆਪ ਜੀ ਦਾਤੇ ਹੋ ! ਸਾਰਾ ਸੰਸਾਰ ਮੰਗਤਾ ਹੈ । ਆਪ ਜੀ ਅਪਣੇ ਦਾਸਾਂ ਦੀ ਇੱਛਾ ਪੂਰੀ ਕਰਨ ਵਾਲੇ ਹੋ । ਜਿਸ ਤਰ੍ਹਾਂ ਬੀਬੀ ਭਾਨੀ ਆਪ ਜੀ ਦੀ ਪੁਤਰੀ ਹੈ , ਬਾਦਸ਼ਾਹ ਹੋਣ ਦੇ ਨਾਤੇ ਮੇਰੀ ਵੀ ਪੁਤਰੀ ਹੈ । ਮੈਂ ਇਸ ਦੇ ਨਾਮ ੮੪ ਪਿੰਡਾਂ ਦੀ ਜਗੀਰ ਲਾ ਦਿੰਦਾਂ ਹਾਂ , ਕ੍ਰਿਪਾ ਕਰਕੇ ਸੇਵਾ ਪਰਵਾਨ ਕਰੋ ।

ਪ੍ਰਸ਼ਨ ੫੧ : ਗੁਰੂ ਜੀ ਨੇ ਬਾਦਸ਼ਾਹ ਦਾ ਐਸਾ ਪ੍ਰੇਮ ਵੇਖ ਕੇ ਕੀ ਕਿਹਾ ?

ਉੱਤਰ – ਗੁਰੂ ਜੀ ਨੇ ਕਿਹਾ (੧)ਪੰਜਾਬ ਵਿਚ ਮੀਂਹ ਨਾਂ ਪੈਣ ਕਰਕੇ ਕਾਲ਼ ਪੈ ਗਿਆ ਹੈ । ਇਸ ਕਰਕੇ ਮਾਮਲਾ ਮੁਆਫ ਕਰਦੇ (੨) ਜਿਨ੍ਹਾਂ ਬੀਬੀਆ ਦੇ ਪਤੀ ਮਰ ਜਾਂਦੇ ਹਨ , ਉਨ੍ਹਾਂ ਨੂੰ ਪਤੀ ਦੇ ਨਾਲ ਚਿਖਾ ਵਿਚ ਸਤੀ (ਸੜਨਾ ਪੈਂਦਾ ਹੈ) ਇਹ ਸਤੀਆਂ ਦਾ ਰਿਵਾਜ ਬੰਦ ਕਰਦੇ ।(੩) ਜੋ ਹਿੰਦੂਆਂ ਦੇ ਤੀਰਥਾਂ ਤੇ ਜੇਜੀਆ (ਟੈਕਸ)ਲਾਇਆ ਹੈ ਉਹ ਬੰਦ ਕਰਦੇ (੪) ਲੋਕਾਂ ਦੀਆਂ ਧੀਆਂ-ਭੈਣਾ ਦੇ ਡੋਲੇ ਲੈਣੇ ਬੰਦ ਕਰਦੇ , ਜੇ ਇਹ ਬਚਨ ਮੰਨੇਗਾ ਤਾਂ ਤੇਰੀ ਸੇਵਾ ਪ੍ਰਵਾਨ ਹੋ ਸਕਦੀ ਹੈ ।

ਪ੍ਰਸ਼ਨ ੫੨ : ਅਕਬਰ ਨੇ ਗੁਰੂ ਜੀ ਦੇ ਬਚਨ ਮੰਨ ਕੇ ਕੀ ਕੀਤਾ ?

ਉੱਤਰ – ਅਕਬਰ ਨੇ ਸਤਿ-ਬਚਨ ਕਹਿ ਕੇ ਇਹ ਸ਼ਰਤਾਂ ਮੰਨ ਲਈਆਂ ,ਤੇ ਝਬਾਲ ਪਰਗਨੇ ਦਾ ੮੪ ਪਿੰਡਾਂ ਦਾ ਪਟਾ ਬੀਬੀ ਭਾਨੀ ਦੇ ਨਾਮ ਲਿਖ ਕੇ ਗੁਰੂ ਘਰ ਨੂੰ ਭੇਟਾ ਕੀਤਾ ।

ਪ੍ਰਸ਼ਨ ੫੩ : ਭਾਈ ਗੁਰਦਾਸ ਜੀ , ਸ੍ਰੀ ਗੁਰੂ ਅਮਰਦਾਸ ਜੀ ਦੇ ਕੀ ਲਗਦੇ ਸਨ ?

ਉੱਤਰ – ਭਾਈ ਗੁਰਦਾਸ ਜੀ , ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਲਗਦੇ ਸਨ ।

ਪ੍ਰਸ਼ਨ ੫੪ :ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰ ਗੱਦੀ ਦੇਣ ਵਾਸਤੇ ਰਾਮਾ ਜੀ ਤੇ ਸ੍ਰੀ ਗੁਰੂ ਰਾਮਦਾਸ ਜੀ ਦੀ ਪਰਖ ਕੀਤੀ ਤਾਂ ਕੌਣ ਪਾਸ ਹੋਇਆ ਤੇ ਕਿਸਨੂੰ ਗੁਰ-ਗੱਦੀ ਦਿੱਤੀ ?

ਉੱਤਰ – ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰ-ਗੱਦੀ ਦੇਣ ਵਾਸਤੇ ਪਰਖ ਕੀਤੀ ਸੀ , ਤਾਂ ਸ੍ਰੀ ਗੁਰੂ ਰਾਮਦਾਸ ਜੀ ਪਾਸ ਹੋਏ ਸਨ । ਤੇ ਗੁਰ-ਗੱਦੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਹੀ ਦਿੱਤੀ ਸੀ ।

ਪ੍ਰਸ਼ਨ ੫੫ : ਸ਼੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਕਿਹੜਾ ਸ਼ਹਿਰ ਵਸਾਉਣ ਵਾਸਤੇ ਕਿਹਾ , ਤੇ ਉਸਦਾ ਪਹਿਲਾ ਨਾਮ ਕੀ ਰਖਿਆ ?

ਉੱਤਰ – ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਅੰਮ੍ਰਿਤਸਰ ਵਸਾਉਣ ਵਾਸਤੇ ਕਿਹਾ । ਤੇ ਉਸਦਾ ਪਹਿਲਾ ਨਾਮ ਗੁਰੂ ਕਾ ਚੱਕ ਸੀ ।

ਪ੍ਰਸ਼ਨ ੫੬ : ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰ ਗੱਦੀ ਦਿੱਤੀ ਤਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਕਿਸ ਪੁੱਤਰ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਮੱਥਾ ਨਹੀਂ ਟੇਕਿਆ ?

ਉੱਤਰ – ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰ-ਗੱਦੀ ਦਿੱਤੀ । ਤਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਵੱਡੇ ਪੁੱਤਰ ਮੋਹਨ ਜੀ ਨੇ ,ਸ੍ਰੀ ਗੁਰੂ ਰਾਮਦਾਸ ਜੀ ਨੂੰ ਮੱਥਾ ਨਹੀਂ ਟੇਕਿਆ ।

ਪ੍ਰਸ਼ਨ ੫੭ : ਸਿੱਖਾਂ ਨੇ ਗੁਰੂ ਜੀ ਪਾਸ ਪ੍ਰੇਮੇ ਕੋਹੜੀ ਬਾਰੇ ਕੀ ਕਿਹਾ ?

ਉੱਤਰ – ਸਿੱਖਾਂ ਨੇ ਗੁਰੂ ਜੀ ਨੂੰ ਕਿਹਾ ,ਬਾਹਰ ਇਕ ਕੋਹੜੀ ਬੈਠਾ ਹੈ , ਉਹ ਗਉਂਦਾ ਹੈ ਮੇਰਾ ਗਇਆ ਕਸੋਟਾ ਲੱਧਾ , ਸਾਨੂੰ ਇਸਦੀ ਕੁਛ ਸਮਝ ਨਹੀਂ ਲਗਦੀ ।

ਪ੍ਰਸ਼ਨ ੫੮ : ਗੁਰੂ ਜੀ ਨੇ ਪ੍ਰੇਮੇ ਕੋਹੜੀ ਬਾਰੇ ਕੀ ਕਿਹਾ , ਤੇ ਉਸਦਾ ਕੋਹੜ ਕਿਸ ਤਰਾਂ ਦੂਰ ਹੋਇਆ ?

ਉੱਤਰ – ਗੁਰੂ ਜੀ ਨੇ ਕਿਹਾ ,ਉਹ ਕਹਿੰਦਾ ਹੈ ਮੇਰਾ ਜੋ ਆਸਰਾ ਚਲਾ ਗਿਆ ਸੀ । ਉਹ ਮਿਲ ਗਿਆ ਹੈ ,ਜਿਸ ਟੋਏ ਵਿਚ ਸਾਡੇ ਇਸਨਾਨ ਦਾ ਪਾਣੀ ਖਲੋਤਾ ਹੈ । ਉਸ ਵਿਚ ਉਸਦਾ ਇਸ਼ਨਾਨ ਕਰਾਉ ਉਹ ਠੀਕ ਹੋ ਜਾਵੇਗਾ ।

ਪ੍ਰਸ਼ਨ ੫੯ : ਜਦੋਂ ਪ੍ਰੇਮਾ ਕੋਹੜੀ ਠੀਕ ਹੋਇਆ ਤਾਂ ਗੁਰੂ ਜੀ ਨੇ ਦੀਵਾਨ ਵਿਚ ਕੀ ਕਿਹਾ ,ਤੇ ਗੁਰੂ ਜੀ ਦਾ ਬਚਨ ਕਿਸ ਸਿੱਖ ਨੇ ਪੂਰਾ ਕੀਤਾ , ਤੇ ਪ੍ਰੇਮੇ ਕੋਹੜੀ ਨੂੰ ਕੀ ਬਖਸ਼ਿਸ ਕੀਤੀ ?

ਉੱਤਰ – ਗੁਰੂ ਜੀ ਨੇ ਦੀਵਾਨ ਵਿਚ ਕਿਹਾ , ਜਿਸ ਸਿੱਖ ਦੀ ਪੁਤਰੀ ਵਰ ਯੋਗ ਹੈ , ਉਹੁ ਇਸਨੂੰ ਵਿਆਹ ਦੇਵੇ । ਉਦੋਂ ਸੀਹਾਂ ਉੱਪਲ ਨੇ ਕਿਹਾ , ਗੁਰੂ ਜੀ ਮੇਰੀ ਪੁੱਤ੍ਰੀ ਵਰ ਯੋਗ ਹੈ , ਇਸ ਨੂੰ ਵਿਆਹ ਦੇਵੋ , ਗੁਰੂ ਜੀ ਨੇ ਉਸਦਾ ਵਿਆਹ ਕਰਕੇ ਬ੍ਰਹਮ ਗਿਆਨ ਦੀ ਦਾਤ ਤੇ ਮੰਜੀ ਦੇ ਕੇ, ਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਅਪਣੇ ਘਰ ਨੂੰ ਵਿਦਾ ਕੀਤਾ ।

ਪ੍ਰਸ਼ਨ ੬੦ : ਸ੍ਰੀ ਗੁਰੂ ਅਮਰਦਾਸ ਜੀ ਦੀ ਸਾਰੀ ਉਮਰ ਕਿੰਨੀ ਸੀ , ਤੇ ਕਿੰਨੇ ਸਾਲ ਗੁਰਤਾ ਕੀਤੀ ?

ਉੱਤਰ – ਸ੍ਰੀ ਗੁਰੂ ਅਮਰਦਾਸ ਜੀ ਦੀ ਸਾਰੀ ਉਮਰ ੧੦੫ ਸਾਲ ੪ ਮਹੀਨੇ ੧ ਦਿਨ ਹੋਈ ,ਗੁਰਤਾ ੨੨ਸਾਲ ੫ ਮਹੀਨੇ ੧੧ਦਿਨ ਕੀਤੀ । oooooooooooo

ਸ੍ਰੀ ਗੁਰੂ ਰਾਮਦਾਸ ਜੀ

ਪ੍ਰਸ਼ਨ ੧ : ਸ੍ਰੀ ਗੁਰੂ ਰਾਮਦਾਸ ਜੀ ਕਿਸ ਕੁਲ ਵਿੱਚੋਂ ਸਨ ?

ਉੱਤਰ – ਸ੍ਰੀ ਰਾਮਚੰਦਰ ਦੇ ਪੁੱਤਰ ਲਊ ਦੀ ਕੁਲ ਵਿੱਚੋਂ ਕਾਲਰਾਇ ਹੋਇਆ ,ਕਾਲਰਾਇ ਦੇ ਪੁੱਤਰ ਸੋਢ ਤੋਂ ਸੋਢ ਬੰਸ ਚਲੀ , ਸ੍ਰੀ ਗੁਰੂ ਰਾਮਦਾਸ ਜੀ ਸੋਢੀ ਬੰਸ ਤੋਂ ਸਨ ।

ਪ੍ਰਸ਼ਨ ੨ : ਸ੍ਰੀ ਗੁਰੂ ਰਾਮਦਾਸ ਜੀ ਦੇ ਮਾਤਾ ਪਿਤਾ ਦਾ ਨਾਮ ਤੇ ਉਨ੍ਹਾਂ ਦਾ ਜੱਦੀ ਪਿੰਡ ਦੱਸੋ ?

ਉੱਤਰ – ਸ੍ਰੀ ਗੁਰੂ ਰਾਮਦਾਸ ਜੀ ਦੇ ਮਾਤਾ ਜੀ ਦਾ ਨਾਮ ਮਾਤਾ ਪ੍ਰੇਮ ਕੌਰ ਜੀ ਸੀ । ਪਿਤਾ ਜੀ ਦਾ ਨਾਮ ਬਾਬਾ ਹਰਿਦਾਸ ਜੀ ਸੀ , ਉਨ੍ਹਾਂ ਦਾ ਜੱਦੀ ਨਗਰ ਲਾਹੌਰ ਚੂਨਾ ਮੰਡੀ ਸੀ ।

ਪ੍ਰਸ਼ਨ ੩ : ਸ੍ਰੀ ਗੁਰੂ ਰਾਮਦਾਸ ਜੀ ਦਾ ਅਵਤਾਰ ਕਿੱਥੇ ਤੇ ਕਦੋਂ ਹੋਇਆ ?

ਉੱਤਰ – ਸ੍ਰੀ ਗੁਰੂ ਰਾਮਦਾਸ ਜੀ ਦਾ ਅਵਤਾਰ ਲਾਹੌਰ ਚੂਨਾ ਮੰਡੀ ਵਿਚ ਸੰਮਤ ੧੫੯੧ ਬਿਕ੍ਰਮੀ ੨੫ ਅੱਸੂ ਵੀਰਵਾਰ ਮੁਤਾਬਿਕ ੨੪ ਅਕਤੂਬਰ ੧੫੩੪ ਈ: ਨੂੰ ਹੋਇਆ ।

ਪ੍ਰਸ਼ਨ ੪ : ਸ੍ਰੀ ਗੁਰੂ ਰਾਮਦਾਸ ਜੀ ਦੇ ਨਾਨਕੇ ਕਿੱਥੇ ਸਨ ?

ਉੱਤਰ – ਸ੍ਰੀ ਗੁਰੂ ਰਾਮਦਾਸ ਜੀ ਦੇ ਨਾਨਕੇ ਬਾਸਰਕੇ–ਗਿਲਾਂ (ਅੰਮ੍ਰਿਤਸਰ) ਸਨ ।

ਪ੍ਰਸ਼ਨ ੫ : ਸ੍ਰੀ ਗੁਰੂ ਰਾਮਦਾਸ ਜੀ ਦੇ ਕਿੰਨੇ ਸਾਹਿਬਜਦੇ ਸਨ , ਉਨ੍ਹਾਂ ਦੇ ਨਾਮ ਦੱਸੋ ?

ਉੱਤਰ – ਸ੍ਰੀ ਗੁਰੂ ਰਾਮਦਾਸ ਜੀ ਦੇ ਤਿਨ ਸਾਹਿਬਜਾਦੇ ਸਨ , ਪ੍ਰਿਥੀ ਚੰਦ ਜੀ , ਮਹਾਂਦੇਵ ਜੀ , ਸ੍ਰੀ ਗੁਰੂ ਅਰਜਨ ਦੇਵ ਜੀ ।

ਪ੍ਰਸ਼ਨ ੬ : ਸ੍ਰੀ ਗੁਰੂ ਰਾਮਦਾਸ ਜੀ ਦੇ ਤਿੰਨੇ ਸਾਹਿਬਜਾਦੇ ਕਿੱਥੇ ਪੈਦਾ ਹੋਏ ਸਨ ?

ਉੱਤਰ – ਸ੍ਰੀ ਗੁਰੂ ਰਾਮਦਾਸ ਜੀ ਦੇ ਤਿੰਨੇ ਸਾਹਿਬਜ਼ਾਦੇ ਨਾਨਕੇ ਘਰ ਗੋਇੰਦਵਾਲ ਸਾਹਿਬ ਪੈਦਾ ਹੋਏ ਸਨ ।

ਪ੍ਰਸ਼ਨ ੭ : ਸ੍ਰੀ ਗੁਰੂ ਰਾਮਦਾਸ ਜੀ , ਸ੍ਰੀ ਗੁਰੂ ਅਮਰਦਾਸ ਜੀ ਪਾਸ ਆਉਣ ਤੋਂ ਪਹਿਲਾਂ ਕੀ ਵਿਹਾਰ ਕਰਦੇ ਸਨ ?

ਉੱਤਰ – ਸ੍ਰੀ ਗੁਰੂ ਰਾਮਦਾਸ ਜੀ , ਸ੍ਰੀ ਗੁਰੂ ਅਮਰਦਾਸ ਜੀ ਪਾਸ ਆਉਣ ਤੋਂ ਪਹਿਲਾਂ ਲਾਹੌਰ ਵਿਚ ਘੁਙਣੀਆਂ ਵੇਚਦੇ ਸਨ ।

ਪਰਸਂ ੮ : ਸ੍ਰੀ ਗੁਰੂ ਰਾਮਦਾਸ ਜੀ , ਸ੍ਰੀ ਗੁਰੂ ਅਮਰਦਾਸ ਜੀ ਦੇ ਕੀ ਲਗਦੇ ਸਨ ?

ਉਤਰ – ਸ੍ਰੀ ਗੁਰੂ ਰਾਮਦਾਸ ਜੀ , ਸ੍ਰੀ ਗੁਰੂ ਅਮਰਦਾਸ ਜੀ ਦੇ ਜਵਾਈ ਲਗਦੇ ਸਨ ।

ਪ੍ਰਸ਼ਨ ੯ : ਸ੍ਰੀ ਗੁਰੂ ਰਾਮਦਾਸ ਜੀ ਗੋਇੰਦਵਾਲ ਸਾਹਿਬ ਰਹਿੰਦੇ ਸਮੇਂ ਕਿਸ ਤੀਰਥ ਦੀ ਸੇਵਾ ਵਿਚ ਵੱਧ ਚੜ ਕੇ ਹਿੱਸਾ ਲਿਆ ਕਰਦੇ ਸਨ ?

ਉੱਤਰ – ਸ੍ਰੀ ਗੁਰੂ ਰਾਮਦਾਸ ਜੀ ਗੋਇੰਦਵਾਲ ਸਾਹਿਬ , ਬਾਉਲੀ ਸਾਹਿਬ ਤੀਰਥ ਦੀ ਸੇਵਾ ਵਿਚ ਵੱਧ ਚੜ ਕੇ ਹਿੱਸਾ ਲਿਆ ਕਰਦੇ ਸਨ ।

ਪ੍ਰਸ਼ਨ ੧੦ : ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਕੀ ਅਰਪ ਕੇ ਗੁਰ–ਗੱਦੀ ਬਖਸੀ ?

ਉਤਰ – ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰ–ਗੱਦੀ ਦੇਣ ਲਗਿਆਂ । ਪਹਿਲਾਂ ਆਪਣੀ ਗੱਦੀ ਤੇ ਬਿਠਾ ਕੇ , ਸ੍ਰੀ ਗੁਰੂ ਰਾਮਦਾਸ ਜੀ ਦੀ ਝੋਲੀ ਵਿਚ ਪੰਜ ਪੈਸੇ ਤੇ ਨਰੇਲ ਪਾ ਕੇ , ਮੱਥੇ ਤੇ ਤਿਲਕ ਲਾਇਆ । ਫਿਰ ਤਿੰਨ ਪ੍ਰਕਰਮਾਂ ਕਰਕੇ ਚਰਨਾਂ ਤੇ ਮੱਥਾ ਟੇਕਿਆ ।

ਪ੍ਰਸ਼ਨ ੧੧ : ਜਦੋਂ ਗੁਰੂ ਅਮਰਦਾਸ ਜੀ ਨੇ ਅਪਣੇ ਦੋਵੇਂ ਪੁਤਰਾਂ ਨੂੰ ਕਿਹਾ " ਰਾਮਦਾਸ ਜੀ ਨੂੰ ਮੱਥਾ ਟੇਕੋ , ਇਹ ਅੱਜ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਮਾਲਕ ਹਨ " ਤਾਂ ਗੁਰੂ ਜੀ ਦੇ ਵੱਡੇ ਪੁੱਤਰ ਬਾਬਾ ਮੋਹਨ ਜੀ ਨੇ ਕੀ ਕਿਹਾ ?

ਉੱਤਰ – ਉਸ ਵਕਤ ਗੁਰੂ ਜੀ ਦੇ ਵੱਡੇ ਪੁੱਤਰ ਬਾਬਾ ਮੋਹਨ ਜੀ ਨੇ ਕਿਹਾ , ਇਹ ਬਹੁਤ ਸਮੇਂ ਤੋਂ ਸਾਡੇ ਘਰ ਰਹਿ ਕੇ ਗੁਜਾਰਾ ਕਰ ਰਹੇ ਹਨ । ਤੁਸੀ ਇਨ੍ਹਾਂ ਨੂੰ ਗੁਰਤਾ ਦੇ ਰਹੇ ਹੋ , ਮੈਂ ਇਨ੍ਹਾਂ ਨੂੰ ਮੱਥਾ ਨਹੀਂ ਟੇਕਾਂਗਾ ।

ਪ੍ਰਸ਼ਨ ੧੨ : ਜਦੋਂ ਬਾਬਾ ਮੋਹਨ ਜੀ ਨੇ ਗੁਰੂ ਜੀ ਦਾ ਬਚਨ ਨਹੀਂ ਮੰਨਿਆਂ ਤਾਂ ਗੁਰੂ ਜੀ ਨੇ ਕੀ ਬਚਨ ਕੀਤਾ ?

ਉੱਤਰ – ਉਸ ਵਕਤ ਗੁਰੂ ਜੀ ਨੇ ਕਿਹਾ , ਤੂੰ ਸਾਡਾ ਬਚਨ ਨਹੀਂ ਮੰਨਿਆ ਆਫਰਿਆ ਰਹੇਂਗਾ । ਗੁਰੂ ਜੀ ਦੇ ਬਚਨਾਂ ਨਾਲ ਉਸਨੂੰ ਅਫਰੇਵਾਂ ਹੋ ਗਿਆ ।

ਪ੍ਰਸ਼ਨ ੧੩ : ਉਸ ਵਕਤ ਗੁਰੂ ਜੀ ਨੇ ਅਪਣੇ ਛੋਟੇ ਪੁੱਤਰ ਮੋਹਰੀ ਜੀ ਨੂੰ ਕਿਹਾ " ਪੁੱਤਰ ਸਾਡਾ ਬਚਨ ਮੰਨ ਕੇ ਤੂੰ ਸਿੱਖੀ ਪਦ ਲੈ ਲੈ । ਇਨ੍ਹਾਂ ਨੂੰ ਗੁਰੂ ਮੰਨ ਕੇ ਮੱਥਾ ਟੇਕ ਦੇ । ਉਸ ਵਕਤ ਮੋਹਰੀ ਜੀ ਨੇ ਕੀ ਵਿਚਾਰ ਕੀਤੀ ?

ਉੱਤਰ – ਉਸ ਵਕਤ ਗੁਰੂ ਜੀ ਦੇ ਛੋਟੇ ਪੁੱਤਰ ਬਾਬਾ ਮੋਹਰੀ ਜੀ ਨੇ ਵਿਚਾਰਿਆ । ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਨੇ ਵੀ ਅਪਣੇ ਸੇਵਕਾਂ ਨੂੰ ਹੀ ਗੁਰਤਾ ਗੱਦੀ ਦਿੱਤੀ ਸੀ । ਇਹ ਦਾਤ ਜਿਸ ਦੇ ਕਰਮਾਂ ਵਿਚ ਹੁੰਦੀ ਹੈ ਓਸੇ ਨੂੰ ਹੀ ਮਿਲਦੀ ਹੈ । ਇਸ ਕਰਕੇ ਪਿਤਾ ਜੀ ਦਾ ਹੁਕਮ ਮੰਨਣ ਵਿਚ ਹੀ ਭਲਾ ਹੈ । ਇਹ ਵਿਚਾਰ ਕੇ ਉਸ ਨੇ ਗੁਰੂ ਰਾਮਦਾਸ ਜੀ ਦੇ ਚਰਨਾਂ ਤੇ ਮੱਥਾ ਟੇਕਿਆ ।

ਪ੍ਰਸ਼ਨ ੧੪ : ਜਦੋਂ ਮੋਹਰੀ ਜੀ ਨੇ ਗੁਰੂ ਜੀ ਦਾ ਬਚਨ ਮੰਨ ਕੇ , ਸ੍ਰੀ ਗੁਰੂ ਰਾਮਦਾਸ ਜੀ ਨੂੰ ਮੱਥਾ ਟੇਕਿਆ । ਤਾਂ ਗੁਰੂ ਜੀ ਨੇ ਮੋਹਰੀ ਜੀ ਨੂੰ ਕਿਹਾ ਹੇ ਪੁੱਤਰ ਤੂੰ ਇਹਨਾਂ ਨੂੰ ਕੀ ਕਰਕੇ ਜਾਣਿਆ ਹੈ । ਤਾਂ ਮੋਹਰੀ ਜੀ ਨੇ ਕੀ ਉੱਤਰ ਦਿੱਤਾ ?

ਉੱਤਰ – ਮੋਹਰੀ ਜੀ ਨੇ ਕਿਹਾ " ਮੈ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ , ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ , ਤੀਜੇ ਗੁਰੂ ਆਪਜੀ , ਚੌਥਾ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੂੰ ਜਾਣਿਆ ਹੈ ।

ਪ੍ਰਸ਼ਨ ੧੫ : ਉਦੋਂ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕੀ ਬੇਨਤੀ ਕੀਤੀ ?

ਉੱਤਰ – ਉਦੋਂ ਸ੍ਰੀ ਗੁਰੂ ਰਾਮਦਾਸ ਜੀ ਨੇ ਕਿਹਾ , ਪ੍ਰਭੂ ਜੀ ਮੈਂਨੂੰ ਸਿੱਖੀ ਬਖਸੋ , ਮੋਹਰੀ ਜੀ ਨੂੰ ਗੁਰੂ ਬਣਾਉ , ਜਿਸ ਤਰ੍ਹਾਂ ਮੈਂ ਆਪਜੀ ਦਾ ਦਾਸ ਹਾਂ ,ਉਸੇ ਤਰ੍ਹਾਂ ਮੋਹਰੀ ਜੀ ਦਾ ਦਾਸ ਬਣਿਆ ਰਹਾਂਗਾ , ਆਪ ਜੀ ਦੇ ਦੋਵੇਂ ਪੁੱਤਰ ਗੁਰਤਾ ਦੇ ਲਾਇਕ ਹਨ , ਮੈਂਨੂੰ ਇਨ੍ਹਾਂ ਦੇ ਚਰਨਾਂ ਤੇ ਮੱਥਾ ਟੇਕਣਾ ਹੀ ਬਣਦਾ ਹੈ ।

ਪ੍ਰਸ਼ਨ ੧੬ :ਗੁਰਤਾ ਬਾਰੇ ਬੀਬੀ ਭਾਨੀ ਜੀ ਨੇ ਅਪਣੇ ਪਿਤਾ ਸ੍ਰੀ ਗੁਰੂ ਅਮਰਦਾਸ ਜੀ ਨੂੰ ਕੀ ਬੇਨਤੀ ਕੀਤੀ ਸੀ ?

ਉੱਤਰ – ਗੁਰਤਾ ਬਾਰੇ ਬੀਬੀ ਭਾਨੀ ਜੀ ਨੇ ਅਪਣੇ ਪਿਤਾ ਸ੍ਰੀ ਗੁਰੂ ਅਮਰਦਾਸ ਜੀ ਨੂੰ ਬੇਨਤੀ ਕੀਤੀ । ਪ੍ਰਭੂ ਜੀ ਆਪ ਜੀ ਨੇ ਜੋ ਸਾਡੀ ਬੰਸ ਵਿਚ ਗੁਰਤਾ ਬਖਸੀ ਹੈ , ਇਹ ਸਾਡੀ ਬੰਸ ਵਿਚ ਹੀ ਰਹੇ , ਹੋਰ ਸੇਵਕ ਇਸਨੂੰ ਨਾ ਲੈਣ ।

ਪ੍ਰਸ਼ਨ ੧੭ : ਉਸ ਵਕਤ ਗੁਰੂ ਜੀ ਨੇ ਕੀ ਬਚਨ ਕੀਤਾ ?

ਉੱਤਰ – ਉਸ ਵਕਤ ਗੁਰੂ ਜੀ ਨੇ ਕਿਹਾ , ਇਹ ਤੁਹਾਡੇ ਘਰ ਰਹੇਗੀ ,ਪਰ ਬਹੁਤ ਦੁੱਖ ਤੇ ਉਪੱਦ੍ਰਵ ਪੈਣਗੇ ਜਿਸਨੂੰ ਕੋਈ ਨਹੀਂ ਟਾਲ ਸਕੇਗਾ ।

ਪ੍ਰਸ਼ਨ ੧੮ : ਪ੍ਰਿਥੀ ਚੰਦ ਕਿਸ ਮਨੋਰਥ ਨਾਲ ਸੇਵਾ ਕਰਦਾ ਸੀ ?

ਉੱਤਰ – ਪ੍ਰਿਥੀ ਚੰਦ ਇਹ ਸੋਚ ਕੇ ਸੇਵਾ ਕਰਦਾ ਸੀ ਕਿ ਗੁਰੂ ਘਰ ਵਿਚ ਸੇਵਾ ਤੋਂ ਮੇਵਾ ਮਿਲਦਾ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕੀਤੀ । ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਸ੍ਰੀ ਗੁਰੂ ਅਮਰਦਾਸ ਜੀ ਨੇ ਕੀਤੀ । ਸ੍ਰੀ ਗੁਰੂ ਅਮਰਾਦਸ ਜੀ ਦੀ ਸੇਵਾ ਸਾਡੇ ਪਿਤਾ ਜੀ ਨੇ ਕੀਤੀ । ਇਨ੍ਹਾਂ ਸਾਰਿਆਂ ਨੂੰ ਸੇਵਾ ਕਰਕੇ ਗੁਰਤਾ ਪ੍ਰਾਪਤ ਹੋਈ । ਇਸ ਕਰਕੇ ਮੈਂ ਗੁਰੂ ਘਰ ਦੀ ਸੇਵਾ ਕਰਾਂਗਾ ਤਾਂ ਮੈਂਨੂੰ ਵੀ ਗੁਰਤਾ ਪ੍ਰਾਪਤ ਹੋਵੇਗੀ ।

ਪ੍ਰਸ਼ਨ ੧੯ : ਸਾਰੇ ਗੁਰੂ ਸਾਹਿਬਾਨਾਂ ਨੇ ਅਪਣੇ ਗੁਰੂ ਸਾਹਿਬਾਨ ਦੀ ਕਿਸ ਮਨੋਰਥ ਨਾਲ ਸੇਵਾ ਕੀਤੀ ਸੀ ?

ਉੱਤਰ – ਸਾਰੇ ਗੁਰੂ ਸਾਹਿਬਾਨਾਂ ਨੇ ਅਪਣੇ ਗੁਰੂ ਸਾਹਿਬਾਨ ਦੀ ਸੇਵਾ ਗੁਰਗੱਦੀ ਦੇ ਲਾਲਚ ਕਰਕੇ ਨਹੀਂ ਕੀਤੀ । ਉਨ੍ਹਾਂ ਨੇ ਤਾਂ ਸਿਰਫ ਅਪਣੇ ਗੁਰੂ ਜੀ ਦੀ ਖੁਸ਼ੀ ਪ੍ਰਾਪਤ ਕਰਨ ਵਾਸਤੇ ਸੇਵਾ ਕੀਤੀ ਸੀ , ਪਰ ਪ੍ਰਿਥੀ ਚੰਦ ਨੂੰ ਗੁਰੂ ਸਾਹਿਬ ਜੀ ਦੀ ਖੁਸ਼ੀ ਲੈਣ ਬਾਰੇ ਕੋਈ ਪਤਾ ਨਹੀਂ ਸੀ ।

ਪ੍ਰਸ਼ਨ ੨੦ : ਜਦੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਤਾਇਆ ਜੀ ਦੇ ਪੁੱਤਰ , ਵੱਡੇ ਭਰਾ ਸਹਾਰੀ ਮੱਲ ਜੀ ਲਾਹੌਰ ਤੋਂ ਅੰਮ੍ਰਿਤਸਰ ਗੁਰੂ ਜੀ ਨੂੰ ਮਿਲਣ ਵਾਸਤੇ ਆਏ ਤਾਂ ਗੁਰੂ ਜੀ ਨੇ ਉਨ੍ਹਾਂ ਦਾ ਕਿਸ ਤਰ੍ਹਾਂ ਸਤਿਕਾਰ ਕੀਤਾ ?

ਉੱਤਰ – ਜਦੋਂ ਗੁਰੂ ਰਾਮਦਾਸ ਜੀ ਦੇ ਤਾਇਆ ਜੀ ਦੇ ਪੁੱਤਰ , ਸਹਾਰੀ ਮੱਲ ਜੀ ਲਾਹੌਰ ਤੋਂ ਅੰਮ੍ਰਿਤਸਰ ਗੁਰੂ ਜੀ ਨੂੰ ਮਿਲਣ ਆਏ । ਤਾਂ ਗੁਰੂ ਜੀ ਨੇ ਵੱਡੇ ਭਰਾ ਜਾਣ ਕੇ ਉਨ੍ਹਾਂ ਦੇ ਚਰਨਾਂ ਤੇ ਮੱਥਾ ਟੇਕਿਆ ।

ਪ੍ਰਸ਼ਨ ੨੧ : ਸਹਾਰੀ ਮੱਲ ਜੀ ਨੇ ਗੁਰੂ ਜੀ ਦੀ ਇੰਨੀ ਨਿਮਰਤਾ ਵੇਖ ਕੇ ਕੀ ਕਿਹਾ ?

ਉੱਤਰ – ਸਰਾਹੀ ਮੱਲ ਜੀ ਨੇ ਗੁਰੂ ਜੀ ਦੀ ਇੰਨੀ ਨਿਮਰਤਾ ਵੇਖਕੇ ਕਿਹਾ! ਪ੍ਰਭੂ ਜੀ ਅਣ ਬਣ ਗੱਲ ਨਾ ਕਰੋ, ਆਪ ਜੀ ਨੂੰ ਮੈਂ ਹੁਣ ਭਰਾ ਕਰਕੇ ਨਹੀਂ ਜਾਣਦਾ , ਸਤਿਗੁਰੂ ਕਰਕੇ ਜਾਣਦਾ ਹਾਂ ।

ਪ੍ਰਸ਼ਨ ੨੨ : ਸਹਾਹੀ ਮੱਲ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਕੀ ਬੇਨਤੀ ਕੀਤੀ ਸੀ ?

ਉੱਤਰ – ਸਹਾਰੀ ਮੱਲ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਬੇਨਤੀ ਕੀਤੀ , ਸੱਚੇ ਪਾਤਿਸ਼ਾਹ ਜੀ ਆਪਜੀ ਦੇ ਭਤੀਜੇ ਦੀ ਸ਼ਾਦੀ ਹੈ ਇਸ ਖੁਸ਼ੀ ਦੇ ਮੌਕੇ ਆਪ ਜੀ ਚਲਕੇ ਮੇਰੇ ਘਰ ਚਰਨ ਪਾਉ ਤੇ ਸੰਗਤਾਂ ਨੂੰ ਦਰਸ਼ਨ ਦਿਉ ।

ਪ੍ਰਸ਼ਨ ੨੩: ਉਸ ਵਕਤ ਗੁਰੂ ਜੀ ਨੇ ਸਹਾਰੀ ਮੱਲ ਜੀ ਨੂੰ ਕੀ ਕਿਹਾ ?

ਉੱਤਰ – ਉਸ ਵਕਤ ਗੁਰੂ ਜੀ ਨੇ ਸਹਾਰੀ ਮੱਲ ਜੀ ਨੂੰ ਕਿਹਾ , ਸਾਡਾ ਜਾਣਾ ਅਸੰਭਵ ਹੈ । ਗੁਰੂ ਨਾਨਕ ਨਾਮ ਲੇਵਾ ਹਜਾਰਾਂ ਸਿੱਖ ਰੋਜ ਆਉਂਦੇ ਹਨ , ਜੇ ਅਸੀਂ ਉੱਥੇ ਚਲੇ ਗਏ ਤਾਂ ਉਹ ਨਿਰਾਸ ਹੋਣਗੇ ਦੂਜੀ ਗੱਲ ਸਾਡੇ ਨਾਲ ਹਜਾਰਾਂ ਸਿਖ ਸੰਗਤਾਂ ਹੋਣਗੀਆਂ , ਜੇ ਅਸੀਂ ਤੁਹਾਡੇ ਨਾਲ ਚਲੇ ਗਏ ਤਾਂ ਤੁਹਾਡੇ ਸਬੰਧੀਆਂ ਨੂੰ ਉਨ੍ਹਾਂ ਦਾ ਪ੍ਰਬੰਧ ਕਰਨਾ ਔਖਾ ਹੋ ਜਾਵੇਗਾ , ਇਸ ਕਰਕੇ ਸਾਡਾ ਜਾਣਾ ਠੀਕ ਨਹੀਂ ਹੈ ।

ਪ੍ਰਸ਼ਨ ੨੪ : ਉਸ ਵਕਤ ਸਹਾਹੀ ਮੱਲ ਜੀ ਨੇ ਗੁਰੂ ਜੀ ਨੂੰ ਕੀ ਬੇਨਤੀ ਕੀਤੀ ?

ਉੱਤਰ - ਉਸ ਵਕਤ ਸਹਾਹੀ ਮੱਲ ਜੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ । ਸੱਚੇ ਪਾਤਿਸ਼ਾਹ ਜੀ ਜੇ ਆਪ ਜੀ ਨਹੀਂ ਜਾ ਸਕਦੇ ਤਾਂ ਅਪਣੇ ਕਿਸੇ ਸਾਹਿਬਜਾਦੇ ਨੂੰ ਭੇਜ ਦਿਉ ।

ਪ੍ਰਸ਼ਨ ੨੫ : ਉਦੋਂ ਸ੍ਰੀ ਗੁਰੂ ਰਾਮਦਾਸ ਜੀ ਨੇ ਅਪਣੇ ਤਿੰਨਾ ਪੁੱਤਰਾਂ ਨੂੰ ਵਾਰੀ ਵਾਰੀ ਕਿਹਾ ਪੁੱਤਰ ਅਪਣੇ ਤਾਇਆ ਜੀ ਨਾਲ ਜਾ ਕੇ ਸ਼ਾਦੀ ਦਾ ਕਾਰਜ ਪੂਰਾ ਕਰ ਆਉ । ਤਾਂ ਗੁਰੂ ਜੀ ਦੇ ਕਿਸ ਪੁੱਤਰ ਨੇ ਆਗਿਆ ਮੰਨੀ ?

ਉੱਤਰ - ਜਦੋਂ ਸ੍ਰੀ ਗੁਰੂ ਰਾਮਦਾਸ ਜੀ ਨੇ ਅਪਣੇ ਤਿੰਨਾ ਪੁਤਰਾਂ ਨੂੰ ਵਾਰੀ ਵਾਰੀ ਜਾਣ ਵਾਸਤੇ ਕਿਹਾ ਤਾਂ ਗੁਰੂ ਜੀ ਦੇ ਛੋਟੇ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ , ਅਪਣੇ ਗੁਰੂ ਪਿਤਾ ਦੀ ਆਗਿਆ ਮੰਨ ਕੇ ਅਪਣੇ ਤਾਇਆ ਜੀ ਨਾਲ ਗਏ ।

ਪ੍ਰਸ਼ਨ ੨੬ : ਜਦੋਂ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਤੋਂ ਚਿੱਠੀਆਂ ਭੇਜੀਆਂ ਸਨ , ਤਾਂ ਉਹ ਪ੍ਰਿਥੀ ਚੰਦ ਨੇ ਕਿਉਂ ਲੁਕਾ ਲਈਆਂ ਸਨ ?

ਉੱਤਰ - ਪ੍ਰਿਥੀ ਚੰਦ ਨੇ ਸੋਚਿਆ ਜੇ ਇਹ ਚਿੱਠੀਆਂ ਗੁਰੂ ਪਿਤਾ ਜੀ ਨੂੰ ਵਿਖਾਈਆਂ ਤਾਂ,ਉਹ ਮੇਰੇ ਛੋਟੇ ਭਰਾ ਨੂੰ ਬੁਲਾ ਕੇ ਗੁਰਿਆਈ ਦੇ ਦੇਣਗੇ । ਇਸ ਵਿਚਾਰ ਨਾਲ ਉਸਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਚਿੱਠੀਆਂ ਨਹੀਂ ਦਿੱਤੀਆ ਸਨ ।

ਪ੍ਰਸ਼ਨ ੨੭ : ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਕਿਸ ਕਰਕੇ ਦਿੱਤੀ ਸੀ ?

ਉੱਤਰ - ਪਹਿਲੀ ਗੱਲ ਤਾਂ ਇਹ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ , ਸ੍ਰੀ ਗੁਰੂ ਰਾਮਦਾਸ ਜੀ ਦਾ ਹੁਕਮ ਮੰਨ ਕੇ ਲਾਹੌਰ ਗਏ ਸਨ । ਫਿਰ ਜਿਤਨਾ ਚਿਰ ਗੁਰੂ ਜੀ ਨੇ ਉਨ੍ਹਾਂ ਨੂੰ ਸੱਦਿਆ ਨਹੀਂ , ਉਤਨਾ ਚਿਰ ਉੱਥੇ ਹੀ ਰਹੇ । ਤੀਜੀ ਗੱਲ ਇਹ ਹੈ ਜੋ ਚਿੱਠੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਵਿਚ ਲਿਖ ਕੇ ਲਾਹੌਰ ਤੋਂ ਭੇਜੀਆਂ ਸਨ ਉਹ ਚਿੱਠੀਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਦੀਵਾਨ ਵਿਚ ਪ੍ਰਿਥੀ ਚੰਦ ਦੇ ਘਰੋਂ ਉਸਦਾ ਚੋਲ਼ਾ ਮੰਗਵਾ ਕੇ ਉਸ ਵਿੱਚੋਂ ਕੱਢੀਆਂ । ਗੁਰੂ ਜੀ ਉਹ ਚਿੱਠੀਆਂ ਪੜ੍ਹ ਕੇ ਬਹੁਤ ਪ੍ਰਸੰਨ ਹੋਏ । ਉਦੋਂ ਬਾਬਾ ਬੁੱਢਾ ਜੀ ਦੀ ਸਲਾਹ ਲੈ ਕੇ ਪੰਚ ਪੈਸੇ ਤੇ ਨਰੇਲ ਮੰਗਾਇਆ, ਸਾਰੀ ਸੰਗਤ ਦੇ ਇਕੱਠ ਵਿਚ , ਸ੍ਰੀ ਗੁਰੂ ਅਰਜਨ ਦੇਵ ਜੀ ਅੱਗੇ ਪੰਜ ਪੈਸੇ ਤੇ ਨਰੇਲ ਰੱਖ ਕੇ ਤਿੰਨ ਪ੍ਰਕਰਮਾ ਕੀਤੀਆਂ , ਤੇ ਮੱਥਾ ਟੇਕਿਆ ।ਗੁਰਤਾ ਦਾ ਤਿਲਕ ਬਾਬਾ ਬੁੱਢਾ ਜੀ ਨੇ ਲਾਇਆ ।

ਪ੍ਰਸ਼ਨ ੨੮ : ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਤੇ ਗੁਰੂ ਘਰ ਦੀ ਕਾਰ ਭੇਟਾ ਉਗਰਾਉਣ ਵਾਸਤੇ ਜਿੰਨ੍ਹਾਂ ,ਸਿੱਖਾਂ ਦੀ ਸੇਵਾ ਲਾਈ, ਉਨ੍ਹਾਂ ਦੇ ਕੀ ਨਾਮ ਰੱਖੇ ਸਨ ?

ਉੱਤਰ - ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਤੇ ਗੁਰੂ ਘਰ ਦੀ ਕਾਰ ਭੇਟਾ ਉਗਰਾਉਣ ਵਾਸਤੇ ਜਿੰਨ੍ਹਾਂ ,ਸਿੱਖਾਂ ਦੀ ਸੇਵਾ ਲਾਈ ਉਨ੍ਹਾਂ ਦੇ ਨਾਮ ਮਸੰਦ ਰੱਖੇ ਸਨ ।

ਪ੍ਰਸ਼ਨ ੨੯ : ਸੰਤੋਖ ਸਰ ਸਰੋਵਰ ਅਤੇ ਅੰਮ੍ਰਿਤਸਰ ਸਰੋਵਰ ਦੀ ਸੇਵਾ ਕਿਹੜੇ ਗੁਰੂ ਸਾਹਿਬਾਂਨ ਨੇ ਕਰਵਾਈ । ਬਾਅਦ ਵਿਚ ਉਹ ਸੇਵਾ ਕਿਹੜੇ ਗੁਰੂ ਸਾਹਿਬ ਜੀ ਨੇ ਪੂਰੀ ਕੀਤੀ ?

ਉੱਤਰ - ਸੰਤੋਖ ਸਰ ਸਰੋਵਰ ਅਤੇ ਅੰਮ੍ਰਿਤਸਰ ਸਰੋਵਰ ਦੀ ਸੇਵਾ ਸ੍ਰੀ ਗੁਰੂ ਰਾਮਦਾਸ ਜੀ ਨੇ ਸ਼ੁਰੂ ਕਰਵਾਈ ਬਾਅਦ ਵਿਚ ਉਹ ਸੇਵਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੂਰੀ ਕਰਵਾਈ ।

ਪ੍ਰਸ਼ਨ ੩੦ : ਸ੍ਰੀ ਗੁਰੂ ਰਾਮਦਾਸ ਜੀ ਦੀ ਸਾਰੀ ਉਮਰ ਕਿੰਨੀ ਸੀ ਤੇ ਕਿੰਨੇ ਸਾਲ ਗੁਰਤਾ ਕੀਤੀ ?

ਉੱਤਰ - ਸ੍ਰੀ ਗੁਰੂ ਰਾਮਦਾਸ ਜੀ ਦੀ ਸਾਰੀ ਉਮਰ ੪੭ਸਾਲ ੧੬ ਮਹੀਨੇ ਸੀ , ੬ ਸਾਲ ੧੧ਮਹੀਨੇ ੨੦ਦਿਨ ਗੁਰਤਾ ਕੀਤੀ ।

ਪ੍ਰਸ਼ਨ ੩੧ : ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤ ਕਦੋਂ ਤੇ ਕਿੱਥੇ ਸਮਾਏ ?

ਉੱਤਰ - ਸ੍ਰੀ ਗੁਰੂ ਰਾਮਦਾਸ ਜੀ ੧੬੩੮ ਬਿ: ੨ ਅੱਸੂ ਮੁਤਾਬਿਕ ੧੫੮੫ ਈ: ੧ ਸਤੰਬਰ ਨੂੰ ਗੋਇੰਦਵਾਲ ਸਾਹਿਬ ਜੋਤੀ ਜੋਤ ਸਮਾਏ ।

ਸ੍ਰੀ ਗੁਰੂ ਅਰਜਨ ਦੇਵ ਜੀ

ਪ੍ਰਸ਼ਨ ੧ : ਸ੍ਰੀ ਗੁਰੂ ਅਰਜਨ ਦੇਵ ਜੀ ਦਾ ਦਾਦਕਾ ਨਗਰ ਤੇ ਦਾਦੇ ਦਾਦੀ ਦਾ ਨਾਮ ਦੱਸੋ ?

ਉੱਤਰ - ਸ੍ਰੀ ਗੁਰੂ ਅਰਜਨ ਦੇਵ ਜੀ ਦਾ ਦਾਦਕਾ ਨਗਰ ਲਾਹੌਰ ਚੂਨਾ ਮੰਡੀ , ਦਾਦਾ ਬਾਬਾ ਹਰਿਦਾਸ ਜੀ , ਦਾਦੀ ਖੇਮ ਕੌਰ ਜੀ ਸਨ ।

ਪ੍ਰਸ਼ਨ ੨ : ਸ੍ਰੀ ਗੁਰੂ ਅਰਜਨ ਦੇਵ ਜੀ ਦੇ ਨਾਨਾ ਨਾਨੀ ਤੇ ਉਨ੍ਹਾਂ ਦਾ ਜੱਦੀ ਪਿੰਡ ਦੱਸੋ ?

ਉੱਤਰ - ਸ੍ਰੀ ਗੁਰੂ ਅਰਜਨ ਦੇਵ ਜੀ ਦੇ ਨਾਨਾ ਸ੍ਰੀ ਗੁਰੂ ਅਮਰਦਾਸ ਜੀ , ਨਾਨੀ ਰਾਮੋ ਜੀ (ਰਾਮ ਕੌਰ ਜੀ) ਸਨ, ਉਨ੍ਹਾਂ ਦਾ ਜੱਦੀ ਪਿੰਡ ਬਾਸਰਕੇ-ਗਿਲਾਂ (ਅੰਮ੍ਰਿਤਸਰ) ਸੀ , ਬਾਅਦ ਵਿਚ ਉਨ੍ਹਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੁਕਮ ਨਾਲ ਗੋਇੰਦਵਾਲ ਸਾਹਿਬ ਵਸਾਇਆ ਸੀ ।

ਪ੍ਰਸ਼ਨ ੩ : ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਤਾ ਪਿਤਾ ਜੀ ਦਾ ਨਾਮ ਦੱਸੋ ?

ਉੱਤਰ - ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਤਾ ਜੀ ਦਾ ਨਾਮ ਬੀਬੀ ਭਾਨੀ ਜੀ , ਪਿਤਾ ਸ੍ਰੀ ਗੁਰੂ ਰਾਮਦਾਸ ਜੀ ਸਨ ।

ਪ੍ਰਸ਼ਨ ੪ : ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਵਤਾਰ ਕਿੱਥੇ ਤੇ ਕਦੋਂ ਹੋਇਆ ਸੀ ?

ਉੱਤਰ – ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਵਤਾਰ ਗੋਇੰਦਵਾਲ ਸਾਹਿਬ ੧੬੨੦ ਬਿ: ੧੯ ਵੈਸਾਖ ਮੁਤਾਬਿਕ ੧੫੬੩ ਈ: ੧੫ ਅਪਰੈਲ ਨੂੰ ਹੋਇਆ ਸੀ ।

ਪ੍ਰਸ਼ਨ ੫ : ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਮਿਆਂ ਦਾ ਨਾਮ ਦੱਸੋ ?

ਉੱਤਰ – ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦੋ ਮਾਮੇ ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ ਸਨ ।

ਪ੍ਰਸ਼ਨ ੬: ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਸੀ ਦਾ ਨਾਮ ਦੱਸੋ ?

ਉੱਤਰ – ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਸੀ ਦਾ ਨਾਮ ਬੀਬੀ ਦਾਨੀ ਜੀ ਸੀ ।

ਪ੍ਰਸ਼ਨ ੭: ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਤਾ ਕਦੋਂ ਪ੍ਰਾਪਤ ਹੋਈ ਸੀ ?

ਉੱਤਰ – ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਤਾ ੧੬੩੮ ਬਿ: ੧ ਅੱਸੂ ਮੁਤਾਬਿਕ ੧੫੮੧ ਈ: ੩੧ ਅਗਸਤ ਨੂੰ ਮਿਲੀ ਸੀ ।

ਪ੍ਰਸ਼ਨ ੮: ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਤਾ ਮਿਲਣ ਤੇ ਕਿਸ ਨੇ ਈਰਖਾ ਕੀਤੀ ਸੀ ?

ਉੱਤਰ – ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਤਾ ਮਿਲਣ ਤੇ ਗੁਰੂ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਈਰਖਾ ਕੀਤੀ ਸੀ ।

ਪ੍ਰਸ਼ਨ ੯: ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਨੀਂਹ ਕਦੋਂ ਤੇ ਕਿਸ ਪਾਸੋਂ ਰਖਾਈ ਸੀ ?

ਉੱਤਰ – ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਜੀ ਦੀ ਨੀਂਹ ੧੬੪੫ ਬਿ: ੧ ਮਾਘ ਮੁਤਾਬਿਕ ੧੫੮੮ ਈ: ੧੪ ਜਨਵਰੀ ਨੂੰ ਸਾਂਈ ਮੀਆਂ ਮੀਰ ਪਾਸੋਂ ਰਖਾਈ ਸੀ ।

ਪ੍ਰਸ਼ਨ ੧੦: ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ (ਬੀੜ) ਕਿੱਥੇ ਤੇ ਕਿਸ ਪਾਸੋਂ ਲਿਖਾਇਆ ,ਤੇ ਰਿਸਤੇ ਵਿਚ ਉਹ ਗੁਰੂ ਜੀ ਦੇ ਕੀ ਲਗਦੇ ਸਨ ?

ਉੱਤਰ – ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ , ਗੁਰਦੁਆਰਾ ਰਾਮਸਰ ਵਾਲੇ ਅਸਥਾਨ ਤੇ ਭਾਈ ਗੁਰਦਾਸ ਜੀ ਪਾਸੋਂ ਲਿਖਾਇਆ ਸੀ , ਰਿਸਤੇ ਵਿਚ ਉਹ ਗੁਰੂ ਜੀ ਦੇ ਮਾਮਾ ਜੀ ਲਗਦੇ ਸਨ ।

ਪ੍ਰਸ਼ਨ ੧੧: ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਦੋਂ ਤੇ ਕਿੱਥੇ ਕੀਤਾ ?

ਉੱਤਰ – ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ੧੬੬੧ ਬਿ: ਭਾਦਰੋਂ ਸੁਦੀ ਏਕਮ (੧)ਮੁਤਾਬਿਕ ੧੬੦੪ ਈ: ੧੬ ਅਗਸਤ ਨੂੰ ਹਰਿਮੰਦਰ ਸਾਹਿਬ ਵਿਖੇ ਕੀਤਾ ।

ਪ੍ਰਸ਼ਨ ੧੨: ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਗ੍ਰੰਥੀ ਕਿਸਨੂੰ ਥਾਪਿਆ ਸੀ ?

ਉੱਤਰ – ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਥਾਪਿਆ ਸੀ ।

ਪ੍ਰਸ਼ਨ ੧੩ : ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਿਆਹ ਕਦੋਂ ਤੇ ਕਿੱਥੇ ਹੋਇਆ ?

ਉੱਤਰ – ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਿਆਹ ੧੬੪੬ ਬਿ: ੨੨ ਹਾੜ ਮੁਤਾਬਿਕ ੧੫੮੯ ਈ: ੧੯ ਜੂਨ ਨੂੰ ਮੌ ਸਾਹਿਬ (ਜਲੰਧਰ) ਹੋਇਆ ।

ਪ੍ਰਸ਼ਨ ੧੪: ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੱਸ ਸਹੁਰਾ ਜੀ ਦਾ ਨਾਮ ਦੱਸੋ ਤੇ ਉਹ ਕਿੱਥੋਂ ਦੇ ਵਸਨੀਕ ਸਨ ?

ਉੱਤਰ – ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੱਸ ਧਨਵੰਤੀ ਜੀ , ਸਹੁਰਾ ਕ੍ਰਿਸ਼ਨ ਚੰਦ ਜੀ ਪਿੰਡ ਮੌ ਸਾਹਿਬ (ਜਲੰਧਰ) ਦੇ ਵਸਨੀਕ ਸਨ ।

ਪ੍ਰਸ਼ਨ ੧੫: ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਿਲਾਂ ਦਾ ਨਾਮ ਦੱਸੋ ?

ਉੱਤਰ – ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਿਲ , ਮਾਤਾ ਗੰਗਾ ਜੀ ਸਨ ।

ਪ੍ਰਸ਼ਨ ੧੬: ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਗਤ ਵਿਚ ਕਿਹਾ ਕੋਈ ਸਿੱਖ ਪਹਾੜੀ ਰਾਜਿਆਂ ਪਾਸ ਜਾ ਕੇ ਸਰੋਵਰ ਦੀ ਸੇਵਾ ਵਾਸਤੇ ਮਾਇਆ ਲਿਆਵੇ ,ਤਾਂ ਕੌਣ ਸਿੱਖ ਇਹ ਸੇਵਾ ਕਰਨ ਵਾਸਤੇ ਤਿਆਰ ਹੋਇਆ ?

ਉੱਤਰ – ਸੰਗਤ ਵਿਚ ਗੁਰੂ ਜੀ ਦਾ ਹੁਕਮ ਸੁਣ ਕੇ ਭਾਈ ਕਲਿਆਣੇ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਸੱਚੇ ਪਾਤਿਸ਼ਾਹ ਜੀ ਮੇਰੇ ਸਿਰ ਤੇ ਮਿਹਰ ਦਾ ਹੱਥ ਰੱਖੋ , ਮੈਂ ਇਹ ਸੇਵਾ ਨਿਭਾਵਾਂਗਾ ।

ਪ੍ਰਸ਼ਨ ੧੭: ਭਾਈ ਕਲਿਆਣਾ ਜੀ ਕਿਸ ਰਾਜੇ ਪਾਸ ਗਏ ਸਨ ?

ਉੱਤਰ – ਭਾਈ ਕਲਿਆਣਾ ਜੀ ਮੰਡੀ ਦੇ ਰਾਜੇ ਪਾਸ ਗਏ ਸਨ ।

ਪ੍ਰਸ਼ਨ ੧੮: ਮੰਡੀ ਕਿਸ ਸੂਬੇ ਦੀ ਰਿਆਸਤ ਹੈ ?

ਉੱਤਰ – ਮੰਡੀ ਹਿਮਾਚਲ ਸੂਬੇ ਦੀ ਰਿਆਸਤ ਹੈ ।

ਪ੍ਰਸ਼ਨ ੧੯: ਮੰਡੀ ਦੇ ਰਾਜੇ ਨੇ ਅਪਣੀ ਪ੍ਰਜਾ ਨੂੰ ਕਿਸ ਦਿਨ ਵਰਤ ਰੱਖਣ ਵਾਸਤੇ ਕਿਹਾ ਸੀ ?

ਉੱਤਰ – ਮੰਡੀ ਦੇ ਰਾਜੇ ਨੇ ਅਪਣੀ ਪ੍ਰਜਾ ਨੂੰ ਜਨਮ ਅਸਟਮੀ ਵਾਲੇ ਦਿਨ ਵਰਤ ਰੱਖਣ ਵਾਸਤੇ ਕਿਹਾ ਸੀ ।

ਪ੍ਰਸ਼ਨ ੨੦: ਭਾਈ ਕਲਿਆਣੇ ਜੀ ਨੇ ਵਰਤ ਦੀ ਥਾਂ ਕੀ ਕੀਤਾ ?

ਉੱਤਰ – ਭਾਈ ਕਲਿਆਣਾ ਜੀ ਨੇ ਵਰਤ ਨਹੀਂ ਸੀ ਰੱਖਿਆ । ਅੰਮ੍ਰਿਤ ਵੇਲੇ ਉਠ ਕੇ ਨਿਤਨੇਮ ਕਰਕੇ ਪ੍ਰਸ਼ਾਦਿ ਬਣਾਇਆ ਤੇ ਅਰਦਾਸ ਕੀਤੀ , ਗੁਰੂ ਜੀ ਨੂੰ ਭੋਗ ਲਗਾਇਆ । ਜਿਹੜੇ ਲਾਗੇ ਸਨ ਉਹਨਾਂ ਨੂੰ ਵੀ ਪ੍ਰਸ਼ਦ ਛਕਾਇਆ ਤੇ ਆਪ ਛਕਿਆ ।

ਪ੍ਰਸ਼ਨ ੨੧: ਜਦੋਂ ਰਾਜੇ ਨੇ ਭਾਈ ਕਲਿਆਣੇ ਨੂੰ ਵਰਤ ਨਾ ਰੱਖਣ ਬਾਰੇ ਪੁੱਛਿਆ ਤਾਂ ਭਾਈ ਕਲਿਆਣੇ ਨੇ ਕੀ ਉੱਤਰ ਦਿੱਤਾ ?

ਉੱਤਰ – ਉਦੋਂ ਭਾਈ ਕਲਿਆਣੇ ਨੇ ਰਾਜੇ ਨੂੰ ਕਿਹਾ ! ਜਗਤ ਗੁਰੂ, ਸ੍ਰੀ ਗੁਰੂ ਨਾਨਕ ਦੇਵ ਦੀ ਗੱਦੀ ਤੇ ,ਹੁਣ ਸ੍ਰੀ ਗੁਰੂ ਅਰਜਨ ਦੇਵ ਜੀ ਸੁਭਾਇਮਾਨ ਹਨ । ਮੈਂ ਉਨ੍ਹਾਂ ਦਾ ਸਿੱਖ ਹਾਂ, ਉਨ੍ਹਾਂ ਦੇ ਉਪਦੇਸ਼ ਅਨੁਸਾਰ, ਸਿੱਖ, ਗੁਰੂ ਜੀ ਦੀ ਬਾਣੀ ਹੀ ਪੜਦੇ ਤੇ ਸੁਣਦੇ ਹਨ । ਬਾਣੀ ਤੋਂ ਬਗੈਰ ਉਹ ਵਰਤ ਤੇ ਪੱਥਰਾਂ ਆਦਿਕਾਂ ਨੂੰ ਨਹੀਂ ਮੰਨਦੇ ,ਪੱਥਰ ਜੜ ਹਨ । ਉਹ ਬੋਲ ਕੇ ਕਿਸੇ ਨੂੰ ਉਪਦੇਸ਼ ਨਹੀ ਦਿੰਦੇ । ਸਾਡੇ ਗੁਰੂ ਜੀ ਸਦਾ ਜਾਗਦੇ ਹਨ ਤੇ ਹਰ ਥਾਂ ਸਹਾਈ ਹੁੰਦੇ ਹਨ ।

ਪ੍ਰਸ਼ਨ ੨੨: ਜਦੋਂ ਰਾਜੇ ਨੇ ਭਾਈ ਕਲਿਆਣੇ ਪਾਸੋਂ ਠਾਕਰਾਂ ਬਾਰੇ ਨਿੰਦਾ ਦੇ ਬਚਨ ਸੁਣੇ ਤਾਂ ਭਾਈ ਕਲਿਆਣੇ ਨੂੰ ਉਸਨੇ ਕੀ ਸਜਾ ਦੇਣ ਵਾਸਤੇ ਕਿਹਾ ?

ਉੱਤਰ – ਰਾਜੇ ਦੇ ਹੁਕਮ ਅਨੁਸਾਰ ਜਦੋਂ ਜੱਲਾਦ ਭਾਈ ਕਲਿਆਣੇ ਦੀ ਲੱਤ ਕੱਟਣ ਲੱਗਾ ਤਾਂ ਰਾਜਾ ਮੂਰਛਾ ਖਾ ਕੇ ਧਰਤੀ ਤੇ ਡਿਗ ਕੇ ਤੜਫਣ ਲੱਗਾ । ਇਹ ਕੌਤਕ ਵੇਖ ਕੇ ਮੰਤ੍ਰੀਆਂ ਨੇ ਜੱਲਾਦ ਨੂੰ ਰੋਕ ਦਿਤਾ । ਭਾਈ ਕਲਿਆਣੇ ਨੂੰ ਕਿਹਾ ਤੁਸੀ ਪੂਰਨ ਸੰਤ ਹੋ । ਅਸੀ ਭੁਲਕੇ ਤੁਹਾਡੀ ਨਿਰਾਦਰੀ ਕਰਨ ਲੱਗੇ ਸੀ । ਸਾਨੂੰ ਮੁਆਫ਼ ਕਰੋ ਤੇ ਰਾਜੇ ਨੂੰ ਬਖਸ਼ ਲਓ ।

ਪ੍ਰਸ਼ਨ ੨੩: ਉਹਨਾਂ ਦੀ ਗੱਲ ਸੁਣ ਕੇ ਭਾਈ ਕਲਿਆਣੇ ਨੇ ਕੀ ਕਿਹਾ ਸੀ ?

ਉੱਤਰ – ਭਾਈ ਕਲਿਆਣੇ ਨੇ ਕਿਹਾ, "ਸ੍ਰੀ ਗੁਰੂ ਅਰਜਨ ਦੇਵ ਜੀ ਜੋ ਸਾਰਿਆਂ ਤੋਂ ਵੱਡੇ ਹਨ । ਉਨ੍ਹਾਂ ਦੀ ਸਿੱਖੀ ਧਾਰੋ । ਸਾਰੇ ਹੀ ਇੱਥੋਂ ਹੀ ਉਨ੍ਹਾਂ ਵੱਲ ਮੂੰਹ ਕਰ ਕੇ ਨਮਸ਼ਕਾਰ ਕਰੋ । ਸਾਰੇ ਹੀ ਸਤਿਨਾਮੁ ਵਾਹਿਗੁਰੂ ਜਪੋ । ਇਸ ਤਰ੍ਹਾਂ ਆਖੋ, ਆਪ ਜੀ ਰਾਜੇ ਨੂੰ ਠੀਕ ਕਰ ਦਿਉ । ਅਸੀਂ ਸਾਰੇ ਹੀ ਰਾਜੇ ਸਮੇਤ ਤੁਹਾਡੇ ਦਰਸ਼ਨਾਂ ਨੂੰ ਆਵਾਂਗੇ ।"

ਪ੍ਰਸ਼ਨ ੨੪: ਗੁਰੂ ਜੀ ਨੇ ਸਵੇਰੇ ਰਾਜੇ ਨੂੰ ਕਿੱਥੇ ਜਾਣ ਵਾਸਤੇ ਸੁਨੇਹਾ ਭੇਜਿਆ ਸੀ ?

ਉੱਤਰ – ਗੁਰੂ ਜੀ ਨੇ ਸਵੇਰੇ ਰਾਜੇ ਨੂੰ ਸੁਨੇਹਾ ਭੇਜਿਆ ਸਾਡੇ ਨਾਲ ਸਿਕਾਰ ਖੇਡਣ ਚੱਲੋ । ਗੁਰੂ ਜੀ ਤੇ ਰਾਜਾ ਫੌਜਾਂ ਨਾਲ ਸਿਕਾਰ ਖੇਡਣ ਗਏ , ਰਾਜੇ ਦੇ ਲਾਗਿਓ ਹਿਰਨ ਨਿਕਲਿਆ, ਰਾਜੇ ਨੇ ਉਸਦੇ ਮਗਰ ਘੋੜਾ ਭਜਾਇਆ , ਬਹੁਤ ਦੂਰ ਜਾ ਕੇ ਰਾਜੇ ਨੇ ਹਿਰਨ ਮਾਰ ਲਿਆ । ਉੱਥੇ ਦ੍ਰਖ਼ਤ ਦੀ ਛਾਵੇਂ ਘੋੜਾ ਬੰਨ ਦਿੱਤਾ ਤੇ ਆਪ ਅਰਾਮ ਕਰਨ ਲੱਗ ਪਿਆ ।

ਪ੍ਰਸ਼ਨ ੨੫: ਰਾਜੇ ਨੇ ਰਾਤ ਦੇ ਸੁਪਨੇ ਬਾਰੇ ਪ੍ਰਤੱਖ ਕੀ ਵੇਖਿਆ ਸੀ ?

ਉੱਤਰ – ਉੱਥੇ ਰਾਜੇ ਨੇ ਸੁਪਨੇ ਵਾਲਾ ਪਰਿਵਾਰ ਪ੍ਰਤਖ਼ ਵੇਖਿਆ । ਉਧਰ ਪਰਿਵਾਰ ਵਾਲਿਆਂ ਨੇ ਵੀ ਪ੍ਰਤੱਖ ਰਾਜੇ ਨੂੰ ਵੇਖ ਲਿਆ । ਉਹ ਕਹਿਣ ਲੱਗੇ ਤੂੰ ਸਾਡੇ ਨਾਲ ਛਲ ਕੀਤਾ ਹੈ । ਸਾਨੂੰ ਛੱਡ ਕੇ ਆਪ ਰਾਜਾ ਬਣਕੇ ਬੈਠ ਗਿਆ ਹੈਂ । ਉਨ੍ਹਾਂ ਨੂੰ ਵੇਖ ਕੇ ਰਾਜਾ ਬੜਾ ਹੈਰਾਨ ਹੋਇਆ , ਉਹ ਸੋਚਣ ਲੱਗਾ ਕਿ ਇਹ ਤਾਂ ਉਹੀ ਕੁਟੰਬੀ ਹਨ , ਜੋ ਮੈਂ ਸੁਪਨੇ ਵਿਚ ਵੇਖੇ ਸਨ । ਇਹ ਕੀ ਅਸਚਰਜ ਕੌਤਕ ਹੋਇਆ । ਇਤਨੇ ਚਿਰ ਨੂੰ ਗੁਰੂ ਜੀ ਵੀ ਉੱਥੇ ਆ ਗਏ ।

ਪ੍ਰਸ਼ਨ ੨੬: ਗੁਰੂ ਜੀ ਨੇ ਉਨ੍ਹਾਂ ਦੀ ਗੱਲ ਸੁਣ ਕੇ ਉਨ੍ਹਾਂ ਨੂੰ ਕਿਸ ਤਰ੍ਹਾਂ ਤਸੱਲੀ ਕਰਾਈ ਕਿ ਇਹ ਰਾਜਾ ਹੈ ਉਨ੍ਹਾਂ ਦਾ ਸਬੰਧੀ ਨਹੀ ਹੈ ?

ਉੱਤਰ – ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ ਇਹ ਮੰਡੀ ਦਾ ਰਾਜਾ ਹੈ । ਤੁਹਾਡੇ ਸਬੰਧੀ ਨਾਲ ਇਸਦਾ ਮੁਹਾਂਦਰਾ ਮਿਲਦਾ ਹੈ । ਤੁਸੀ ਅਪਣਾ ਸਬੰਧੀ ਜਿਸ ਕਬਰ ਵਿਚ ਦਫਨਾਇਆ ਹੈ ਉੱਥੇ ਵੇਖ ਕੇ ਆਪਣੀ ਤਸੱਲੀ ਕਰ ਲਓ । ਉਦੋਂ ਉਨ੍ਹਾਂ ਨੇ ਕਬਰ ਪੁਟ ਕੇ ਵੇਖੀ ਤਾਂ ਉਹ ਮਰਿਆ ਹੋਇਆ ਕਬਰ ਵਿੱਚੇ ਸੀ । ਇਸ ਤਰ੍ਹਾਂ ਉਨ੍ਹਾਂ ਤੋਂ ਰਾਜੇ ਦਾ ਖਹਿੜਾ ਛਡਾਇਆ । ਉੱਥੋਂ ਗੁਰੂ ਜੀ ਅੰਮ੍ਰਿਤਸਰ ਆ ਗਏ ।

ਪ੍ਰਸ਼ਨ ੨੭: ਦੂਜੇ ਦਿਨ ਰਾਜੇ ਨੇ ਗੁਰੂ ਜੀ ਨੂੰ ,ਅਪਣੇ ਸੁਪਨੇ ਬਾਰੇ ਦੱਸਿਆ ,ਤੇ ਗੁਰੂ ਜੀ ਨੇ ਕੀ ਉੱਤਰ ਦਿੱਤਾ ?

ਉੱਤਰ – ਗੁਰੂ ਜੀ ਨੇ ਰਾਜੇ ਨੂੰ ਕਿਹਾ , ਤੇਰੇ ਮਨ ਵਿਚ ਭਰਮ ਸੀ ਕਿ ਦੋਂਵੇ ਗੱਲਾਂ ਕਿਸ ਤਰ੍ਹਾਂ ਪੂਰੀਆਂ ਹੋ ਸਕਦੀਆਂ ਹਨ । ਤੇਰੇ ਕਰਮਾਂ ਵਿਚ ਚੰਡਾਲਾਂ ਦੇ ਘਰ ਜੰਮਣਾ ਲਿਖਿਆ ਸੀ । ਉਹ ਲੇਖ ਅਸੀਂ ਤੇਰਾ ਸੁਪਨੇ ਵਿਚ ਹੀ ਭੁਗਤਾ ਦਿੱਤਾ ਹੈ । ਇਸ ਤਰ੍ਹਾਂ ਪਰਮੇਸ਼ਰ ਦਾ ਲਿਖਿਆ ਵੀ ਰਹਿ ਗਿਆ ਹੈ ,ਤੇ ਮਾੜਾ ਲੇਖ ਵੀ ਮਿਟਾ ਦਿੱਤਾ ਹੈ । ਦੋਵੇਂ ਗੱਲਾਂ ਪੂਰੀਆਂ ਕਰਕੇ ਤੇਰੇ ਮਨ ਦਾ ਭਰਮ ਦੂਰ ਕੀਤਾ ਹੈ ।

ਪ੍ਰਸ਼ਨ ੨੮: ਇਹ ਵਾਰਤਾ ਰਾਜੇ ਨਾਲ ਕਿਸ ਜਗ੍ਹਾ ਹੋਈ ਸੀ ?

ਉੱਤਰ – ਇਹ ਵਾਰਤਾ ਰਾਜੇ ਨਾਲ ਅੰਮ੍ਰਿਤਸਰ ਤੋਂ ੨੦ ਕੀਲੋਮੀਟਰ ਦੂਰ । ਗੁਰਦੁਆਰਾ ਗੁਰੂ ਕਾ ਬਾਗ ਵਾਲੇ ਅਸਥਾਨ ਤੇ ਹੋਈ ਸੀ ।

ਪ੍ਰਸ਼ਨ ੨੯: ਸੰਤੋਖਸਰ ਸਰੋਵਰ ਦੀ ਸੇਵਾ ਕਰਦੇ ਸਮੇ ਕਿਹੜਾ ਜੋਗੀ ਨਿਕਲਿਆ ਸੀ , ਉਹ ਕਦੋਂ ਦਾ ਛੋਟਾ ਜਿਹਾ ਗੁੰਮਜ ਨੁਮਾ ਮਠ ਬਣਾ ਕੇ ਬੈਠਾ ਸੀ ?

ਉੱਤਰ – ਸੰਤੋਖਸਰ ਦੀ ਸੇਵਾ ਕਰਦੇ ਸਮੇ ਸੰਤੋਖਾ ਜੋਗੀ ਨਿਕਲਿਆ ਸੀ , ਉਹ ਸਤਿਜੁਗ ਦਾ ਉੱਥੇ ਗੁੰਮਜ ਵਰਗਾ ਮਠ ਬਣਾਕੇ ਅੰਦਰ ਬੈਠਾ ਸੀ ।

ਪ੍ਰਸ਼ਨ ੩੦: ਭਾਈ ਮੰਝ ਕਿੱਥੋਂ ਦਾ ਰਹਿਣ ਵਾਲਾ ਸੀ ਤੇ ਕੌਣ ਸੀ ?

ਉੱਤਰ – ਭਾਈ ਮੰਝ, ਮੰਝ ਗੋਤ ਦਾ ਰਾਜਪੂਤ ਸੀ ਜਿਸਦਾ ਅਸਲੀ ਨਾਮ ਤੀਰਥਾ ਸੀ । ਮੰਝ ਗੋਤ ਹੋਣ ਕਰਕੇ ਮੰਝ ਨਾਮ ਪੈ ਗਿਆ । ਭਾਈ ਮੰਝ ਦੇ ਜੱਦੀ ਪਿੰਡ ਦਾ ਪਤਾ ਨਹੀਂ ਲਗ ਸਕਿਆ । ਇਤਿਹਾਸ ਕਾਰਾਂ ਨੇ ਸਿਰਫ ਦੁਆਬਾ ਹੀ ਲਿਖਿਆ ਹੈ ।

ਪ੍ਰਸ਼ਨ ੩੧: ਭਾਈ ਮੰਝ ਗੁਰੂ ਜੀ ਦੀ ਸਰਨ ਆਉਣ ਤੋਂ ਪਹਿਲਾਂ ਕਿਸਦਾ ਪੁਜਾਰੀ ਸੀ ?

ਉੱਤਰ – ਭਾਈ ਮੰਝ ਗੁਰੂ ਜੀ ਦੀ ਸਰਨ ਆਉਣ ਤੋਂ ਪਹਿਲਾਂ , ਸਖੀ ਸਰਵਰ ਨਗਾਹੇ ਪੀਰ ਮੁਸਲਮਾਨ ਦਾ ਉਪਾਸਕ ਸੀ ।ਉਹ ਅਪਣੇ ਘਰ ਪੀਰਖਾਨਾ (ਕਬਰ) ਬਣਾ ਕੇ ਪੂਜਦਾ ਸੀ । ਪੰਜਾਬ ਵਿਚ ਸਖੀ ਸਰਵਰ ਦੀ ਇਕ ਸਾਖ ਜਿਲ੍ਹਾ ਸ਼ੇਖੂਪੁਰਾ ਵਿਚ ਸੀ ।

ਪ੍ਰਸ਼ਨ ੩੨: ਸਖੀ ਸਰਵਰ ਕੌਣ ਸੀ ?

ਉੱਤਰ – ਸਖੀ ਸਰਵਰ ਪੀਰ, ਹਿੰਦੂ ਤੋਂ ਮੁਸਲਮਾਨ ਬਣਿਆ ਸੀ । ਇਸ ਕਰਕੇ ਇਸਨੂੰ ਹਿੰਦੂ ਤੇ ਮੁਸਲਮਾਨ ਦੋਵੇਂ ਮੰਨਦੇ ਸਨ ।

ਪ੍ਰਸ਼ਨ ੩੩: ਜਦੋਂ ਭਾਈ ਮੰਝ ਨੇ ਅੰਮ੍ਰਿਤਸਰ ਗੁਰੂ ਜੀ ਦੇ ਹਜ਼ੂਰੀ ਆ ਕੇ ਕਿਹਾ , ਗੁਰੂ ਜੀ ਮੈਨੂੰ ਸਿੱਖੀ ਦੀ ਦਾਤ ਬੱਖਸ਼ੋ ,ਤਾਂ ਗੁਰੂ ਜੀ ਨੇ ਕੀ ਕਿਹਾ ?

ਉੱਤਰ – ਗੁਰੂਜੀ ਨੇ ਕਿਹਾ ! ਤੂੰ ਮੁਸਲਮਾਨ ਪੀਰ ਦਾ ਚੇਲਾ ਹੋ ਕੇ ਸਿੱਖੀ ਕਿਉਂ ਧਾਰਨ ਕਰਨੀ ਚਾਹੁੰਦਾ ਹੈਂ ? ਪਰ ਸਿੱਖੀ ਕਮਾਉਣੀ ਬਹੁਤ ਕਠਿਨ ਹੈ । ਸਿੱਖੀ ਧਾਰਨ ਵਾਸਤੇ ਤੈਨੂੰ ਪੀਰ ਛੱਡਣਾ ਪਵੇਗਾ । ਘਰ ਵਿੱਚੋਂ ਪੀਰਖਾਨਾ ਢਾਹੁਣਾ ਪਵੇਗਾ । ਇਸ ਨਾਲ ਤੇਰਾ ਅਪਜਸ ਹੋਵੇਗਾ ਤੇ ਤੂੰ ਕੰਗਾਲ ਹੋ ਜਾਵੇਂਗਾ । ਲੋਕ ਤੈਨੂੰ ਆਪਣੇ ਪਾਸ ਨਹੀਂ ਬੈਠਣ ਦੇਣਗੇ । ਜੇ ਤੂੰ ਇਹ ਸਭ ਕੁਝ ਸਹਾਰ ਸਕਦਾ ਹੈਂ ਤਾਂ ਤੂੰ ਸਿੱਖੀ ਧਾਰ ਸਕਦਾ ਹੈ ।

ਪ੍ਰਸ਼ਨ ੩੪: ਗੁਰੂ ਜੀ ਦੇ ਬਚਨ ਸੁਣਕੇ ਭਾਈ ਮੰਝ ਨੇ ਕੀ ਬੇਨਤੀ ਕੀਤੀ ?

ਉੱਤਰ – ਭਾਈ ਮੰਝ ਨੇ ਕਿਹਾ ਮਹਾਰਾਜ ! ਆਪ ਜੀ ਦੇ ਦਰਸ਼ਨ ਕਰਕੇ ਤੇ ਬਚਨ ਸੁਣਕੇ ,ਮੈਨੂੰ ਪੀਰ ਤੋਂ ਨਫ਼ਰਤ ਹੋ ਗਈ ਹੈ । ਕਿ ਮੈਂ ਇਕ ਮੁਸਲਮਾਨ ਪੀਰ ਅੱਗੇ ਮੱਥਾ ਟੇਕਦਾ ਰਿਹਾ ਹਾਂ । ਇਸ ਗੱਲ ਤੋਂ ਮੈਨੂੰ ਸ਼ਰਮ ਆਉਣ ਲੱਗ ਪਈ ਹੈ । ਮੈਂ ਘਰ ਜਾ ਕੇ ਪੀਰ ਖਾਨਾ ਢਾਹ ਕੇ ਆਪ ਜੀ ਪਾਸ ਆਵਾਂਗਾ ।

ਪ੍ਰਸ਼ਨ ੩੫: ਜਦੋਂ ਭਾਈ ਮੰਝ ਪੀਰ ਖਾਨਾ ਢਾਹ ਕੇ ਗੁਰੂ ਜੀ ਪਾਸ ਆਇਆ ਤਾਂ ਗੁਰੂ ਜੀ ਨੇ ਕੀ ਉਪਦੇਸ਼ ਦਿੱਤਾ ?

ਉੱਤਰ – ਗੁਰੂ ਜੀ ਨੇ ਕਿਹਾ ਤੂੰ ਵਾਹਿਗੁਰੂ ਦਾ ਸਿਮਰਨ ਕਰ ਤੇ ਸਿੱਖ ਸੰਗਤਾਂ ਦੀ ਸੇਵਾ ਕਰ । ਇਸ ਨਾਲ ਤੂੰ ਮੁਕਤ ਹੋ ਕੇ ਪਰਮਾਤਮਾ ਨਾਲ ਮਿਲ ਜਾਵੇਂਗਾ ।

ਪ੍ਰਸ਼ਨ ੩੬: ਜਦੋਂ ਭਾਈ ਮੰਝ ਕੁਝ ਸਮਾਂ ਗੁਰੂ ਘਰ ਦੀ ਸੇਵਾ ਕਰਕੇ ਆਪਣੇ ਘਰ ਗਿਆ ਤਾਂ ਉਸ ਨਾਲ ਕੀ ਭਾਣਾ ਵਰਤਿਆ ?

ਉੱਤਰ – ਕੁਝ ਸਮੇ ਬਾਅਦ ਹੀ ਭਾਈ ਮੰਝ ਦਾ ਸਾਰਾ ਧਨ ਪਦਾਰਥ ਨਾਸ ਹੋ ਗਿਆ । ਪਿੰਡ ਵਾਲਿਆਂ ਨੇ ਕਿਹਾ ਤੈਨੂੰ ਪੀਰ ਦੀ ਮਾਰ ਪੈ ਗਈ ਹੈ । ਤੂੰ ਗੁਰਸਿੱਖੀ ਛੱਡ ਕੇ ਪੀਰ ਪਾਸੋਂ ਆਪਣੀ ਭੁਲ ਬਖਸ਼ਾ ਲੈ । ਉਸਨੇ ਕਿਹਾ ਇਹ ਪਦਾਰਥ ਸਾਰੇ ਨਾਸਵੰਤ ਹਨ । ਮੈਨੂੰ ਸਿੱਖੀ ਪਿਆਰੀ ਹੈ ਮੈਂ ਇਸਨੂੰ ਨਹੀਂ ਛੱਡ ਸਕਦਾ । ਇਸਨੇ ਮੇਰੇ ਲੋਕ ਪਰਲੋਕ ਵਿਚ ਸਹਾਈ ਹੋਣਾ ਹੈ । ਭਾਈ ਮੰਝ ਦੀ ਇਹੋ ਜਿਹੀਆਂ ਗੱਲਾਂ ਸੁਣ ਕੇ ਉਸਨੂੰ ਟੱਬਰ ਸਮੇਤ ਪਿੰਡੋਂ ਕੱਢ ਦਿੱਤਾ ।

ਪ੍ਰਸ਼ਨ ੩੭ : ਭਾਈ ਮੰਝ ਨੇ ਪਿੰਡੋਂ ਜਾਣ ਤੋਂ ਬਾਅਦ ਕਿਸ ਤਰ੍ਹਾਂ ਗੁਜਾਰਾ ਕੀਤਾ ਸੀ ?

ਉੱਤਰ – ਭਾਈ ਮੰਝ ਹੋਰ ਕਿਸੇ ਪਿੰਡ ਜਾ ਕੇ ਘਾਹ ਵੇਚ ਕੇ ਗੁਜਾਰਾ ਕਰਨ ਲੱਗ ਪਿਆ ਸੀ ।

ਪ੍ਰਸ਼ਨ ੩੮: ਜਦੋਂ ਗੁਰੂ ਜੀ ਨੇ ਸਿੱਖ ਦੇ ਹੱਥੋਂ ਪਹਿਲਾ ਹੁਕਮਨਾਮਾ ਭੇਜਿਆ , ਉਸਨੂੰ ਕਿਹਾ ਪਹਿਲਾਂ ਮੰਝ ਕੋਲੋਂ ੨੧ ਰੁਪਏ ਲੈ ਕੇ ਹੁਕਮ ਨਾਮਾ ਦੇਣਾ ਹੈ । ਤਾਂ ਭਾਈ ਮੰਝ ਦੀ ਘਰ ਵਾਲ਼ੀ ਨੇ ਹੁਕਮਨਾਮਾ ਲੈਣ ਦੀ ਕੀ ਜੁਗਤੀ ਦੱਸੀ ?

ਉੱਤਰ – ਭਾਈ ਮੰਝ ਦੀ ਘਰ ਵਾਲ਼ੀ ਨੇ ਕਿਹਾ , ਸਾਡੀ ਲੜਕੀ ਦਾ ਰਿਸਤਾ ਇਕ ਸ਼ਾਹੂਕਾਰ ਮੰਗਦਾ ਹੈ , ਮੈਂ ਉਸਨੂੰ ਲੜਕੀ ਦਾ ਰਿਸਤਾ ਕਰਕੇ ਉਸ ਤੋਂ ੨੧ ਰੁਪਏ ਲੈ ਆਉਦੀਂ ਹਾਂ । ਉਹ ਗੁਰੂ ਕੇ ਸਿੱਖ ਨੂੰ ਦੇ ਕੇ ਹੁਕਮਨਾਮਾ ਲੈ ਲਵਾਂਗੇ , ਸੋ ਉਸਨੇ ਉਸੇ ਤਰ੍ਹਾਂ ਕੀਤਾ ।

ਪ੍ਰਸ਼ਨ ੩੯: ਜਦੋਂ ਗੁਰੂ ਜੀ ਨੇ ਭਾਈ ਮੰਝ ਪਾਸ ਦੂਜਾ ਹੁਕਮਨਾਮਾ ਭੇਜ ਕੇ ਸਿੱਖ ਨੂੰ ਕਿਹਾ ਪਹਿਲਾਂ ਮੰਝ ਪਾਸੋਂ ੨੧ ਰੁਪਏ ਲੈ ਕੇ ਫਿਰ ਹੁਕਮਨਾਮਾ ਦੇਣਾ ਹੈ ,ਤਾਂ ਭਾਈ ਮੰਝ ਦੀ ਘਰ ਵਾਲ਼ੀ ਨੇ ਹੁਕਮਨਾਮਾ ਲੈਣ ਦੀ ਕੀ ਜੁਗਤੀ ਦੱਸੀ ?

ਉੱਤਰ – ਭਾਈ ਮੰਝ ਦੀ ਘਰ ਵਾਲ਼ੀ ਨੇ ਕਿਹਾ , ਸਾਡੇ ਧੰਨ ਭਾਗ ਹਨ ਜਿਨ੍ਹਾਂ ਨੂੰ ਗੁਰੂ ਜੀ ਯਾਦ ਕਰ ਲੈਂਦੇ ਹਨ । ਹੁਣ ਤੁਸੀਂ ਮੈਨੂੰ ਕਿਸੇ ਸ਼ਾਹੂਕਾਰ ਪਾਸ ਨੌਕਰਾਣੀ ਲਾ ਦਿਓ । ਉੱਥੋਂ ੨੧ ਰੁਪਏ ਲੈ ਕੇ ਸਿੱਖ ਨੂੰ ਦੇ ਕੇ ਹੁਕਮਨਾਮਾ ਲੈ ਲਓ । ਭਾਈ ਮੰਝ ਨੇ ਇਸੇ ਤਰਾਂ ਕਰਕੇ ੨੧ ਰੁਪਏ ਲਿਆ ਕੇ ਸਿੱਖ ਨੂੰ ਦੇ ਕੇ ਹੁਕਮਨਾਮਾ ਲੈ ਕੇ ਆਪਣੇ ਧੰਨ ਭਾਗ ਸਮਝੇ ।

ਪ੍ਰਸ਼ਨ ੪੦: ਗੁਰੂ ਜੀ ਪਾਸ ਆ ਕੇ ਭਾਈ ਮੰਝ ਨੇ ਕੀ ਸੇਵਾ ਸੁਰੂ ਕੀਤੀ ਤੇ ਕਿਸ ਤਰ੍ਹਾਂ ਗੁਜਾਰਾ ਕੀਤਾ ?

ਉੱਤਰ – ਗੁਰੂ ਜੀ ਪਾਸ ਆ ਕੇ ਭਾਈ ਮੰਝ ਜੀ, ਜੰਗਲ ਵਿੱਚੋਂ ਲੰਗਰ ਵਾਸਤੇ ਲਕੜਾਂ ਲਿਆਉਣ ਦੀ ਸੇਵਾ ਕਰਨ ਲੱਗਾ । ਤੇ ਲੰਗਰ ਵਿੱਚੋਂ ਪ੍ਰਸ਼ਾਦਾ ਛੱਕ ਕੇ ਗੁਜਾਰਾ ਕਰਨ ਲੱਗਾ । ਜਦੋਂ ਕੁਝ ਸਮਾਂ ਸੇਵਾ ਕਰਦੇ ਨੂੰ ਹੋਇਆ ਤਾਂ ਗੁਰੂ ਜੀ ਨੇ ਕਿਹਾ ! ਲਕੜਾਂ ਦੇ ਮੁਲ ਵਜੋਂ ਰੋਟੀ ਖਾ ਲੈਂਦਾ ਹੈ , ਅਜੇ ਸੇਵਾ ਊਣੀ ਹੈ । ਫਿਰ ਭਾਈ ਮੰਝ ਲੰਗਰ ਵਿੱਚੋਂ ਸੰਗਤਾਂ ਦੇ ਜੂਠੇ ਬਚੇ ਟੁਕੜੇ ਖਾ ਕੇ

ਗੁਜਾਰਾ ਕਰਨ ਲੱਗਾ । ਕੁਝ ਸਮਾਂ ਇਸ ਤਰਾਂ ਬੀਤਿਆ ਤਾਂ ਗੁਰੂ ਜੀ ਨੇ ਕਿਹਾ ਜਦੋਂ ਮੰਝ ਵਾਹਿਗੁਰੂ ਆਖ ਕੇ ਜੂਠੇ ਟੁਕੜੇ ਖਾਂਦਾ ਹੈ , ਉਹ ਸਾਨੂੰ ਭੋਗ ਲਗਦਾ ਹੈ । ਇਸ ਕਰਕੇ ਉਹ ਸਾਨੂੰ ਜੂਠ ਖੁਆ ਰਿਹਾ ਹੈ ।

ਪ੍ਰਸ਼ਨ ੪੧: ਜਦੋਂ ਗੁਰੂ ਜੀ ਨੇ ਭਾਈ ਮੰਝ ਨੂੰ ਜੂਠ ਖਾਣ ਤੋਂ ਰੋਕਿਆ ਤਾਂ ਉਹ ਕਿਸ ਤਰ੍ਹਾਂ ਗੁਜਾਰਾ ਕਰਨ ਲੱਗਾ ?

ਉੱਤਰ – ਫਿਰ ਭਾਈ ਮੰਝ ਲਕੜਾਂ ਦੀਆਂ ਦੋ ਪੰਡਾਂ ਲਿਆਉਣ ਲੱਗ ਪਿਆ , ਇਕ ਪੰਡ ਲੰਗਰ ਵਿਚ ਲੈ ਜਾਣੀ, ਦੂਜੀ ਨੂੰ ਵੇਚ ਕੇ ਭੋਜਨ ਛਕ ਲੈਣਾਂ । ਇਕ ਦਿਨ ਉਹ ਰੋਜ ਦੀ ਤਰ੍ਹਾਂ ਲਕੜਾਂ ਲੈ ਕੇ ਆ ਰਿਹਾ ਸੀ , ਤਾਂ ਬਹੁਤ ਜੋਰ ਦੀ ਹਨ੍ਹੇਰੀ ਚੱਲੀ । ਜਿਸ ਕਰਕੇ ਰਸਤਾ ਦਿੱਸਣੋਂ ਹਟ ਗਿਆ । ਇਸ ਔਖਿਆਈ ਵਿਚ ਉਹ ਹੌਲ਼ੀ-ਹੌਲ਼ੀ ਤੁਰਿਆ ਗਿਆ , ਜਿਸ ਕਰਕੇ ਉਹ ਇਕ ਖੂਹ ਵਿਚ ਡਿੱਗ ਪਿਆ । ਜਿਸ ਵਿਚ ਥੋੜ੍ਹਾ ਪਾਣੀ ਸੀ । ਲਕੜਾਂ ਦੀ ਪੰਡ ਪਾਣੀ ਵਿਚ ਡਿੱਗ ਪਈ , ਉਸਨੇ ਉਹ ਪੰਡ ਸਿਰ ਤੇ ਰੱਖ ਲਈ । ਤੇ ਗੁਰੂ ਗੁਰੂ ਜਪਣ ਲੱਗ ਪਿਆ , ਹੌਲ਼ੀ ਹੌਲ਼ੀ ਹਨੇਰੀ ਘਟ ਗਈ ।

ਪ੍ਰਸ਼ਨ ੪੨: ਜਦੋਂ ਭਾਈ ਮੰਝ ਖੂਹ ਵਿਚ ਡਿੱਗਾ ਤਾਂ ਗੁਰੂ ਜੀ ਨੇ ਕੀ ਕੀਤਾ ?

ਉੱਤਰ – ਜਦੋਂ ਭਾਈ ਮੰਝ ਖੂਹ ਵਿਚ ਡਿਗਾ , ਅੰਤਰਜਾਮੀ ਗੁਰੂ ਜੀ ਉਸੇ ਵੇਲੇ ਨੰਗੇ ਪੈਰੀ ਤੁਰ ਪਏ , ਸੇਵਕਾਂ ਨੂੰ ਕਿਹਾ ਰੱਸੇ ਲੈ ਕੇ ਆਓ । ਭਾਈ ਮੰਝ ਜਿਸ ਖੂਹ ਵਿਚ ਡਿੱਗਾ ਸੀ ਉਹ ਹਰਿਮੰਦਰ ਸਾਹਿਬ ਜੀ ਤੋਂ ਪੰਜ ਕਿਲੋ ਮੀਟਰ ਦੂਰ , ਤਰਨਤਾਰਨ ਰੋਡ ਤੇ , ਰੋਡ ਤੋਂ ਕੁਝ ਕੁ ਦੂਰ ਚੜਦੇ ਵੱਲ ਹੈ ।

ਪ੍ਰਸ਼ਨ ੪੩: ਉੱਥੇ ਜਾ ਕੇ ਗੁਰੂ ਜੀ ਨੇ ਕੀ ਅਵਾਜ ਦਿੱਤੀ ?

ਉੱਤਰ – ਗੁਰੂ ਜੀ ਖੂਹ ਤੇ ਪਹੁੰਚੇ, ਸੇਵਾਦਾਰਾਂ ਨੇ ਰੱਸਾ ਖੂਹ ਵਿਚ ਲਮਕਾਇਆ , ਗੁਰੁ ਜੀ ਨੇ ਕਿਹਾ ! ਸਿੱਖਾ ਲਕੜਾਂ ਸੁੱਟ ਕੇ ਰੱਸਾ ਫੜ੍ਹ ਕੇ ਉੱਪਰ ਆ ਜਾ ।

ਪ੍ਰਸ਼ਨ ੪੪: ਉੱਤੋਂ ਅਵਾਜ ਸੁਣ ਕੇ ਭਾਈ ਮੰਝ ਨੇ ਕੀ ਕਿਹਾ ?

ਉੱਤਰ – ਭਾਈ ਮੰਝ ਨੇ ਕਿਹਾ ਪਹਿਲਾਂ ਗੁਰੂ ਕੇ ਲੰਗਰਾਂ ਦੀਆਂ ਲਕੜਾਂ ਬਾਹਰ ਕੱਢੋ , ਫਿਰ ਮੈਂ ਆਵਾਂਗਾ । ਸੋ ਉਸਨੇ ਪਹਿਲਾਂ ਲਕੜਾਂ ਬਾਹਰ ਕਢਵਾਈਆਂ , ਬਾਅਦ ਵਿਚ ਉਹ ਆਪ ਬਾਹਰ ਆਇਆ । ਗੁਰੂ ਜੀ ਨੂੰ ਵੇਖ ਕੇ ਉਸਨੇ ਚਰਨਾਂ ਤੇ ਮੱਥਾ ਟੇਕਿਆ , ਤੇ ਕਿਹਾ ਆਪ ਜੀ ਦਾ ਬਿਰਦ ਸਦਾ ਹੀ ਆਪਣੇ ਸਿੱਖਾਂ ਦੀ ਸੇਵਾ ਕਰਨ ਦਾ ਹੈ ।

ਪ੍ਰਸ਼ਨ ੪੫: ਉਦੋਂ ਭਾਈ ਮੰਝ ਨੂੰ ਗੁਰੂ ਜੀ ਨੇ ਕੀ ਕੀ ਵਰ ਦਿੱਤੇ ?

ਉੱਤਰ – ਗੁਰੂ ਜੀ ਨੇ ਕਿਹਾ ਅਸੀਂ ਤੇਰੇ ਤੇ ਖੁਸ਼ ਹਾਂ ! ਤੇਰੀ ਕਮਾਈ ਥਾਂਇ ਪੈ ਗਈ ਹੈ । ਤੇਰੇ ਸਾਰੇ ਕਲੇਸ ਨਾਸ ਹੋ ਗਏ ਹਨ , ਤੂੰ ਮਨ ਬਾਂਛਤ ਵਰ ਮੰਗ ।

ਪ੍ਰਸ਼ਨ ੪੬: ਗੁਰੂ ਜੀ ਦਾ ਬਚਨ ਸੁਣਕੇ ਭਾਈ ਮੰਝ ਨੇ ਕੀ ਬੇਨਤੀ ਕੀਤੀ ?

ਉੱਤਰ – ਭਾਈ ਮੰਝ ਨੇ ਬੇਨਤੀ ਕੀਤੀ ਸਤਿਗੁਰੂ ਜੀ , ਜੇ ਆਪ ਜੀ ਤੁੱਠੇ ਹੋ ਤਾਂ ! ਇਤਨੀ ਪਰਖ ਹੋਰ ਕਿਸੇ ਦੀ ਨਾ ਕਰਿਓ । ਇਤਨੀ ਪਰਖ ਵਿਚ ਉਤਰਨਾ ਬਹੁਤ ਕਠਿਨ ਹੈ ।

ਪ੍ਰਸ਼ਨ ੪੭: ਉਦੋਂ ਗੁਰੂ ਜੀ ਨੇ ਭਾਈ ਮੰਝ ਦੇ ਪ੍ਰਥਾਇ ਕੀ ਬਚਨ ਕਹੇ ?

ਉੱਤਰ – ਗੁਰੂ ਜੀ ਨੇ ਭਾਈ ਮੰਝ ਦੀ ਬੇਨਤੀ ਸੁਣਕੇ ਕਿਹਾ "ਮੰਝ ਪਿਆਰਾ ਗੁਰੂ ਨੂੰ ਗੁਰੂ ਮੰਝ ਪਿਆਰਾ ॥ ਮੰਝ ਗੁਰੂ ਕਾ ਬੋਹਿਥਾ ਜੱਗ ਲੰਘਣਹਾਰਾ "॥ ਇਹ ਬਚਨ ਕਹਿ ਕੇ ਗੁਰੂ ਜੀ ਨੇ ਉਸਨੂੰ ਆਪਣੀ ਛਾਤੀ ਨਾਲ ਲਾਇਆ ,ਤੇ ਬਹੁਤ ਬਖਸ਼ਿਸ਼ਾਂ ਕੀਤੀਆਂ , ਤੇ ਕਿਹਾ ਤੇਰੀ ਸੇਵਾ ਥਾਂਇ ਪੈ ਗਈ ਹੈ । ਹੁਣ ਤੂੰ ਘਰ ਜਾ ਕੇ ਆਪਣੇ ਪਰਿਵਾਰ ਨੂੰ ਮਿਲ , ਤੇ ਆਪਣੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕਰ ।

ਪ੍ਰਸ਼ਨ ੪੮: ਭਾਈ ਮੰਝ ਗੁਰੂ ਜੀ ਤੋਂ ਬਖਸ਼ਿਸ਼ਾਂ ਲੈ ਕੇ , ਬਹੁਤ ਸਮਾ ਕਿੱਥੇ ਰਹੇ ?

ਉੱਤਰ – ਭਾਈ ਮੰਝ ਗੁਰੂ ਜੀ ਤੋਂ ਬਖਸ਼ਿਸ਼ਾਂ ਲੈ ਕੇ ਬਹੁਤ ਸਮਾਂ, ਪਿੰਡ ਮਾਈ ਕੰਗ (ਹੁਸਿਆਰਪੁਰ) ਰਹੇ । ਤੇ ਉੱਥੇ ਹੀ ਉਨ੍ਹਾਂ ਨੇ ਸਰੀਰ ਛਡਿਆ ।ਭਾਈ ਮੰਝ ਜੀ ਦੇ ਪਿੰਡ ਦਾ ਪਤਾ ਨਹੀਂ ਲਗ ਸਕਿਆ ।

ਪ੍ਰਸ਼ਨ ੪੯: ਭਾਈ ਬਹਿਲੋ ਜੀ ਕੌਣ ਸੀ ਤੇ ਕਿਸਦਾ ਪੁਜਾਰੀ ਸੀ ?

ਉੱਤਰ – ਭਾਈ ਬਹਿਲੋ ਜੱਟ, ਸਖੀ ਸਰਵਰ ਦਾ ਪੁਜਾਰੀ ਸੀ ।

ਪ੍ਰਸ਼ਨ ੫੦ : ਜਦੋਂ ਗੁਰੂ ਜੀ ਨੇ ਭਾਈ ਬਹਿਲੋ ਨੂੰ ਸੱਦਣ ਵਾਸਤੇ ਹੁਕਮਨਾਮਾ ਭੇਜਿਆ , ਤਾਂ ਉਸਨੇ ਕੀ ਜਵਾਬ ਦਿੱਤਾ ?

ਉੱਤਰ – ਭਾਈ ਬਹਿਲੋ ਨੇ ਕਿਹਾ! ਨਾ ਮੈਂ ਗੁਰੂ ਜੀ ਨੂੰ ਜਾਣਦਾ ਹਾਂ ਤੇ ਨਾ ਹੀਂ ਕਦੀ ਉਨ੍ਹਾਂ ਨਾਲ ਮੇਰਾ ਮੇਲ ਹੀ ਹੋਇਆ ਹੈ । ਇਹ ਆਖ ਕੇ ਉਸਨੇ ਗੁਰੂ ਜੀ ਪਾਸ ਆਉਣ ਤੋਂ ਨਾਂਹ ਕਰ ਦਿੱਤੀ ।

ਪ੍ਰਸ਼ਨ ੫੧: ਫਿਰ ਗੁਰੂ ਜੀ ਨੇ ਭਾਈ ਬਹਿਲੋ ਨੂੰ ਦੂਜਾ ਹੁਕਮਨਾਮਾ ਭੇਜ ਕੇ ਪਿਛਲੀ ਕੀ ਖਬਰ ਦੱਸੀ ?

ਉੱਤਰ – ਗੁਰੂ ਜੀ ਨੇ ਕਿਹਾ ਤੈਂਨੂੰ ਪਿਛਲੀ ਖਬਰ ਨਹੀਂ ਰਹੀ ਇਸ ਕਰਕੇ ਤੂੰ ਤੁਰਕ ਦੀ ਕਬਰ ਨੂੰ ਪੂਜਣ ਲੱਗ ਪਿਆ ਹੈਂ । ਇਸਨੇ ਪਰਲੋਕ ਵਿਚ ਤੇਰੀ ਸਹਾਇਤਾ ਨਹੀ ਕਰਨੀ । ਤੂੰ ਸਦਾ ਹੀ ਗੁਰੂ ਘਰ ਦਾ ਸੇਵਕ ਰਿਹਾ ਹੈਂ । ਤੂੰ ਪਿਛਲੇ ਜਨਮਾਂ ਵਿਚ ਮੁਕਤ ਹੋਣ ਵਾਸਤੇ ਬੇਨਤੀਆਂ ਕਰਦਾ ਸੀ , ਹੁਣ ਤੇਰਾ ਮੁਕਤ ਹੋਣ ਦਾ ਸਮਾ ਆ ਗਿਆ ਹੈ ।

ਪ੍ਰਸ਼ਨ ੫੨: ਦੂਜਾ ਹੁਕਮਨਾਮਾ ਪੜ੍ਹ ਕੇ ਭਾਈ ਬਹਿਲੋ ਨੇ ਕੀ ਕਿਹਾ ?

ਉੱਤਰ – ਦੂਜਾ ਹੁਕਮਨਾਮਾ ਪੜ੍ਹਕੇ ਭਾਈ ਬਹਿਲੋ ਨੇ ਕਿਹਾ ! ਮੈ ਅਗਿਆਨੀ ਹਾਂ ਜੇ ਗੁਰੂ ਜੀ ਮੈਂਨੂੰ ਪਿਛਲੇ ਜਨਮਾਂ ਦਾ ਕੋਈ ਪਤਾ ਦੱਸਣ ਤਾਂ ਮੈਂ ਗੁਰੂ ਜੀ ਪਾਸ ਜਾਵਾਂਗਾ ।

ਪ੍ਰਸ਼ਨ ੫੩: ਜਦੋਂ ਗੁਰੂ ਜੀ ਨੇ ਤੀਜਾ ਹੁਕਮਨਾਮਾ ਭੇਜਕੇ ਭਾਈ ਬਹਿਲੋ ਦੇ ਕੁਝ ਪਿਛਲੇ ਜਨਮਾ ਦੇ ਪਤੇ ਲਿਖਕੇ ਭੇਜੇ ਤਾਂ ਉਸਨੇ ਪੜ੍ਹ ਕੇ ਕੀ ਕਿਹਾ ?

ਉੱਤਰ – ਤੀਜਾ ਹੁਕਮਨਾਮਾ ਪੜ੍ਹਕੇ ਉਸਨੇ ਕਿਹਾ ! ਹੁਣ ਤਾਂ ਮੈਂਨੂੰ ਗੁਰੂ ਜੀ ਪਾਸ ਜਾਣਾ ਹੀ ਪਵੇਗਾ । ਜੇ ਸਖੀ ਸਰਵਰ ਆਪਣੀ ਸਕਤੀ ਨਾਲ ਰੋਕ ਦੇਵੇ ਤਾਂ ਮੈਂ ਨਹੀਂ ਜਾਵਾਂਗਾ । ਜੇ ਉਸਨੇ ਕੋਈ ਵਿਘਨ ਨਾ ਪਾਇਆ ਤਾਂ ਮੈਂ ਉਸਦਾ ਭੇਖ ਉਤਾਰ ਕੇ ਸਤਲੁਜ ਦਰਿਆ ਵਿਚ ਸੁਟ ਦਿਆਂਗਾ । ਇਹ ਸੋਚ ਕੇ ਉਹ ਗੁਰੂ ਜੀ ਵੱਲ ਤੁਰ ਪਿਆ । ਜਦੋਂ ਸਤਲਜ ਦਰਿਆ ਤੇ ਆ ਕੇ ਬੇੜੀ ਤੇ ਚੜਿਆ ਤਾਂ ਉਸਨੂੰ ਸਖੀ ਸਰਵਰ ਨੇ ਕੋਈ ਵਿਘਨ ਨਾ ਪਾਇਆ ਉੱਥੇ ਆ ਕੇ ਉਸਨੇ ਸਖੀ ਸਰਵਰ ਦਾ ਭੇਖ ਉਤਾਰ ਕੇ ਦਰਿਆ ਵਿਚ ਸੁੱਟ ਦਿੱਤਾ । ਫਿਰ ਉਹ ਹੌਲ਼ੀ ਹੌਲ਼ੀ ਗੁਰੂ ਜੀ ਪਾਸ ਅੰਮ੍ਰਿਤਸਰ ਆ ਗਿਆ ।

ਪ੍ਰਸ਼ਨ ੫੪: ਜਦੋਂ ਭਾਈ ਬਹਿਲੋ ਗੁਰੂ ਜੀ ਪਾਸ ਆਇਆ, ਉਦੋਂ ਗੁਰੂ ਜੀ ਕੀ ਸੇਵਾ ਕਰਵਾ ਰਹੇ ਸਨ ?

ਉੱਤਰ – ਜਦੋਂ ਬਾਈ ਬਹਿਲੋ ਗੁਰੂ ਜੀ ਪਾਸ ਆਇਆ ,ਉਦੋਂ ਗੁਰੂ ਜੀ ਸਰੋਵਰ ਵਿੱਚੋਂ ਮਿੱਟੀ ਕੱਢਾਉਣ ਦੀ ਸੇਵਾ ਕਰਵਾ ਰਹੇ ਸਨ ।

ਪ੍ਰਸ਼ਨ ੫੫: ਭਾਈ ਬਹਿਲੋ ਨੇ ਗੁਰੂ ਜੀ ਨੂੰ ਕੀ ਬੇਨਤੀ ਕੀਤੀ ?

ਉੱਤਰ – ਭਾਈ ਬਹਿਲੋ ਨੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕ ਕੇ ਕਿਹਾ ,ਮੈਂ ਆਪ ਜੀ ਦੀ ਸ਼ਰਨ ਆਇਆ ਹਾਂ , ਮੈਂਨੂੰ ਆਪਣੀ ਸੇਵਾ ਤੇ ਲਾਓ ।

ਪ੍ਰਸ਼ਨ ੫੬ : ਗੁਰੂ ਜੀ ਨੇ ਭਾਈ ਬਹਿਲੋ ਦੀ ਬੇਨਤੀ ਸੁਣ ਕੇ ਕੀ ਕਿਹਾ ?

ਉੱਤਰ – ਗੁਰੂਜੀ ਨੇ ਭਾਈ ਬਹਿਲੋ ਨੂੰ ਸਾਰੇ ਮਜਦੂਰਾਂ ਨਾਲ ਮਜਦੂਰੀ ਦੇਣੀ ਕਰਕੇ ਕਿਹਾ , ਸਰੋਵਰ ਦੀ ਸੇਵਾ ਕਰ ਤੇ ਲੰਗਰ ਵਿੱਚੋਂ ਪਰਸ਼ਾਦਾ ਛਕਿਆ ਕਰ ।

ਪ੍ਰਸ਼ਨ ੫੭: ਕੁਝ ਸਮੇਂ ਬਾਅਦ ਗੁਰੂ ਜੀ ਨੇ ਭਾਈ ਬਹਿਲੋ ਦੀ ਸੇਵਾ ਬਦਲ ਕੇ ਕਿੱਥੇ ਲਾਈ ?

ਉੱਤਰ – ਕੁਝ ਸਮੇ ਬਾਅਦ ਗੁਰੂਜੀ ਨੇ ਭਾਈ ਬਹਿਲੋ ਦੀ ਸੇਵਾ ਬਦਲ ਕੇ ਇੱਟਾਂ ਪਕਾਉਣ ਤੇ ਲਾਈ ।

ਪ੍ਰਸ਼ਨ ੫੮: ਜਦੋਂ ਕਿਸੇ ਇੱਟਾਂ ਪਕਾਉਣ ਵਾਲੇ ਨੂੰ ਭਾਈ ਬਹਿਲੋ ਜੀ ਨੇ ਪੁੱਛਿਆ ਬਹੁਤ ਚੰਗੀਆਂ ਇੱਟਾਂ ਕਿਸ ਤਰ੍ਹਾਂ ਪਕਣਗੀਆਂ ਤਾਂ ਉਸਨੇ ਕੀ ਦਸਿਆ ?

ਉੱਤਰ – ਇੱਟਾਂ ਪਕਾਉਣ ਵਾਲੇ ਨੇ ਕਿਹਾ , ਬਾਲਣ ਨਾਲ ਬਿਸਟਾ ਪਾਇਆ ਜਾਵੇ ਤਾਂ ਬਹੁਤ ਚੰਗੀਆਂ ਇੱਟਾਂ ਪਕਣਗੀਆਂ ।

ਪ੍ਰਸ਼ਨ ੫੯: ਉਸਦੀ ਗੱਲ ਸੁਣਕੇ ਭਾਈ ਬਹਿਲੋ ਨੇ ਇੱਟਾਂ ਪਕਾਉਣ ਵਾਸਤੇ ਕੀ ਕੀਤਾ ?

ਉੱਤਰ – ਭਾਈ ਬਹਿਲੋ ਨੇ ਸ਼ਹਿਰ ਦੇ ਭੰਗੀ ਸੱਦਕੇ ਉਨ੍ਹਾਂ ਨਾਲ ਆਪ ਲੱਗ ਕੇ । ਬਿਸਟਾ ਅਤੇ ਕੂੜੇ ਦੀਆਂ ਟੋਕਰੀਆਂ ਚੁੱਕ ਕੇ ਖੋਤਿਆਂ ਤੇ ਲੱਦ ਲਿਆਏ । ਕੱਚੀਆਂ ਇੱਟਾਂ ਦੇ ਚਾਰ ਚੁਫੇਰੇ ਬਾਲਣ ਨਾਲ ਬਿਸਟਾ ਤੇ ਕੂੜਾ ਪਾ ਦਿੱਤਾ ਇਸ ਤਰ੍ਹਾਂ ਬਹੁਤ ਲਾਲ ਇੱਟਾਂ ਪਕੀਆਂ ।

ਪ੍ਰਸ਼ਨ ੬੦: ਗੁਰੂ ਜੀ ਨੇ ਭਾਈ ਬਹਿਲੋ ਦੀ ਬਹੁਤ ਘਾਲ ਕਮਾਈ ਵੇਖ ਕੇ ਕੀ ਬਚਨ ਕੀਤਾ ?

ਉੱਤਰ – ਗੁਰੂਜੀ ਨੇ ਕਿਹਾ ਭਾਈ ਬਹਿਲੋ ਸਭ ਤੋਂ ਪਹਿਲੋ ॥ ਗੁਰੂ ਜੀ ਦੇ ਇਸ ਬਚਨ ਨਾਲ ਭਾਈ ਬਹਿਲੋ ਜੀ ਦੀ ਆਤਮਾ ਸੁਧ ਹੋ ਗਈ ਤੇ ਬ੍ਰਹਮ ਗਿਆਨ ਹੋ ਗਿਆ ।

ਪ੍ਰਸ਼ਨ ੬੧: ਜਦੋਂ ਅੰਮ੍ਰਿਤ ਸਰੋਵਰ ਅਤੇ ਹਰਿਮੰਦਰ ਸਾਹਿਬ ਦੀ ਸੇਵਾ ਪੂਰੀ ਹੋਈ ਤਾਂ ਗੁਰੂ ਜੀ ਨੇ ਭਾਈ ਬਹਿਲੋ ਨੂੰ ਕੀ ਬਖਸਿਆ ?

ਉੱਤਰ – ਜਦੋਂ ਅੰਮ੍ਰਿਤ ਸਰੋਵਰ ਤੇ ਹਰਿਮੰਦਰ ਸਾਹਿਬ ਦੀ ਸੇਵਾ ਪੂਰੀ ਹੋਈ ਤਾਂ ਗੁਰੂ ਜੀ ਨੇ ਭਾਈ ਬਹਿਲੋ ਨੂੰ ਖੁਸ ਹੋ ਕੇ ਗੁਪਤ ਰੂਹਾਂ ਬਖਸ਼ੀਆਂ ਸਨ ।

ਪ੍ਰਸ਼ਨ ੬੨: ਭਾਈ ਬਹਿਲੋ ਗੁਰੂ ਜੀ ਤੋਂ ਬਖਸ਼ਿਸਾਂ ਲੈ ਕੇ ਕਿੱਥੇ ਰਹੇ ?

ਉੱਤਰ – ਭਾਈ ਬਹਿਲੋ ਗੁਰੂ ਜੀ ਤੋਂ ਬਖਸ਼ਿਸ਼ਾਂ ਲੈ ਕੇ ਫਫੜੇ ਪਿੰਡ (ਮਾਨਸਾ) ਜਾ ਕੇ ਰਹੇ । ਉੱਥੇ ਹੀ ਉਨ੍ਹਾਂ ਨੇ ਸਰੀਰ ਛਡਿਆ । ਭਾਈ ਬਹਿਲੋ ਦੇ ਜੱਦੀ ਪਿੰਡ ਦਾ ਪਤਾ ਨਹੀ ਲੱਗ ਸਕਿਆ , ਇਤਿਹਾਸ ਵਿਚ ਮਾਲਵਾ ਕਰਕੇ ਹੀ ਲਿਖਿਆ ਹੈ ।

ਪ੍ਰਸ਼ਨ ੬੩ :ਭਾਈ ਤਿਲਕੂ ਜੀ ਕਿੱਥੋਂ ਦੇ ਰਹਿਣ ਵਾਲੇ ਸਨ ?

ਉੱਤਰ – ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਕ ਤਿਲਕੂ ਨਾਮ ਦਾ ਸਿੱਖ ਗੜ੍ਹਸ਼ੰਕਰ ਜਿਲ੍ਹਾ ਹੁਸ਼ਿਆਰਪੁਰ ਦਾ ਰਹਿਣ ਵਾਲਾ ਸੀ ।

ਪ੍ਰਸ਼ਨ ੬੪: ਮਹੇਸ਼ੇ ਜੋਗੀ ਨੇ ਕੀ ਵਰ ਲਿਆ ਸੀ ?

ਉੱਤਰ – ਉੱਥੇ ਮਹੇਸ਼ੇ ਨਾਮ ਦਾ ਇਕ ਜੋਗੀ ਵੀ ਰਹਿੰਦਾ ਸੀ । ਉਸ ਨੇ ਸ਼ਿਵਜੀ ਦੀ ਭਗਤੀ ਕਰ ਕੇ ਵਰ ਲਿਆ ਸੀ, ਕਿ ਜੋ ਮੇਰੇ ਦਰਸ਼ਨ ਕਰੇਗਾ, ਉਸ ਨੂੰ ਇਕ ਸਾਲ ਵਾਸਤੇ ਸ੍ਵਰਗ ਦੀ ਪ੍ਰਾਪਤੀ ਹੋਵੇਗੀ । ਇਸ ਕਰਕੇ ਉਸ ਨੇ ਸਾਰੇ ਨਗਰ ਵਿਚ ਢੰਡੋਰਾ ਪਿਟਵਾ ਦਿੱਤਾ ਸੀ ਕਿ ਜੋ ਮੇਰੇ ਦਰਸ਼ਨ ਕਰੇਗਾ, ਉਸ ਨੂੰ ਇਕ ਸਾਲ ਵਾਸਤੇ ਸ੍ਵਰਗ ਦੀ ਪ੍ਰਾਪਤੀ ਹੋਵੇਗੀ ।

ਪ੍ਰਸ਼ਨ ੬੫: ਜੋਗੀ ਨੇ ਭਾਈ ਤਿਲਕੂ ਜੀ ਨੂੰ ਆਪਣੇ ਵੱਲ ਖਿੱਚਣ ਵਾਸਤੇ ਕੀ-ਕੀ ਲਾਲਚ ਦਿੱਤੇ ਤੇ ਕੀ-ਕੀ ਉਪਾਅ ਕੀਤੇ ਸਨ ?

ਉੱਤਰ – ਜੋਗੀ ਨੇ ਆਪਣੀਆਂ ਰਿੱਧੀਆਂ-ਸਿੱਧੀਆਂ ਦੀ ਕਮਾਈ ਦਾ ਸਦਕਾ ਭਾਈ ਤਿਲਕੂ ਦੀ ਸੁਰਤ 'ਤੇ ਕਾਬੂ ਪਾਉਣ ਦਾ ਪੂਰਾ ਯਤਨ ਕੀਤਾ । ਪਰ ਉਹ ਆਪਣੇ ਆਪ ਨੂੰ ਅਸਫਲ ਵੇਖ ਕੇ ਭਾਈ ਤਿਲਕੂ ਜੀ ਦੇ ਘਰ ਵੱਲ ਤੁਰ ਪਿਆ ।

ਪ੍ਰਸ਼ਨ ੬੬: ਜਦੋਂ ਜੋਗੀ ਭਾਈ ਤਿਲਕੂ ਜੀ ਪਾਸ ਗਿਆ ਤਾਂ ਉਨ੍ਹਾਂ ਦੀ ਕੀ-ਕੀ ਚਰਚਾ ਹੋਈ ਸੀ ?

ਉੱਤਰ – ਜਦੋਂ ਭਾਈ ਤਿਲਕੂ ਨੂੰ ਪਤਾ ਲੱਗਾ ਜੋਗੀ ਆ ਰਿਹਾ ਹੈ । ਤਾਂ ਉਸ ਨੇ ਬੂਹਾ ਬੰਦ ਕਰ ਲਿਆ । ਜੋਗੀ ਨੇ ਕਿਹਾ, "ਜੇ ਤੂੰ ਮੇਰੇ ਦਰਸ਼ਨ ਨਹੀਂ ਕਰਨੇ ਤਾਂ ਮੈਨੂੰ ਆਪਣੇ ਦਰਸ਼ਨ ਦੇ ਦਿਉ ।" ਭਾਈ ਤਿਲਕੂ ਨੇ ਕਿਹਾ,"ਪਹਿਲਾਂ ਤੂੰ ਆਪਣਾ ਬਚਨ ਮੋੜ ਲੈ ਕਿ ਤੈਂਨੂੰ ਮੇਰੇ ਦਰਸ਼ਨ ਹੋਣ ’ਤੇ ਸੂਰਗ ਦੀ ਪ੍ਰਾਪਤੀ ਨਹੀਂ ਹੋਵੇਗੀ ।

ਪ੍ਰਸ਼ਨ ੬੭: ਭਾਈ ਤਿਲਕੂ ਦੀ ਗਲ ਸੁਣਕੇ ਜੋਗੀ ਨੇ ਕੀ ਕਿਹਾ ?

ਉੱਤਰ – “ਭਾਈ ਤਿਲਕੂ, ਦੀ ਗੱਲ ਸੁਣ ਕੇ ਜੋਗੀ ਨੇ ਕਿਹਾ, "ਮੈਂ ਆਪਣਾ ਬਚਨ ਮੋੜ ਲਿਆ ਹੈ । ਤੁਹਾਨੂੰ ਮੇਰੇ ਦਰਸ਼ਨ ਹੋਣ ’ਤੇ ਸੂਰਗ ਦੀ ਪ੍ਰਾਪਤੀ ਨਹੀਂ ਹੋਵੇਗੀ । ਤੁਸੀ ਕਿਰਪਾ ਕਰ ਕੇ ਬੂਹਾ ਖੋਲ੍ਹੋ ।" ਜੋਗੀ ਦੀ ਬੇਨਤੀ ਸੁਣ ਕੇ ਭਾਈ ਤਿਲਕੂ ਨੇ ਬੂਹਾ ਖੋਲ੍ਹਿਆ ਤੇ ਕਿਹਾ, "ਆਓ ਜੋਗੀ ਜੀ, ਕਿਸ ਤਰ੍ਹਾਂ ਆਉਣੇ ਹੋਏ ?" ਜੋਗੀ ਨੇ ਕਿਹਾ, "ਤੂੰ ਕਿਸ ਗੁਰੂ ਦਾ ਸਿੱਖ ਹੈਂ । ਜਿਸ ਗੁਰੂ ਨੇ ਤੈਂਨੂੰ ਐਸਾ ਅਹਿੱਲ ਤੇ ਅਡੋਲ ਭਰੋਸੇ ਵਾਲਾ ਜੀਵਨ ਬਖ਼ਸ਼ਿਆ ਹੈ । ਮੈਨੂੰ ਵੀ ਉਸ ਗੁਰੂ ਦੇ ਦਰਸ਼ਨ ਕਰਾਉ ।"

ਪ੍ਰਸ਼ਨ .੬੮: ਬਾਬਾ ਬਿਧੀ ਚੰਦ ਜੀ ਦੇ ਮਾਤਾ ਪਿਤਾ ਜੀ ਦਾ ਨਾਮ ਤੇ ਪਿੰਡ ਦਾ ਨਾਮ ਦੱਸੋ ?

ਉੱਤਰ – ਬਾਬਾ ਬਿਧੀ ਚੰਦ ਜੀ ਦੇ ਪਿਤਾ ਬਾਬਾ ਦੇਵਾ ਜੀ ਤੇ ਮਾਤਾ ਲੱਖੋ (ਸੰਭਲੀ) ਜੀ ਸਨ । ਬਾਬਾ ਬਿਧੀ ਚੰਦ ਜੀ ਦਾ ਜਨਮ ੧੬੩੬ ਬਿਕ੍ਰਮੀ ੧੩ ਵੈਸਾਖ ਮੁਤਾਬਿਕ ੮ ਅਪਰੈਲ , ਸੰਨ ੧੫੮੦ ਨੂੰ ਹੋਇਆ ਸੀ । ਉਨ੍ਹਾ ਦਾ ਪਿੰਡ ਛੀਨਾ ਜਿਲ੍ਹਾ ਅੰਮ੍ਰਿਤਸਰ ਦੇ ਦੱਖਣ ਵਲ ਭਿੱਖੀਵਿੰਡ ਤੇ ਖਾਲੜੇ ਤੋਂ ੧੨ ਕਿਲੋਮੀਟਰ ਹੈ ।

ਪ੍ਰਸ਼ਨ ੬੯ :ਬਾਬਾ ਬਿਧੀ ਚੰਦ ਜੀ ਦੇ ਨਾਨਕੇ ਕਿੱਥੇ ਸਨ ?

ਉੱਤਰ – ਬਾਬਾ ਬਿਧੀ ਚੰਦ ਜੀ ਦੇ ਨਾਨਕੇ ਸਰਹਾਲ਼ੀ (ਤਰਨ ਤਾਰਨ) ਸਨ ।

ਪ੍ਰਸ਼ਨ ੭੦ :ਬਾਬਾ ਬਿਧੀ ਚੰਦ ਨੇ ਮੱਝਾਂ ਕਿੱਥੋਂ ਕੱਢ ਕੇ ਲਿਆਂਦੀਆਂ ਸਨ ?

ਉੱਤਰ – ਇਕ ਸਮੇਂ ਬਾਬਾ ਬਿਧੀ ਚੰਦ ਜੀ ਪਿੰਡ ਆਲ੍ਹੀਆਂ ਤੋਂ ਮੱਝਾਂ ਚੁਰਾ ਕੇ ਪਿੰਡ ਧੁੰਨ ਥਾਣੀਂ ਪਿੰਡ ਚੋਹਲਾ ਸਾਹਿਬ ਨੂੰ ਲਿਆ ਰਹੇ ਸਨ । (ਪਿੰਡ ਆਲ੍ਹੀਆਂ ਬਿਆਸ ਦਰਿਆ ਤੋਂ ਪਾਰ ਕਪੂਰਥਲੇ ਜਿਲ੍ਹੇ ਵਿਚ ਤੇ ਚੋਹਲਾ ਸਾਹਿਬ ਤੋਂ ੧੦ ਕਿਲੋਮੀਟਰ ਹੈ)।

ਪ੍ਰਸ਼ਨ ੭੧ :ਜਦੋਂ ਬਾਬਾ ਬਿਧੀ ਚੰਦ ਜੀ ਬਾਬਾ ਅਦਲੀ ਜੀ ਦੀ ਸ਼ਰਨ ਗਏ ਤਾਂ ਉਨ੍ਹਾਂ ਨੇ ਕੀ ਸਿਖਿਆ ਦਿੱਤੀ ਸੀ ?

ਉੱਤਰ – ਉਦੋਂ ਬਾਬਾ ਅਦਲੀ ਜੀ ਨੇ ਸ਼ਰਣ ਪਿਆ ਜਾਣ ਕੇ ਕਿਹਾ, "ਇੱਥੇ ਬੈਠ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਿਮਰਨ ਕਰ, ਉਹ ਤੇਰੀ ਰੱਖਿਆ ਕਰਨਗੇ । ਫਿਰ ਉਨ੍ਹਾਂ ਦਾ ਸਿੱਖ ਬਣ ਜਾਵੀਂ ਤੇ ਚੋਰੀਆਂ ਛੱਡ ਦੇਵੀਂ ।"

ਪ੍ਰਸ਼ਨ ੭੨ :ਬਾਬਾ ਅਦਲੀ ਜੀ ਤੇ ਬਾਬਾ ਬਿਧੀ ਚੰਦ ਜੀ ਦੀ ਬੇਨਤੀ ਸੁਣ ਕੇ, ਸਤਿਗੁਰੂ ਜੀ ਨੇ ਬਾਬਾ ਬਿਧੀ ਚੰਦ ਜੀ ਨੂੰ ਕੀ ਉਪਦੇਸ਼ ਦਿੱਤਾ ਸੀ ?

ਉੱਤਰ – ਸਤਿਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਸੁਣ ਕੇ ਬਾਬਾ ਬਿਧੀ ਚੰਦ ਨੂੰ ਚਰਨ ਪਾਹੁਲ ਦੇ ਕੇ ਆਪਣਾ ਸਿੱਖ ਬਣਾਇਆ ਤੇ ਵਾਹਿਗੁਰੂ ਗੁਰ ਮੰਤ੍ਰ ਦਾ ਉਪਦੇਸ਼ ਦਿੱਤਾ । ਸਤਿਗੁਰੂ ਜੀ ਨੇ ਕਿਹਾ, "ਹੁਣ ਚੋਰੀਆਂ ਛੱਡ ਦੇਹ ਤੇ ਗੁਰ ਮੰਤ੍ਰ ਦਾ ਜਾਪ ਕਰਿਆ ਕਰ, ਸੰਗਤਾਂ ਦੀ ਸੇਵਾ ਕਰ । ਗੁਰਬਾਣੀ ਪੜ੍ਹਿਆ ਤੇ ਸੁਣਿਆ ਕਰ ਤੇ ਵਾਹਿਗੁਰੂ ਨੂੰ ਸਿਮਰਿਆ ਕਰ।"।

ਪ੍ਰਸ਼ਨ ੭੩ : ਪਿੰਡ ਚੋਹਲਾ ਸਾਹਿਬ ਦਾ ਪਹਿਲਾ ਨਾਮ ਕੀ ਸੀ ਤੇ ਉਹ ਕਿੱਥੇ ਹੈ ?

ਉੱਤਰ – ਪਿੰਡ ਚੋਹਲਾ ਸਾਹਿਬ ਤਰਨ ਤਾਰਨ ਸਾਹਿਬ ਤੋਂ ਵੀਹ (੨੦) ਕਿਲੋਮੀਟਰ ਦੂਰ ਹੈ । ਪਹਿਲਾਂ ਇਸ ਪਿੰਡ ਦਾ ਨਾਮ ਭੈਣੀ ਸੀ ।

ਪ੍ਰਸ਼ਨ ੭੪ :ਮਾਈ ਨੰਬਰਦਾਰਨੀ ਨੇ ਸਤਿਗੁਰੂ ਜੀ ਨੂੰ ਕੀ ਬੇਨਤੀ ਕੀਤੀ ਸੀ ?

ਉੱਤਰ – ਮਾਈ ਨੰਬਰਦਾਰਨੀ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਆਪ ਜੀ ਦੇ ਮਹਿਲ ਮਾਤਾ ਗੰਗਾ ਜੀ ਦਾ ਉਤਾਰਾ ਆਪਣੇ ਘਰ ਕਰਨਾ ਚਾਹੁੰਦੀ ਹੈ । ਤਾਂ ਸਤਿਗੁਰੂ ਜੀ ਨੇ ਉਸ ਦੀ ਬੇਨਤੀ ਪਰਵਾਨ ਕਰ ਲਈ ।

ਪ੍ਰਸ਼ਨ ੭੫ : ਜਦੋਂ ਸਤਿਗੁਰੂ ਜੀ ਨੇ ਚੂਰੀ ਛਕੀ ਤਾਂ ਕਿਹੜਾ ਸ਼ਬਦ ਉਚਾਰਿਆ ਸੀ ਤੇ ਪਿੰਡ ਵਾਲਿਆਂ ਨੂੰ ਕੀ ਕਿਹਾ ਸੀ ?

ਧਨਾਸਰੀ ਮਹਲਾ ੫ ॥

ਉੱਤਰ –ਬਾਰਿ ਜਾਉ ਗੁਰ ਅਪੁਨੇ ਊਪਰਿ ਜਿਨਿ ਹਰਿ ਹਰਿ ਨਾਮੁ ਦ੍ਰਿੜਾਯਾ ॥ ਮਹਾ ਉਦਿਆਨ ਅੰਧਕਾਰ ਮਹਿ ਜਿਨਿ ਸੀਧਾ ਮਾਰਗੁ ਦਿਖਾਯਾ ॥੧॥ ਇਹ ਸਾਰਾ ਸ਼ਬਦ ਉਚਾਰ ਕੇ ਸਤਿਗੁਰੂ ਜੀ ਨੇ ਪਿੰਡ ਵਾਲਿਆਂ ਨੂੰ ਕਿਹਾ ਕਿ ਇਸ ਪਿੰਡ ਦਾ ਨਾਮ ਕੀ ਹੈ ? ਪਿੰਡ ਵਾਲਿਆਂ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਇਸ ਪਿੰਡ ਦਾ ਨਾਮ ਭੈਣੀ ਹੈ । ਸਤਿਗੁਰੂ ਜੀ ਨੇ ਉਨ੍ਹਾਂ ਨੂੰ ’ ਕਿਹਾ ਕਿ ਹੁਣ ਤੋਂ ਇਸ ਪਿੰਡ ਦਾ ਨਾਮ ਚੋਲ੍ਹਾ ਹੈ, ਪਹਿਲਾ ਨਾਮ ਚੰਗਾ ਨਹੀਂ ਹੈ ।

ਪ੍ਰਸ਼ਨ ੭੬ : ਜਦੋਂ ਨੰਬਰਦਾਰ ਨੇ ਕਿਹਾ ਕਿ ਸਤਿਗੁਰੂ ਜੀ ਜਦੋਂ ਅਸੀਂ ਦਿੱਲੀ ਮਾਮਲਾ ਤਾਰਨ ਜਾਵਾਂਗੇ, ਉੱਥੇ ਕਿਸ ਤਰ੍ਹਾਂ ਚੋਲ੍ਹਾ ਆਖਾਂਗੇ, ਉੱਥੇ ਤਾਂ ਹਰ ਜਗ੍ਹਾ ਭੈਣੀ ਨਾਮ ਹੀ ਲਿਖਿਆ ਹੈ, ਤਾਂ ਸਤਿਗੁਰੂ ਜੀ ਨੇ ਕੀ ਕਿਹਾ ਸੀ ?

ਉੱਤਰ – ਸਤਿਗੁਰੂ ਜੀ ਨੇ ਕਿਹਾ, "ਸ਼ੰਕਾ ਨਾ ਕਰ, ਉੱਥੇ ਵੀ ਚੋਲ੍ਹਾ ਨਾਮ ਹੀ ਲਿਖਿਆ ਜਾਵੇਗਾ । ਭੈਣੀ ਮਿਟ ਜਾਵੇਗਾ ।"ਸਤਿਗੁਰੂ ਜੀ ਦੇ ਬਚਨ ਸੁਣ ਕੇ ਸਾਰਿਆਂ ਨੂੰ ਨਿਸ਼ਚਾ ਹੋ ਗਿਆ ।

ਪ੍ਰਸ਼ਨ ੭੭: ਪਿੰਡ ਛਾਪਰੀ ਸਾਹਿਬ ਕਿੱਥੇ ਹੈ ?

ਉੱਤਰ – ਪਿੰਡ ਛਾਪਰੀ ਸਾਹਿਬ ਤਰਨ ਤਾਰਨ ਸਾਹਿਬ ਤੋਂ ੨੦ ਕਿਲੋਮੀਟਰ ਦੂਰ ਹੈ ।

ਪ੍ਰਸ਼ਨ ੭੮ : ਛਾਪਰੀ ਸਾਹਿਬ ਅਸਥਾਨ 'ਤੇ ਕੌਣ ਸਿੱਖ ਸੇਵਾ ਕਰਦਾ ਸੀ ?

ਉੱਤਰ – ਸਤਿਗੁਰੂ ਜੀ ਦੇ ਇਸ ਅਸਥਾਨ ਦੀ ਸੇਵਾ ਉਨ੍ਹਾਂ ਦੇ ਸਮੇਂ ਤੋਂ ਹੀ ਉਨ੍ਹਾਂ ਦਾ ਇਕ ਪ੍ਰੇਮੀ ਸਿੱਖ ਕਰਦਾ ਸੀ । ਜਿਸ ਦਾ ਨਾਮ ਭਾਈ ਹੇਮਾ ਸੀ ।

ਪ੍ਰਸ਼ਨ ੭੯ : ਜਦੋਂ ਸਿੱਖ ਖ਼ਾਨ ਰਜਾਦੇ ਪਿੰਡ ਗਏ ਕਿ ਸਤਿਗੁਰੂ ਜੀ ਨੂੰ' ਰਾਤ ਰਹਿਣ ਵਾਸਤੇ ਕੋਈ ਜਗ੍ਹਾ ਦਿਉ ਤਾਂ ਉਨ੍ਹਾਂ ਨੇ ਕੀ ਜਵਾਬ ਦਿੱਤਾ ਸੀ ?

ਉੱਤਰ – ਸਿੱਖਾਂ ਨੇ ਪਿੰਡ ਵਾਲਿਆਂ ਨੂੰ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜੋਤ ਸ੍ਰੀ ਗੁਰੂ ਅਰਜਨ ਦੇਵ ਜੀ ਆਏ ਹਨ । ਉਨ੍ਹਾਂ ਨੂੰ ਰਾਤ ਰਹਿਣ ਵਾਸਤੇ ਕੋਈ ਜਗ੍ਹਾ ਚਾਹੀਦੀ ਹੈ । ਪਿੰਡ ਵਾਲੇ ਜੰਝ ਘਰ ਵਿੱਚ ਸ਼ਰਾਬ ਪੀ ਕੇ ਵੇਸਵਾ ਨਚਾ ਰਹੇ ਸਨ । ਉਨ੍ਹਾਂ ਵਿੱਚੋਂ ਕਿਸੇ ਨੇ ਕਿਹਾ ਕਿ ਚੁਬਾਰੇ ਵਿਚ ਦਾਣੇ ਪਏ ਹਨ, ਕਿਸੇ ਨੇ ਕਿਹਾ ਕਿ ਸਾਡੇ ਪਰਾਹੁਣੇ ਆਏ ਹਨ । ਇਸ ਤਰ੍ਹਾਂ ਉਨ੍ਹਾਂ ਨੇ ਕੋਈ ਨਾ ਕੋਈ ਬਹਾਨਾ ਲਾ ਕੇ ਸਾਫ਼ ਜਵਾਬ ਦੇ ਦਿੱਤਾ ਕਿ ਉਨ੍ਹਾਂ ਦੇ ਰਹਿਣ ਵਾਸਤੇ ਸਾਡੇ ਪਾਸ ਕੋਈ ਜਗ੍ਹਾ ਵਿਹਲੀ ਨਹੀਂ ਹੈ ।

ਪ੍ਰਸ਼ਨ ੮੦ : ਸਤਿਗੁਰੂ ਜੀ ਨੇ ਭਾਈ ਹੇਮੇ ਦੇ ਪ੍ਰਥਾਇ ਕਿਹੜਾ ਸ਼ਬਦ ਉਚਾਰਿਆ ਸੀ ?

ਉੱਤਰ – ਰਾਗੁ ਸੂਹੀ ਮਹਲਾ ੫ ਘਰੁ ੪ ੧ੴ ਸਤਿਗੁਰ ਪ੍ਰਸਾਦਿ॥

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥ ਕਿਤਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥੧॥ ਰਹਾਉ ॥ਇਹ ਸਾਰਾ ਸਬਦ ਉਚਾਰਿਆ ।

ਪ੍ਰਸ਼ਨ ੮੧: ਭਾਈ ਸੰਮਨ ਤੇ ਮੂਸਨ ਕਿੱਥੋਂ ਦੇ ਰਹਿਣ ਵਾਲੇ ਸਨ ਤੇ ਕਿੱਥੇ ਰਹਿ ਕੇ ਨੌਕਰੀ ਕਰਦੇ ਸਨ ?

ਉੱਤਰ – ਸੰਮਨ ਪਿਤਾ ਤੇ ਮੂਸਨ ਉਸ ਦਾ ਪੁੱਤਰ ਪਿੰਡ ਸ਼ਾਹਬਾਜ਼ ਪੁਰ ਤਰਨ ਤਾਰਨ ਸਾਹਿਬ ਤੋਂ ੧੬ ਕਿਲੋਮੀਟਰ ਦੂਰ ਦੇ ਵਸਨੀਕ ਸਨ । ਉਹ ਲਾਹੌਰ ਰਹਿੰਦੇ ਸਨ। ਸੰਮਨ ਕਿਸੇ ਸ਼ਾਹੂਕਾਰ ਪਾਸ ਮੁਨੀਮ ਲੱਗਾ ਸੀ ਤੇ ਮੂਸਨ ਵੀ ਉਸੇ ਸ਼ਾਹੂਕਾਰ ਪਾਸ ਕੰਮ ਕਰਦਾ ਸੀ ।

ਪ੍ਰਸ਼ਨ ੮੨: ਜਦੋਂ ਸੰਮਨ ਮੂਸਨ ਸ਼ਾਹੂਕਾਰ ਪਾਸ ਆਪਣੀ ਮਾਇਆ ਲੈਣ ਗਏ ਤਾਂ ਉਸ ਨੇ ਕੀ ਜਵਾਬ ਦਿੱਤਾ ਸੀ ?

ਉੱਤਰ – ਇਹ ਜਿਸ ਸ਼ਾਹੂਕਾਰ ਪਾਸ ਨੌਕਰੀ ਕਰਦੇ ਸਨ, ਉਸ ਪਾਸ ਇਨ੍ਹਾਂ ਦੀ ਤਨਖ਼ਾਹ ਦੇ ੫੦੦ ਰੁਪਏ ਜਮ੍ਹਾਂ ਸਨ । ਇਹ ਸ਼ਾਹੂਕਾਰ ਪਾਸ ਆਪਣੀ ਮਾਇਆ ਲੈਣ ਗਏ । ਉਸ ਨੂੰ ਕਿਹਾ, "ਸਾਨੂੰ ਸਾਡੀ ਮਾਇਆ ਦੇ ਦਿਉ । ਅਸੀਂ ਗੁਰੂ ਜੀ ਦਾ ਲੰਗਰ ਕਰਨਾ ਹੈ ।" ਉਸ ਨੇ ਖੁਟਿਆਈ ਸੋਚ ਕੇ ਜਵਾਬ ਦੇ ਦਿੱਤਾ ਕਿ ਗੁਰੂ ਸਾਹਿਬ ਸਿੱਖਾਂ ਦੇ ਘਰੋਂ ਭੁੱਖੇ ਮੁੜਨ ਗੇ ਤਾਂ ,ਨਾਲੇ ਗੁਰੂ ਜੀ ਦੀ ਹਾਸੀ ਹੋਵੇਗੀ ਤੇ ਨਾਲੇ ਸਿੱਖਾਂ ਦੀ ।

ਪ੍ਰਸ਼ਨ ੮੩ :ਮੂਸਨ ਨੇ ਆਪਣੇ ਪਿਤਾ ਜੀ ਨੂੰ ਸ਼ਾਹੂਕਾਰ ਪਾਸੋਂ ਆਪਣੀ ਮਾਇਆ ਕਿਸ ਤਰ੍ਹਾਂ ਲਿਆਉਣ ਵਾਸਤੇ ਕਿਹਾ ਸੀ ?

ਉੱਤਰ – ਉਦੋਂ ਮੂਸਨ ਨੇ ਕਿਹਾ, "ਪਿਤਾ ਜੀ, ਮੈਂ ਰਾਤ ਨੂੰ ਸ਼ਾਹੂਕਾਰ ਦੇ ਘਰ, ਕੋਠੇ ਦੇ ਮੁੱਘ ਰਾਹੀਂ ਥੱਲੇ ਉਤਰ ਕੇ ਅਪਣਾ ੫੦੦ ਰੁਪਿਆ ਲੈ ਆਵਾਂਗਾ ।" ਸੰਮਨ ਨੇ ਕਿਹਾ, "ਪੁੱਤਰ, ਇਹ ਤਾਂ ਚੋਰੀ ਹੈ, ਚੋਰੀ ਕਰਨੀ ਬੜਾ ਭਾਰੀ ਪਾਪ ਹੈ ।" ਮੂਸਨ ਨੇ ਕਿਹਾ, "ਪਿਤਾ ਜੀ, ਚੋਰ ਅਸੀਂ ਨਹੀਂ, ਚੋਰ ਤਾਂ ਉਹ ਹੈ ਜਿਸ ਨੇ ਸਾਡੀ ਮਾਇਆ ਨਹੀਂ ਦਿੱਤੀ । ਅਸੀਂ ਤਾਂ ਆਪਣਾ ਹੱਕ ਲੈਣਾ ਹੈ । ਹੱਕ ਲੈਣਾ ਬੜਾ ਪੁੰਨ ਵੀ ਹੈ ।

ਪ੍ਰਸ਼ਨ ੮੪ :ਜਦੋਂ ਮੂਸਨ ਸ਼ਾਹੂਕਾਰ ਦੇ ਘਰੋਂ ਮੁੱਘ ਰਾਹੀਂ ਮਾਇਆ ਲੈ ਕੇ ਬਾਹਰ ਨਿਕਲਣ ਲੱਗਾ ਤਾਂ ਸਤਿਗੁਰੂ ਜੀ ਨੇ ਉਨ੍ਹਾਂ ਦੀ ਪਰਖ ਵਾਸਤੇ ਕੀ ਕੌਤਕ ਵਰਤਾਇਆ ਸੀ ?

ਉੱਤਰ – ਪਿਛਲੇ ਸਮਿਆਂ ਘਰਾਂ ਦੇ ਕੋਠਿਆਂ ਉੱਪਰ ਵੱਡੇ ਛੋਟੇ ਮੁੱਘ ਰੱਖੇ ਹੁੰਦੇ ਸਨ । ਉਸ ਮੁੱਘ ਰਾਹੀਂ ਮੂਸਨ ਰੱਸੇ ਨਾਲ ਲਮਕ ਕੇ ਥੱਲੇ ਉਤਰ ਗਿਆ । ਸ਼ਾਹੂਕਾਰ ਨੇ ੫੦੦ ਦੀ ਥੈਲੀ ਗਿਣ ਕੇ ਰੱਖੀ ਸੀ । ਉਹ ਮੂਸਨ ਦੇ ਹੱਥ ਲੱਗ ਗਈ । ਉਸ ਨੇ ਉਹ ਥੈਲੀ ਆਪਣੇ ਪਿਤਾ ਨੂੰ ਫੜਾ ਦਿੱਤੀ । ਜਦੋਂ ਉਹ ਆਪ ਉੱਪਰ ਆਉਣ ਲੱਗਾ ਤਾਂ ਪ੍ਰਮੇਸ਼ਰ ਦਾ ਇਹੋ ਜਿਹਾ ਭਾਣਾ ਵਰਤਿਆ ਕਿ ਸਿਰ ਉੱਪਰ ਆ ਗਿਆ ਪਰ ਧੜ ਮੁੱਘ ਵਿਚ ਹੀ ਫਸ ਗਿਆ ।ਮੂਸਨ ਨੇ ਪਿਤਾ ਨੂੰ ਕਿਹਾ, "ਸਿਰ ਦੀ ਪਹਿਚਾਣ ਹੁੰਦੀ ਹੈ। ਇਸ ਕਰਕੇ ਮੇਰਾ ਸਿਰ ਕੇਸਾਂ ਤੋਂ ਫੜ ਕੇ ਕ੍ਰਿਪਾਨ ਨਾਲ ਵੱਢ ਕੇ ਲੈ ਜਾਉ । ਗੁਰੂ ਜੀ ਭੁੱਖੇ ਨਹੀਂ ਮੁੜਨੇ ਚਾਹੀਦੇ, ਲੰਗਰ ਤਿਆਰ ਕਰ ਕੇ ਛਕਾਉ । ਧੜ ਦੀ ਪਹਿਚਾਣ ਨਹੀਂ ਹੋ ਸਕਦੀ ।

ਪ੍ਰਸ਼ਨ ੮੫ :ਜਦੋਂ ਸੰਮਨ ਨੂੰ ਸਤਿਗੁਰੂ ਜੀ ਨੇ ਮੂਸਨ ਨੂੰ ਉਠਾ ਕੇ ਲਿਆਉਣ ਵਾਸਤੇ ਕਿਹਾ ਤਾਂ ਉਸ ਨੇ ਕੀ ਜਵਾਬ ਦਿੱਤਾ ਸੀ ?

ਉੱਤਰ - ਸੰਮਨ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਜੀ ! ਜਿਸ ਨੀਂਦ ਵਿਚ ਮੂਸਨ ਸੁੱਤਾ ਹੈ, ਉਸ ਨੂੰ ਉਠਾਉਣ ਦੀ ਮੇਰੇ ਵਿਚ ਸ਼ਕਤੀ ਨਹੀਂ ਹੈ । ਜੇ ਆਪ ਜੀ ਨੇ ਸੇਵਾ ਲੈਣੀ ਹੈ ਤਾਂ ਜਗ੍ਹਾ ਲਉ । ਮੈਂ ਆਪ ਜੀ ਦੇ ਭਾਣੇ ਵਿਚ ਪ੍ਰਸੰਨ ਹਾਂ ।"

ਪ੍ਰਸ਼ਨ ੮੬: ਮੂਸਨ ਕਿਸ ਤਰ੍ਹਾਂ ਜਿਉਂਦਾ ਹੋਇਆ ਸੀ ?

ਉੱਤਰ –ਉਸ ਵਕਤ ਗੁਰੂ ਜੀ ਮੂਸਨ ਦੇ ਮ੍ਰਿਤਕ ਸਰੀਰ ਕੋਲ ਗਏ ਤੇ ਸਤਿਨਾਮ ਵਾਹਿਗੁਰੂ ਆਖ ਕੇ ਉਸ ਨੂੰ ਜਿਊਂਦਾ ਕੀਤਾ । ਉਸ ਨੇ ਉਠ ਕੇ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ ਤੇ ਸੰਗਤ ਨੂੰ ਲੰਗਰ ਛਕਾਉਣ ਦੀ ਸੇਵਾ ਕੀਤੀ ।

ਪ੍ਰਸ਼ਨ ੮੭ : ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀਚੰਦ ਦੇ ਸਹੁਰੇ ਕਿਥੇ ਸਨ ?

ਉੱਤਰ - ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀਚੰਦ ਦੇ ਸਹੁਰੇ ਲਾਹੌਰ ਜਿਲ੍ਹੇ ਵਿਚ ਹੇਹਰ ਪਿੰਡ ਸਨ ।

ਪ੍ਰਸ਼ਨ ੮੮: ਪ੍ਰਿਥੀ ਚੰਦ ਦੀ ਘਰਵਾਲੀ ਦਾ ਨਾਮ ਕੀ ਸੀ ?

ਉੱਤਰ - ਪ੍ਰਿਥੀ ਚੰਦ ਦੀ ਘਰਵਾਲੀ ਦਾ ਨਾਮ ਕਰਮੋ ਸੀ ।

ਪ੍ਰਸ਼ਨ੮੯: ਪ੍ਰਿਥੀ ਚੰਦ ਦੇ ਪੁੱਤਰ ਦਾ ਨਾਮ ਕੀ ਸੀ ?

ਉੱਤਰ - ਪ੍ਰਿਥੀ ਚੰਦ ਦੇ ਪੁੱਤਰ ਦਾ ਨਾਮ ਮਿਹਰਵਾਨ ਸੀ ।

ਪ੍ਰਸ਼ਨ ੯੦ : ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਬਹੁਤ ਵਸਤੂਆਂ ਆਉਂਦੀਆਂ ਵੇਖ ਕੇ ਕਰਮੋ ਨੇ ਆਪਣੇ ਪਤੀ ਪ੍ਰਿਥੀਚੰਦ ਨੂੰ ਕੀ ਕਿਹਾ ?

ਉੱਤਰ - ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਬਹੁਤ ਵਸਤੁਆਂ ਆਉਦੀਆਂ ਵੇਖ ਕੇ ਕਰਮੋ ਨੇ ਆਪਣੇ ਪਤੀ ਪ੍ਰਿਥੀਚੰਦ ਨੂੰ ਉਦਾਸ ਹੋ ਕੇ ਕਿਹਾ । ਜੇ ਆਪ ਜੀ ਗੁਰੂ ਬਣੇ ਹੁੰਦੇ ਤਾਂ ਉਹ ਸਾਰੀਆਂ ਵਸਤੂਆਂ ਸਾਡੇ ਪਾਸ ਆਉਣੀਆਂ ਸਨ । ਜੇ ਆਪ ਜੀ ਆਪਣੇ ਗੁਰੂ ਪਿਤਾ ਜੀ ਦੀ ਆਗਿਆ ਮੰਨ ਲੈਂਦੇ ਤਾਂ ਗੁਰੂ ਬਣ ਜਾਂਦੇ ।

ਪ੍ਰਸ਼ਨ ੯੧ : ਪ੍ਰਿਥੀ ਚੰਦ ਨੇ ਆਪਣੀ ਘਰਵਾਲ਼ੀ ਦੀ ਗੱਲ ਸੁਣ ਕੇ , ਉਸਨੂੰ ਕੀ ਦਿਲਾਸਾ ਦਿੱਤਾ ?

ਉੱਤਰ - ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਮਰ ੩੨ ਸਾਲ ਦੀ ਹੋ ਗਈ ਸੀ ,ਤੇ ਵਿਆਹ ਹੋਏ ਨੂੰ ਵੀ ੬ ਸਾਲ ਹੋ ਗਏ ਸਨ । ਇਸ ਕਰਕੇ ਪ੍ਰਿਥੀਚੰਦ ਨੇ ਅਪਣੀ ਘਰਵਾਲ਼ੀ ਨੂੰ ਕਿਹਾ ਅਰਜਨ ਦੇਵ ਦੇ ਘਰ ਕੋਈ ਪੁੱਤਰ ਨਹੀਂ ਹੋਣਾ । ਅਖੀਰ ਨੂੰ ਇਹ ਗੱਦੀ ਸਾਡੇ ਪੁੱਤਰ ਨੂੰ ਹੀ ਮਿਲਣੀ ਹੈ ਤੂੰ ਉਦਾਸ ਨਾ ਹੋ ।

ਪ੍ਰਸ਼ਨ ੯੨ : ਇਸ ਗੱਲ ਦਾ ਪਤਾ ਮਾਤਾ ਗੰਗਾ ਜੀ ਨੂੰ ਕਿਸ ਤਰ੍ਹਾਂ ਲੱਗਾ ?

ਉੱਤਰ - ਪ੍ਰਿਥੀ ਚੰਦ ਤੇ ਕਰਮੋ ਦੀ ਇਹ ਗੱਲ ਉਨ੍ਹਾਂ ਦੀ ਦਾਸੀ ਨੇ ਸੁਣ ਲਈ ਸੀ । ਉਸਨੇ ਇਹ ਗੱਲ ਗੁਰੂ ਅਰਜਨ ਦੇਵ ਜੀ ਦੀ ਦਾਸੀ ਨੂੰ ਦੱਸੀ । ਦਾਸੀ ਨੇ ਮਾਤਾ ਗੰਗਾ ਜੀ ਨੂੰ ਦੱਸੀ ।

ਪ੍ਰਸ਼ਨ ੯੩ : ਸਰੀਕਾਂ ਦੀ ਬੋਲੀ ਮਾਰੀ ਸੁਣ ਕੇ ਮਾਤਾ ਗੰਗਾ ਜੀ ਨੇ ਆਪਣੇ ਪਤੀ ਗੁਰਦੇਵ ਜੀ ਨੂੰ ਕੀ ਬੇਨਤੀ ਕੀਤੀ ?

ਉੱਤਰ - ਸਰੀਕਾਂ ਦੀ ਬੋਲੀ ਮਾਰੀ ਸੁਣ ਕੇ, ਮਾਤਾ ਗੰਗਾ ਜੀ ਨੇ ਆਪਣੇ ਪਤੀ ਗੁਰਦੇਵ ਜੀ ਨੂੰ ਸਾਰੀ ਗੱਲ ਦੱਸ ਕੇ ਬੇਨਤੀ ਕੀਤੀ । ਆਪ ਜੀ ਅਨੇਕਾਂ ਨੂੰ ਹੀ ਮੂੰਹ ਮੰਗੀਆਂ ਦਾਤਾਂ ਦੇ ਰਹੇ ਹੋ । ਅਪਣੇ ਘਰ ਵੀ ਇਕ ਪੁੱਤਰ ਦੀ ਦਾਤ ਬਖਸ਼ੋ ।

ਪ੍ਰਸ਼ਨ ੯੪: ਉਸ ਵਕਤ ਗੁਰੂਜੀ ਨੇ ਆਪਣੇ ਮਹਿਲਾਂ ਦੀ ਬੇਨਤੀ ਸੁਣ ਕੇ ਕੀ ਕਿਹਾ ?

ਉੱਤਰ - ਗੁਰੂ ਜੀ ਨੇ ਕਿਹਾ , ਤੂੰ ਬਾਬਾ ਬੁੱਢਾ ਜੀ ਪਾਸ ਨਿਮਰਤਾ ਨਾਲ ਜਾ ਕੇ ਪੁੱਤਰ ਦੀ ਦਾਤ ਮੰਗ । ਉਹ ਗੁਰੂ ਨਾਨਕ ਦੇਵ ਜੀ ਤੋਂ ਵਰੋਸਾਏ ਪੂਰਨ ਗੁਰ ਸਿੱਖ ਹਨ । ਜੇ ਉਹ ਬਚਨ ਕਰ ਦੇਣ ਤਾਂ ਤੇਰੀ ਆਸਾ ਪੂਰੀ ਹੋ ਜਾਵੇਗੀ ।

ਪ੍ਰਸ਼ਨ ੯੫: ਮਾਤਾ ਗੰਗਾ ਜੀ ਗੁਰੂ ਜੀ ਦਾ ਬਚਨ ਮੰਨ ਕੇ ਬਾਬਾ ਬੁੱਢਾ ਜੀ ਪਾਸ ਪੁੱਤਰ ਦੀ ਦਾਤ ਲੈਣ ਕਿੱਥੇ ਤੇ ਕਿਸ ਤਰ੍ਹਾਂ ਗਏ ਸਨ ?

ਉੱਤਰ - ਮਾਤਾ ਜੀ ਬਹੁਤ ਦਾਸ ਦਾਸੀਆਂ ਨੂੰ ਨਾਲ ਲੈ ਕੇ,ਰੱਥ ਤੇ ਬੈਲ ਗੱਡੀਆਂ ਤੇ ਬੈਠ ਕੇ ਬਾਬਾ ਜੀ ਵਾਸਤੇ ਪ੍ਰਸ਼ਾਦੇ ਲੈ ਕੇ , ਅੰਮ੍ਰਿਤਸਰ ਤੋਂ ੧੪ ਕਿਲੋਮੀਟਰ ਦੂਰ ਬੀੜ ਸਾਹਿਬ ਪਹੁੰਚੇ ।

ਪ੍ਰਸ਼ਨ ੯੬ :ਬਾਬਾ ਜੀ ਨੇ ਧੂਲ਼ ਉਡਦੀ ਤੇ ਰੱਥ ਬੈਲ ਗੱਡੀਆਂ ਦੀ ਅਵਾਜ ਸੁਣ ਕੇ ਕੀ ਬਚਨ ਕੀਤਾ ?

ਉੱਤਰ - ਉਦੋਂ ਬਾਬਾ ਜੀ ਨੇ ਕਿਹਾ ,ਗੁਰੂ ਕਿਆਂ ਨੂੰ ਕੇਹੜੀਆਂ ਭਾਜੜਾਂ ਪੈ ਗਈਆਂ ਹਨ । ਜਾ ਕੇ ਮਾਤਾ ਜੀ ਨੇ ਬਾਬਾ ਜੀ ਨੂੰ ਮੱਥਾ ਟੇਕਿਆ ਤੇ ਪ੍ਰਸ਼ਾਦੇ ਛਕਾਏ ।

ਪ੍ਰਸ਼ਨ ੯੭ : ਉਦੋਂ ਦਾਸੀ ਨੇ ਬਾਬਾ ਜੀ ਨੂੰ ਮਾਤਾ ਜੀ ਦੇ ਆਉਣ ਦਾ ਕਾਰਣ ਦੱਸਿਆ ਤੇ ਬਾਬਾ ਜੀ ਨੇ ਕੀ ਕਿਹਾ ?

ਉੱਤਰ - ਦਾਸੀ ਨੇ ਬਾਬਾ ਜੀ ਨੂੰ ਕਿਹਾ ! ਮਾਤਾ ਜੀ ਆਪਜੀ ਪਾਸ ਪੁੱਤਰ ਦਾ ਵਰ ਲੈਣ ਆਈ ਹੈ । ਕ੍ਰਿਪਾ ਕਰਕੇ ਪੁੱਤਰ ਦਾ ਵਰ ਦਿਓ । ਬਾਬਾ ਜੀ ਨੇ ਕਿਹਾ ਮੈਂ ਤਾਂ ਗੁਰੂ ਘਰ ਦਾ ਘਾਹੀ ਹਾਂ । ਮੇਰੇ ਵਿਚ ਪੁੱਤਰ ਦੇ ਵਾਰ ਦੇਣ ਦੀ ਸੰਮ੍ਰਥਾ ਕਿੱਥੇ । ਗੁਰੂ ਜੀ ਆਪ ਸੰਮ੍ਰਥ ਹਨ , ਸਿੱਖਾਂ ਦੀਆਂ ਇਛਾਵਾਂ ਪੂਰੀਆਂ ਕਰਦੇ ਹਨ । ਮਾਤਾ ਜੀ ਇਹ ਬਚਨ ਸੁਣ ਕੇ ਬਹੁਤ ਉਦਾਸ ਹੋਈ । ਤੇ ਬਾਬਾ ਜੀ ਨੂੰ ਨਮਸਕਾਰ ਕਰਕੇ ਅੰਮ੍ਰਿਤਸਰ ਨੂੰ ਆ ਗਈ ।

ਪ੍ਰਸ਼ਨ ੯੮ : ਗੁਰੂ ਜੀ ਨੇ ਆਪਣੇ ਮਹਿਲਾਂ ਦਾ ਮੁਰਝਾਇਆ ਚੇਹਰਾ ਵੇਖ ਕੇ ਕਿਹਾ ,ਤੁਸੀ ਪੁੱਤਰ ਦਾ ਵਰ ਲੈਣ ਗਏ ਸੀ ਲੈ ਆਈ ਕਿ ਨਹੀਂ , ਤਾਂ ਮਾਤਾ ਜੀ ਨੇ ਕੀ ਕਿਹਾ ?

ਉੱਤਰ – ਮਾਤਾ ਗੰਗਾ ਜੀ ਨੇ ਕਿਹਾ ਪਤੀ ਜੀ ! ਆਪ ਜੀ ਦੇ ਹੁਕਮ ਨਾਲ ਮੈਂ ਉੱਥੇ ਗਈ ਸੀ । ਜਾਕੇ ਬਾਬਾ ਜੀ ਨੂੰ ਨਮਸਕਾਰ ਕੀਤੀ ਤੇ ਭੋਜਨ ਛਕਾਇਆ । ਦਾਸੀ ਨੇ ਆਉਣ ਦਾ ਮਨੋਰਥ ਦੱਸਿਆ । ਪੁੱਤਰ ਦਾ ਵਰ ਲੈਣਾ ਤਾਂ ਇਕ ਪਾਸੇ ਰਿਹਾ , ਉਨ੍ਹਾਂ ਨੇ ਤਾਂ ਸ਼ਰਾਪ ਦੇ ਦਿੱਤਾ । ਕਿਹਾ ਗੁਰੂ ਕਿਆਂ ਨੂੰ ਕਿਧਰੋਂ ਭਾਜੜ ਪੈ ਗਈ ਹੈ ।

ਪ੍ਰਸ਼ਨ ੯੯ : ਉਦੋਂ ਗੁਰੂ ਜੀ ਨੇ ਪੁੱਛਿਆ ਤੂੰ ਬਾਬਾ ਜੀ ਪਾਸ ਕਿਸ ਤਰ੍ਹਾਂ ਗਈ ਸੀ , ਤਾਂ ਮਾਤਾ ਜੀ ਨੇ ਕੀ ਕਿਹਾ ?

ਉੱਤਰ – ਮਾਤਾ ਜੀ ਨੇ ਕਿਹਾ ਮੈਂ ਰਥ ਅਤੇ ਬੈਲ ਗੱਡੀਆਂ ਤੇ ਬਹੁਤ ਦਾਸ ਦਾਸੀਆਂ ਨਾਲ , ਪ੍ਰਸ਼ਾਦੇ ਲੈ ਕੇ ਗਈ ਸੀ ।

ਪ੍ਰਸ਼ਨ ੧੦੦: ਗੁਰੂ ਜੀ ਨੇ ਅਪਣੇ ਮਹਲਾਂ ਨੂੰ ਪੂਰਨ ਪੁਰਖਾਂ ਪਾਸ ਜਾਣ ਬਾਰੇ ਕੀ ਸਿਖਿਆ ਦਿੱਤੀ ਸੀ ?

ਉੱਤਰ – ਗੁਰੂ ਜੀ ਨੇ ਅਪਣੇ ਮਹਿਲਾਂ ਨੂੰ ਕਿਹਾ ਪੂਰਨ ਪੁਰਖਾਂ ਪਾਸ ਜਾਣ ਲੱਗਿਆਂ ਕਿਸੇ ਕਿਸਮ ਦਾ ਪਖੰਡ ਜਾਂ ਆਪਾ ਭਾਵ ਨਹੀਂ ਜਨੌਣਾ ਚਾਹੀਦਾ । ਨਿਮਰਤਾ ਨਾਲ ਜਾਣਾ ਚਾਹੀਦਾ ਹੈ । ਤੂੰ ਤਾਂ ਸ਼ਾਹੀ ਠਾਠ ਬਾਠ ਨਾਲ ਗਈ ਸੀ ।

ਪ੍ਰਸ਼ਨ੧੦੧ :ਦੁਬਾਰਾ ਸਤਿਗੁਰੂ ਜੀ ਨੇ ਆਪਣੇ ਮਹਿਲ ਮਾਤਾ ਗੰਗਾ ਜੀ ਨੂੰ ਪੁੱਤਰ ਦੇ ਵਰ ਲੈਣ ਵਾਸਤੇ ਕੀ ਜੁਗਤੀ ਦ[illegible]ੀ ਸੀ ?

ਉੱਤਰ – ਸਤਿਗੁਰੂ ਜੀ ਨੇ ਕਿਹਾ, ਮਹਾਂਪੁਰਖਾਂ ਪਾਸ ਆਪਾ ਛਡ ਕੇ ਨਿਰਹੰਕਾਰ ਤੇ ਨਿਮਰਤਾ ਨਾਲ ਜਾਣਾ ਚਾਹੀਦਾ ਹੈ । ਤੂੰ ਤਾਂ ਸ਼ਾਹੀ ਠਾਠ–ਬਾਠ ਨਾਲ ਗਈ ਸੀ । ਹੁਣ ਇਸ ਤਰ੍ਹਾਂ ਕਰੀਂ, ਸਵੇਰੇ ਉੱਠ ਕੇ ਇਸ਼ਨਾਨ ਕਰੀਂ, ਫਿਰ ਕਣਕ ਤੇ ਛੋਲੇ ਮਿਲਾ ਕੇ ਆਪੇ ਚੱਕੀ ਨਾਲ ਆਟਾ ਪੀਹ ਕੇ, ਆਪੇ ਮਿੱਸੀਆਂ ਰੋਟੀਆਂ ਪਕਾ ਕੇ ਉੱਪਰ ਘਿਉ ਪਾਈਂ । ਉਪਰ ਕੁਝ ਗੰਢੇ ਰੱਖ ਲਈਂ । ਦਹੀਂ ਰਿੜਕ ਕੇ ਲੱਸੀ ਬਣਾ ਕੇ ਲੈ ਜਾਈਂ । ਉਦੋਂ ਬਾਬਾ ਜੀ ਤੈਨੂੰ ਜ਼ਰੂਰ ਪੁੱਤਰ ਦਾ ਵਰ ਦੇਣਗੇ ।

ਪ੍ਰਸ਼ਨ ੧੦੨ : ਦੂਜੇ ਦਿਨ ਮਾਤਾ ਜੀ ਨੇ ਗੁਰੂ ਜੀ ਦੇ ਹੁਕਮ ਅਨੁਸਾਰ ਕੀ ਕੀਤਾ ?

ਉੱਤਰ – ਦੂਜੇ ਦਿਨ ਮਾਤਾ ਜੀ ਨੇ ਗੁਰੂ ਜੀ ਦੇ ਹੁਕਮ ਅਨੁਸਾਰ ਸਾਰੀ ਤਿਆਰੀ ਕਰ ਕੇ ਆਪਣੇ ਨਾਲ ਦੋ ਦਾਸੀਆਂ ਲਈਆਂ । ਤੇ ਨੰਗੇ ਚਰਨੀ ਬਾਬਾ ਜੀ ਪਾਸ ਬੀੜ ਸਾਹਿਬ ਪਹੁੰਚੇ ।ਮਾਤਾ ਜੀ ਨੇ ਬਾਬਾ ਜੀ ਨੂੰ ਨਮਸਕਾਰ ਕੀਤੀ । ਤੇ ਬਾਬਾ ਜੀ ਨੇ ਬੜੇ ਪ੍ਰੇਮ ਨਾਲ ਮਿੱਸੇ ਪ੍ਰਸ਼ਾਦੇ ਛਕੇ ਤੇ ਲੱਸੀ ਪੀਤੀ ।

ਪ੍ਰਸ਼ਨ ੧੦੩ : ਉਦੋਂ ਮਾਤਾ ਗੰਗਾ ਜੀ ਨੇ ਬਾਬਾ ਜੀ ਨੂੰ ਕੀ ਬੇਨਤੀ ਕੀਤੀ ?

ਉੱਤਰ – ਮਾਤਾ ਜੀ ਨੇ ਬਾਬਾ ਜੀ ਨੂੰ ਬੇਨਤੀ ਕੀਤੀ , ਗੁਰੂ ਨਾਨਕ ਦੇਵ ਜੀ ਦੀ ਗੱਦੀ ਦਾ ਮਾਲਕ ਬਖਸ਼ੋ । ਉਦੋਂ ਜੋਰ ਦੀ ਹਵਾ ਚੱਲੀ ਬੱਦਲ ਗਰਜੇ ਤੇ ਬਿਜਲੀ ਲਿਸ਼ਕੀ ।

ਪ੍ਰਸ਼ਨ ੧੦੪: ਉਦੋਂ ਬਾਬਾ ਜੀ ਨੇ ਸੁਭ ਸਗਨ ਵੇਖਕੇ ਮਾਤਾ ਜੀ ਨੂੰ ਕੀ ਵਰ ਦਿੱਤਾ ?

ਉੱਤਰ – ਬਾਬਾ ਜੀ ਨੇ ਕਿਹਾ ! ਮਾਤਾ ਜੀ ਤੁਹਾਡੇ ਘਰ ਬੜਾ ਬਲਵਾਨ ਪੁੱਤਰ ਹੋਵੇਗਾ । ਜਿਵੇਂ ਬਿਜਲੀ ਲਿਸ਼ਕੀ ਉਵੇਂ ਹੀ ਕ੍ਰਿਪਾਨ ਲਿਸ਼ਕਾਏਗਾ । ਤਖ਼ਤ ਰਚੇਗਾ , ਮੀਰੀ ਪੀਰੀ ਦੀਆਂ ਦੋ ਕ੍ਰਿਪਾਨਾ ਧਾਰਨ ਕਰੇਗਾ । ਜਿਸ ਤਰਾਂ ਮੈਂ ਮਿੱਸੀ ਰੋਟੀ ਖਾਣ ਲੱਗਿਆਂ ਗੰਢਾ ਭੰਨਿਆਂ ਹੈ , ਇਸੇ ਤਰਾਂ ਜੰਗ ਵਿਚ ਮੁਗਲਾਂ ਦੇ ਸਿਰ ਭੰਨੇਗਾ ,ਹਰਿਗੋਵਿੰਦ ਨਾਮ ਹੋਵੇਗਾ । ਉਦੋਂ ਮਾਤਾ ਜੀ ਖੁਸ਼ ਹੋਕੇ ਬਾਬਾ ਜੀ ਨੂੰ ਨਮਸਕਾਰ ਕਰ ਕੇ,ਅੰਮ੍ਰਿਤਸਰ ਆ ਗਈ ।

ਪ੍ਰਸ਼ਨ ੧੦੫ : ਜਦੋਂ ਬਾਬਾ ਜੀ ਨੇ ਮਾਤਾ ਜੀ ਨੂੰ ਪੁੱਤਰ ਦਾ ਵਰ ਦਿੱਤਾ । ਉਦੋਂ ਕਿਹੜਾ ਦਿਨ ਤੇ ਕਿਹੜਾ ਮਹੀਨਾਂ ਤੇ ਕਿੰਨੀ ਬਿਕ੍ਰਮੀ ਸੀ ?

ਉੱਤਰ – ਜਦੋਂ ਬਾਬਾ ਜੀ ਨੇ ਮਾਤਾ ਜੀ ਨੂੰ ਪੁੱਤਰ ਦਾ ਵਰ ਦਿੱਤਾ । ਉਦੋਂ ੨੧ ਅਸੂ ੧੬੫੧ ਬਿ: ਸੀ ।

ਪ੍ਰਸ਼ਨ ੧੦੬ : ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅੰਮ੍ਰਿਤਸਰ ਤੋਂ ਵਡਾਲੀ ਜਾਣ ਦੇ ਕੀ–ਕੀ ਕਾਰਣ ਸਨ ?

ਉੱਤਰ – ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅੰਮ੍ਰਿਤਸਰ ਤੋਂ ਵਡਾਲ਼ੀ ਜਾਣ ਦਾ ਪਹਿਲਾ ਕਾਰਨ ਬਾਬਾ ਬੁੱਢਾ ਜੀ ਦਾ ਵਚਨ ਪੂਰਾ ਕਰਨਾ । ਦੂਜਾ ਪ੍ਰਿਥੀ ਚੰਦ ਗੁਰੂ ਜੀ ਨਾਲ ਬਹੁਤ ਵਿਰੋਧ ਕਰਨ ਲੱਗ ਪਿਆ ਸੀ । ਜਿਸ ਕਰਕੇ ਉਹ ਗੁਰੂ ਜੀ ਦੇ ਉਲਟ ਸੁਲਹੀ ਖਾਂ ਨੂੰ ਚੜ੍ਹਾ ਕੇ ਲਿਆਇਆ ਸੀ । ਗੁਰੂ ਜੀ ਸੁਲਹੀ ਖਾਂ ਦੇ ਅਉਣ ਤੋਂ ਪਹਿਲਾ ਹੀ ਵਡਾਲ਼ੀ ਚਲੇ ਗਏ ਸਨ ।

ਪ੍ਰਸ਼ਨ ੧੦੭ : ਸੁਲਹੀ ਖਾਂ ਕੌਣ ਸੀ ?

ਉੱਤਰ – ਸੁਲਹੀ ਖਾਂ ਜਹਾਂਗੀਰ ਬਾਦਸ਼ਾਹ ਦਾ ਪੰਜ ਹਜਾਰ ਫੌਜ ਦਾ ਜਰਨੈਲ ਸੀ ।

ਪ੍ਰਸ਼ਨ ੧੦੮ : ਪ੍ਰਿਥੀ ਚੰਦ ਸੁਲਹੀ ਖਾਂ ਨੂੰ ਗੁਰੂ ਜੀ ਦੇ ਉਲਟ ਕਿਉਂ ਚੜ੍ਹਾ ਕੇ ਲਿਆਇਆ ਸੀ ?

ਉੱਤਰ – ਪ੍ਰਿਥੀ ਚੰਦ ਸੁਲਹੀ ਖਾਂ ਨੂੰ ਗੁਰੂ ਜੀ ਦੇ ਉਲਟ ਇਸ ਲਈ ਚੜ੍ਹਾ ਕੇ ਲਿਆਇਆ ਸੀ । ਕਿ ਗੱਦੀ ਦਾ ਹਕਦਰ ਮੈਂ ਹਾਂ । ਉਸਦਾ ਹੱਕ ਉਸਦੇ ਛੋਟੇ ਭਾਈ ਤੋਂ ਦਿਵਾਇਆ ਜਾਵੇ ।

ਪ੍ਰਸ਼ਨ ੧੦੯ : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਵਤਾਰ ਕਦੋਂ ਹੋਇਆ ਤੇ ਸਤਿਗੁਰੂ ਜੀ ਨੇ ਉਸ ਸਮੇਂ ਕਿਹੜਾ ਸ਼ਬਦ ਉਚਾਰਿਆ ਸੀ ?

ਉੱਤਰ – ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਵਤਾਰ ਸੰਮਤ ੧੬੫੨ ਬਿ: ੧੪ ਹਾੜ ਵੀਰਵਾਰ ਮੁਤਾਬਿਕ ੧੯੯੫ ਈ: ੧੨ ਜੂਨ ਨੂੰ ਹੋਇਆ ।ਉਦੋਂ ਸਤਿਗੁਰੂ ਜੀ ਨੇ ਇਹ ਸ਼ਬਦ ਉਚਾਰਿਆ ।

ਆਸਾ ਮਹਲਾ ੫ ॥

ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥

ਉਦਰੈ ਮਾਹਿ ਆਇ ਕੀਆ ਨਿਵਾਸੁ ॥ ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥
ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥
ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥ ਮਿਟਿਆ ਸੋਗੁ ਮਹਾ ਅਨੰਦੁ ਥੀਆ ॥
ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥੨॥
ਵਧੀ ਵੇਲਿ ਬਹੁ ਪੀੜੀ ਚਾਲੀ ॥ ਧਰਮ ਕਲਾ ਹਰਿ ਬੰਧਿ ਬਹਾਲੀ ॥
ਮਨ ਚਿੰਦਿਆ ਸਤਿਗੁਰੂ ਦਿਵਾਇਆ ॥ ਭਏ ਅਚਿੰਤ ਏਕ ਲਿਵ ਲਾਇਆ ॥੩॥
ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥ ਬੁਲਾਇਆ ਬੋਲੈ ਗੁਰ ਕੈ ਭਾਣਿ ॥
ਗੁਝੀ ਛੰਨੀ ਨਾਹੀ ਬਾਤ ॥ਗੁਰੁ ਨਾਨਕੁ ਤੁਠਾ ਕੀਨੀ ਦਾਤਿ॥੪॥੭॥੧੦੧॥

(ਅੰਗ ੩੯੬)

ਪ੍ਰਸ਼ਨ ੧੧੦ : ਛਿਹਰਟਾ ਸਾਹਿਬ ਪੰਚਮੀ ਲਗਣੀ ਕਦੋਂ ਤੋਂ ਸ਼ੁਰੂ ਹੋਈ ?

ਉੱਤਰ - ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜਦੋਂ ੩੦ ਸਾਲ ਦੇ ਹੋਏ ਤਾਂ ਇਕ ਦਿਨ ਘੋੜ ਸਵਾਰ ਫ਼ੌਜ ਨਾਲ ਵਡਾਲ਼ੀ ਗਏ ,ਉਸ ਦਿਨ ਪੰਚਮੀ ਸੀ । ਉਦੋਂ ਤੋਂ ਛਿਹਰਟੇ ਸਾਹਿਬ ਪੰਚਮੀ ਲਗਣੀ ਸ਼ੁਰੂ ਹੋਈ ਹੈ ।

ਪ੍ਰਸ਼ਨ੧੧੧ : ਪ੍ਰਿਥੀ ਚੰਦ ਦੀ ਘਰਵਾਲ਼ੀ ਕਰਮੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਵਤਾਰ ਧਾਰਨ ਤੋਂ ਕਿਉਂ ਦੁਖੀ ਹੋਈ ਤੇ ਉਸਨੇ ਆਪਣੇ ਪਤੀ ਨੂੰ ਕੀ ਕਿਹਾ ਸੀ ?

ਉੱਤਰ - ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਵਿਖੇ ਸਾਹਿਬਜ਼ਾਦੇ ਦਾ ਅਵਤਾਰ ਸੁਣ ਕੇ ਪ੍ਰਿਥੀ ਚੰਦ ਦੀ ਘਰਵਾਲ਼ੀ ਕਰਮੋ ਬਹੁਤ ਦੁਖੀ ਹੋਈ । ਉਸ ਨੇ ਆਪਣੇ ਪਤੀ ਨੂੰ ਕਿਹਾ, "ਤੁਸੀਂ ਕਿਹਾ ਸੀ, ਅਰਜਨ ਦੇ ਘਰ ਪੁੱਤਰ ਨਹੀਂ ਹੋਵੇਗਾ । ਪਰ ਤੁਹਾਡਾ ਬਚਨ ਝੂਠਾ ਹੋਇਆ ਹੈ । ਉਨ੍ਹਾਂ ਦੇ ਘਰ ਪੁੱਤਰ ਪੈਦਾ ਹੋ ਗਿਆ ਹੈ ।

ਪ੍ਰਸ਼ਨ ੧੧੨: ਪ੍ਰਿਥੀ ਚੰਦ ਨੇ ਆਪਣੀ ਘਰਵਾਲ਼ੀ ਨੂੰ ਮਾਤਾ ਗੰਗਾ ਜੀ ਦੇ ਪੁੱਤਰ ਕਿਸ ਤਰ੍ਹਾਂ ਹੋਇਆ ਦੱਸਿਆ ਸੀ ?

ਉੱਤਰ -" ਪ੍ਰਿਥੀ ਚੰਦ ਨੇ ਕਿਹਾ, "ਉਨ੍ਹਾਂ ਦੇ ਘਰ ਬਾਲਕ ਬਾਬਾ ਬੁੱਢਾ ਜੀ ਦੇ ਵਰ ਨਾਲ ਹੋਇਆ ਹੈ । ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਹੁਤ ਸੇਵਾ ਕੀਤੀ ਹੈ । ਇਸ ਕਰਕੇ ਉਨ੍ਹਾਂ ਦੇ ਬਚਨ ਅਟੱਲ ਹਨ । ਜੇ ਬਾਬਾ ਬੁੱਢਾ ਜੀ ਗੰਗਾ ਨੂੰ ਵਰ ਨਾ ਦਿੰਦੇ ਤਾਂ ਮੇਰਾ ਬਚਨ ਅਟੱਲ ਸੀ । ਤੂੰ ਚਿੰਤਾ ਨਾ ਕਰ, ਇਸ ਦੇ ਮਾਰਨ ਵਾਸਤੇ ਉਪਾਅ ਸੋਚਦੇ ਹਾਂ ।"

ਪ੍ਰਸ਼ਨ ੧੧੩ :ਪ੍ਰਿਥੀ ਚੰਦ ਨੇ ਬਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਮਾਰਨ ਵਾਸਤੇ ਦਾਈ ਨੂੰ ਕੀ-ਕੀ ਲਾਲਚ ਦਿੱਤੇ ਸਨ ?

ਉੱਤਰ - ਪ੍ਰਿਥੀ ਚੰਦ ਨੇ ਦਾਈ ਨੂੰ ਕਿਹਾ, "ਅਸੀਂ ਤੈਨੂੰ ਸਾਰੀ ਉਮਰ ਦੀ ਰੋਜ਼ੀ ਦਿਆਂਗੇ, ਹੁਣ ਵੀ ਤੂੰ ਸੌ ਰੁਪਏ ਲੈ ਲੈ ਤੇ ਸਾਡਾ ਕਾਰਜ ਪੂਰਾ ਕਰ, ਤੇ ਸਾਡਾ ਦੁੱਖ ਦੂਰ ਕਰ ।"ਦਾਈ ਨੇ ਕਿਹਾ,"ਜੀ, ਮੈਂ ਜ਼ਰੂਰ ਤੁਹਾਡਾ ਦੁੱਖ ਦੂਰ ਕਰਾਂਗੀ, ਆਪਣਾ ਦੁੱਖ ਦੱਸੋ ।"ਪ੍ਰਿਥੀ ਚੰਦ ਨੇ ਕਿਹਾ,"ਜਦੋਂ ਦਾ ਅਰਜਨ ਦੇ ਘਰ ਪੁੱਤਰ ਜਨਮਿਆਂ ਹੈ, ਉਦੋਂ ਦੇ ਅਸੀਂ ਬਹੁਤ ਨਿਰਾਸ ਤੇ ਦੁਖੀ ਹਾਂ । ਤੂੰ ਉਸ ਨੂੰ ਕਿਸੇ ਬਹਾਨੇ ਨਾਲ ਮਾਰ ਦੇ । ਦਾਈ ਨੇ ਲਾਲਚ ਵਿਚ ਆ ਕੇ ਕਿਹਾ," ਤੁਸੀਂ ਕਿਸੇ ਗੱਲ ਦਾ ਫਿਕਰ ਨਾ ਕਰੋ, ਤੁਹਾਡਾ ਕਾਰਜ ਮੈਂ ਪੂਰਾ ਕਰ ਦਿਆਂਗੀ"

ਪ੍ਰਸ਼ਨ ੧੧੪ :ਦਾਈ ਬਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਮਾਰਨ ਵਾਸਤੇ ਕਿਸ ਤਰ੍ਹਾਂ ਗਈ ਸੀ ?

ਉੱਤਰ - ਉਸ ਨੇ ਜ਼ਹਿਰ ਲਿਆ ਕੇ ਆਪਣੇ ਅਸਥਨਾਂ 'ਤੇ ਲਾਇਆ । ਸਰੀਰ 'ਤੇ ਬਹੁਤ ਚੰਗੇ ਬਸਤਰ ਤੇ ਗਹਿਣੇ ਪਾ ਕੇ ਵਡਾਲ਼ੀ ਨੂੰ ਚਲੀ ਗਈ ।

ਪ੍ਰਸ਼ਨ ੧੧੫ : ਜਦੋਂ ਦਾਈ ਬਾਲਕ ਗੁਰੂ ਜੀ ਦੇ ਮੂੰਹ ਵਿਚ ਆਪਣਾ ਅਸਥਨ ਦੇਣ ਲੱਗੀ ਤਾਂ ਬਾਲਕ ਗੁਰੂ ਜੀ ਨੇ ਕੀ ਕੀਤਾ ਸੀ ?

ਉੱਤਰ - ਜਦੋਂ ਦਾਈ ਬਸਤਰ ਚੁਕ ਕੇ ਆਪਣਾ ਅਸਥਨ ਬਾਲਕ ਗੁਰੂ ਜੀ ਦੇ ਮੂੰਹ ਵਿਚ ਦੇਣ ਲੱਗੀ ਤਾਂ, ਬਾਲਕ ਗੁਰੂ ਜੀ ਨੇ ਉਸ ਦੇ ਅਸਥਨ ਨੂੰ ਮੂੰਹ ਵਿਚ ਨਹੀਂ ਪਾਇਆ, ਆਪਣਾ ਮੂੰਹ ਪਾਸੇ ਕਰ ਲਿਆ । ਉਦੋਂ ਬਾਲਕ ਗੁਰੂ ਜੀ ਨੇ ਇਕ ਹੱਥ ਨਾਲ ਉਸ ਦੀ ਗੁੱਤ ਫੜ ਲਈ ਤੇ ਦੂਜੇ ਹੱਥ ਨਾਲ ਉਸ ਦਾ ਅਸਥਨ ਫੜ ਲਿਆ ਤੇ ਇਸ ਤਰ੍ਹਾਂ ਘੁੱਟਿਆ, ਉਹ ਬਿਹਬਲ ਹੋ ਗਈ ਤੇ ਧਰਤੀ ਤੇ ਡਿਗ ਪਈ ਉਸ ਦੇ ਪ੍ਰਾਣ ਕੱਢ ਦਿੱਤੇ ।

ਪ੍ਰਸ਼ਨ ੧੧੬ :ਪ੍ਰਿਥੀ ਚੰਦ ਨੇ ਸੱਪਾਂ ਵਾਲੇ ਜੋਗੀ ਨੂੰ ਕੀ ਲਾਲਚ ਦੇ ਕੇ ਸਾਹਿਬਜ਼ਾਦੇ ਨੂੰ ਮਾਰਨ ਵਾਸਤੇ ਭੇਜਿਆ ਸੀ ?

ਉੱਤਰ - ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਉਮਰ ਦੋ ਸਾਲ ਦੀ ਹੋ ਗਈ ਸੀ, ਉਦੋਂ ਪ੍ਰਿਥੀ ਚੰਦ ਨੇ ਇਕ ਸੱਪਾਂ ਵਾਲੇ ਜੋਗੀ ਨੂੰ ਕੁਝ ਲਾਲਚ ਦੇ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਜੀ ਨੂੰ ਮਾਰਨ ਵਾਸਤੇ ਭੇਜਿਆ । ਉਹ ਲਾਲਚ ਵਿਚ ਆ ਕੇ ਵਡਾਲ਼ੀ ਗੁਰੂ ਸਾਹਿਬ ਜੀ ਦੇ ਘਰ ਗਿਆ । ਅੰਦਰ ਜਾ ਕੇ ਉਸ ਨੇ ਸੱਪ ' ਛੱਡ ਦਿੱਤਾ ।

ਪ੍ਰਸ਼ਨ ੧੧੭ : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਸ ਸੱਪ ਨੂੰ ਕੀ ਕੀਤਾ ?

ਉੱਤਰ - ਉਹ ਕਾਲਾ ਫਨੀਅਰ ਸੱਪ ਲੁਕਣ ਵਾਸਤੇ ਖੁੱਡ ਲੱਭ ਰਿਹਾ ਸੀ । ਉਦੋਂ ਬਾਲਕ ਗੁਰੂ ਜੀ ਨੇ ਛੇਤੀ ਆ ਕੇ ਉਸ ਸੱਪ ਨੂੰ ਫੜ ਲਿਆ । ਸੱਪ ਨੇ ਛੁੱਟਣ ਵਾਸਤੇ ਬਥੇਰਾ ਜ਼ੋਰ ਲਾਇਆ, ਪਰ ਬਾਲਕ ਗੁਰੂ ਜੀ ਨੇ ਉਸ ਨੂੰ ਨਹੀਂ ਛੱਡਿਆ । ਉਸ ਦਾ ਸਿਰ ਜ਼ੋਰ ਨਾਲ ਫੜ ਕੇ ਘੁੱਟ ਕੇ ਫੇਹ ਦਿੱਤਾ । ਉਹ ਮਰ ਗਿਆ ਤੇ ਉਲਟ ਕੇ ਡਿੱਗ ਪਿਆ ।

ਪ੍ਰਸ਼ਨ ੧੧੮ :ਪ੍ਰਿਥੀ ਚੰਦ ਤੇ ਉਸਦੀ ਘਰਵਾਲ਼ੀ ਕਰਮੋ ਸ੍ਰੀ ਗੁਰੂ ਅਰਜਨ ਦੇਵ ਜੀ ਬਾਰੇ ਕੀ ਸੋਚਦੇ ਸਨ ?

ਉੱਤਰ – ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚੜ੍ਹਦੀ ਕਲਾ ਵੇਖ ਕੇ ਪ੍ਰਿਥੀ ਚੰਦ ਤੇ ਉਸ ਦੀ ਘਰਵਾਲੀ ਕਰਮੋ ਬਹੁਤ ਦੁਖੀ ਰਹਿੰਦੇ ਸਨ । ਇਹੋ ਸੋਚਦੇ ਰਹਿੰਦੇ ਸਨ ਕਿ ਜਦੋਂ ਇਨ੍ਹਾਂ ਦਾ ਪੁੱਤਰ ਵੱਡਾ ਹੋ ਗਿਆ ਤਾਂ ਇਹ ਗੁਰਤਾ ਲੈ ਲਵੇਗਾ । ਅੱਗੇ ਇਨ੍ਹਾਂ ਦੀ ਕੁਲ ਚੱਲੇ ਪਵੇਗੀ । ਜਿਸ ਤਰ੍ਹਾਂ ਅਸੀਂ ਗੁਰਗੱਦੀ ਤੋਂ ਖਾਲੀ ਰਹਿ ਗਏ ਹਾਂ, ਇਸੇ ਤਰ੍ਹਾਂ ਸਾਡੀ ਸੰਤਾਨ ਵੀ ਗੁਰਗੱਦੀ ਤੋਂ ਖਾਲੀ ਰਹਿ ਜਾਵੇਗੀ । ਹੁਣ ਤਾਂ ਥੋੜ੍ਹਾ ਕਾਰਜ ਹੈ ਕਿ ਇਕ ਹਰਿਗੋਬਿੰਦ ਨੂੰ ਮਾਰਨ ਨਾਲ ਸਾਰੇ ਕਾਰਜ ਪੂਰੇ ਹੋ ਜਾਣਗੇ ।

ਪ੍ਰਸ਼ਨ ੧੧੯ :ਪ੍ਰਿਥੀ ਚੰਦ ਨੇ ਆਪਣੀ ਘਰਵਾਲੀ ਕਰਮੋ ਨੂੰ ਸਾਹਿਬਜ਼ਾਦੇ ਨੂੰ ਕਿਸ ਪਾਸੋਂ ਜ਼ਹਿਰ ਦਿਵਾ ਕੇ ਮਰਵਾ ਦੇਣ ਬਾਰੇ ਕਿਹਾ ਸੀ ?

ਉੱਤਰ – ਪ੍ਰਿਥੀ ਚੰਦ ਨੇ ਕਿਹਾ, "ਤੂੰ ਫਿਕਰ ਨਾ ਕਰ, ਪਹਿਲੇ ਯਤਨ ਭਾਵੇਂ ਸਾਰੇ ਵਿਅਰਥ ਚਲੇ ਗਏ ਹਨ ,ਪਰ ਹੁਣ ਦਾ ਯਤਨ ਵਿਅਰਥ ਨਹੀਂ ਜਾਵੇਗਾ । ਉਸ ਬਾਲਕ ਨੂੰ ਮੈਂ ਜ਼ਹਿਰ ਦਿਵਾਕੇ ਮਰਵਾ ਦਿਆਂਗਾ । ਜਦੋਂ ਅਰਜਨ ਚੜ੍ਹਾਈ ਕਰ ਗਿਆ ਤਾਂ ਗੁਰਗੱਦੀ ਸਾਡੇ ਪਾਸ ਹੀ ਆ ਜਾਵੇਗੀ । ਹਰਿਗੋਬਿੰਦ ਦਾ ਇਕ ਬ੍ਰਾਹਮਣ ਖਿਡਾਵਾ ਹੈ । ਮੈਂ ਉਸ ਨੂੰ ਬਹੁਤ ਮਾਇਆ ਦੇ ਕੇ ਇਹ ਕੰਮ ਕਰਵਾਵਾਂਗਾ ।

ਪ੍ਰਸ਼ਨ ੧੨੦ :ਪ੍ਰਿਥੀ ਚੰਦ ਨੇ ਬ੍ਰਾਹਮਣ ਨੂੰ ਕਿਹੜਾ ਕਾਰਜ ਪੂਰਾ ਕਰਨ ਵਾਸਤੇ ਸਾਰੀ ਉਮਰ ਦਾ ਗੁਜ਼ਾਰਾ ਦੇਣ ਵਾਸਤੇ ਕਿਹਾ ਸੀ ?

ਉੱਤਰ – ਪ੍ਰਿਥੀ ਚੰਦ ਨੇ ਬਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਜਹਿਰ ਦਿਵਾਉਣ ਦੇ ਬਦਲੇ ਸਾਰੀ ਉਮਰ ਦੀ ਰੋਜ਼ੀ ਦੇਣ ਵਾਸਤੇ ਕਿਹਾ ਸੀ ।

ਪ੍ਰਸ਼ਨ ੧੨੧ : ਬ੍ਰਾਹਮਣ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਕਿੱਥੇ ਲਿਜਾ ਕੇ ਦਹੀਂ ਵਿਚ ਜ਼ਹਿਰ ਮਿਲਾ ਕੇ ਕੇ ਦੇਣ ਲੱਗਾ ਸੀ ? ਕੀ ਉਹ ਜ਼ਹਿਰ ਵਾਲਾ ਦਹੀਂ ਸਾਹਿਬਜ਼ਾਦੇ ਨੇ ਪੀਤਾ ਸੀ ?

ਉੱਤਰ – ਬ੍ਰਾਹਮਣ ਕੋਠੇ ਤੇ ਲਿਜਾ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਦਹੀਂ ਵਿਚ ਜ਼ਹਿਰ ਮਿਲਾ ਕੇ ਦੇਣ ਲੱਗਾ ਸੀ ।ਉਹ ਜ਼ਹਿਰ ਵਾਲਾ ਦਹੀਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਨਹੀਂ ਪੀਤਾ ।

ਪ੍ਰਸ਼ਨ ੧੨੨ : ਕੁੱਤਾ ਕਿਸ ਕਾਰਣ ਤੜਫ ਤੜਫ ਕੇ ਮਰਿਆ ਸੀ ?

ਉੱਤਰ – ਗੁਰੂ ਜੀ ਨੇ ਕੁੱਤੇ ਨੂੰ ਕਿਹਾ,"ਤੂੰ ਇੱਥੇ ਵੀ ਸਦਾ ਸਾਡੇ ਨਾਲ ਰਹਿੰਦਾ ਹੈਂ, ਅੱਗੇ ਵੀ ਤੂੰ ਨਹੀਂ ਵਿਛੜੇਂਗਾ । ਤੇਰੇ ਦਹੀਂ ਖਾਣ ਕਰਕੇ ਦੁਸ਼ਟਾਂ ਦਾ ਕਪਟ ਪ੍ਰਗਟ ਹੋ ਜਾਵੇਗਾ ।" ਗੁਰੂ ਜੀ ਦਾ ਬਚਨ ਸੁਣ ਕੇ ਉਸ ਨੇ ਦਹੀਂ ਪੀ ਲਿਆ । ਉਹ ਕੁੱਤਾ ਕੁਝ ਚਿਰ ਪਿੱਛੋਂ ਹੀ ਡਿੱਗ ਪਿਆ ਤੇ ਤੜਫ-ਤੜਫ ਕੇ ਮਰ ਗਿਆ ।

ਪ੍ਰਸ਼ਨ ੧੨੩ : ਗੁਰੂ ਜੀ ਦੇ ਸਰਾਪ ਨਾਲ ਜਦੋਂ ਬ੍ਰਾਹਮਣ ਮਰ ਗਿਆ ਤਾਂ ਗੁਰੂ ਜੀ ਨੇ ਕਿਹੜਾ ਸ਼ਬਦ ਉਚਾਰਿਆ ਸੀ ?

ਉੱਤਰ – ਜਦੋਂ ਗੁਰੂ ਜੀ ਦੇ ਸਰਾਪ ਨਾਲ ਬ੍ਰਾਹਮਣ ਮਰ ਗਿਆ ਉਦੋਂ ਗੁਰੂ ਜੀ ਨੇ ਉਸ ਦੇ ਪ੍ਰਥਾਇ ਇਹ ਸ਼ਬਦ ਉਚਾਰਿਆ ।

ਭੈਰਉ ਮਹਲਾ ੫ ॥
ਲੇਪੁ ਨ ਲਾਗੋ ਤਿਲ ਕਾ ਮੂਲਿ ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥੧॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥ ਪਾਪੀ ਮੂਆ ਗੁਰ ਪਰਤਾਪਿ ॥੧॥ ਰਹਾਉ ॥
ਅਪਣਾ ਖਸਮੁ ਜਨਿ ਆਪਿ ਧਿਆਇਆ ॥ ਇਆਣਾ ਪਾਪੀ ਓਹੁ ਆਪਿ ਪਚਾਇਆ ॥੨॥
ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ ॥ ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ ॥੩॥
ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ॥ ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥੪॥੯॥

(ਅੰਗ ੧੧੩੭)

ਪ੍ਰਸ਼ਨ ੧੨੪ : ਮਰੇ ਹੋਏ ਬ੍ਰਾਹਮਣ ਨੂੰ ਮਾਤਾ ਗੰਗਾ ਜੀ ਨੇ ਜਿਵਾਉਣ ਵਾਸਤੇ ਕਿਉਂ ਕਿਹਾ ਸੀ ?

ਉੱਤਰ – ਮਾਤਾ ਗੰਗਾ ਜੀ ਨੇ ਕਿਹਾ, "ਬ੍ਰਾਹਮਣ ਦੋਸ਼ੀ ਤਾਂ ਜ਼ਰੂਰ ਹੈ । ਪਰ ਇਸ ਦੇ ਜਿਉਣ ਨਾਲ ਸਾਰੀ ਗੱਲ ਦਾ ਪਤਾ ਲੱਗ ਜਾਵੇਗਾ ।" ਉਦੋਂ ਗੁਰੂ ਜੀ ਨੇ ਆਪਣੇ ਮਹਿਲਾਂ ਦੀ ਬੇਨਤੀ ਮੰਨ ਕੇ ਹੱਥ ਵਿਚ ਜਲ ਲੈ ਕੇ 'ਸਤਿਨਾਮ ਵਾਹਿਗੁਰੂ' ਕਹਿ ਕੇ ਜਲ ਦੇ ਛਿੱਟੇ ਉਸ 'ਤੇ ਮਾਰੇ, ਬ੍ਰਾਹਮਣ ਜਿਊਂਦਾ ਹੋ ਗਿਆ । ਉਦੋਂ ਉਸ ਨੇ ਆਪਣੀ ਖੁਟਾਈ ਜਾਣ ਕੇ ਨੇਤ੍ਰ ਨੀਵੇਂ ਕਰ ਲਏ ।

ਪ੍ਰਸ਼ਨ ੧੨੫ : ਜਦੋਂ ਬ੍ਰਾਹਮਣ ਜਿਉਂਦਾ ਹੋਇਆ ਤਾਂ ਗੁਰੂ ਜੀ ਨੇ ਉਸ ਨੂੰ ਕੀ ਪੁਛਿਆ ?

ਉੱਤਰ – ਉਦੋਂ ਗੁਰੂ ਜੀ ਨੇ ਬ੍ਰਾਹਮਣ ਨੂੰ ਪੁੱਛਿਆ,"ਤੂੰ ਸਾਡੇ ਕੋਲੋਂ ਧਨ ਲੈਂਦਾ ਰਿਹਾ ਹੈਂ ਤੇ ਖਾਂਦਾ ਪੀਂਦਾ ਰਿਹਾ ਹੈਂ । ਇਹ ਖੋਟਾ ਕੰਮ ਤੂੰ ਕਿਉਂ ਕਰ ਰਿਹਾ ਸੀ । ਸੱਚੀ ਗੱਲੇ ਦੱਸ, ਹੇ ਮੂਰਖ,ਤੈਨੂੰ ਅਸੀਂ ਛੱਡ ਦਿੱਤਾ ਹੈ।"

ਪ੍ਰਸ਼ਨ ੧੨੬ : ਗੁਰੂ ਜੀ ਦੀ ਗੱਲ ਸੁਣ ਕੇ ਉਸ ਨੇ ਕੀ ਉੱਤਰ ਦਿੱਤਾ ਸੀ ?

ਉੱਤਰ – ਬ੍ਰਾਹਮਣ ਨੇ ਕੰਬਦੇ ਹੋਏ ਨੇ ਹੱਥ ਜੋੜ ਕੇ ਕਿਹਾ,"ਪ੍ਰਭੂ ਜੀ, ਮੈਨੂੰ ਪ੍ਰਿਥੀ ਚੰਦ ਨੇ ਸੱਦਿਆ ਤੇ ਬਹੁਤ ਸਤਿਕਾਰ ਕੀਤਾ, ਬੜੇ ਮਿੱਠੇ ਬਚਨ ਕੀਤੇ । ਮੈਨੂੰ ਬਹੁਤ ਖੋਟੀ ਸਿੱਖਿਆ ਦਿੱਤੀ । ਇਹ ਅੱਜ ਰਾਤ ਦੀ ਹੀ ਗੱਲ ਹੈ । ਉਸ ਨੇ ਮੈਨੂੰ ਪੰਜ ਸੌ ਰੁਪਏ ਦਿੱਤੇ । ਫਿਰ ਕਿਹਾ ਕਿ ਸਾਰੀ ਉਮਰ ਦਾ ਤੇਰਾ ਗੁਜ਼ਾਰਾ ਕਰਾਂਗੇ । ਉਦੋਂ ਮੈਨੂੰ ਹੋਣੀ ਨੇ ਪ੍ਰੇਰ ਲਿਆ ।"

ਪ੍ਰਸ਼ਨ ੧੨੭ :ਇਤਨਾ ਪਾਪੀ ਬ੍ਰਾਹਮਣ ਕਿਵੇਂ ਬਖ਼ਸ਼ਿਆ ਗਿਆ ਸੀ ?

ਉੱਤਰ - ਗੁਰੂ ਜੀ ਨੇ ਕਿਹਾ,"ਜਿੰਨ੍ਹਾਂ ਦੀ ਤੂੰ ਬੁਰਾਈ ਕਰਨ ਲੱਗਾ ਸੀ, ਉਨ੍ਹਾਂ ਅੱਗੇ ਦੀਨ ਮਨ ਹੋ ਕੇ ਬੇਨਤੀ ਕਰ । ਉਹੋ ਤੈਨੂੰ ਬਖ਼ਸ਼ਣਗੇ, ਉਨ੍ਹਾਂ ਦੀ ਚਰਨੀਂ ਪੈ ।" ਉਦੋਂ ਸਾਹਿਬਜ਼ਾਦਾ ਜੀ ਮਾਤਾ ਜੀ ਦੀ ਗੋਦੀ ਵਿਚ ਬੈਠੇ ਸਨ ।

ਬ੍ਰਾਹਮਣ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲ ਹੋ ਕੇ ਕਹਿਣ ਲੱਗਾ, "ਮੈਂ ਆਪ ਜੀ ਦਾ ਸੇਵਕ ਹਾਂ, ਆਪ ਜੀ ਦੀ ਸੇਵਾ ਕਰਦਾ ਰਿਹਾ ਹਾਂ । ਆਪ ਜੀ ਜਗਤ ਦੇ ਮਾਲਕ ਹੋ । ਮੈਂ ਮਤ ਹੀਣੇ ਨੇ ਬਹੁਤ ਵੱਡਾ ਅਪਰਾਧ ਕੀਤਾ ਹੈ । ਹੇ ਪ੍ਰਭੂ ਜੀ ! ਮੈਨੂੰ ਬਖ਼ਸ਼ ਲਉ, ਮੈਂ ਆਪ ਜੀ ਦੀ ਸ਼ਰਨੀ ਪਿਆ ਹਾਂ ।" ਇਸ ਤਰ੍ਹਾਂ ਕਹਿ ਕੇ ਸਾਹਿਬਜ਼ਾਦੇ ਦੇ ਚਰਨਾਂ ’ਤੇ ਸਿਰ ਰੱਖਿਆ । ਉਦੋਂ ਸਾਹਿਬਜ਼ਾਦਾ ਜੀ ਆਪਣੇ ਪਿਤਾ ਗੁਰੂ ਜੀ ਦੀ ਮਰਜ਼ੀ ਜਾਣ ਕੇ ਦਇਆ ਵਿਚ ਆ ਗਏ ਤੇ ਉਸ ਦੇ ਸਿਰ ’ਤੇ ਹੱਥ ਰੱਖ ਦਿੱਤਾ ।

ਪ੍ਰਸ਼ਨ ੧੨੮ : ਪ੍ਰਿਥੀ ਚੰਦ ਨੇ ਅੰਮ੍ਰਿਤਸਰ ਨੂੰ ਛੱਡ ਕੇ ਜਾਣ ਦਾ ਇਰਾਦਾ ਕਿਉਂ ਬਣਾਇਆ ਤੇ ਕਿਸ ਨੂੰ ਮਿਲਣ ਦਾ ਇਰਾਦਾ ਕੀਤਾ ਸੀ ?

ਉੱਤਰ - ਲੋਕਾਂ ਵਿਚ ਆਪਣੀ ਬਹੁਤ ਬਦਨਾਮੀ ਹੋਣ ਕਰਕੇ ਉਸ ਨੇ ਅੰਮ੍ਰਿਤਸਰ ਨੂੰ ਛੱਡ ਕੇ ਚਲੇ ਜਾਣ ਦਾ ਪੱਕਾ ਇਰਾਦਾ ਬਣਾ ਲਿਆ । ਉਸ ਨੇ ਸੋਚਿਆ ਕਿ ਪਹਿਲਾਂ ਮੈਂ ਆਪਣਾ ਸਾਰਾ ਸਾਜ਼ੋ-ਸਾਮਾਨ ਤੇ ਦਾਸ ਦਾਸੀਆਂ ਨੂੰ ਆਪਣੇ ਸਹੁਰੇ ਪਿੰਡ ਹੇਹਰ ਛੱਡ ਕੇ ਆਵਾਂ । ਉਸ ਤੋਂ ਬਾਅਦ ਦਿੱਲੀ ਜਾ ਕੇ ਆਪਣੇ ਮਿੱਤਰ ਸੁਲਹੀ ਖਾਨ ਨੂੰ ਮਿਲਾਂਗਾ ।ਇਸ ਮਨੋਰਥ ਨਾਲ ਉਸ ਨੇ ਰਾਤ ਨੂੰ ਹੀ ਆਪਣਾ ਸਾਰਾ ਸਾਜ਼ੋ-ਸਾਮਾਨ ਗੱਡਿਆਂ ਵਿਚ ਲਦਵਾ ਲਿਆ ਤੇ ਵੱਡੇ ਤੜਕੇ ਹੀ ਅੰਮ੍ਰਿਤਸਰ ਤੋਂ ਚਲਿਆ ਗਿਆ ।

ਪ੍ਰਸ਼ਨ ੧੨੯: ਸੁਲਹੀ ਨੂੰ ਪ੍ਰਿਥੀ ਚੰਦ ਨੇ ਆਪਣਾ ਕੀ ਦੁੱਖ ਦੱਸਿਆ ਸੀ ?

ਉੱਤਰ - ਪ੍ਰਿਥੀ ਚੰਦ ਸਵੇਰੇ ਸੌਚ ਇਸ਼ਨਾਨ ਕਰ ਕੇ ਸੁਲਹੀ ਨੂੰ ਮਿਲਿਆ । ਉਸ ਨੂੰ ਆਖਣ ਲੱਗਾ ਕਿ ਮੇਰਾ ਛੋਟਾ ਭਰਾ ਅਰਜਨ ਤਿੰਨ ਸਾਲ ਪਹਿਲਾਂ ਤੁਹਾਡਾ ਆਉਣਾ ਸੁਣ ਕੇ ਅੰਮ੍ਰਿਤਸਰ ਤੋਂ ਚਲੇ ਗਿਆ ਸੀ । ਹੁਣ ਉਹ ਫਿਰ ਆ ਗਿਆ ਹੈ । ਜਿੰਨਾ ਚਿਰ ਉਹ ਅੰਮ੍ਰਿਤਸਰ ਤੋਂ ਬਾਹਰ ਰਿਹਾ ਹੈ,ਉਤਨਾ ਚਿਰ ਮੈਂ ਸੁਖੀ ਰਿਹਾ ਹਾਂ । ਗੁਰੂ ਬਣਨ ਦਾ ਅਧਿਕਾਰ ਮੇਰਾ ਸੀ, ਮੇਰੇ ਪਿਤਾ ਨੇ ਅਯੋਗ ਗੱਲ ਕੀਤੀ ਹੈ । ਮੇਰੇ ਛੋਟੇ ਭਰਾ ਨੂੰ ਗੁਰਗੱਦੀ 'ਤੇ ਬਿਠਾ ਦਿੱਤਾ ਹੈ । ਮੈਨੂੰ ਜੋਰ ਪਾ ਕੇ ਉਸ ਨੇ ਘਰ ਤੋਂ ਕੱਢ ਦਿਤਾ ਹੈ । ਮੈਂ ਉੱਥੋਂ ਨਿਰਾਸ਼ ਹੋ ਕੇ ਨਿਕਲ ਆਇਆ ਹਾਂ । ਗੁਰੂ ਜੀ 'ਤੇ ਝੂਠਾ ਦੋਸ਼ ਲਾਈ ਜਾ ਰਿਹਾ ਹੈ ।

ਪ੍ਰਸ਼ਨ ੧੩੦ : ਪ੍ਰਿਥੀ ਚੰਦ ਦੀ ਗੱਲ ਸੁਣ ਕੇ ਸੁਲਹੀ ਨੇ ਕੀ ਕਿਹਾ ਸੀ ?

ਉੱਤਰ - ਪ੍ਰਿਥੀ ਚੰਦ ਦੀ ਗੱਲ ਸੁਣ ਕੇ ਸੁਲਹੀ ਗੁੱਸੇ ਨਾਲ ਕਹਿਣ ਲੱਗਾ, "ਹੁਣ ਤਕ ਉਹ ਤੇਰੇ ਨਾਲ ਝਗੜਾ ਕਰੀ ਰੱਖਦੇ ਹਨ । ਉਨ੍ਹਾਂ ਨੇ ਮੇਰਾ ਜ਼ੋਰ ਨਹੀਂ ਵੇਖਿਆ । ਉਨ੍ਹਾਂ ਨੂੰ ਮੇਰੇ ਵਿਚ ਸਜ਼ਾ ਦੇਣ ਦੀ ਸਮਰੱਥਾ ਹੈ । ਫਿਰ ਵੀ ਪਹਿਲਾਂ ਦਿੱਲੀ ਜਹਾਂਗੀਰ ਬਾਦਸ਼ਾਹ ਨੂੰ ਸਾਰੀ ਗੱਲ ਦੱਸ ਕੇ, ਉਨ੍ਹਾਂ ਨੂੰ ਦਿੱਲੀ ਸੱਦ ਲਵਾਂਗਾ ਤੇ ਫੜ੍ਹ ਕੇ ਕੈਦ ਕਰ ਲਵਾਂਗਾ ਤੇ ਤੁਹਾਨੂੰ ਗੁਰਗੱਦੀ ਦਿਵਾ ਦਿਆਂਗਾ ।

ਪ੍ਰਸ਼ਨ ੧੩੧ :ਜਦੋਂ ਬਾਦਸ਼ਾਹ ਨੇ ਪ੍ਰਿਥੀ ਚੰਦ ਨੂੰ ਸੱਦਿਆ ਤਾਂ ਉਸ ਨੇ ਬਾਦਸ਼ਾਹ ਨੂੰ ਕੀ ਕਿਹਾ ਸੀ ?

ਉੱਤਰ - ਬਾਦਸ਼ਾਹ ਨੇ ਕਿਹਾ,"ਅਸੀਂ ਗੁਰੂ ਘਰ ਦੇ ਮੁੱਢ ਤੋਂ ਸੇਵਕ ਹਾਂ, ਆਪਣੇ ਮਾਲਕ ਦਾ ਨਿਆਉਂ ਕਿਸ ਤਰ੍ਹਾਂ ਕਰ ਸਕਦਾ ਹਾਂ । ਸਤਿਗੁਰੂ ਜੀ ਘਟ-ਘਟ ਦੀ ਜਾਨਣਹਾਰ ਹਨ । ਉਹ ਆਪੇ ਨਿਬੇੜਾ ਕਰਨਗੇ । ਗੁਰੂ ਰਾਮਦਾਸ ਜੀ ਨੇ ਆਪਣੇ ਛੋਟੇ ਪੁੱਤਰ ਨੂੰ ਲਾਇਕ ਜਾਣ ਕੇ ਹੀ ਗੱਦੀ 'ਤੇ ਬਿਠਾਇਆ ਹੈ । ਉਨ੍ਹਾਂ ਦੀ ਕੀਤੀ ਅਸੀਂ ਨਹੀਂ ਮੇਟ ਸਕਦੇ । ਤੇਰੇ ਵਾਸਤੇ ਚੰਗੀ ਗੱਲ ਇਹ ਹੈ ਕਿ ਤੂੰ ਗੁਰੂ ਅਰਜਨ ਦੇਵ ਜੀ ਦੇ ਚਰਨੀਂ ਲੱਗ, ਉਹ ਗੁਣਾਂ ਵਿਚ ਵੱਡੇ ਹਨ ।"

ਪ੍ਰਸ਼ਨ ੧੩੨: ਪ੍ਰਿਥੀ ਚੰਦ ਜਦੋਂ ਸੁਲਹੀ ਦੇ ਕਹੇ ਉਮਰਾਵ ਅਬਦੁਲ ਖ਼ਾਂ ਤੇ ਮੁਹੰਮਦ ਖ਼ਾਂ ਨੂੰ ਮਿਲਿਆ ਤਾਂ ਉਨ੍ਹਾਂ ਨੇ ਪ੍ਰਿਥੀ ਚੰਦ ਨੂੰ ਕੀ ਕਿਹਾ ਸੀ ?

ਉੱਤਰ - ਉਨ੍ਹਾਂ ਨੇ ਪ੍ਰਿਥੀ ਚੰਦ ਨੂੰ ਕਿਹਾ ਕਿ ਤੁਹਾਡਾ ਕੰਮ ਹੋ ਜਾਵੇਗਾ । ਪਰ ਬਾਦਸ਼ਾਹ ਬਹੁਤ ਵਿਚਾਰ ਕੇ ਇਨਸਾਫ਼ ਕਰਦਾ ਹੈ, ਤੁਹਾਨੂੰ ਪਿੰਡ ਦੇਣਾ ਤਾਂ ਮੰਨ ਜਾਵੇਗਾ ਪਰ ਗੁਰਤਾ ਬਾਰੇ ਅਸੀਂ ਨਹੀਂ ਆਖ ਸਕਦੇ ।

ਪ੍ਰਸ਼ਨ ੧੩੩: ਜਦੋਂ ਦੋਵੇਂ ਉਮਰਾਵਾਂ ਨੇ ਬਾਦਸ਼ਾਹ ਪਾਸ ਪ੍ਰਿਥੀ ਚੰਦ ਦੀ ਵਡਿਆਈ ਕੀਤੀ ਤਾਂ ਬਾਦਸ਼ਾਹ ਨੇ ਕੀ ਸੋਚਿਆ ਸੀ ?

ਉੱਤਰ - ਉਦੋਂ ਬਾਦਸ਼ਾਹ ਜਾਣ ਗਿਆ ਕਿ ਇਨ੍ਹਾਂ ਨੇ ਇਸ ਪਾਸੋਂ ਕੁਝ ਰਿਸ਼ਵਤ ਲਈ ਹੈ ਤਾਂ ਇਹ ਇਸ ਦੀ ਤਾਰੀਫ਼ ਕਰ ਰਹੇ ਹਨ । ਇਹ ਲੋਕਾਂ ਨੂੰ ਮਾਇਆ ਦੇ ਕੇ ਵਿਗਾੜ ਰਿਹਾ ਹੈ । ਇਹ ਖੁਟਾਈ ਨਾਲ ਭਰਿਆ ਹੈ । ਇਹ ਗੁਰਤਾ ਦਾ ਅਧਿਕਾਰੀ ਨਹੀਂ ਹੈ । ਇਸ ਵਿਚ ਸ਼ੁਭ ਗੁਣ ਕੋਈ ਨਹੀਂ ਹਨ ।

ਪ੍ਰਸ਼ਨ ੧੩੪ : ਬਾਦਸ਼ਾਹ ਨੇ ਪ੍ਰਿਥੀ ਚੰਦ ਨੂੰ ਜਗੀਰ ਵਜੋਂ ਪਿੰਡ ਕਿੱਥੇ ਦਿੱਤਾ ਸੀ ?

ਉੱਤਰ - ਉਦੋਂ ਬਾਦਸ਼ਹ ਜਹਾਂਗੀਰ ਨੇ ਕਿਹਾ, "ਮੈਂ ਆਪਣੀ ਤਰਫ਼ੋਂ ਇਸ ਨੂੰ ਇਕ ਪਿੰਡ ਜਾਗੀਰ ਵਜੋਂ ਦਿੰਦਾ ਹਾਂ । ਉੱਥੇ ਬੈਠ ਕੇ ਇਹ ਆਪਣਾ ਗੁਜ਼ਾਰਾ ਕਰ ਲੈਣ ।

ਪ੍ਰਸ਼ਨ ੧੩੫ : ਸੱਤਾ ਤੇ ਬਲਵੰਡਾ ਕੌਣ ਸਨ, ਉਹ ਗੁਰੂ ਘਰ ਵਿਚ ਕੀ ਸੇਵਾ ਕਰਦੇ ਸਨ ?

ਉੱਤਰ - ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਦੋ ਮਰਾਸੀ ਭਰਾ ਸੱਤਾ ਤੇ ਬਲਵੰਡਾ ਕੀਰਤਨ ਕਰਦੇ ਸਨ ।

ਪ੍ਰਸ਼ਨ ੧੩੬ : ਉਨ੍ਹਾਂ ਨੇ ਗੁਰੂ ਜੀ ਤੋਂ ਮਾਇਆ ਕਿਉਂ ਮੰਗੀ ਸੀ ?

ਉੱਤਰ – ਉਨ੍ਹਾਂ ਨੇ ਆਪਣੀ ਭੈਣ ਦਾ ਵਿਆਹ ਰੱਖਿਆ ਸੀ, ਜਿਸ ਕਰਕੇ ਉਨ੍ਹਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਤਿਗੁਰੂ ਜੀ ਆਪ ਕ੍ਰਿਪਾ ਕਰ ਕੇ ਸਾਨੂੰ ਬਹੁਤੀ ਮਾਇਆ ਦਿਉ, ਜਿਸ ਕਰਕੇ ਅਸੀਂ ਆਪਣੀ ਭੈਣ ਦੀ ਸ਼ਾਦੀ ਕਰ ਸਕੀਏ।

ਪ੍ਰਸ਼ਨ ੧੩੭:ਗੁਰੂ ਜੀ ਨੇ ਉਨ੍ਹਾਂ ਨੂੰ ਤੁਹਾਡਾ ਕਾਰਜ ਕਿਸ ਤਰ੍ਹਾਂ ਪੂਰਾ ਹੋ ਜਾਵੇਗਾ ਕਿਹਾ ਸੀ ?

ਉੱਤਰ – ਗੁਰੂ ਜੀ ਨੇ ਕਿਹਾ ਕਿ ਤੁਸੀਂ ਚਿੰਤਾ ਨਾ ਕਰੋ, ਕੱਲ੍ਹ ਜਿੰਨਾ ਚੜ੍ਹਾਵਾ ਚੜ੍ਹੇਗਾ, ਤੁਸੀਂ ਲੈ ਲਇਓ । ਤੁਹਾਡਾ ਕਾਰਜ ਪੂਰਾ ਹੋ ਜਾਵੇਗਾ ।

ਪ੍ਰਸ਼ਨ ੧੩੮: ਗੁਰੂ ਜੀ ਦੇ ਸੱਦਣ 'ਤੇ ਸੱਤਾ ਤੇ ਬਲਵੰਡਾ ਕੀਰਤਨ ਕਰਨ ਕਿਉਂ ਨਹੀਂ ਆਏ ਤੇ ਉਨ੍ਹਾਂ ਨੇ ਅੱਗੋਂ ਕੀ ਜਵਾਬ ਦਿੱਤਾ ਸੀ ?

ਉੱਤਰ – ਉਨ੍ਹਾਂ ਨੇ ਕਿਹਾ, "ਗੁਰੂ ਜੀ ਪਾਸ ਜਾ ਕੇ ਅਸੀਂ ਕੀ ਲੈਣਾ ਹੈ । ਜਦੋਂ ਅਸੀਂ ਕੀਰਤਨ ਕਰਦੇ ਹਾਂ, ਉਦੋਂ ਹੀ ਦੀਵਾਨ ਲੱਗਦਾ ਹੈ ਤੇ ਗੁਰੂ ਜੀ ਦੀ ਪੂਜਾ ਹੁੰਦੀ ਹੈ । ਗੁਰਤਾ ਗੱਦੀ ਦੇ ਅਸੀਂ ਮੁੱਢ ਹਾਂ । ਜੇ ਅਸੀਂ ਨਾ ਗਏ ਤਾਂ ਸਾਰੇ ਸਿੱਖ ਉਨ੍ਹਾਂ ਤੋਂ ਉਲਟ ਹੋ ਜਾਣਗੇ, ਉਨ੍ਹਾਂ ਨੂੰ ਕੋਈ ਗੁਰੂ ਨਹੀਂ ਮੰਨੇਗਾ । ਸਾਡੇ ਤੋਂ ਬਗੈਰ ਉਹ ਇਕੱਲੇ ਹੀ ਬੈਠੇ ਰਹਿਣਗੇ।"

ਪ੍ਰਸ਼ਨ ੧੩੯: ਜਦੋਂ ਗੁਰੂ ਜੀ ਕੀਰਤਨ ਦਾ ਸਤਿਕਾਰ ਕਰਨ ਵਾਸਤੇ ਉਨ੍ਹਾਂ ਦੇ ਘਰ ਆਪ ਸੱਦਣ ਵਾਸਤੇ ਗਏ ਤਾਂ ਉਨ੍ਹਾਂ ਨੇ ਕੀ ਜਵਾਬ ਦਿੱਤਾ ਸੀ ?

ਉੱਤਰ – ਬਲਵੰਡੇ ਨੇ ਕਿਹਾ, "ਇਕ ਹਜ਼ਾਰ ਰੁਪਏ ਵਿਚ ਵਿਆਹ ਹੁੰਦਾ ਹੈ, ਤੁਸੀਂ ਸਾਨੂੰ ਸਿਰਫ਼ ੧੦੦ ਰੁਪਈਏ ਹੀ ਦਿੱਤੇ ਹਨ । ਅਸੀਂ ਤੁਹਾਡੇ ਪਾਸ ਕੀਰਤਨ ਕਰਦੇ ਹਾਂ, ਤੁਸੀਂ ਸਾਡੇ ਗੁਣਾ ਨੂੰ ਨਹੀਂ ਜਾਣਿਆ । ਸਿੱਖ ਸਾਡਾ ਕੀਰਤਨ ਸੁਣ ਕੇ ਹੀ ਤੁਹਾਡੇ ਵਾਸਤੇ ਚੰਗੀਆਂ-ਚੰਗੀਆਂ ਵਸਤੂਆਂ ਭੇਟਾ ਕਰਦੇ ਹਨ । ਜੇ ਸਾਥੋਂ ਕੀਰਤਨ ਕਰਾਉਣਾ ਹੈ ਤਾਂ ਸਾਨੂੰ ਅੱਧੀ ਭੇਟਾ ਸਾਨੂੰ ਦਿਆ ਕਰੋ । ਗੁਰੂ ਬਣਾਉਣਾ ਸਾਡੇ ਅਧੀਨ ਹੈ । ਜਿੱਥੇ ਅਸੀਂ ਰਾਗ ਉਚਾਰਾਂਗੇ, ਉਸੇ ਨੂੰ ਗੁਰੂ ਬਣਾਵਾਂਗੇ ਤੇ ਬਹੁਤਾ ਧਨ ਲਵਾਂਗੇ । ਅਸੀਂ ਤੁਹਾਡੇ ਪਾਸ ਨਹੀਂ ਜਾਵਾਂਗੇ । ਹੁਣ ਵੇਖਾਂਗੇ ਤੁਹਾਨੂੰ ਕੌਣ ਗੁਰੂ ਕਹਿੰਦਾ ਹੈ । ਸਾਡੇ ਨਾ ਜਾਣ ਕਰਕੇ ਤੁਹਾਡੀ ਮੰਨਤਾ ਖ਼ਤਮ ਹੋ ਜਾਵੇਗੀ ।"

ਪ੍ਰਸ਼ਨ ੧੪੦:ਜਦੋਂ ਉਨ੍ਹਾਂ ਨੇ ਵੱਡੇ ਸਤਿਗੁਰੂ ਸਾਹਿਬਾਨਾਂ ਦੀ ਨਿੰਦਾ ਕੀਤੀ ਤਾਂ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਕੀ ਸਰਾਪ ਦਿੱਤਾ ਸੀ। ?

ਉੱਤਰ – ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਨਿੰਦਾ ਸੁਣ ਕੇ ਉਨ੍ਹਾਂ ਨੂੰ ਕੁਝ ਨਹੀਂ ਕਿਹਾ । ਜਦੋਂ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਤੇ ਦੂਜੇ ਗੁਰੂ ਸਾਹਿਬਾਨਾਂ ਦੀ ਨਿੰਦਾ ਕੀਤੀ ਤਾਂ ਗੁਰੂ ਜੀ ਨੇ ਕਿਹਾ, "ਤੁਹਾਡੀ ਦੇਹ ਫਿੱਟ ਜਾਵੇਗੀ । ਤੁਹਾਨੂੰ ਕੋਈ ਮੂੰਹ ਨਹੀਂ ਲਾਵੇਗਾ ।" ਇਹ ਕਹਿ ਕੇ ਸਤਿਗੁਰੂ ਜੀ ਉੱਥੋਂ ਆ ਗਏ ।

ਪ੍ਰਸ਼ਨ ੧੪੧: ਜਦੋਂ ਸਿੱਖ ਸਤਿਗੁਰੂ ਜੀ ਦੇ ਹੁਕਮ ਨਾਲ ਰਾਗ ਗਾਉਣ ਲੱਗੇ ਤਾਂ ਗੁਰੂ ਜੀ ਨੇ ਉਨ੍ਹਾਂ ' ਕੀ ਵਰ ਦਿੱਤਾ ਸੀ ?

ਉੱਤਰ – ਸਤਿਗੁਰੂ ਜੀ ਨੇ ਉਨ੍ਹਾਂ ਨੂੰ ਵਰ ਦਿੱਤਾ ਕਿ ਤੁਸੀਂ ਸਾਡਾ ਬਚਨ ਮੰਨਿਆ ਹੈ, ਇਸ ਕਰਕੇ ਹੁਣ ਤੋਂ ਰਾਗਾਂ ਦੀ ਵਿੱਦਿਆ ਸਿੱਖਾਂ ਵਿਚ ਆ ਗਈ ਹੈ । ਡੂਮ ਪਛਤਾਉਣਗੇ, ਉਨ੍ਹਾਂ ਨੂੰ ਹੰਕਾਰ ਨੇ ਡੰਗ ਲਿਆ ਹੈ ।

ਪ੍ਰਸ਼ਨ ੧੪੨: ਸੱਤਾ ਤੇ ਬਲਵੰਡਾ ਕਿਸ ਤਰ੍ਹਾਂ ਬਖ਼ਸ਼ੇ ਗਏ ਸਨ ?

ਉੱਤਰ – ਸੱਤਾ ਤੇ ਬਲਵੰਡਾ ਭਾਈ ਲਧਾ ਪਰਉਕਾਰੀ ਦੇ ਜਤਨਾ ਨਾਲ ਬਖਸੇ ਗਏ ।

ਪ੍ਰਸ਼ਨ ੧੪੩: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕਰਨ ਦੀ ਲੋੜ ਕਿਉਂ ਪਈ ਸੀ ?

ਉੱਤਰ – ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਦੀਵਾਨ ਵਿਚ ਸੁਭਾਇਮਾਨ ਸਨ । ਇਕ ਸਿੱਖ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਜੀ, ਪ੍ਰਿਥੀ ਚੰਦ ਵਰਗੇ ਕਈ ਹੋਰ ਵੀ ਹਨ, ਜੋ ਆਪਣੀ ਬਾਣੀ ਰਚ ਕੇ ਉਸ ਵਿਚ ਨਾਨਕ ਨਾਮ ਲਿਖ ਦਿੰਦੇ ਹਨ। ਇਸ ਤਰ੍ਹਾਂ ਇਨ੍ਹਾਂ ਦੀ ਕੱਚੀ ਬਾਣੀ ਗੁਰਬਾਣੀ ਵਿਚ ਰਲ਼ ਜਾਵੇਗੀ । ਸਿੱਖਾਂ ਨੂੰ ਕਿਸ ਤਰ੍ਹਾਂ ਪਤਾ ਲੱਗੇਗਾ ਕਿ ਕਿਹੜੀ ਬਾਣੀ ਠੀਕ ਹੈ, ਕਿਹੜੀ ਠੀਕ ਨਹੀਂ ਹੈ । ਇਸ ਕਰਕੇ ਆਪ ਜੀ ਇਹੋ ਜਿਹਾ ਯਤਨ ਕਰੋ, ਜਿਸ ਨਾਲ ਗੁਰਬਾਣੀ ਵਿਚ ਦੂਸਰੀ ਬਾਣੀ ਨਾ ਰਲ਼ੇ।

ਪ੍ਰਸ਼ਨ ੧੪੪: ਜਦੋਂ ਗੁਰੂ ਜੀ ਨੇ ਕਿਹਾ ਕਿ ਗੋਇੰਦਵਾਲ ਸਾਹਿਬ ਤੋਂ ਸਾਡੇ ਮਾਮਾ ਮੋਹਨ ਜੀ ਪਾਸੋਂ ਗੁਰਬਾਣੀ ਦੀਆਂ ਪੋਥੀਆਂ ਕੋਈ ਸਿੱਖ ਲੈ ਕੇ ਆਵੇ ਤਾਂ ਕੌਣ ਸਿੱਖ ਪੋਥੀਆਂ ਲੈਣ ਗਿਆ ਸੀ ਕੀ ਉਹ ਪੋਥੀਆਂ ਲੈ ਕੇ ਆਏ ?

ਉੱਤਰ – ਉਦੋਂ ਸਤਿਗੁਰੂ ਜੀ ਨੇ ਕਿਹਾ,"ਗੋਇੰਦਵਾਲ ਸਾਹਿਬ, ਨਾਨਾ ਸ੍ਰੀ ਗੁਰੂ ਅਮਰਦਾਸ ਜੀ ਦੇ ਵੱਡੇ ਪੁੱਤਰ ਮਾਮਾ ਮੋਹਨ ਜੀ ਪਾਸ ਚੌਹਾਂ ਗੁਰੂ ਸਾਹਿਬਾਨਾਂ ਜੀ ਦੀ ਬਾਣੀ ਦੀਆਂ ਪੋਥੀਆਂ ਹਨ । ਕੋਈ ਸਿੱਖ ਯਤਨ ਕਰ ਕੇ ਉਨ੍ਹਾਂ ਪਾਸੋਂ ਉਹ ਪੋਥੀਆਂ ਲਿਆਉ । ਗੁਰੂ ਜੀ ਦਾ ਬਚਨ ਸੁਣਕੇ ਭਾਈ ਗੁਰਦਾਸ ਜੀ ਗੋਇੰਦਵਾਲ ਸਾਹਿਬ, ਪੋਥੀਆਂ ਲੈਣ ਗਏ ।ਅੱਗੇ ਕੋਠੜੀ ਦਾ ਬੂਹਾ ਬੰਦ ਸੀ । ਅੰਦਰ ਬਾਬਾ ਮੋਹਨ ਜੀ ਦੀ ਸਮਾਧੀ ਲੱਗੀ ਸੀ ।ਭਾਈ ਗੁਰਦਾਸ ਜੀ ਨੇ ਬਹੁਤੀਆਂ ਅਵਾਜਾਂ ਮਾਰੀਆਂ ।ਸਮਾਧੀ ਲੱਗੀ ਹੋਣ ਕਰਕੇ ਉਨ੍ਹਾਂ ਨੇ ਬੂਹਾ ਨਹੀਂ ਖੋਲਿਆ ।ਭਾਈ ਗੁਰਦਾਸ ਜੀ ਨਿਰਾਸੇ ਮੁੜ ਆਏ ।

ਪ੍ਰਸ਼ਨ ੧੪੫ : ਦੂਜੀ ਵਾਰੀ ਕੌਣ ਸਿੱਖ ਪੋਥੀਆਂ ਲੈਣ ਵਾਸਤੇ ਗੋਇੰਦਵਾਲ ਸਾਹਿਬ ਗਿਆ,ਉਹ ਪੋਥੀਆਂ ਲੈ ਕੇ ਕਿਉਂ ਨਹੀਂ ਆਏ ?

ਉੱਤਰ – ਸਤਿਗੁਰੂ ਜੀ ਦਾ ਹੁਕਮ ਸੁਣ ਕੇ ਬਾਬਾ ਬੁੱਢਾ ਜੀ ਗੋਇੰਦਵਾਲ ਸਾਹਿਬ, ਚੁਬਾਰਾ ਸਾਹਿਬ ਬਾਬਾ ਮੋਹਨ ਜੀ ਪਾਸ ਗਏ । ਉਨ੍ਹਾਂ ਦੀ ਕੋਠੜੀ ਦਾ ਬੂਹਾ ਬੰਦ ਵੇਖ ਕੇ, ਉੱਚੀ ਉੱਚੀ ਆਵਾਜ ਮਾਰ ਕੇ ਕਿਹਾ, "ਮੋਹਨ ਜੀ, ਮੈਨੂੰ ਦਰਸ਼ਨ ਦਿਉ। ਮੈਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭੇਜਿਆ ਹੈ, ਮੇਰਾ ਨਾਮ ਬੁੱਢਾ ਹੈ । ਕਿਰਪਾ ਕਰ ਕੇ ਮੇਰੀ ਬੇਨਤੀ ਸੁਣੋ ।"ਅੰਦਰ ਬਾਬਾ ਮੋਹਨ ਜੀ ਦੀ ਸਮਾਧੀ ਲੱਗੀ ਸੀ । ਬਹੁਤ ਯਤਨ ਕਰਨ ਨਾਲ ਵੀ ਬਾਬਾ ਮੋਹਨ ਜੀ ਦੀ ਸਮਾਧੀ ਨਹੀਂ ਖੁੱਲ੍ਹੀ ।ਤਾਂ ਬਾਬਾ ਬੁੱਢਾ ਜੀ ਨਿਰਾਸੇ ਮੁੜ ਆਏ ।

ਪ੍ਰਸ਼ਨ ੧੪੬: ਜਦੋਂ ਸਤਿਗੁਰੂ ਜੀ ਆਪ ਪੋਥੀਆਂ ਲੈਣ ਗਏ ਤਾਂ ਉਨ੍ਹਾਂ ਨੇ ਕਿਹੜਾ ਸ਼ਬਦ ਉਚਾਰ ਕੇ ਪੋਥੀਆਂ ਲਈਆਂ ਸਨ ?

ਉੱਤਰ – ਜਿਸ ਕੋਠੜੀ ਵਿਚ ਬਾਬਾ ਮੋਹਨ ਜੀ ਸਮਾਧੀ ਲਾ ਕੇ ਬੈਠੇ ਸਨ, ਉੱਥੇ ਨਾਲ ਹੀ ਗਲ਼ੀ ਵਿਚ ਕੁਝ ਵਿਛਾਏ ਬਿਨਾਂ ਹੀ ਸਤਿਗੁਰੂ ਜੀ ਬੈਠ ਗਏ । ਉਦੋਂ ਗੁਰੂ ਜੀ ਨੇ ਗਉੜੀ ਰਾਗ ਵਿਚ ਸ਼ਬਦ ਉਚਾਰ ਕੇ ਤੰਬੂਰੇ ਨਾਲ ਗਾਇਆ ।

ਗਉੜੀ ਮਹਲਾ ੫॥

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥

ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ ॥

ਜਦੋਂ ਗੁਰੂ ਜੀ ਨੇ ਸ਼ਬਦ ਦੀ ਪਹਿਲੀ ਪਉੜੀ ਉਚਾਰੀ ਤਾਂ ਬਾਬਾ ਮੋਹਨ ਜੀ ਦੀ ਸਮਾਧੀ ਖੁੱਲ੍ਹ ਗਈ । ਜਦੋਂ ਗੁਰੂ ਜੀ ਨੇ ਸਬਦ ਦੀ ਦੂਜੀ ਪਉੜੀ ਗਾਈ,ਬਾਬਾ ਮੋਹਨ ਜੀ ਅੰਦਰੋਂ ਪੋਥੀਆਂ ਲਿਆ ਕੇ ਗੁਰੂ ਜੀ ਪਾਸ ਆ ਗਏ ।ਉਦੋਂ ਗੁਰੂ ਜੀ ਨੇ ਸ਼ਬਦ ਦੀ ਤੀਜੀ ਪਉੜੀ ਉਚਾਰੀ ਤਾਂ ਪੋਥੀਆਂ ਗੁਰੂ ਜੀ ਅੱਗੇ ਰੱਖ ਦਿੱਤੀਆਂ ਤੇ ਕਿਹਾ ਆਪ ਜੀ ਚੌਹਾਂ ਗੁਰੂ ਸਾਹਿਬਾਨਾਂ ਦੀ ਜੋਤ ਹੋ, ਪੂਰਨ ਪੁਰਖ ਹੋ । ਮੈਨੂੰ ਆਪਣੇ ਚਰਨੀਂ ਲੱਗਣ ਦਿਉ । ਇਹ ਪੋਥੀਆਂ ਲੈ ਲਉ ਅਤੇ ਕ੍ਰਿਪਾ ਕਰਕੇ ਮੇਰਾ ਬਹੁਤ ਸਮੇਂ ਦਾ ਅਫਰੇਵਾਂ ਤੇ ਹਿਰਦੇ ਦਾ ਸਾੜ ਦੂਰ ਕਰ ਦਿਉ ।"ਉਦੋਂ ਬਾਬਾ ਮੋਹਨ ਜੀ ਨੇ ਸਤਿਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ । ਸਤਿਗੁਰੂ ਜੀ ਨੇ ਅਪਣੇ ਮਾਮਾ ਜੀ ਨੂੰ ਨਿਮਰਤਾ ਵਿਚ ਵੇਖ ਕੇ ਸ਼ਬਦ ਦੀ ਚੌਥੀ ਪਉੜੀ ਉਚਾਰੀ ।ਅਤੇ ਬਾਬਾ ਮੋਹਨ ਜੀ ਤੇ ਬਹੁਤ ਖੁਸ਼ੀਆਂ ਕੀਤੀਆਂ ।

ਪ੍ਰਸ਼ਨ ੧੪੭: ਜਦੋਂ ਸਤਿਗੁਰੂ ਜੀ ਚੌਹਾਂ ਸਤਿਗੁਰੂ ਸਾਹਿਬਾਨਾਂ ਜੀ ਦੀ ਬਾਣੀ ਦੀਆਂ ਪੋਥੀਆਂ ਨੂੰ ਨੰਗੇ ਚਰਨੀਂ ਚੌਰ ਕਰਦੇ ਜਾ ਰਹੇ ਸਨ ਤਾਂ ਸੇਵਕਾਂ ਨੇ ਕੀ ਕਿਹਾ ਤੇ ਗੁਰੂ ਜੀ ਨੇ ਕੀ ਉੱਤਰ ਦਿੱਤਾ ਸੀ ?

ਉੱਤਰ – ਸੇਵਕਾਂ ਨੇ ਕਿਹਾ ਸਤਿਗੁਰੂ ਜੀ ! ਆਪ ਜੀ ਵਾਸਤੇ ਦੂਸਰੀ ਪਾਲਕੀ ਸਾਹਿਬ ਮੰਗਵਾ ਦਿੰਦੇ ਹਾਂ, ਆਪ ਜੀ "ਉਸ ਵਿਚ ਬੈਠ ਕੇ ਚੱਲੋ ।ਸਤਿਗੁਰੂ ਜੀ ਨੇ ਕਿਹਾ,"ਇਹ ਚੌਹਾਂ ਗੁਰੂ ਸਾਹਿਬਾਨਾਂ ਦੀ ਬਾਣੀ ਉਨ੍ਹਾਂ ਦਾ ਹੀ ਰੂਪ ਹੈ । ਇਸ ਕਰਕੇ ਇਨ੍ਹਾਂ ਦਾ ਆਦਰ ਸਤਿਕਾਰ ਵੱਧ ਤੋਂ ਵੱਧ ਕਰਨਾ ਚਾਹੀਦਾ ਹੈ । ਇੱਥੇ ਜਿਤਨਾਂ ਆਦਰ ਸਤਿਕਾਰ ਕਰਾਂਗੇ, ਉਤਨਾਂ ਹੀ ਪਰਲੋਕ ਵਿਚ ਸੁੱਖ ਮਿਲੇਗਾ ਤੇ ਸਾਰੇ ਵਿਘਨ ਨਾਸ ਹੋ ਜਾਣਗੇ । ਜੇ ਅਸੀਂ ਗੁਰਬਾਣੀ ਦਾ ਸਤਿਕਾਰ ਨਹੀਂ ਕਰਾਂਗੇ ਤਾਂ ਸਾਨੂੰ ਵੇਖ ਕੇ ਦੂਜੇ ਵੀ ਸਤਿਕਾਰ ਕਰਨੋਂ ਹਟ ਜਾਣਗੇ ।

ਪ੍ਰਸ਼ਨ ੧੪੮: ਜਦੋਂ ਸਤਿਗੁਰੂ ਜੀ ਨੂੰ ਬਾਬਾ ਦਾਤੂ ਜੀ ਮੱਥਾ ਟੇਕਣ ਲੱਗੇ ਤਾਂ ਸਤਿਗੁਰੂ ਜੀ ਨੇ ਕੀ ਕਿਹਾ ਤੇ ਬਾਬਾ ਦਾਤੂ ਜੀ ਨੇ ਕੀ ਉੱਤਰ ਦਿੱਤਾ ਸੀ ?

ਉੱਤਰ – ਜਦੋਂ ਬਾਬਾ ਦਾਤੂ ਜੀ ,ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਣ ਲੱਗੇ, ਤਾਂ ਸਤਿਗੁਰੂ ਜੀ ਨੇ ਉਨ੍ਹਾਂ ਦਾ ਸਿਰ ਆਪਣੇ ਹੱਥਾਂ ਤੇ ਲੈ ਲਿਆ । ਚਰਨਾਂ ਤੇ ਨਾ ਲੱਗਣ ਦਿੱਤਾ । ਉਦੋਂ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਨਮਸਕਾਰ ਕੀਤੀ ਤੇ ਬਾਬਾ ਦਾਤੂ ਜੀ ਨੂੰ ਕਿਹਾ,"ਆਪ ਜੀ ਸਤਿਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਹੋ,ਅਸੀਂ ਆਪ ਜੀ ਦੇ ਘਰ ਦੇ ਦਾਸ ਹਾਂ । ਆਪ ਜੀ ਨੇ ਸਾਨੂੰ ਮੱਥਾ ਟੇਕਣ ਦੀ ਅਯੋਗ ਗੱਲ ਕੀਤੀ ਹੈ ।"

ਪ੍ਰਸ਼ਨ ੧੪੯: ਉਦੋਂ ਦਾਤੂ ਜੀ ਨੇ ਸਤਿਗੁਰੂ ਜੀ ਅੱਗੇ ਕੀ ਬੇਨਤੀ ਕੀਤੀ ?

ਉੱਤਰ – ਉਦੋਂ ਬਾਬਾ ਦਾਤੂ ਜੀ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ, "ਸਤਿਗੁਰੂ ਜੀ, ਮੈਂ ਇਸੇ ਹੰਕਾਰ ਕਰਕੇ ਖਾਲੀ ਰਹਿ ਗਿਆ ਹਾਂ ਕਿ ਅਸੀਂ ਗੁਰੂ ਜੀ ਦੇ ਪੁੱਤਰ ਹਾਂ ।" ਉਦੋਂ ਬਾਬਾ ਦਾਤੂ ਜੀ ਨੇ ਗੋਇੰਦਵਾਲ ਸਾਹਿਬ ਜਾ ਕੇ ਸਤਿਗੁਰੂ ਅਮਰਦਾਸ ਜੀ ਨੂੰ ਲੱਤ ਮਾਰਨ ਦੀ ਸਾਰੀ ਸਾਖੀ ਸੁਣਾਈ ਤੇ ਕਿਹਾ ਕਿ ਉਦੋਂ ਤੋਂ ਮੈਂ ਆਪ ਜੀ ਦੀ ਉਡੀਕ ਕਰ ਰਿਹਾ ਹਾਂ ਕਿ ਕਦੋਂ ਗੁਰੂ ਅਰਜਨ ਦੇਵ ਜੀ ਖਡੂਰ ਸਾਹਿਬ ਆਉਣਗੇ ਤੇ ਮੇਰੀ ਲੱਤ ਦਾ ਦਰਦ ਦੂਰ ਕਰਨਗੇ । ਹੁਣ ਆਪ ਜੀ ਨੇ ਕ੍ਰਿਪਾ ਕਰ ਕੇ ਦਰਸ਼ਨ ਦਿੱਤੇ ਹਨ, ਮੇਰੀ ਲੱਤ ਦੀ ਪੀੜ ਹਟਾ ਦਿਉ । ਉਦੋਂ ਬਾਬਾ ਦਾਤੂ ਜੀ ਸਤਿਗੁਰੂ ਜੀ ਦੇ ਚਰਨਾਂ 'ਤੇ ਲੰਮੇ ਪੈ ਗਏ । ਸਤਿਗੁਰੂ ਜੀ ਨੇ ਬਾਬਾ ਦਾਤੂ ਜੀ ਦੀ ਲੱਤ 'ਤੇ ਹੱਥ ਫੇਰ ਕੇ ਉਨ੍ਹਾਂ ਦਾ ਦਰਦ ਦੂਰ ਕਰ ਦਿੱਤਾ । ਉਦੋਂ ਬਾਬਾ ਦਾਤੂ ਜੀ ਨੇ ਸਤਿਗੁਰੂ ਜੀ ਦੀ ਵੱਡੀ ਮਹਿਮਾ ਜਾਣੀ ।

ਪ੍ਰਸ਼ਨ ੧੫੦:ਅੰਮ੍ਰਿਤਸਰ ਸਾਹਿਬ ਪਹੁੰਚ ਕੇ ਸਤਿਗੁਰੂ ਜੀ ਨੇ ਗੁਰਬਾਣੀ ਦੀਆਂ ਪੋਥੀਆਂ ਕਿੱਥੇ ਬਿਰਾਜਮਾਨ ਕੀਤੀਆਂ ਤੇ ਕਿਹੜਾ ਸ਼ਬਦ ਉਚਾਰਿਆ ਸੀ ?

ਉੱਤਰ – ਅੰਮ੍ਰਿਤਸਰ ਪਹੁੰਚ ਕੇ ਦੁੱਖ ਭੰਜਨੀ ਬੇਰੀ ਲਾਗੇ ਜੋ ਥੜ੍ਹੇ 'ਤੇ ਪਾਲਕੀ ਸਾਹਿਬ ਬਣੀ ਹੈ, ਉਸ ਅਸਥਾਨ 'ਤੇ ਸੁੰਦਰ ਵਿਛਾਈ ਕਰਵਾ ਕੇ ਗੁਰਬਾਣੀ ਦੀਆਂ ਪੋਥੀਆਂ ਬਿਰਾਜਮਾਨ ਕੀਤੀਆਂ ਤੇ ਸਾਰੀਆਂ ਪੋਥੀਆਂ ਦੇ ਦਰਸ਼ਨ ਕੀਤੇ । ਉਦੋਂ ਸਤਿਗੁਰੂ ਜੀ ਨੇ ਇਹ ਸ਼ਬਦ ਉਚਾਰਿਆ ।

ਗਉੜੀ ਗੁਆਰੇਰੀ ਮਹਲਾ ੫॥
ਹਮ ਧਨਵੰਤ ਭਾਗਠ ਸਚ ਨਾਇ ॥ ਹਰ ਗੁਣ ਗਾਵਹ ਸਹਜਿ ਸੁਭਾਇ ॥੧॥ ਰਹਾਉ ॥
ਪਿਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥੧॥
ਰਤਨ ਲਾਲ ਜਾਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥੨॥
ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥੩॥
ਕਹੁ ਨਾਨਕੁ ਜਿਸੁ ਮਸਤਕਿ ਲੇਖੁ ਲਿਖਾਇ॥ ਸੁ ਏਤੁ ਖਜਾਨੈ ਲਇਆ ਰਲਾਇ ॥੪॥੩੧॥੧੦੦॥

(ਅੰਗ੧੯੫

ਪ੍ਰਸ਼ਨ ੧੫੧ : ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖਾਉਣੇ ਸ਼ੁਰੂ ਕੀਤੇ ਸਨ, ਉਸ ਜਗ੍ਹਾ ਦਾ ਨਾਮ ਗੁਰੂ ਜੀ ਨੇ ਕੀ ਰਖਿਆ ?
ਉੱਤਰ – ਸਤਿਗੁਰੂ ਜੀ ਨੇ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖਾਉਣੇ ਸ਼ੁਰੂ ਕੀਤੇ ਸਨ, ਉਸ ਜਗ੍ਹਾ ਦਾ ਨਾਮ ਬਾਣੀ ਉਚਾਰ ਕੇ ਰਾਮਸਰ ਰਖਿਆ ।

ਪ੍ਰਸ਼ਨ ੧੫੨ : ਜਦੋਂ ਗੁਰੂ ਜੀ ਗੁਰਬਾਣੀ ਦੀ ਰਚਨਾ ਕਰ ਰਹੇ ਸਨ ਤਾਂ ਭਗਤਾਂ ਨੇ ਆ ਕੇ ਸਤਿਗੁਰੂ ਜੀ ਨੂੰ ਕੀ ਬੇਨਤੀ ਕੀਤੀ ਸੀ ?
ਉੱਤਰ - ਭਗਤਾਂ ਨੇ ਕਿਹਾ ਸਾਡੇ ਆਉਣ ਦਾ ਕਾਰਨ ਸੁਣੋ । ਆਪ ਜੀ ਸੰਸਾਰ ਦੇ ਕਲਿਆਣ ਵਾਸਤੇ ਗੁਰਬਾਣੀ ਲਿਖਵਾ ਰਹੇ ਹੋ । ਕ੍ਰਿਪਾ ਕਰਕੇ ਇਸ ਬਾਣੀ ਵਿਚ ਸਾਡੀ ਬਾਣੀ ਵੀ ਲਿਖਾਉਣੀ ਕਰੋ।"

ਪ੍ਰਸ਼ਨ ੧੫੩ : ਗੁਰੂ ਜੀ ਨੇ ਭਗਤਾਂ ਦੀ ਗਲ ਸੁਣਕੇ ਕੀ ਕਿਹਾ ਸੀ ?
ਉੱਤਰ - ਗੁਰੂ ਜੀ ਨੇ ਕਿਹਾ ਕਿ ਤੁਸੀਂ ਆਪਣੀ-ਆਪਣੀ ਬਾਣੀ ਉਚਾਰੋ । ਉਦੋਂ ਭਗਤਾਂ ਨੇ ਗੁਰੂ ਜੀ ਦੇ ਆਸ਼ੇ ਅਨੁਸਾਰ ਬਾਣੀ ਉਚਾਰੀ ।

ਪ੍ਰਸ਼ਨ ੧੫੪: ਜਦੋਂ ਗੁਰੂ ਜੀ ਨੇ ਬਾਬਾ ਬੁਢਾ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਭਾਇਮਾਨ ਕਰਨ ਵਾਸਤੇ ਜਗ੍ਹਾ ਪੁਛੀ ਤਾਂ ਉਨ੍ਹਾਂ ਨੇ ਕਿਹੜਾ ਅਸਥਾਨ ਠੀਕ ਦਸਿਆ ਸੀ ?
ਉੱਤਰ – ਬਾਬਾ ਬੁਢਾ ਜੀ ਨੇ ਹਥ ਜੋੜ ਕੇ ਬੇਨਤੀ ਕੀਤੀ,"ਸਤਿਗੁਰੂ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਭਾਇਮਾਨ ਕਰਨ ਵਾਸਤੇ ਸਾਰੇ ਅਸਥਾਨਾਂ ਤੋਂ ਸ੍ਰੀ ਹਰਿਮੰਦਰ ਸਾਹਿਬ ਸ੍ਰੇਸ਼ਟ ਹੈ । ਇਸ ਦੇ ਬਰਾਬਰ ਤਿੰਨਾਂ ਲੋਕਾਂ ਵਿਚ ਹੋਰ ਕੋਈ ਅਸਥਾਨ ਨਹੀਂ ਹੈ । ਜਿਸ ਤਰ੍ਹਾਂ ਹਰਿਮੰਦਰ ਸਾਹਿਬ ਸ੍ਰੇਸ਼ਟ ਹੈ, ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਸ਼ਰੇਸ਼ਟ ਹਨ।"

ਪ੍ਰਸ਼ਨ ੧੫੫:ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਗ੍ਰੰਥੀ ਕਿਸ ਨੂੰ ਲਾਇਆ ਤੇ ਕਿਉਂ ਲਾਇਆ ਸੀ ?
ਉੱਤਰ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਾਸਤੇ ਸਤਿਗੁਰੂ ਜੀ ਨੇ ਵਿਚਾਰ ਕੀਤੀ ਕਿ ਕਿਸ ਦੀ ਸੇਵਾ ਲਾਈਏ । ਬੇਦੀ, ਤ੍ਰੇਹਣ, ਭਲੇ ਤੇ ਸੋਢੀ ਇਨ੍ਹਾਂ ਨੂੰ ਆਪਣੀ ਕੁਲ ਦਾ ਹੰਕਾਰ ਹੈ ਕਿ ਅਸੀਂ ਵਡੇ ਹਾਂ । ਇਹ ਸ੍ਰੇਸ਼ਟ ਸੇਵਾ ਇਹ ਨਹੀਂ ਕਰ ਸਕਦੇ । ਜਿਸ ਦੇ ਅੰਦਰ ਕੋਈ ਹੰਕਾਰ ਨਹੀਂ, ਉਹ ਇਹ ਸੇਵਾ ਕਰ ਸਕਦਾ ਹੈ । ਇਸ ਕਰਕੇ ਇਸ ਸੇਵਾ ਦੇ ਲਾਇਕ ਬਾਬਾ ਬੁਢਾ ਜੀ ਹੀ ਹਨ । ਇਸ ਕਰਕੇ ਸਤਿਗੁਰੂ ਜੀ ਨੇ ਬਾਬਾ ਬੁਢਾ ਜੀ ' ਕਿਹਾ ਕਿ ਬਾਬਾ ਜੀ ਆਪ ਜੀ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਦੀ ਜੁੰਮੇਵਾਰੀ ਸਾਂਭੋ । ਇਹ ਪਵਿਤ੍ਰ ਸੇਵਾ ਆਪ ਜੀ ਹੀ ਕਰ ਸਕਦੇ ਹੋ ।

ਪ੍ਰਸ਼ਨ ੧੫੬ : ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਹਰਿਮੰਦਰ ਸਾਹਿਬ ਵਿਚ ਪਹਿਲਾਂ ਪ੍ਰਕਾਸ਼ ਕੀਤਾ ਤਾਂ ਕਿਹੜਾ ਮੁਖਵਾਕ (ਹੁਕਮਨਾਮਾ) ਆਇਆ ਸੀ ?
ਉੱਤਰ – ਸਤਿਗੁਰੂ ਜੀ ਦਾ ਹੁਕਮ ਸੁਣ ਕੇ ਬਾਬਾ ਬੁਢਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਹੁਕਮਨਾਮਾ ਲਿਆ।

ਸੂਹੀ ਮਹਲਾ ੫ ॥
ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥

(ਅੰਗ ੭੮੩)

ਪ੍ਰਸ਼ਨ ੧੫੭ : ਸ਼ਾਮ ਨੂੰ ਬਾਬਾ ਬੁਢਾ ਜੀ ਦੇ ਪੁੱਛਣ ਤੇ ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖਆਸਨ ਵਾਸਤੇ ਕਿਹੜਾ ਅਸਥਾਨ ਦਸਿਆ ਅਤੇ ਕੀ ਮਰਿਆਦਾ ਦਸੀ ?
ਉੱਤਰ – ਸਤਿਗੁਰੂ ਜੀ ਨੇ ਕਿਹਾ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਜੀ ਦਾ ਰੂਪ ਹਨ । ਸੰਧਿਆ ਦੇ ਸਮੇਂ ਇਨ੍ਹਾਂ ਦੇ ਹਜ਼ੂਰ ਸੋਦਰ ਰਹਰਾਸਿ ਸਾਹਿਬ ਜੀ ਦਾ ਪਾਠ ਕਰਨਾ ਤੇ ਅਰਦਾਸ ਕਰਨੀ । ਜਦੋਂ ਪਹਿਰ ਰਾਤ ਬੀਤ ਜਾਵੇ, ਉਦੋਂ ਕੀਰਤਨ

ਸੋਹਿਲੇ ਦਾ ਪਾਠ ਕਰ ਕੇ ਅਰਦਾਸ ਕਰਨੀ । ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਆਪਣੇ ਸਿਰ 'ਤੇ ਰੱਖ ਕੇ, ਜਿਸ ਕੋਠੜੀ 'ਤੇ ਅਸੀਂ ਰਹਿੰਦੇ ਹਾਂ, ਉੱਥੇ ਲੈ ਕੇ ਜਾਉ ਤੇ ਆਦਰ ਨਾਲ ਪਲੰਘ 'ਤੇ ਸੁਖਆਸਨ ਕਰੋ ।

ਪ੍ਰਸ਼ਨ ੧੫੮:ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕਦੋਂ ਹੋਇਆ ਸੀ ?

ਉੱਤਰ - ਹਰਿਮੰਦਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਸੰਮਤ ੧੬੬੧ ਬਿ: ੧੭ ਭਾਦਰੋਂ,ਭਾਦਰੋਂ ਸੁਦੀ ਏਕਮ ਮੁਤਾਬਿਕ **੧੬੦੪** ਈਸਵੀ **੧੬** ਅਗਸਤ ਨੂੰ ਹੋਇਆ । ੦੦

ਪ੍ਰਸ਼ਨ ੧੫੯ : ਭਾਈ ਤਿਲੋਕਾ ਕਿੱਥੋਂ ਦਾ ਰਹਿਣ ਵਾਲਾ ਸੀ ?

ਉੱਤਰ – ਭਾਈ ਤਿਲੋਕਾ ਗਜਨੀ ਦਾ ਰਹਿਣ ਵਾਲਾ ਸੀ ।

ਪ੍ਰਸ਼ਨ ੧੬੦ : ਭਾਈ ਤਿਲੋਕਾ ਗਜ਼ਨੀ ਦੇ ਬਾਦਸ਼ਾਹ ਪਾਸ ਕਿਹੜੀ ਨੌਕਰੀ ਕਰਦਾ ਸੀ ?

ਉੱਤਰ - ਭਾਈ ਤਿਲੋਕਾ ਗਜਨੀ ਦੇ ਬਾਦਸ਼ਾਹ ਪਾਸ ਉਸਦੇ ਅੰਗ ਰਖਿਅਕ ਫੌਜ਼ ਵਿਚ ਨੌਕਰ ਸੀ ।

ਪ੍ਰਸ਼ਨ ੧੬੧:ਗੁਰੂ ਜੀ ਨੂੰ ਭਾਈ ਤਿਲੋਕੇ ਨੇ ਕੀ ਬੇਨਤੀ ਕੀਤੀ ਸੀ ?

ਉੱਤਰ - ਗੁਰੂ ਜੀ ਨੂੰ ਭਾਈ ਤਿਲੋਕੇ ਨੇ ਬੇਨਤੀ ਕੀਤੀ ,ਕ੍ਰਿਪਾ ਕਰਕੇ ਮੈਂਨੂੰ ਇਹੋ ਜਿਹਾ ਉਪਦੇਸ਼ ਦਿਉ, ਜਿਸ ਨਾਲ ਮੇਰਾ ਲੋਕ ਪਰਲੋਕ ਸਵਰ ਜਾਵੇ ਅਤੇ ਸੰਸਾਰ ਦੇ ਦੁੱਖਾਂ ਤੋਂ ਛੁਟਕਾਰਾ ਮਿਲ ਜਾਵੇ ।

ਪ੍ਰਸ਼ਨ ੧੬੨: ਗੁਰੂ ਜੀ ਨੇ ਭਾਈ ਤਿਲੋਕੇ ਨੂੰ ਕੀ ਉਪਦੇਸ਼ ਦਿੱਤਾ ਸੀ ?

ਉੱਤਰ - ਗੁਰੂ ਜੀ ਨੇ ਉਸ ਨੂੰ 'ਵਾਹਿਗੁਰੂ' ਗੁਰਮੰਤ੍ਰ ਦਾ ਉਪਦੇਸ਼ ਦਿੱਤਾ ਤੇ ਕਿਹਾ,"ਤੂੰ ਇਸ ਮੰਤ੍ਰ ਨੂੰ ਉੱਠਦਿਆਂ ਬਹਿੰਦਿਆਂ ਹਰ ਸਮੇਂ ਜਪਿਆ ਕਰ । ਸਰੀਰ ਦਾ ਹੰਕਾਰ ਤਿਆਗ ਕੇ ਪਰਮੇਸ਼ਰ ਦੇ ਭਾਣੇ ਨੂੰ ਮੰਨਿਆ ਕਰ । ਸੰਤੋਖ ਰੱਖ ਤੇ ਕ੍ਰੋਧ ਦਾ ਤਿਆਗ ਕਰ । ਜੀਵ ਘਾਤ ਨਾ ਕਰੀਂ, ਜੀਵਾਂ 'ਤੇ ਦਇਆ ਕਰੀਂ । ਇਹ ਗੁਣ ਧਾਰਨ ਕਰਨ ਨਾਲ ਹੌਲ਼ੀ-ਹੌਲ਼ੀ ਤੇਰੇ ਅੰਦਰ ਨਾਮ ਦਾ ਪ੍ਰਕਾਸ਼ ਹੋ ਜਾਵੇਗਾ ਤੇ ਤੇਰਾ ਜਨਮ ਮਰਨ ਕੱਟਿਆ ਜਾਵੇਗਾ। "

ਪ੍ਰਸ਼ਨ ੧੬੩ : ਭਾਈ ਤਿਲੋਕੇ ਦੇ ਦੁਸ਼ਮਣ ਨੇ ਹਾਕਮ ਪਾਸ ਕੀ ਚੁਗਲੀ ਕੀਤੀ ਸੀ ?

ਉੱਤਰ - ਭਾਈ ਤਿਲੋਕੇ ਦੀ ਕਿਸੇ ਦੁਸ਼ਮਣ ਨੇ ਹਾਕਮ ਪਾਸ ਚੁਗਲੀ ਕੀਤੀ ਕਿ ਤੁਹਾਡੇ ਵੱਡੇ ਸਿਪਾਹੀ ਤਿਲੋਕੇ ਨੇ ਆਪਣੇ ਗਲ਼ ਲੱਕੜ ਦੀ ਕ੍ਰਿਪਾਨ ਪਾਈ ਹੈ । ਮੁੱਠਾ ਉਸ ਦਾ ਲੋਹੇ ਦਾ ਹੈ । ਇਹ ਸੁਣ ਕੇ ਹਾਕਮ ਨੇ ਉਸ ਚੁਗਲਖ਼ੋਰ ਦੀ ਗੱਲ ਨਹੀਂ ਮੰਨੀ । ਉਸ ਨੇ ਕਿਹਾ ਕਿ ਤਿਲੋਕਾ ਵੱਡਾ ਸੂਰਮਾ ਹੈ । ਮੈਂ ਉਸ ਨੂੰ ਬੜੇ ਸਤਿਕਾਰ ਨਾਲ ਆਪਣੇ ਪਾਸ ਰੱਖਦਾ ਹਾਂ । ਜੇ ਕਦੇ ਜੰਗ ਹੋਇਆ ਤਾਂ ਵੱਡੇ ਸੂਰਮਿਆਂ ਦੀ ਤਰ੍ਹਾਂ ਜੰਗ ਕਰੇਗਾ,ਪਿੱਠ ਨਹੀਂ ਵਿਖਾਏਗਾ । ਉਸ ਚੁਗਲਖ਼ੋਰ ਨੇ ਫਿਰ ਕਿਹਾ ਕਿ ਜੇ ਕੋਈ ਸਮਾਂ ਬਣ ਗਿਆ ਤਾਂ ਉਹ ਤੁਹਾਡੀ ਰੱਖਿਆ ਨਹੀਂ ਕਰ ਸਕੇਗਾ । ਤੁਸੀਂ ਆਪਣੇ ਅੰਗ ਰੱਖਿਅਕਾਂ ਨੂੰ ਦਰਬਾਰ ਵਿੱਚ ਸੱਦ ਕੇ ਤਿਲੋਕੇ ਦੀ ਕ੍ਰਿਪਾਨ ਵੇਖ ਲਉ । ਜਿਹੋ ਜਿਹੀ ਉਸ ਨੇ ਪਹਿਨੀ ਹੋਵੇਗੀ, ਉਹ ਦਿਸ ਪਵੇਗੀ । ਜੇ ਉਸ ਦੀ ਲੱਕੜ ਦੀ ਕ੍ਰਿਪਾਨ ਹੋਵੇ ਤਾਂ ਉਸ ਨੂੰ ਨੌਕਰੀ ਤੋਂ ਖਾਰਜ ਕਰ ਕੇ ਦੰਡ ਦਿਉ ।

ਪ੍ਰਸ਼ਨ ੧੬੪:ਗੁਰੂ ਜੀ ਨੇ ਭਾਈ ਤਿਲੋਕੇ ਨੂੰ ਤੇਰੇ 'ਤੇ ਸਾਡੀ ਪ੍ਰਸੰਨਤਾ ਕਿਸ ਤਰ੍ਹਾਂ ਹੋਈ ਦੱਸਿਆ ਸੀ ?

ਉੱਤਰ - ਗੁਰੂ ਜੀ ਨੇ ਕਿਹਾ,"ਤੂੰ ਦਇਆ ਕਰਨ ਦਾ ਪ੍ਰਣ ਨਿਭਾਇਆ ਹੈ । ਇਸ ਕਰਕੇ ਤੇਰੇ ਤੇ ਸਾਡੀ ਪ੍ਰਸੰਨਤਾ ਹੈ ।"

ਪ੍ਰਸ਼ਨ ੧੬੫ : ਭਾਈ ਕਟਾਰੂ ਕਿੱਥੇ ਦਾ ਰਹਿਣ ਵਾਲਾ ਸੀ, ਉਹ ਸੂਬੇ ਪਾਸ ਕਿਹੜੀ ਨੌਕਰੀ ਕਰਦਾ ਸੀ ?

ਉੱਤਰ – ਭਾਈ ਕਟਾਰੂ ਕਾਬਲ ਦਾ ਰਹਿਣ ਵਾਲਾ ਸੀ । ਉਹ ਕਾਬਲ ਦੇ ਸੂਬੇ ਪਾਸ ਧੜਵਈ ਦੀ ਨੌਕਰੀ ਕਰਦਾ ਸੀ ।

ਪ੍ਰਸ਼ਨ ੧੬੬: ਸਤਿਗੁਰੂ ਜੀ ਨੇ ਭਾਈ ਕਟਾਰੂ ਨੂੰ ਕੀ ਉਪਦੇਸ਼ ਦਿੱਤਾ ਸੀ ?

ਉੱਤਰ - ਗੁਰੂ ਜੀ ਨੇ ਉਸ ਦੀ ਬੇਨਤੀ ਪਰਵਾਨ ਕਰਕੇ ਉਸ ਨੂੰ ਵਾਹਿਗੁਰੂ ਗੁਰਮੰਤ੍ਰ ਦਾ ਉਪਦੇਸ਼ ਦਿੱਤਾ ਤੇ ਕਿਹਾ,"ਤੂੰ ਸਦਾ ਗੁਰਮੰਤ੍ਰ ਦਾ ਸਿਮਰਨ ਕਰਿਆ ਕਰ, ਕਿਸੇ ਨੂੰ ਘੱਟ ਤੋਲ ਕੇ ਨਾ ਦਿਆ ਕਰ । ਆਪਣੀ ਧਰਮ ਦੀ ਕਿਰਤ ਵਿੱਚੋਂ ਗੁਰੂ ਘਰ ਨੂੰ ਦਸਵੰਧ ਦਿਆ ਕਰ । ਤੇਰੇ ਘਰ ਵਿਚ ਕਦੀ ਵੀ ਗਰੀਬੀ ਨਹੀਂ ਰਹੇਗੀ ।"

ਪ੍ਰਸ਼ਨ ੧੬੭: ਜਦੋਂ ਭਾਈ ਕਟਾਰੂ ਜੀ ਦੀ ਸ਼ਿਕਾਇਤ ਇਕ ਗਾਹਕ ਨੇ ਆ ਕੇ ਬਾਦਸ਼ਾਹ ਪਾਸ ਕੀਤੀ ਕਿ ਤੁਹਾਡਾ ਧੜਵਈ ਸਾਰਿਆਂ ਨੂੰ ਘੱਟ ਤੋਲ ਕੇ ਦਿੰਦਾ ਹੈ ਤਾਂ ਬਾਦਸ਼ਾਹ ਨੇ ਕੀ ਕੀਤਾ ਸੀ ?

ਉੱਤਰ - ਇਹ ਸ਼ਿਕਾਇਤ ਸੁਣ ਕੇ ਸੂਬੇ ਨੇ ਭਾਈ ਕਟਾਰੂ ਨੂੰ ਗੁੱਸੇ ਨਾਲ ਉਸ ਦੇ ਵੱਟੇ ਤੋਲਣ ਵਾਸਤੇ ਸੱਦਿਆ ਤੇ ਕਿਹਾ ਕਿ ਮੇਰੇ ਸਾਹਮਣੇ ਦੂਸਰਿਆਂ ਵੱਟਿਆਂ ਨਾਲ ਇਸ ਦੇ ਵੱਟੇ ਤੋਲੋ । ਉਦੋਂ ਭਾਈ ਕਟਾਰੂ ਜੀ ਡਰ ਗਏ । ਉਸ ਨੇ ਸਤਿਗੁਰੂ ਜੀ ਦੇ ਚਰਨਾਂ ਦਾ ਧਿਆਨ ਧਰ ਕੇ ਅਰਦਾਸ ਕੀਤੀ, "ਹੇ ਸੱਚੇ ਪਾਤਸ਼ਾਹ ਜੀ, ਇਸ ਵਕਤ ਆਪ ਜੀ ਤੋਂ ਬਗੈਰ ਹੋਰ ਮੇਰੀ ਸਹਾਇਤਾ ਕਰਨ ਵਾਲਾ ਹੋਰ ਕੋਈ ਨਹੀਂ ਹੈ । ਆਪ ਜੀ ਕ੍ਰਿਪਾ ਕਰ ਕੇ ਮੇਰੀ ਸਹਾਇਤਾ ਕਰੋ । ਇਹ ਘੱਟ ਤੋਲਣ ਦਾ ਪਾਪ ਮੈਥੋਂ ਅਣਜਾਣਪੁਣੇ ਵਿਚ ਹੋਇਆ ਹੈ । ਮੇਰੇ ਗਰੀਬ ਦਾ ਗੁਨਾਹ ਨਾ ਚਿਤਾਰੋ । ਆਪ ਜੀ ਬਖ਼ਸ਼ਿੰਦ ਹੋ,ਮੈਂਨੂੰ ਬਖ਼ਸ਼ੋ ।"

ਪ੍ਰਸ਼ਨ ੧੬੮ :ਜਦੋਂ ਭਾਈ ਕਟਾਰੂ ਜੀ ਨੇ ਅਰਦਾਸ ਕੀਤੀ ਤਾਂ ਸਤਿਗੁਰੂ ਜੀ ਨੇ ਉਸ ਦੀ ਕਿਸ ਤਰ੍ਹਾਂ ਸਹਾਇਤਾ ਕੀਤੀ ਸੀ ?

ਉੱਤਰ –ਗੁਰੂ ਜੀ ਨੇ ਕਿਹਾ,"ਕਾਬਲ ਵਿਚ ਭਾਈ ਕਟਾਰੂ ਦਾ ਇਕ ਵੱਟਾ ਪੰਜ ਪੈਸੇ ਭਰ ਘੱਟ ਹੈ ਪਰ ਉਸ ਦਾ ਉਸ ਨੂੰ ਕੋਈ ਪਤਾ ਨਹੀਂ ਸੀ । ਇਸ ਸਮੇਂ ਹਾਕਮ ਦੀ ਕਚਹਿਰੀ ਵਿਚ ਉਸ ਦੇ ਵੱਟਿਆਂ ਦਾ ਧੜਾ ਹੋ ਰਿਹਾ ਹੈ । ਜਦੋਂ ਉਹ ਉਸ ਘੱਟ ਭਾਰ

ਵਾਲੇ ਵੱਟੇ ਨੂੰ ਤੱਕੜੀ ਦੇ ਛਾਬਿਆਂ ਵਿਚ ਇੱਧਰ ਉੱਧਰ ਕਰਨ ਲਗਦੇ ਹਨ ਤਾਂ ਅਸੀਂ ਉਸ ਘੱਟ ਵੱਟੇ ਨਾਲ ਪੰਜ ਪੈਸੇ ਪਾ ਕੇ ਉਸ ਦਾ ਵਜ਼ਨ ਪੂਰਾ ਕਰ ਦਿੰਦੇ ਹਾਂ ।" ਭਾਈ ਕਟਾਰੂ ਦੇ ਵੱਟੇ ਦੀ ਗੱਲ ਦੱਸ ਕੇ ਗੁਰੂ ਜੀ ਨੇ ਸਿੱਖ ਦਾ ਸੰਸਾ ਦੂਰ ਕੀਤਾ ।

ਪ੍ਰਸ਼ਨ ੧੬੯:ਜਦੋਂ ਭਾਈ ਕਟਾਰੂ ਨਿਰਦੋਸ਼ ਸਾਬਤ ਹੋਇਆ ਤਾਂ ਉਸ ਨੂੰ ਬਾਦਸ਼ਾਹ ਨੇ ਕਿਹੜਾ ਅਹੁਦਾ ਦਿੱਤਾ ਸੀ ?

ਉੱਤਰ - ਗੁਰੂ ਜੀ ਦੀ ਕ੍ਰਿਪਾ ਨਾਲ ਭਾਈ ਕਟਾਰੂ ਦੇ ਵੱਟੇ ਦਾ ਵਜ਼ਨ ਪੂਰਾ ਹੋ ਗਿਆ । ਉਦੋਂ ਕਾਬਲ ਦਾ ਸੂਬਾ ਭਾਈ ਕਟਾਰੂ ਦਾ ਵੱਟਾ ਪੂਰਾ ਵੇਖ ਕੇ ਬਹੁਤ ਖੁਸ਼ ਹੋਇਆ । ਜਿਸ ਨੇ ਚੁਗਲੀ ਕੀਤੀ ਸੀ, ਉਸ ਨੂੰ ਕਿਹਾ ਕਿ ਤੂੰ ਝੂਠਾ ਹੈਂ । ਉਦੋਂ ਸੂਬੇ ਨੇ ਭਾਈ ਕਟਾਰੂ ਨੂੰ ਬਿਨਾਂ ਦੋਸ਼ ਤੋਂ ਜਾਣ ਕੇ ਆਪਣਾ ਖ਼ਜ਼ਾਨਚੀ ਬਣਾ ਦਿੱਤਾ ।

ਪ੍ਰਸ਼ਨ ੧੭੦ :ਗੁਰਮੁਖ ਸਿੱਖ ਨੇ ਸਤਿਗੁਰੂ ਜੀ ਨੂੰ ਕੀ ਬੇਨਤੀ ਕੀਤੀ ਤੇ ਸਤਿਗੁਰੂ ਜੀ ਨੇ ਉਸ ਦਾ ' ਕੀ ਉੱਤਰ ਦਿੱਤਾ ਸੀ ?

ਉੱਤਰ - ਗੁਰਮੁਖ ਨਾਮ ਦਾ ਇਕ ਸਿੱਖ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਆਇਆ ਤੇ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ ਅਤੇ ਬੇਨਤੀ ਕੀਤੀ, ਮੈਂ ਆਪ ਜੀ ਦੀ ਸ਼ਰਨ ਆਇਆ ਹਾਂ । ਆਪ ਜੀ ਮੈਨੂੰ ਇਹੋ ਜਿਹੇ ਸਿੱਖ ਦੇ ਦਰਸ਼ਨ ਕਰਾਉ ਜੋ ਆਪ ਜੀ ਦਾ ਭਾਣਾ ਮੰਨਦਾ ਹੋਵੇ ।" ਗੁਰੂ ਜੀ ਨੇ ਕਿਹਾ, "ਗੁਜਰਾਤ ਵਿਚ ਭਿਖਾਰੀ ਨਾਮ ਦਾ ਇਕ ਸਿੱਖ ਹੈ, ਜੋ ਪਰਮੇਸ਼ਰ ਦਾ ਭਾਣਾ ਮੰਨਦਾ ਹੈ । (ਗੁਜਰਾਤ ਜਿਲ੍ਹਾ ਪਾਕਿਸਤਾਨ ਵਿੱਚ ਹੈ) ਤੂੰ ਜਾ ਕੇ ਉਸ ਦੇ ਦਰਸ਼ਨ ਕਰ ਲੈ ।"

ਪ੍ਰਸ਼ਨ ੧੭੧ : ਜਦੋਂ ਗੁਰਮੁਖ ਸਿੱਖ ਭਾਈ ਭਿਖਾਰੀ ਦੇ ਘਰ ਗਿਆ ਉੱਥੇ ਕਿਹੜਾ ਸ਼ੁਭ ਕਾਰਜ ਹੋ ਰਿਹਾ ਸੀ ਤੇ ਭਾਈ ਭਿਖਾਰੀ ਜੀ ਕਿਹੜਾ ਕਾਰਜ ਕਰ ਰਹੇ ਸਨ ?

ਉੱਤਰ - ਜਦੋਂ ਗੁਰਮੁਖ ਸਿੱਖ ਭਾਈ ਭਿਖਾਰੀ ਦੇ ਘਰ ਗਿਆ ਤਾਂ ਉੱਥੇ ਬਹੁਤ ਖੁਸ਼ੀਆਂ ਹੋ ਰਹੀਆਂ ਸਨ । ਉਸ ਦੇ ਪੁੱਤਰ ਦਾ ਵਿਆਹ ਸੀ । ਆਪ ਪਾਟੀ ਦਰੀ ਸਿਉਂ ਰਿਹਾ ਸੀ । ਭਾਈ ਗੁਰਮੁਖ ਨੇ ਭਾਈ ਭਿਖਾਰੀ ਨੂੰ ਪੈਰੀਂ ਪੈਣਾ ਕਿਹਾ ਤੇ ਕਿਹਾ ਕਿ ਮੈਨੂੰ ਸਤਿਗੁਰੂ ਜੀ ਨੇ ਤੁਹਾਡੇ ਪਾਸ ਭੇਜਿਆ ਹੈ । ਭਾਈ ਭਿਖਾਰੀ ਨੇ ਉੱਠ ਕੇ ਉਸ ਦਾ ਸਤਿਕਾਰ ਕੀਤਾ ਤੇ ਨਮਸਕਾਰ ਕੀਤੀ ਤੇ ਬੈਠਣ ਵਾਸਤੇ ਕਿਹਾ । ਉਸ ਨੂੰ ਕੰਮ ਕਰਦੇ ਨੂੰ ਵੇਖ ਕੇ ਗੁਰਮੁਖ ਸਿੱਖ ਬਹੁਤ ਹੈਰਾਨ ਹੋਇਆ । ਭਾਈ ਭਿਖਾਰੀ ਨੇ ਗੁਰਮੁਖ ਸਿੱਖ ਨੂੰ ਵਿਆਹ ਦੀ ਜੋ ਸਾਰੀ ਸਮੱਗਰੀ ਤਿਆਰ ਹੋ ਰਹੀ ਸੀ, ਵਿਖਾਈ । ਹਲਵਾਈ ਲੱਗੇ ਸਨ, ਮਠਿਆਈ ਬਣ ਰਹੀ ਸੀ । ਵਿਆਹ ਦਾ ਹੋਰ ਵੀ ਬਹੁਤ ਸਾਜ਼ੋ-ਸਮਾਨ ਤਿਆਰ ਹੋ ਰਿਹਾ ਸੀ, ਉਹ ਸਾਰਾ ਵਿਖਾਇਆ । ਇਕ ਥਾਂ 'ਤੇ ਮ੍ਰਿਤਕ ਵਾਸਤੇ ਖੱਫਣ ਤੇ ਫੱਟਾ ਪਿਆ ਸੀ ।

ਪ੍ਰਸ਼ਨ ੧੭੨ : ਭਾਈ ਭਿਖਾਰੀ ਦੇ ਪੁੱਤਰ ਦੇ ਚੜ੍ਹਾਈ ਕਰਨ 'ਤੇ ਭਾਈ ਭਿਖਾਰੀ ਨੇ ਕੀ ਕੀਤਾ ਸੀ ?

ਉੱਤਰ - ਸਵੇਰੇ ਭਾਈ ਭਿਖਾਰੀ ਦੇ ਪੁੱਤਰ ਦੀ ਜੰਞ ਗਈ । ਲੜਕੀ ਵਾਲਿਆਂ ਦੇ ਘਰ ਢੁਕ ਕੇ ਲੜਕੇ ਨੂੰ ਵਿਆਹ ਕੇ ਨੂੰਹ ਨੂੰ ਘਰ ਲੈ ਆਇਆ । ਬੜੀਆਂ ਖੁਸ਼ੀਆਂ ਕੀਤੀਆਂ । ਦੋ ਦਿਨਾਂ ਬਾਅਦ ਭਾਈ ਭਿਖਾਰੀ ਦੇ ਪੁੱਤਰ ਦੇ ਪੇਟ ਵਿਚ ਪੀੜ ਹੋਈ ਤੇ ਉਹ ਚੜ੍ਹਾਈ ਕਰ ਗਿਆ । ਜਿਸ ਘਰ ਵਿਚ ਖੁਸ਼ੀਆਂ ਹੋ ਰਹੀਆਂ ਸਨ, ਉੱਥੇ ਉਸ ਵਕਤ ਗਮੀ ਹੋ ਗਈ । ਜੋ ਖੱਫਣ ਸੀਤਾ ਸੀ, ਉਹ ਭਾਈ ਭਿਖਾਰੀ ਨੇ ਆਪਣੇ ਪੁੱਤਰ 'ਤੇ ਪਾ ਦਿੱਤਾ । ਫੱਟੇ 'ਤੇ ਰੱਖ ਕੇ ਮੜ੍ਹੀਆਂ ਵਿਚ ਲਿਜਾ ਕੇ ਸਸਕਾਰ ਕਰ ਦਿੱਤਾ ਤੇ ਕਿਸੇ ਕਿਸਮ ਦਾ ਸੋਗ ਨਹੀਂ ਕੀਤਾ । ਜੋ ਦਰੀਆਂ ਸਿਊਤੀਆਂ ਸਨ, ਉਹ ਪਰਚਾਉਣੀ ਕਰਨ ਵਾਲਿਆਂ ਦੇ ਥੱਲੇ ਵਿਛਾ ਦਿੱਤੀਆਂ ।

ਪ੍ਰਸ਼ਨ ੧੭੩ : ਭਾਈ ਗੁਰਮੁਖ ਸਿੱਖ ਨੇ ਭਾਈ ਭਿਖਾਰੀ ਨੂੰ ਇਕਾਂਤ ਵਿਚ ਬੈਠਾ ਵੇਖ ਕੇ ਕੀ ਪੁੱਛਿਆ ?

ਉੱਤਰ - ਭਾਈ ਗੁਰਮੁਖ ਸਿੱਖ ਨੇ ਭਾਈ ਭਿਖਾਰੀ ਨੂੰ ਇਕਾਂਤ ਵਿਚ ਬੈਠਾ ਵੇਖ ਕੇ ਕਿਹਾ, "ਜੇ ਤੈਨੂੰ' ਪਤਾ ਸੀ ਕਿ ਤੇਰੇ ਪੁੱਤਰ ਨੇ ਮਰ ਜਾਣਾ ਹੈ ਤਾਂ ਇਸ ਦਾ ਵਿਆਹ ਕਿਉਂ ਕੀਤਾ ? ਇਤਨਾ ਧਨ ਕਿਉਂ ਖਰਚਿਆਂ ? ਜੇ ਤੇਰੇ ਵਿਚ ਇਤਨੀ ਸ਼ਕਤੀ ਸੀ ਤਾਂ ਗੁਰੂ ਜੀ ਨੂੰ ਬੇਨਤੀ ਕਰ ਕੇ ਆਪਣੇ ਪੁੱਤਰ ਦੀ ਉਮਰ ਵਧਾ ਲੈਣੀ ਸੀ । ਘਰ ਵਿਚ ਇਤਨਾ ਦੁੱਖ ਨਾ ਹੁੰਦਾ । ਇਹ ਮੇਰੇ ਮਨ ਵਿਚ ਬਹੁਤ ਸੰਸਾ ਹੈ । ਤੂੰ ਸ਼ਕਤੀ ਦੇ ਹੁੰਦਿਆਂ ਹੀ ਬਹੁਤ ਦੁਖ ਸਹਾਰਿਆ ਹੈ ।"

ਪ੍ਰਸ਼ਨ ੧੭੪: ਭਾਈ ਭਿਖਾਰੀ ਨੇ ਭਾਈ ਗੁਰਮੁਖ ਸਿੱਖ ਦੀ ਗੱਲ ਸੁਣ ਕੇ ਉਸ ਨੂੰ ਕੀ ਜਵਾਬ ਦਿੱਤਾ ਸੀ ?

ਉੱਤਰ - ਭਾਈ ਭਿਖਾਰੀ ਨੇ ਕਿਹਾ, "ਜੋ ਪਰਮੇਸ਼ਰ ਕਰਦਾ ਹੈ, ਉਸ ਵਿਚ ਹੀ ਪ੍ਰਸੰਨ ਰਹਿਣਾ ਚਾਹੀਦਾ ਹੈ । ਜੋ ਪਰਮੇਸ਼ਰ ਦੇ ਕੀਤੇ ਨੂੰ ਮੇਟਣਾ ਚਾਹੁੰਦਾ ਹੈ, ਉਹ ਮਨਮੁਖ ਹੈ । ਉਸ ਦਾ ਪਰਮੇਸ਼ਰ ਨਾਲ ਮਿਲਾਪ ਨਹੀਂ ਹੁੰਦਾ । ਪਰਮੇਸ਼ਰ ਜੀਵਾਂ ਦੇ ਕੀਤੇ ਕਰਮਾਂ ਅਨੁਸਾਰ ਹੀ ਉਨ੍ਹਾਂ ਨੂੰ ਦੁੱਖ ਸੁੱਖ ਦਿੰਦਾ ਹੈ । ਜੋ ਪਰਮੇਸ਼ਰ ਦੇ ਕੀਤੇ ਤੇ ਪ੍ਰਸੰਨ ਰਹਿੰਦਾ ਹੈ,ਉਹ ਪਰਮੇਸ਼ਰ ਦੇ ਸਨਮੁਖ ਰਹਿੰਦਾ ਹੈ ਤੇ ਗੁਰਮੁਖ ਹੈ । ਮਨਮੁਖ ਪਰਮੇਸ਼ਰ ਦੇ ਕੀਤੇ 'ਤੇ ਤਰਕਾਂ ਕਰਦਾ ਹੈ । ਗੁਰੂ ਜੀ ਤੋਂ ਇਹੋ ਦਾਤ ਮੰਗਣੀ ਚਾਹੀਦੀ ਹੈ ਕਿ ਸਤਿਗੁਰੂ ਜੀ, ਮੈਨੂੰ ਪ੍ਰਭੂ ਦੇ ਭਾਣੇ ਵਿਚ ਪ੍ਰਸੰਨ ਰੱਖਿਓ ।"

ਪ੍ਰਸ਼ਨ ੧੭੫ : ਸਤਿਗੁਰੂ ਜੀ ਨੂੰ ਭਾਈ ਗੁਰਮੁਖ ਸਿੱਖ ਨੇ ਭਾਈ ਭਿਖਾਰੀ ਬਾਰੇ ਕੀ ਦੱਸਿਆ ਸੀ ?

ਉੱਤਰ - ਭਾਈ ਗੁਰਮੁਖ ਸਿੱਖ ਨੇ ਸਤਿਗੁਰੂ ਜੀ ਨੂੰ ਹੱਥ ਜੋੜ ਕੇ ਬੇਨਤੀ ਕੀਤੀ,"ਆਪ ਜੀ ਦਾ ਸਿੱਖ ਦੁਖ ਸੁਖ ਵਿਚ ਸਦਾ ਅਡੋਲ ਰਹਿੰਦਾ ਹੈ । ਉਸ ਦੀ ਮਹਿਮਾ ਕਹੀ ਨਹੀਂ ਜਾ ਸਕਦੀ।" ਭਾਈ ਭਿਖਾਰੀ ਦੇ ਘਰ ਜਿਹੋ ਜਿਹਾ ਕੌਤਕ ਵੇਖਿਆ, ਸਾਰਾ ਗੁਰੂ ਜੀ ਨੂੰ ਸੁਣਾਇਆ । ਗੁਰੂ ਜੀ ਆਪਣੇ ਸੇਵਕ ਦਾ ਸ੍ਰੇਸ਼ਟ ਜੱਸ ਸੁਣ ਕੇ ਬਹੁਤ ਖੁਸ਼ ਹੋਏ ।

ਪ੍ਰਸ਼ਨ ੧੭੬ : ਚੰਦੂ ਜਹਾਂਗੀਰ ਬਾਦਸ਼ਾਹ ਪਾਸ ਕਿਹੜੇ ਅਹੁਦੇ 'ਤੇ ਸੀ ?

ਉੱਤਰ - ਚੰਦੂ ਜਹਾਂਗੀਰ ਬਾਦਸ਼ਾਹ ਦਾ ਦੀਵਾਨ ਸੀ ।

ਪ੍ਰਸ਼ਨ ੧੭੭ : ਉਸ ਨੇ ਬ੍ਰਾਹਮਣ ਤੇ ਨਾਈ ਨੂੰ ਕਿਸ ਮਨੋਰਥ ਨਾਲ ਸੱਦਿਆ ਤੇ ਉਨ੍ਹਾਂ ਨੂੰ ਕੀ ਕਿਹਾ ਸੀ ?

ਉੱਤਰ - ਚੰਦੂ ਦੀ ਪੁੱਤਰੀ ਸੱਤਾਂ ਸਾਲਾਂ ਦੀ ਹੋਈ ਤਾਂ ਉਸਨੇ ਸੋਚਿਆ ਇਸ ਦਾ ਕਿਤੇ ਰਿਸ਼ਤਾ ਕਰ ਦੇਈਏ । ਇਸ ਮਨੋਰਥ ਦੀ ਪੂਰਤੀ ਵਾਸਤੇ ਉਸ ਨੇ ਇਕ ਬ੍ਰਾਹਮਣ ਤੇ ਨਾਈ ਨੂੰ ਸੱਦ ਕੇ ਸਮਝਾਇਆ ਕਿ ਸਾਡੀ ਪੁੱਤਰੀ ਵਾਸਤੇ ਉੱਚੀ ਖੱਤਰੀ ਕੁਲ ਹਾਣ-ਪ੍ਰਵਾਣ ਤੇ ਬਰਾਬਰ ਦਾ ਘਰ ਬਾਰ ਹੋਵੇ, ਇਹੋ ਜਿਹਾ ਸਾਕ ਲੱਭੋ । ਇਹ ਆਖ ਕੇ ਉਸ ਨੇ ਵਰ ਲੱਭਣ ਵਾਸਤੇ ਭੇਜ ਦਿੱਤੇ।

ਪ੍ਰਸ਼ਨ ੧੭੮ :ਸੰਗਤ ਵਿਚ ਬ੍ਰਾਹਮਣ ਨੇ ਸਿੱਖ ਨੂੰ ਕੀ ਪੁੱਛਿਆ ਤੇ ਉਸ ਨੇ ਕੀ ਜਵਾਬ ਦਿੱਤਾ ਸੀ ?

ਉੱਤਰ - ਬ੍ਰਾਹਮਣ ਨੇ ਸਿੱਖ ਨੂੰ ਕਿਹਾ ! "ਗੁਰੂ ਜੀ ਦੀ ਜਾਤ ਗੋਤ ਕੀ ਹੈ । ਮੈਂ ਗੁਰੂ ਜੀ ਦੇ ਸਾਹਿਬਜ਼ਾਦੇ ਨੂੰ ਜਹਾਂਗੀਰ ਦੇ ਦੀਵਾਨ ਚੰਦੂ ਦੀ ਪੁੱਤਰੀ ਦਾ ਰਿਸ਼ਤਾ ਕਰਨਾ ਚਾਹੁੰਦਾ ਹਾਂ ।" ਸਿੱਖਾਂ ਨੇ ਕਿਹਾ ਕਿ ਗੁਰੂ ਜੀ ਦੀ ਸੋਢ ਬੰਸ ਸਾਰਿਆਂ ਤੋਂ ਉੱਚੀ ਹੈ ।

ਪ੍ਰਸ਼ਨ ੧੭੯ : ਜਦੋਂ ਬ੍ਰਾਹਮਣ ਨੇ ਦਿੱਲੀ ਜਾ ਕੇ ਚੰਦੂ ਨੂੰ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਾਹਿਬਜ਼ਾਦੇ ਨੂੰ ਆਪ ਜੀ ਦੀ ਪੁੱਤਰੀ ਦਾ ਰਿਸ਼ਤਾ ਕਰ ਆਏ ਹਾਂ ਤਾਂ ਚੰਦੂ ਨੇ ਹੰਕਾਰ ਨਾਲ ਕੀ ਕਿਹਾ ਸੀ ?

ਉੱਤਰ - ਚੰਦੂ ਹੰਕਾਰ ਨਾਲ ਕਹਿਣ ਲੱਗਾ, "ਤੂੰ ਇਹ ਗੱਲ ਠੀਕ ਨਹੀਂ ਕੀਤੀ । ਮੇਰੀ ਕੁਲ ਸਾਰੇ ਖੱਤਰੀਆਂ ਤੋਂ ਉੱਚੀ ਹੈ । ਸੋਢ ਬੰਸ ਦੇ ਖੱਤਰੀ ਨੀਵੀਂ ਕੁਲ ਦੇ ਹਨ । ਜਿਸ ਤਰ੍ਹਾਂ ਘਰ ਵਿਚ ਛੋਟੀ ਜਿਹੀ ਮੋਰੀ ਹੁੰਦੀ ਹੈ । ਮੇਰੀ ਪੁੱਤਰੀ ਚੁਬਾਰੇ ਦੀ ਇੱਟ ਦੇ ਸਮਾਨ ਹੈ । ਤੂੰ ਉਸ ਨੂੰ ਮੋਰੀ ਵਰਗੀ ਕੁਲ ਵਿਚ ਦੇ ਦਿੱਤਾ ਹੈ ।"

ਪ੍ਰਸ਼ਨ ੧੮੦ : ਸਿੱਖਾਂ ਨੇ ਸੰਗਤ ਵਿਚ ਚੰਦੂ ਦੀ ਕਿਹੜੀ ਹੰਕਾਰ ਵਾਲੀ ਗੱਲ ਦੱਸੀ ਸੀ ?

ਉੱਤਰ - ਜਦੋਂ ਚੰਦੂ ਨੇ ਗੁਰੂ ਜੀ ਦੀ ਨਿੰਦਿਆ ਕੀਤੀ ਤਾਂ ਉੱਥੇ ਕੁਝ ਸਿੱਖ ਹਾਜ਼ਰ ਸਨ । ਸ਼ਾਮ ਨੂੰ ਜਦੋਂ ਗੁਰਸਿੱਖ ਧਰਮਸ਼ਾਲਾ ਵਿਚ ਸੰਗਤ ਕਰਨ ਵਾਸਤੇ ਇਕੱਠੇ ਹੋਏ ਤਾਂ ਜਿਨ੍ਹਾਂ ਸਿੱਖਾਂ ਨੇ ਚੰਦੂ ਨੂੰ ਗੁਰੂ ਜੀ ਦੀ ਨਿੰਦਿਆ ਕਰਦਿਆਂ ਵੇਖਿਆ ਸੀ । ਉਨ੍ਹਾਂ ਨੇ ਸਾਰੀ ਗੱਲ ਸੰਗਤ ਨੂੰ ਦੱਸੀ ।

ਪ੍ਰਸ਼ਨ ੧੮੧ : ਸੰਗਤ ਨੇ ਗੁਰੂ ਜੀ ਨੂੰ ਚਿੱਠੀ ਲਿਖ ਕੇ ਕੀ ਬੇਨਤੀ ਕੀਤੀ ਸੀ ?

ਉੱਤਰ - ਸੰਗਤ ਤੋਂ ਗੁਰੂ ਜੀ ਦੀ ਨਿੰਦਿਆ ਸਹਾਰੀ ਨਹੀਂ ਗਈ । ਇਸ ਕਰਕੇ ਦਿੱਲੀ ਦੀ ਸੰਗਤ ਨੇ ਗੁਰੂ ਜੀ ਨੂੰ ਬੇਨਤੀ ਪੱਤਰ ਲਿਖਿਆ ਕਿ ਗੁਰੂ ਜੀ, ਹੰਕਾਰੀ ਚੰਦੂ ਆਪਣੀ ਪੁੱਤਰੀ ਦਾ ਰਿਸ਼ਤਾ ਆਪ ਜੀ ਦੇ ਸਾਹਿਬਜ਼ਾਦੇ ਨੂੰ ਭੇਜ ਰਿਹਾ ਹੈ । ਆਪਣੇ ਆਪ ਨੂੰ ਚੁਬਾਰਾ ਦਸਦਾ ਹੈ ਤੇ ਆਪ ਜੀ ਨੂੰ ਮੋਰੀ ਦੇ ਬਰਾਬਰ ਕਿਹਾ ਹੈ ਤੇ ਆਪ ਜੀ ਦੀ ਬਹੁਤ ਨਿੰਦਿਆ ਕੀਤੀ ਹੈ । ਸਾਡੀ ਬੇਨਤੀ ਹੈ ਕਿ ਆਪ ਜੀ ਉਸ ਦੀ ਪੁੱਤਰੀ ਦਾ ਨਾਤਾ ਪਰਵਾਨ ਨਾ ਕਰੋ । ਇਹ ਬੇਨਤੀ ਇਕ ਸਿੱਖ ਦੇ ਹੱਥ ਛੇਤੀ ਗੁਰੂ ਜੀ ਵੱਲ ਭੇਜ ਦਿੱਤੀ ।

ਪ੍ਰਸ਼ਨ ੧੮੨ : ਸੰਗਤ ਦੀ ਭੇਜੀ ਚਿੱਠੀ ਦਾ ਕੀ ਨਤੀਜਾ ਨਿਕਲਿਆ ਸੀ ?

ਉੱਤਰ - ਗੁਰੂ ਜੀ ਨੇ ਚੰਦੂ ਦੇ ਲਾਗੀਆਂ ਨੂੰ ਕਿਹਾ, "ਚੰਦੂ ਵੱਡਾ ਆਦਮੀ ਹੈ, ਅਸੀਂ ਉਸ ਦੀ ਬਰਾਬਰੀ ਨਹੀਂ ਕਰ ਸਕਦੇ । ਇਸ ਕਰਕੇ ਇਹ ਰਿਸ਼ਤਾ ਸਾਨੂੰ ਪਰਵਾਨ ਨਹੀਂ ਹੈ । ਅਸੀਂ ਆਪਣੇ ਵਰਗਿਆਂ ਨਾਲ ਹੀ ਰਿਸ਼ਤਾ ਕਰਾਂਗੇ ।"

ਪ੍ਰਸ਼ਨ ੧੮੩ : ਡੱਲੇ ਨਿਵਾਸੀ ਨਰਾਇਣ ਦਾਸ ਨੇ ਗੁਰੂ ਜੀ ਨੂੰ ਕੀ ਬੇਨਤੀ ਕੀਤੀ ਸੀ ?

ਉੱਤਰ - ਉੱਥੇ ਸੰਗਤ ਵਿਚ ਡੱਲੇ ਦੇ ਸਿੱਖ ਵੀ ਬੈਠੇ ਸਨ । ਡੱਲੇ ਦੇ ਸਿੱਖਾਂ ਵਿਚ ਭਾਈ ਪਾਰੋ ਜੀ ਦਾ ਪੁੱਤਰ ਭਾਈ ਨਰੈਣ ਦਾਸ ਬੈਠਾ ਸੀ, ਜੋ ਜੁਲਕਾ ਗੋਤ ਦੇ ਖੱਤਰੀ ਸਨ । ਸ੍ਰੀ ਗੁਰੂ ਅਮਰ ਦਾਸ ਜੀ ਨੇ ਭਾਈ ਪਾਰੋ ਜੀ ਨੂੰ ਕਿਹਾ ਸੀ ਕਿ ਗੁਰੂ ਘਰ ਵਿਚ ਤੇਰੀ ਕੁਲ ਦਾ ਰਿਸ਼ਤਾ ਹੋਵੇਗਾ । ਸੋ ਉਹ ਸਮਾਂ ਹੁਣ ਆ ਬਣਿਆ ਹੈ । ਇਹ ਗੱਲ ਵਿਚਾਰ ਕੇ ਉਸ ਨੇ ਖੜੇ ਹੋ ਕੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਨੂੰ ਬੇਨਤੀ ਕੀਤੀ, "ਸਤਿਗੁਰੂ ਜੀ, ਮੈਂ ਗਰੀਬ ਤੇ ਨਿਆਸਰਾ ਹਾਂ ਤੇ ਪਾਰੋ ਜੀ ਦੀ ਵੰਸ ਵਿਚ ਜਨਮਿਆ ਹਾਂ । ਡੱਲੇ ਦਾ ਰਹਿਣ ਵਾਲਾ ਹਾਂ । ਮੇਰੀ ਪੁੱਤਰੀ ਦਮੋਦਰੀ ਸੱਤਾਂ ਸਾਲਾਂ ਦੀ ਹੈ, ਉਸ ਦਾ ਰਿਸ਼ਤਾ ਲੈਣਾ ਕਰੋ । ਮੇਰੀ ਬੇਨਤੀ ਪਰਵਾਨ ਕਰੋ ।"

ਪ੍ਰਸ਼ਨ ੧੮੪ :ਜਦੋਂ ਗੁਰੂ ਜੀ ਦੇ ਸਾਹਿਬਜ਼ਾਦੇ ਨੂੰ ਦੋ ਸਾਕ ਹੋ ਗਏ ਤਾਂ ਗੁਰੂ ਜੀ ਨੇ ਚੰਦੂ ਦੇ ਲਾਗੀਆਂ ਨੂੰ ਕੀ ਕਿਹਾ ?

ਉੱਤਰ - ਗੁਰੂ ਜੀ ਨੇ ਚੰਦੂ ਦੇ ਲਾਗੀਆਂ ਨੂੰ ਕਿਹਾ, "ਹੁਣ ਖੁਸ਼ੀ ਦਾ ਸਮਾਂ ਹੈ । ਤੁਹਾਡੇ ਚਿਹਰੇ ਕੁਮਲਾਏ ਹਨ । ਤੁਸੀਂ ਵੀ ਸਾਥੋਂ ਮਾਇਆ ਲਉ ਤੇ ਖੁਸ਼ੀਆਂ ਕਰੋ । ਚੰਦੂ ਨੂੰ ਸਾਰਾ ਬ੍ਰਿਤਾਂਤ ਦੱਸ ਦਿਉ ਕਿ ਜੋ ਬਿਧਾਤਾ ਨੇ ਸੰਜੋਗ ਲਿਖੇ ਹਨ, ਉਹੋ ਹੀ ਜੁੜਦੇ ਹਨ । ਆਪਣੇ ਜੋਰ ਨਾਲ ਕੋਈ ਨਹੀਂ ਜੋੜ ਸਕਦਾ ।"

ਪ੍ਰਸ਼ਨ ੧੮੫ : ਚੰਦੂ ਦੇ ਲਾਗੀਆਂ ਨੇ ਕੀ ਜਵਾਬ ਦਿੱਤਾ ਸੀ ?

ਉੱਤਰ - ਬ੍ਰਾਹਮਣ ਨੇ ਕਿਹਾ, "ਜੇ ਆਪ ਜੀ ਨਾਲ ਚੰਦੂ ਦੇ ਸਬੰਧ ਬਣ ਜਾਂਦੇ ਤਾਂ ਸਾਨੂੰ ਮਾਇਆ ਲੈਣੀ ਯੋਗ ਸੀ । ਇਸ ਤਰ੍ਹਾਂ ਅਸੀਂ ਮਾਇਆ ਨਹੀਂ ਲੈਣੀ ।"

ਪ੍ਰਸ਼ਨ ੧੮੬ : ਨਰਾਇਣ ਦਾਸ ਨੇ ਆ ਕੇ ਗੁਰੂ ਜੀ ਨੂੰ ਕੀ ਬੇਨਤੀ ਕੀਤੀ ਸੀ ?

ਉੱਤਰ - ਸ੍ਰੀ ਗੁਰੂ ਅਰਜਨ ਦੇਵ ਜੀ ਪਾਸ, ਗੁਰੂ ਜੀ ਦੇ ਕੁੜਮ ਨਰਾਇਣ ਦਾਸ ਨੇ ਬੇਨਤੀ ਕੀਤੀ, "ਸੱਚੇ ਪਾਤਸਾਹ ਜੀ, ਮੇਰੀ ਇੱਛਾ ਹੈ ਕਿ ਵਿਆਹ ਦਾ ਸ਼ੁਭ ਦਿਨ ਪੱਕਾ ਕਰ ਕੇ ਦੱਸੋ, ਘਰ ਜਾ ਕੇ ਮੈਂ ਵਿਆਹ ਦੀ ਸਾਰੀ ਸਮੱਗਰੀ ਇਕੱਠੀ ਕਰਾਂ ।"

ਪ੍ਰਸ਼ਨ ੧੮੭ : ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜੰਞ ਚੜ੍ਹੀ ਤਾਂ ਰਾਹ ਵਿ[ਚ] ਕਿ[ਥੇ]-ਕਿ[ਥੇ] ਬਿਸਰਾਮ ਕੀਤਾ ?

ਉੱਤਰ - ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜੰਞ ਚੜ੍ਹੀ ਤਾਂ ਰਾਹ ਵਿਚ ਜਾਣ ਲੱਗਿਆਂ ਖਡੂਰ ਸਾਹਿਬ ਤੇ ਸੁਲਤਾਨਪੁਰ ਲੋਧੀ ਰਾਤ ਨੂੰ ਬਿਸਰਾਮ ਕੀਤਾ । ਆਉਣ ਲੱਗਿਆਂ ਗੋਇੰਦਵਾਲ ਸਾਹਿਬ ਤੇ ਤਰਨ ਤਾਰਨ ਸਾਹਿਬ ਵਿਸਰਾਮ ਕੀਤਾ ।

ਪ੍ਰਸ਼ਨ ੧੮੮: ਜਦੋਂ ਕੁਲ ਪ੍ਰੋਹਿਤ ਬ੍ਰਾਹਮਣ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਭਾਈ ਨਰਾਇਣ ਦਾਸ ਨੂੰ ਕਿਹਾ ਕਿ ਤੁਸੀਂ ਮਿਲਣੀ ਕਰੋ, ਆਪਸ ਵਿਚ ਗਲ਼ੇ ਮਿਲੋ ਤਾਂ ਨਰਾਇਣ ਦਾਸ ਨੇ ਕੀ ਕਿਹਾ ਸੀ ?

ਉੱਤਰ – ਤਾਂ ਭਾਈ ਨਰਾਇਣ ਦਾਸ ਨੇ ਕਿਹਾ ਕਿ ਮੈਂ ਇਨ੍ਹਾਂ ਦੀ ਬਰਾਬਰੀ ਨਹੀਂ ਕਰ ਸਕਦਾ । ਇਹ ਮੇਰੇ ਲੋਕ-ਪ੍ਰਲੋਕ ਦੇ ਮਾਲਕ ਹਨ । ਮੈਂ ਇਨ੍ਹਾਂ ਦੇ ਦਾਸਾਂ ਦਾ ਦਾਸ ਹਾਂ । ਇਹ ਆਖ ਕੇ ਉਸ ਨੇ ਗੁਰੂ ਜੀ ਅੱਗੇ ਭੇਟਾ ਰੱਖੀ ਤੇ ਗੁਰੂ ਜੀ ਦੇ ਚਰਨਾਂ 'ਤੇ ਅਪਣਾ ਸਿਰ ਰੱਖ ਦਿੱਤਾ। ਗੁਰੂ ਜੀ ਨੇ ਆਪਣੇ ਕੁੜਮ ਦਾ ਐਸਾ ਪ੍ਰੇਮ ਵੇਖ ਕੇ ਉਸਨੂੰ ਉਠਾ ਕੇ ਗਲ਼ੇ ਲਾਇਆ ।

ਪ੍ਰਸ਼ਨ ੧੮੯ : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਲਾਵਾਂ ਕਿਸ ਦੇ ਦੁਆਲੇ ਹੋਈਆਂ ਸਨ ?

ਉੱਤਰ - ਨਰਾਇਣ ਦਾਸ ਗੁਰੂ ਜੀ ਨੂੰ ਅੰਦਰ ਲਾਵਾਂ ਵਾਲੀ ਜਗ੍ਹਾਂ 'ਤੇ ਲੈ ਗਏ । ਲਾੜੀ (ਮਾਤਾ ਦਮੋਦਰੀ ਜੀ) ਲਾੜੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਲਾਗੇ ਬਿਠਾਈ । ਲਾੜਾ ਸ੍ਰੀ ਹਰਿਗੋਬਿੰਦ ਸਾਹਿਬ ਜੀ ਦਾ ਪੱਲਾ ਨਰਾਇਣ ਦਾਸ ਨੇ ਲਾੜੀ (ਮਾਤਾ ਦਮੋਦਰੀ ਜੀ) ਦੇ ਹੱਥ ਫੜ੍ਹਾਇਆ ।ਉਸ ਵਕਤ ਲਾਵਾਂ ਪੜ੍ਹ ਕੇ ਗੁਰਬਾਣੀ ਦੀਆਂ ਪਰਕਰਮਾਂ ਕੀਤੀਆਂ ।

ਪ੍ਰਸ਼ਨ ੧੯੦: ਸੰਗਤ ਨੇ ਗੁਰੂ ਜੀ ਨੂੰ ਕੀ ਬੇਨਤੀ ਕੀਤੀ ਤੇ ਸੰਗਤ ਨੂੰ ਗੁਰੂ ਜੀ ਨੇ ਕੀ ਨਿਸ਼ਾਨੀ ਬਖ਼ਸ਼ੀ ?

ਉੱਤਰ - ਉੱਥੋਂ ਦੀ ਸੰਗਤ ਨੇ ਗੁਰੂ ਜੀ ਨੂੰ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਜੀ, ਆਪ ਜੀ ਇੱਥੇ ਆਏ ਹੋ, ਕੋਈ ਨਿਸ਼ਾਨੀ ਛੱਡ ਕੇ ਜਾਓ ।" ਸੰਗਤ ਦੀ ਬੇਨਤੀ ਸੁਣ ਕੇ ਗੁਰੂ ਜੀ ਸੰਗਤ ਨਾਲ ਪਿੰਡ ਤੋਂ ਬਾਹਰ ਵਾਰ ਪਿੰਡ ਦੇ ਪੂਰਬ ਵੱਲ ਗਏ । ਉੱਥੇ ਖਲੋ ਕੇ ਗੁਰੂ ਜੀ ਨੇ ਕਿਹਾ, "ਇੱਥੇ ਗੁਰੂ ਦੀ ਨਿਸ਼ਾਨੀ ਰੱਖਣ ਵਾਸਤੇ ਬਾਉਲੀ ਦਾ ਟੱਪ ਲਾਉਂਦੇ ਹਾਂ ।" ਇਹ ਕਹਿ ਕੇ ਗੁਰੂ ਜੀ ਨੇ ਕਹੀ ਮੰਗਾਈ ਤੇ ਬਾਉਲੀ ਸਾਹਿਬ ਦਾ ਟੱਪ ਲਾਇਆ ।

ਪ੍ਰਸ਼ਨ ੧੯੧: ਡੱਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜੰਞ ਕਿੰਨੇ ਦਿਨ ਰਹੀ ਸੀ ?

ਉੱਤਰ – ਡੱਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜੰਞ ਤਿੰਨ ਦਿਨ ਰਹੀ ਸੀ ।

ਪ੍ਰਸ਼ਨ ੧੯੨ : ਜਦੋਂ ਮਾਤਾ ਗੰਗਾ ਜੀ ਆਪਣੇ ਪੁੱਤਰ ਤੇ ਨੂੰਹ ਨੂੰ ਦੇਖ ਕੇ ਬਹੁਤ ਖੁਸ਼ ਹੋਏ ਤਾਂ ਉਨ੍ਹਾਂ ਨੂੰ ਉਸ ਖੁਸ਼ੀ ਵਿਚ ਕਿੱਥੇ ਲੈ ਕੇ ਗਏ ਸੀ ?

ਉੱਤਰ - ਮਾਤਾ ਗੰਗਾ ਜੀ ਆਪਣੇ ਪੁੱਤਰ ਤੇ ਨੂੰਹ ਨੂੰ ਵੇਖ ਕੇ ਬਹੁਤ ਖੁਸ਼ ਹੋਏ ਤੇ ਆਪਣੇ ਪੁੱਤਰ ਤੇ ’ ਨੂੰਹ ਨੂੰ ਹਰਿਮੰਦਰ ਸਾਹਿਬ ਮੱਥਾ ਟਿਕਾਉਣ ਲੈ ਕੇ ਗਏ ਤੇ ਨਾਲ ਬਹੁਤ ਬੀਬੀਆਂ ਗਈਆਂ । ਦਰਬਾਰ ਸਾਹਿਬ ਜਾ ਕੇ ਸਾਰਿਆਂ ਨੇ ਮੱਥਾ ਟੇਕਿਆਂ ਤੇ ਅਰਦਾਸ ਕਰਾਈ ।

ਪ੍ਰਸ਼ਨ ੧੯੩ : ਪ੍ਰਿਥੀ ਚੰਦ ਨੇ ਸੁਲਹੀ ਨੂੰ ਕੀ ਚਿੱਠੀ ਲਿਖੀ ਸੀ ?

ਉੱਤਰ - ਪ੍ਰਿਥੀ ਚੰਦ ਨੇ ਸੁਲਹੀ ਨੂੰ ਚਿੱਠੀ ਲਿਖੀ ਕਿ ਤੂੰ ਮੇਰੇ ਸਾਰੇ ਕਾਰਜ ਕੀਤੇ ਹਨ, ਪਰ ਇਕ ਕਾਰਜ ਤੈਥੋਂ ਨਹੀਂ ਹੋਇਆ । ਉਹ ਕਾਰਜ ਇਹ ਹੈ ਮੇਰੇ ਛੋਟਾ ਭਰਾ, ਨੂੰ ਤੂੰ ਖ਼ਤਮ ਨਹੀਂ ਕਰ ਸਕਿਆ ਤੇ ਮੈਨੂੰ ਗੁਰਤਾ ਨਹੀਂ ਦੇ ਸਕਿਆ । ਤੂੰ ਇੱਥੇ ਆ ਕੇ ਉਸਨੂੰ ’ ਮਾਰ ਕੇ ਮੈਨੰ’ ਗੁਰਤਾ ਦੇ ਦੇ । ਤੇਰੇ 'ਤੇ ਮੈਨੂੰ ਬਹੁਤ ਭਰੋਸਾ ਹੈ । ਇਹ ਚਿੱਠੀ ਹਲਕਾਰੇ ਰਾਹੀਂ ਦਿੱਲੀ ਭੇਜੀ ।

ਪ੍ਰਸ਼ਨ ੧੯੪ : ਸੁਲਹੀ ਨੇ ਪ੍ਰਿਥੀ ਚੰਦ ਦੀ ਚਿੱਠੀ ਪੜ੍ਹ ਕੇ ਬਾਦਸ਼ਾਹ ਨੂੰ ’ ਕੀ ਝੂਠੀ ਗੱਲ ਕਹੀ ਸੀ ?

ਉੱਤਰ - ਸੁਲਹੀ ਆਪਣੇ ਕਾਰਜ ਨੂੰ ਪੂਰਾ ਕਰਨ ਵਾਸਤੇ ਬਾਦਸ਼ਾਹ ਪਾਸ ਗਿਆ । ਬਾਦਸ਼ਾਹ ਨੂੰ ਸਲਾਮ ਕੀਤੀ ਤੇ ਕਿਹਾ, "ਮੈਂ ਮਾਝੇ ਦੇਸ਼ (ਪੰਜਾਬ) ਜਾਣਾ ਚਾਹੁੰਦਾ ਹਾਂ । ਸ੍ਰੀ ਗੁਰੂ ਅਰਜਨ ਦੇਵ ਜੋ ਜਗਤ ਗੁਰੂ ਕਹਾਉਂਦੇ ਹਨ, ਉਹ ਲੋਕਾਂ ਨੂੰ ਵਿਗਾੜ ਰਹੇ ਹਨ ਕਿ ਤੁਸੀਂ ਬਾਦਸ਼ਾਹ ਨੂੰ ਮਾਮਲਾ ਨਾ ਦਿਉ। ਹਜ਼ਾਰਾਂ ਹੀ ਲੋਕ ਉਨ੍ਹਾਂ ਦੇ ਅਨੁਸਾਰੀ ਹਨ । ਜਿਹੜੇ ਲੋਕ ਵਿਗੜੇ ਹਨ, ਉਸਨੂੰ ਮੈਂ ਸੁਧਾਰ ਕੇ ਆਪਣੇ ਜ਼ੋਰ ਨਾਲ ਮਾਮਲਾ ਲੈ ਕੇ ਆਵਾਂਗਾ । ਮੇਰੇ ਜਾਣ ਤੋਂ ਬਗੈਰ ਉੱਥੋਂ ਮਾਮਲਾ ਨਹੀਂ ਆਉਣਾ ।"

ਪ੍ਰਸ਼ਨ ੧੯੫: ਜਦੋਂ ਦਿੱਲੀ ਤੋਂ ਆਈ ਚਿੱਠੀ ਬਾਰੇ ਮਸੰਦਾਂ ਨੂੰ ’ ਪਤਾ ਲੱਗਾ ਤਾਂ ਮਸੰਦਾਂ ਨੇ ਗੁਰੂ ਜੀ ਨੂੰ’ ਕੀ ਬੇਨਤੀ ਕੀਤੀ ?

ਉੱਤਰ - ਜਦੋਂ ਮਸੰਦਾਂ ਨੇ ਚਿੱਠੀ ਬਾਰੇ ਗੱਲ ਸੁਣੀ ਤਾਂ ਉਨ੍ਹਾਂ ਨੂੰ ਬਹੁਤ ਚਿੰਤਾ ਹੋਈ । ਕਹਿਣ ਲੱਗੇ ਕਿ ਫ਼ੌਜ ਦੇ ਅੱਗੇ ਸਾਡਾ ਕੋਈ ਜ਼ੋਰ ਨਹੀਂ ਚੱਲਣਾ । ਬਾਦਸ਼ਾਹ ਤਾਂ ਆਪ ਜੀ ਨਾਲ ਵਿਗਾੜਨਾ ਨਹੀਂ ਚਾਹੁੰਦਾ, ਪਰ ਜੋ ਦੁਸਟ ਉਸ ਦੇ ਪਾਸ ਰਹਿੰਦੇ ਹਨ, ਉਹ ਆਪ ਜੀ ਬਾਰੇ ਬਾਦਸ਼ਾਹ ਪਾਸ ਬਹੁਤ ਤੋਹਮਤਾਂ ਲਾਉਂਦੇ ਹਨ । ਵੈਰੀ ਸਾਡਾ ਬੁਰਾ ਕਰਨ ਵਾਸਤੇ ਆ ਰਿਹਾ ਹੈ । ਆਪ ਜੀ ਕੋਈ ਉਪਾਅ ਕਰੋ ।

ਪ੍ਰਸ਼ਨ ੧੯੬ : ਗੁਰੂ ਜੀ ਨੇ ਮਸੰਦਾਂ ਨੂੰ ਕੀ ਕਿਹਾ ਸੀ ?

ਉੱਤਰ - ਸਤਿਗੁਰੂ ਜੀ ਨੇ ਕਿਹਾ, "ਤੁਸੀਂ ਡਰੋ ਨਾ, ਸਤਿਗੁਰੂ ਨਾਨਕ ਦੇਵ ਜੀ ਸਾਡੀ ਸਹਾਇਤਾ ਕਰਨਗੇ । ਪਰ ਬਿਪਤਾ ਉਨ੍ਹਾਂ ਬੇਮੁਖਾਂ 'ਤੇ ਹੀ ਪਵੇਗੀ, ਸਾਡੇ ਤੱਕ ਉਹ ਨਹੀਂ ਆ ਸਕਦਾ । ਰਾਹ ਵਿਚ ਹੀ ਉਸ ਦੁਸ਼ਟ ਦਾ ਨਾਸ਼ ਹੋ ਜਾਵੇਗਾ ।"

ਪ੍ਰਸ਼ਨ ੧੯੭ : ਪ੍ਰਿਥੀ ਚੰਦ ਤੇ ਸੁਲਹੀ ਨੇ ਇਕਾਂਤ ਵਿਚ ਬੈਠ ਕੇ ਕੀ ਸਲਾਹ ਕੀਤੀ ਸੀ ?

ਉੱਤਰ - ਪ੍ਰਿਥੀ ਚੰਦ ਨੇ ਕਿਹਾ "ਮੇਰੇ ਦੁਸ਼ਮਣ ਕੋਲ ਰੋਜ਼ ਬਹੁਤ ਧਨ ਵਧ ਰਿਹਾ ਹੈ । ਉਹ ਬਾਦਸ਼ਾਹ ਦਾ ਵੀ ਡਰ ਨਹੀਂ ਮੰਨਦਾ । ਉਸ ਨੇ ਬਾਦਸ਼ਾਹ ਦੇ ਦੀਵਾਨ ਚੰਦੂ ਦਾ ਨਾਤਾ ਵੀ ਮੋੜ ਦਿੱਤਾ ਹੈ । ਅਸੀਂ ਉਸ ਨੂੰ ' ਮਾਰਨ ਵਾਸਤੇ ਕਈ ਯਤਨ ਕੀਤੇ ਹਨ, ਪਰ ਉਸ ਦਾ ਕੁਝ ਨਾ ਵਿਗਾੜ ਸਕੇ।" ਸੁਲਹੀ ਨੇ ਉਸ ਨੂੰ ਧੀਰਜ ਦਿੱਤੀ ਤੇ ਕਿਹਾ,"ਤੂੰ ਫ਼ਿਕਰ ਨਾ ਕਰ, ਮੈਂ ਜਾਂਦਿਆਂ ਹੀ ਉਸ ਨੂੰ ਪੁੱਤਰ ਸਣੇ ਫੜ੍ਹ ਕੇ ਕਿਸੇ ਕਿਲ੍ਹੇ ਵਿਚ ਕੈਦ ਕਰ ਦਿਆਂਗਾ । ਵੇਖ ਲਵਾਂਗਾ ਕਿ ਬਹੁਤੇ ਮਨੁੱਖ ਕੀ ਕਹਿੰਦੇ ਹਨ । ਜਦੋਂ ਸਾਰੇ ਕਹਿਣੋਂ ਹਟ ਜਾਣਗੇ । ਉਦੋਂ ਬਾਦਸ਼ਾਹ ਦਾ ਰੁਖ ਵੇਖ ਲਵਾਂਗਾ ਕਿ ਉਹ ਕੀ ਕਹਿੰਦਾ ਹੈ । ਜੇ ਬਾਦਸ਼ਾਹ ਦਾ ਰੁਖ ਮੇਰੇ ਪ੍ਰਤੀ ਠੀਕ ਰਿਹਾ ਤਾਂ ਮੈਂ ਉਸ ਨੂੰ ਕੈਦ ਵਿਚ ਹੀ ਮਰਵਾ ਦਿਆਂਗਾ ।ਤੈਨੂੰ ਗੁਰੂ ਬਣਾ ਦਿਆਂਗਾ ।

ਪ੍ਰਸ਼ਨ ੧੯੮ : ਜਦੋਂ ਸੁਲਹੀ ਆਪਣੇ ਸੰਗੀਆਂ ਨਾਲ ਆਵਾ ਵੇਖਣ ਗਿਆ ਤਾਂ ਉਸ ਨਾਲ ਕੀ ਭਾਣਾ ਵਰਤਿਆ ਸੀ ?

ਉੱਤਰ - ਸੁਲਹੀ ਆਪਣੇ ਨਾਲਦਿਆਂ ਨੂੰ ਕਹਿਣ ਲੱਗਾ, "ਉੱਚੇ ਆਵੇ 'ਤੇ ਚੱਲੀਏ, ਉੱਥੋਂ ਦੂਰ ਦੂਰ ਤੱਕ ਸਾਰੇ ਪਾਸੇ ਦਿਸ ਪਵੇਗਾ ।" ਉਦੋਂ ਉਸ ਨੇ ਹਠ ਕੀਤਾ ਕਿ ਮੈਂ ਇੱਕੋ ਸਾਹ ਵਿਚ ਚੜ੍ਹਾਂਗਾ । ਇਹ ਕਹਿ ਕੇ ਉਹ ਹੰਕਾਰੀ ਬਹੁਤ ਤੇਜ਼ ਦੌੜ ਕੇ ਚੜ੍ਹਿਆ । ਹੋਣੀ ਨੇ ਉਸ ਦੀ ਮੱਤ 'ਤੇ ਪੜਦਾ ਪਾ ਦਿੱਤਾ । ਆਵੇ ਉੱਪਰ ਸੁਆਹ ਦਿਸ ਰਹੀ ਸੀ, ਥੱਲੇ ਉਸ ਦੇ ਅੱਗ ਸੀ ਤੇ ਪੋਲਾ ਸੀ । ਜਦੋਂ ਆਵੇ ਦੀ ਟੀਸੀ 'ਤੇ ਗਿਆ, ਸਤਿਗੁਰੂ ਜੀ ਦੇ ਬਚਨਾਂ ਨਾਲ ਉਹ ਉਸ ਸੁਆਹ ਵਿਚ ਡਿੱਗਣ ਸਾਰ ਹੀ ਥੱਲੇ ਅੱਗ ਵਿਚ ਧੱਸ ਗਿਆ । ਜਦੋਂ ਉਹ ਅੱਗ ਵਿਚ ਧੱਸਿਆ ਤਾਂ ਉਦੋਂ ਉਹ ਜ਼ੋਰ ਨਾਲ ਉੱਤੇ ਉੱਛਲਿਆ ਪਰ ਦੁਬਾਰਾ ਉਸੇ ਵਿਚ ਡਿੱਗ ਪਿਆ । ਨਾਲ ਦੇ ਉਸ ਨੂੰ ਕੱਢਣ ਵਾਸਤੇ ਉਤਾਵਲੇ ਹੋਏ ਪਰ ਅੱਗ ਵਿਚ ਕਿਸੇ ਦਾ ਵੱਸ ਨਾ ਚੱਲਿਆ । ਉਹ ਹਾਇ ਹਾਇ ਕਰ ਕੇ ਤੜਫਣ ਲੱਗਾ । ਉਸ ਦੇ ਹੱਥ ਵਿਚ ਤਿੱਖੀ ਕੁਹਾੜੀ ਸੀ, ਉਹ ਉਸ ਦੀ ਧੌਣ 'ਤੇ ਜਾ ਡਿੱਗੀ । ਉਸੇ ਵੇਲੇ ਉਸ ਦਾ ਸਿਰ ਕੱਟਿਆ ਗਿਆ । ਅੱਗ ਨਾਲ ਉਸ ਦਾ ਸਰੀਰ ਭੜਥੇ ਵਰਗਾ ਹੋ ਗਿਆ ।

ਪ੍ਰਸ਼ਨ ੧੯੯ : ਜਦੋਂ ਸੁਲਹੀ ਆਵੇ ਵਿਚ ਸੜ ਕੇ ਮਰ ਗਿਆ ਤਾਂ ਸੁਲਹੀ ਦੇ ਪੁੱਤਰ ਨੇ ਪ੍ਰਿਥੀ ਚੰਦ ਨੂੰ ਕੀ ਕਿਹਾ ਤੇ ਪ੍ਰਿਥੀ ਚੰਦ ਨੇ ਉਸ ਨੂੰ ਕਿਸ ਤਰ੍ਹਾਂ ਮਨਾਇਆ ਸੀ ?

ਉੱਤਰ - ਸੁਲਹੀ ਦਾ ਪੁੱਤਰ ਰੋ-ਰੋ ਕੇ ਕਹਿਣ ਲੱਗਾ ਕਿ ਪ੍ਰਿਥੀਚੰਦ ਨੇ ਮੇਰੇ ਪਿਤਾ ਨੂੰ ਮਿੱਤਰਤਾ ਦਾ ਚੰਗਾ ਫਲ ਦਿੱਤਾ ਹੈ । ਅੱਗ ਉੱਤੇ ਸੁਆਹ ਪਾ ਕੇ ਧੋਖੇ ਨਾਲ ਉਸ ਵਿਚ ਪਾ ਦਿੱਤਾ ਹੈ । ਇਹ ਤੇਰਾ ਕਪਟ ਅਸੀਂ ਨਹੀਂ ਜਾਣਿਆ । ਆਪਣੇ ਪਿਤਾ ਦਾ ਬਦਲਾ ਮੈਂ ਤੈਥੋਂ ਇਸੇ ਤਰ੍ਹਾਂ ਲਵਾਂਗਾ । ਇਹ ਗੱਲ ਸੁਣ ਕੇ ਪ੍ਰਿਥੀ ਚੰਦ ਬਹੁਤ ਡਰਿਆ ਤੇ ਹੱਥ ਜੋੜ ਕੇ ਉਸ ਦੇ ਅੱਗੇ ਬੇਨਤੀ ਕਰਨ ਲੱਗਾ, "ਤੇਰੇ ਨਾਲੋਂ ਤੇਰਾ ਪਿਤਾ ਮੇਰਾ ਬਹੁਤ ਹਿਤੂ ਸੀ । ਹੋਣਹਾਰ ਨੂੰ ਕੋਈ ਨਹੀਂ ਜਾਣ ਸਕਦਾ। ਮੈਨੂੰ ਛੱਡ ਕੇ ਉਹ ਅੱਗੇ ਚਲੇ ਗਿਆ ਤੇ ਉਸੇ ਵੇਲੇ ਉਹ ਆਵੇ ਵਿਚ ਸੜ ਗਿਆ । ਬਹੁਤ ਅਧੀਨਗੀ ਨਾਲ ਕਹਿ-ਕਹਿ ਕੇ ਉਸ ਨੂੰ ਸਮਝਾਉਣ ਲੱਗਾ । ਉਸ ਨੂੰ ਦੁਸਾਲੇ, ਕੱਪੜੇ, ਚੰਗੇ-ਚੰਗੇ ਘੋੜੇ ਅਤੇ ਬਹੁਤ ਧਨ ਦੇ ਕੇ ਪ੍ਰਿਥੀ ਚੰਦ ਨੇ ਖੁਸ਼ ਕੀਤਾ ।

ਪ੍ਰਸ਼ਨ ੨੦੦: ਸਤਿਗੁਰੂ ਜੀ ਨੇ ਕਿਹੜਾ ਸ਼ਬਦ ਉਚਾਰ ਕੇ ਸੁਲਹੀ ਨੂੰ ਸਰਾਪ ਦਿੱਤਾ ਸੀ ?

ਉੱਤਰ - ਸਤਿਗੁਰੂ ਜੀ ਨੇ ਇਹ ਸ਼ਬਦ ਉਚਾਰ ਕੇ ਸੁਲਹੀ ਨੂੰ ਸਰਾਪ ਦਿੱਤਾ ਸੀ ।

ਬਿਲਾਵਲ ਮਹਲਾ ੫ ॥

ਸੁਲਹੀ ਤੇ ਨਾਰਾਇਣ ਰਾਖੁ ॥ ਸੁਲਹੀ ਕਾ ਹਾਥੁ ਕਹੀ ਨ ਪਹੁਚੈ
ਸੁਲਹੀ ਹੋਇ ਮੂਆ ਨਾਪਾਕ ॥੧॥ ਰਹਾਉ ॥ ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ
ਖਿਨ ਮਹਿ ਹੋਇ ਗਇਆ ਹੈ ਖਾਕੁ ॥ ਮੰਦਾ ਚਿਤਵਤ ਚਿਤਵਤ ਪਚਿਆ
ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥ ਪੁਤ੍ਰ ਮੀਤ ਧਨੁ ਕਿਛੂ ਨ ਰਹਿਓ
ਸੁ ਛੋਡਿ ਗਇਆ ਸਭ ਭਾਈ ਸਾਕੁ ॥ ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ
ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥੨॥੧੮॥

ਪ੍ਰਸ਼ਨ ੨੦੧ : ਚੰਦੂ ਸ੍ਰੀ ਗੁਰੂ ਅਰਜਨ ਦੇਵ ਜੀ ਬਾਰੇ ਕੀ ਸੋਚਦਾ ਸੀ ?

ਉੱਤਰ - ਜਹਾਂਗੀਰ ਬਾਦਸ਼ਾਹ ਕੁਝ ਸਮੇਂ ਵਾਸਤੇ ਦਿੱਲੀ ਤੋਂ ਲਾਹੌਰ ਆਇਆ । ਚੰਦੂ ਦੀਵਾਨ ਲਾਹੌਰ ਦਾ ਰਹਿਣ ਵਾਲਾ ਸੀ । ਇਸ ਕਰਕੇ ਉਹ ਵੀ ਬਾਦਸ਼ਾਹ ਨਾਲ ਹੀ ਆਇਆ । ਜਦੋਂ ਦਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚੰਦੂ ਦੀ ਪੁੱਤਰੀ ਦਾ ਨਾਤਾ ਮੋੜਿਆ ਸੀ, ਉਦੋਂ ਤੋਂ ਉਹ ਸਤਿਗੁਰੂ ਜੀ ਨਾਲ ਈਰਖਾ ਕਰਨ ਲੱਗ ਪਿਆ ਸੀ । ਉਹ ਹਰ ਸਮੇਂ ਇਹੋ ਹੀ ਸੋਚਦਾ ਸੀ ਕਿ ਜਿਨ੍ਹਾਂ ਨੇ ਮੇਰੀ ਪੁੱਤਰੀ ਦਾ ਨਾਤਾ ਮੋੜਿਆ ਹੈ, ਉਹ ਮੇਰੇ ਦੁਸ਼ਮਣ ਹਨ । ਜਿਸ ਤਰ੍ਹਾਂ ਹੋ ਸਕੇ, ਮੈਂ ਉਨ੍ਹਾਂ ਨੂੰ ਖ਼ਤਮ ਕਰਾਂ । ਇਸ ਕਰਕੇ ਉਸ ਨੇ ਸੋਚਿਆ ਕਿ ਜਦੋਂ ਬਾਦਸ਼ਾਹ ਦਾ ਧਿਆਨ ਮੇਰੀਆਂ ਗੱਲਾਂ ਵੱਲ ਹੋਵੇਗਾ, ਉਦੋਂ ਮੈਂ ਉਸ ਨਾਲ ਗੱਲ ਕਰਾਂਗਾ ।

ਪ੍ਰਸ਼ਨ ੨੦੨ : ਪ੍ਰਿਥੀ ਚੰਦ ਨੇ ਚੰਦੂ ਨੂੰ ਚਿੱਠੀ ਵਿਚ ਕੀ ਲਿਖਿਆ ਸੀ ?

ਉੱਤਰ - ਪ੍ਰਿਥੀ ਚੰਦ ਨੂੰ ਪਤਾ ਲੱਗਿਆ ਕਿ ਬਾਦਸ਼ਾਹ ਲਾਹੌਰ ਆਇਆ ਹੈ । ਇਸ ਕਰਕੇ ਉਸ ਨੇ ਚੰਦੂ ਨੂੰ ' ਚਿੱਠੀ ਲਿਖੀ । ਉਸ ਵਿਚ ਲਿਖਿਆ ਸੀ, "ਦੀਵਾਨ ਸਾਹਿਬ, ਤੂੰ ਸ੍ਰੇਸ਼ਟ ਮੱਤ ਵਾਲਾ ਹੈਂ, ਮੈਨੂੰ ਤੇਰੇ 'ਤੇ ਭਰੋਸਾ ਹੈ, ਤੂੰ ਮੇਰਾ ਕਾਰਜ ਪੂਰਾ ਕਰ ਸਕਦਾ ਹੈਂ । ਮੇਰੇ ਦੁਸ਼ਮਣ ਨੂੰ ਮਾਰਨ ਵਾਸਤੇ ਤੇਰੇ ਹੱਥ ਵਿਚ ਤਾਕਤ ਹੈ । ਉਸ 'ਤੇ ਕੋਈ ਵੱਡਾ ਦੋਸ਼ ਲਾ ਕੇ ਬਾਦਸ਼ਾਹ ਪਾਸੋਂ

ਉਸ ਨੂੰ' ਫੜਵਾ ਦੇ । ਜੇ ਬਾਦਸ਼ਾਹ ਪਾਸ ਫ਼ਰਿਆਦ ਕਰਨ ਦਾ ਕੋਈ ਬਹਾਨਾ ਬਣੇ ਤਾਂ ਮੈਨੂੰ ਸੱਦ ਲਵੀਂ ।" ਇਹ ਚਿੱਠੀ ਲੈ ਕੇ ਹਲਕਾਰਾ ਚੰਦੂ ਪਾਸ ਆਇਆ ।

ਪ੍ਰਸ਼ਨ ੨੦੩: ਪ੍ਰਿਥੀ ਚੰਦ ਨੇ ਲਾਹੌਰ ਨੂੰ ਜਾਣ ਦੀ ਤਿਆਰੀ ਕੀਤੀ ਤਾਂ ਉਸ ਦੀ ਘਰਵਾਲ਼ੀ ਨੇ ਕੀ ਕਿਹਾ ਤੇ ਪ੍ਰਿਥੀ ਚੰਦ ਨੇ ਕੀ ਉੱਤਰ ਦਿੱਤਾ ਸੀ ?

ਉੱਤਰ - ਪ੍ਰਿਥੀ ਚੰਦ ਨੇ ਲਾਹੌਰ ਜਾਣ ਦੀ ਤਿਆਰੀ ਕਰਵਾਈ । ਇਹ ਗੱਲ ਸੁਣ ਕੇ ਪ੍ਰਿਥੀ ਚੰਦ ਦੀ ਘਰਵਾਲ਼ੀ ਕਹਿਣ ਲੱਗੀ,"ਤੁਸੀਂ ਸਿਆਣੇ ਹੋ । ਫਿਰ ਵੀ ਉੱਥੇ ਜਾ ਕੇ ਸਾਰੀ ਗੱਲ ਚੰਗੀ ਤਰ੍ਹਾਂ ਵਿਚਾਰ ਕੇ ਕਰਿਉ । ਕੋਈ ਉਲਟੀ ਗੱਲ ਨਾ ਨਿਕਲ ਜਾਵੇ, ਜਿਸ ਕਰਕੇ ਸਾਡੀ ਇੱਜ਼ਤ ਹੀ ਖ਼ਰਾਬ ਹੋਵੇ । ਹੁਣ ਤਾਂ ਗੁਰਗੱਦੀ ਮਿਲੇ ਬਿਨਾਂ ਹੀ ਆਪਣੀ ਜੀਵਕਾ ਚੰਗੀ ਚੱਲ ਰਹੀ ਹੈ । ਜੇ ਸਾਡਾ ਨੁਕਸਾਨ ਹੋ ਗਿਆ ਤਾਂ ਸਰੀਕ ਸਾਡੇ ਵੱਲ ਵੇਖ ਕੇ ਹੱਸਣਗੇ । ਮੈਨੂੰ ' ਤੁਹਾਡਾ ਜਾਣਾ ਹੁਣ ਚੰਗਾ ਨਹੀਂ ਲੱਗ ਰਿਹਾ ।"

ਪ੍ਰਸ਼ਨ ੨੦੪ : ਜਦੋਂ ਤਰਨ ਤਾਰਨ ਸਾਹਿਬ ਨੇੜੇ ਆਏ ਤਾਂ ਪ੍ਰਿਥੀ ਚੰਦ ਦੇ ਸੇਵਕਾਂ ਨੇ ਕੀ ਕਿਹਾ ਤੇ ਪ੍ਰਿਥੀ ਚੰਦ ਨੇ ਕੀ ਉੱਤਰ ਦਿੱਤਾ ਸੀ ?

ਉੱਤਰ - ਜਦੋਂ ਪ੍ਰਿਥੀ ਚੰਦ ਤਰਨ ਤਾਰਨ ਸਾਹਿਬ ਦੇ ਨੇੜੇ ਆਇਆ ਤਾਂ ਨਾਲ ਦੇ ਬੰਦਿਆਂ ਨੇ ਕਿਹਾ, "ਇੱਥੇ ਗੁਰੂ ਜੀ ਨੇ ਤੀਰਥ ਪ੍ਰਗਟ ਕੀਤਾ ਹੈ । ਇਸ਼ਨਾਨ ਕਰ ਲਈਏ ਤੇ ਰਾਤ ਪੈਣ ਵਾਲੀ ਹੈ । ਇੱਥੇ ਕਿਤੇ ਨੇੜੇ ਹੀ ਡੇਰਾ ਕਰ ਲਈਏ ।" ਟੇਢੇ ਮਨ ਵਾਲਾ ਪ੍ਰਿਥੀ ਚੰਦ ਕਹਿਣ ਲੱਗਾ,"ਇਹ ਤਾਂ ਛੱਪੜੀ ਹੈ, ਤੀਰਥ ਨਹੀਂ । ਇੱਥੇ ਇਸ਼ਨਾਨ ਕਰਨ ਨਾਲ ਕੋਈ ਫਲ ਨਹੀਂ ਮਿਲਣਾ । ਇੱਥੋਂ ਤੁਰਕ ਆਵਿਆਂ ਦੀਆਂ ਇੱਟਾਂ ਲੈ ਗਏ ਸਨ । ਅੱਗੇ ਚੱਲ ਕੇ ਵੇਖੋ, ਮੈਂ ਤੀਰਥ ਬਣਾਇਆ ਹੈ । ਉੱਥੇ ਦੋ ਤਿੰਨ ਦਿਨਾਂ ਵਿਚ ਪਹੁੰਚ ਜਾਵਾਂਗੇ ਤੇ ਸਾਰਾ ਥਕੇਵਾਂ ਦੂਰ ਕਰਾਂਗੇ ।"

ਪ੍ਰਸ਼ਨ ੨੦੫ : ਜਦੋਂ ਹੇਹਰ ਪਿੰਡ ਪਹੁੰਚੇ ਤਾਂ ਪ੍ਰਿਥੀ ਚੰਦ ਨੇ ਆਪਣੇ ਸੇਵਕਾਂ ਨੂੰ ਕੀ ਕਿਹਾ ਸੀ ?

ਉੱਤਰ - ਜਦੋਂ ਹੇਹਰ ਪਿੰਡ ਪਹੁੰਚ ਗਏ । ਪ੍ਰਿਥੀ ਚੰਦ ਨੇ ਆਪਣੇ ਨਾਲ ਦੇ ਸਿੱਖਾਂ ਨੂੰ ' ਕਿਹਾ,"ਇਹ ਤੀਰਥ ਬਹੁਤ ਚੰਗਾ ਹੈ । ਤੁਸੀਂ ਇੱਥੇ ਸ਼ਰਧਾ ਨਾਲ ਇਸ਼ਨਾਨ ਕਰੋ । ਤੁਹਾਨੂੰ ' ਮਨ-ਬਾਂਛਤ ਫਲ ਮਿਲਣਗੇ । ਇੱਥੇ ਬਿਸਰਾਮ ਕਰ ਕੇ ਆਪਣਾ ਥਕੇਵਾਂ ਦੂਰ ਕਰੋ । ਤਿੰਨਾਂ ਦਿਨਾਂ ਬਾਅਦ ਅਸੀਂ ਲਾਹੌਰ ਨੂੰ ਤੁਰਾਂਗੇ ।" ਰਾਤ ਨੂੰ ਸਾਰਿਆਂ ਨੇ ਭੋਜਨ ਛੱਕ ਕੇ ਅਰਾਮ ਕੀਤਾ । ਸਵੇਰੇ ਉੱਠ ਕੇ ਸਾਰਿਆਂ ਨੇ ਸੌਚ ਇਸ਼ਨਾਨ ਕੀਤਾ ।

ਪ੍ਰਸ਼ਨ ੨੦੬ : ਜਦੋਂ ਅੱਧੀ ਰਾਤ ਨੂੰ ਪ੍ਰਿਥੀ ਚੰਦ ਦਾ ਰੋਗ ਬਹੁਤ ਵੱਧ ਗਿਆ ਤਾਂ ਉਸ ਨੇ ਆਪਣੇ ਸੇਵਕਾਂ ਨੂੰ ਕੀ ਕਿਹਾ ਸੀ ?

ਉੱਤਰ - ਜਦੋਂ ਰੋਗ ਬਹੁਤ ਵੱਧ ਗਿਆ ਪ੍ਰਿਥੀ ਚੰਦ ਨੇ ਜਾਣ ਲਈ ਕਿ ਹੁਣ ਮੇਰੇ ਪ੍ਰਾਣ ਨਹੀਂ ਬਚਣੇ । ਉਦੋਂ ਉਸ ਨੇ ਆਪਣੇ ਸਿੱਖਾਂ ਨੂੰ ਕਿਹਾ,"ਰੋਗ ਬਹੁਤ ਵੱਧ ਗਿਆ ਹੈ, ਇਸ ਕਰਕੇ ਹੁਣ ਮੇਰਾ ਪਰਲੋਕ ਨੂੰ ਜਾਣਾ ਯਕੀਨੀ ਹੈ । ਤੁਸੀਂ ਮੇਰਾ ਸਸਕਾਰ ਇੱਥੇ ਹੀ ਕਰ ਦਿਉ । ਮਿਹਰਵਾਨ ਨੂੰ ' ਕਹਿ ਦਿਉ ਕਿ ਬਹੁਤਾ ਨਾ ਰੋਵੇ । ਇਹ ਤਾਂ ਸੰਸਾਰ ਦੀ ਰੀਤੀ ਆਉਣ ਜਾਣ ਦੀ ਬਣੀ ਹੈ । ਮੇਰੀ ਕ੍ਰਿਆ-ਕਰਮ ਕਰ ਕੇ ਬਾਅਦ ਵਿਚ ਉਹ ਚੰਦੂ ਨੂੰ ਮਿਲੇ । ਜਿਵੇਂ ਕਿਵੇਂ ਹੋਵੇ ਅਰਜਨ ਨੂੰ ਮਾਰ ਕੇ ਗੁਰਤਾ ਲੈ ਲਵੇ । ਉਸ ਤੋਂ ਬਾਅਦ ਆਪਣੀ ਸ਼ਾਦੀ ਕਰੇ ।" ਇਸ ਤਰ੍ਹਾਂ ਕੁਝ ਗੱਲਾਂ ਕਹਿ ਕੇ ਉਹ ਧਰਤੀ 'ਤੇ ਡਿੱਗ ਪਿਆ, ਤੇ ਉਸ ਦਾ ਬੋਲ ਬੰਦ ਹੋ ਗਿਆ।

ਪ੍ਰਸ਼ਨ ੨੦੭ : ਚੰਦੂ ਨੇ ਗੁਰੂ ਜੀ ਦੇ ਉਲਟ ਬਾਦਸ਼ਾਹ ਪਾਸ ਵਧਾ ਚੜ੍ਹਾ ਕੇ ਕੀ ਝੂਠੀਆਂ ਗੱਲਾਂ ਕਹੀਆਂ ਸਨ ?

ਉੱਤਰ - ਜਦੋਂ ਜਹਾਂਗੀਰ ਬਾਦਸ਼ਾਹ ਨੂੰ ਲਾਹੌਰ ਆਏ ਨੂੰ ਕੁਝਕੁ ਸਮਾਂ ਹੋਇਆ ਤਾਂ ਚੰਦੂ ਦੀਵਾਨ ਨੇ ਬਾਦਸ਼ਾਹ ਪਾਸ ਸਤਿਗੁਰੂ ਜੀ ਦੇ ਉਲਟ ਫਿਰ ਚੁਗਲੀ ਕੀਤੀ,"ਬਾਦਸ਼ਾਹ ਸਲਾਮਤ, ਜੋ ਅਰਜਨ ਦੇਵ ਆਪਣੇ ਆਪ ਨੂੰ ਜਗਤ ਗੁਰੂ ਕਹਾਉਂਦੇ ਹਨ, ਉਹ ਆਪਣੇ ਪਾਸ ਚੋਰ ਰੱਖਦੇ ਹਨ । ਉਹ ਆਪ ਜੀ ਦਾ ਡਰ ਵੀ ਨਹੀਂ ਰੱਖਦੇ ।" ਇਸ ਤਰ੍ਹਾਂ ਉਸ ਨੇ ਬਹੁਤ ਵਧਾ ਚੜ੍ਹਾ ਕੇ ਝੂਠੀਆਂ ਗੱਲਾਂ ਕੀਤੀਆਂ, ਤੇ ਕਿਹਾ ਕਿ ਜੇ ਆਪ ਜੀ ਉਨ੍ਹਾਂ ਨੂੰ ਚੋਰ ਰੱਖਣ ਦੇ ਜ਼ੁਰਮ ਵਿਚ ਕੋਈ ਸਜ਼ਾ ਦੇਣੀ ਨਹੀਂ ਚਾਹੁੰਦੇ ਤਾਂ ਉਨ੍ਹਾਂ ਨੂੰ ਸੱਦ ਕੇ ਉਨ੍ਹਾਂ ਪਾਸੋਂ ਕਰਾਮਾਤਾਂ ਜਰੂਰ ਵੇਖੋ ।OOOO

ਪ੍ਰਸ਼ਨ ੨੦੮ : ਅਹਿਦੀਏ ਨੇ ਸਤਿਗੁਰੂ ਜੀ ਨੂੰ ਕੀ ਬੇਨਤੀ ਕੀਤੀ ਸੀ ?

ਉੱਤਰ - ਅਹਿਦੀਏ ਨੇ ਬੇਨਤੀ ਕੀਤੀ,"ਸਤਿਗੁਰੂ ਜੀ, ਮੈਨੂੰ ਚੰਦੂ ਨੇ ਬਹੁਤ ਖੋਟੇ ਬਚਨ ਕਹਿ ਕੇ ਭੇਜਿਆ ਹੈ । ਆਪ ਜੀ ਅੱਗੇ ਉਹ ਬਚਨ ਮੈਥੋਂ ਨਹੀਂ ਕਹੇ ਜਾਂਦੇ । ਆਪ ਜੀ ਦੇ ਦਰਸ਼ਨ ਕਰ ਕੇ ਮੇਰੀ ਖੋਟੀ ਬੁੱਧੀ ਨਾਸ ਹੋ ਗਈ ਹੈ । ਮੈਨੂੰ ਆਪਣਾ ਸੇਵਕ ਜਾਣੋ । ਚੰਦੂ ਦੁਸ਼ਟ ਤੋਂ ਆਪ ਜੀ ਸਾਵਧਾਨ ਰਹੋ ।”

ਪ੍ਰਸ਼ਨ ੨੦੯ : ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗੁਰਤਾ ਦੇਣ ਸਮੇਂ ਕਿਹਨਾਂ ਗੁਰਸਿੱਖਾਂ ਦੀ ਸਲਾਹ ਲਈ ਤੇ ਕਿਸ ਅਸਥਾਨ 'ਤੇ ਗੁਰਤਾ ਦਿੱਤੀ ਸੀ ?

ਉੱਤਰ - ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗੁਰਤਾ ਦੇਣ ਸਮੇਂ ਬਾਬਾ ਬੁੱਢਾ ਤੇ ਭਾਈ ਗੁਰਦਾਸ ਜੀ ਦੀ ਸਲਾਹ ਲਈ । ਜਿੱਥੇ ਰਾਤ ਨੂੰ ਕੋਠੜੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖਆਸਨ ਹੁੰਦਾ ਹੈ ।ਉੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅੱਗੇ ਪੰਜ ਪੈਸੇ ਤੇ ਨਰੇਲ ਰੱਖ ਕੇ ਤਿੰਨ ਪ੍ਰਕਰਮਾਂ ਕੀਤੀਆਂ ਤੇ ਮੱਥਾ ਟੇਕਿਆ । ਬਾਬਾ ਬੁੱਢਾ ਜੀ ਨੂੰ'

ਕਿਹਾ ਕਿ ਸਾਹਿਬਜ਼ਾਦੇ ਨੂੰ' ਗੁਰਤਾ ਦਾ ਤਿਲਕ ਲਾਉ । ਉਸ ਵਕਤ ਸਤਿਗੁਰੂ ਜੀ ਦਾ ਹੁਕਮ ਪਾ ਕੇ ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੱਥੇ 'ਤੇ ਗੁਰਤਾ ਦਾ ਤਿਲਕ ਲਾਇਆ ।

ਪ੍ਰਸ਼ਨ ੨੧੦ : ਜਦੋਂ ਮਾਤਾ ਗੰਗਾ ਜੀ ਰਾਤ ਨੂੰ ਆਪਣੇ ਪਤੀ ਦੇਵ ਜੀ ਪਾਸ ਬੈਠੇ ਸਨ ਤਾਂ ਗੁਰੂ ਜੀ ਨੇ ਆਪਣੇ ਮਹਿਲਾਂ ਨੂੰ ਕੀ ਸਿੱਖਿਆ ਦਿੱਤੀ ?

ਉੱਤਰ – ਸ਼ਾਮ ਨੂੰ ਸਤਿਗੁਰੂ ਜੀ ਆਪਣੇ ਘਰ ਗੁਰੂ ਕੇ ਮਹਿਲਾਂ ਵਿਚ ਆਏ । ਭੋਜਨ ਛਕਿਆ, ਪਲੰਘ 'ਤੇ ਬੈਠੇ ।ਉਦੋਂ ਸਤਿਗੁਰੂ ਜੀ ਨੇ ਆਪਣੇ ਮਹਿਲਾਂ ਨੂੰ ਸਿੱਖਿਆ ਦਿੰਦੇ ਹੋਏ ਕਿਹਾ, "ਵੱਡਿਆਂ ਭਾਂਗਾਂ ਵਾਲ਼ੀਏ, ਸੁਣ । ਸਵੇਰੇ ਅਸੀਂ ਲਾਹੌਰ ਨੂੰ ਜਾ ਰਹੇ ਹਾਂ । ਤੇਰਾ ਪੁੱਤਰ ਸਾਰੇ ਕੰਮਾਂ ਵਿਚ ਸਿਆਣਾ ਹੋ ਗਿਆ ਹੈ । ਇਹ ਸਰੀਰ ਹਮੇਸ਼ਾਂ ਰਹਿਣ ਵਾਲਾ ਨਹੀਂ ਹੈ । ਇਸ ਕਰਕੇ ਇਸ ਨਾਲ ਬਹੁਤਾ ਮੋਹ ਨਹੀਂ ਕਰਨਾ ਚਾਹੀਦਾ । ਜੋ ਪੈਦਾ ਹੋਇਆ ਹੈ, ਉਸ ਨੇ ਨਾਸ ਵੀ ਹੋਣਾ ਹੈ । ਸਾਡੇ ਮਗਰੋਂ ਕਿਸੇ ਕਿਸਮ ਦਾ ਸੋਗ ਨਹੀਂ ਕਰਨਾ । ਤੂੰ ਆਪਣੇ-ਆਪ ਆਪਣਾ ਸਰੀਰ ਨਹੀਂ ਛੱਡਣਾ । ਤੂੰ ਆਪਣੇ ਪੁੱਤਰ ਪੋਤਰਿਆਂ ਦਾ ਸੁੱਖ ਵੇਖ । ਜਦੋਂ ਤੇਰੇ ਸਰੀਰ ਦਾ ਅੰਤ ਸਮਾਂ ਹੋਵੇਗਾ, ਉਦੋਂ ਸਾਡੇ ਪਾਸ ਆ ਜਾਵੇਂਗੀ ।

ਪ੍ਰਸ਼ਨ ੨੧੧ : ਮਾਤਾ ਜੀ ਨੇ ਸਤਿਗੁਰੂ ਜੀ ਨੂੰ ਕੀ ਕਿਹਾ ਸੀ ?

ਉੱਤਰ – ਮਾਤਾ ਗੰਗਾ ਜੀ ਨੇ ਜਦੋਂ ਇਹ ਸੋਗ ਦੀ ਗੱਲ ਸੁਣੀ ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਵੈਰਾਗ ਦਾ ਜਲ ਛੁੱਟਿਆ ਤੇ ਕਿਹਾ, "ਆਪ ਜੀ ਸਾਰੀ ਸੰਗਤ ਤੇ ਕੁਟੰਬ ਦੇ ਆਸਰਾ ਹੋ । ਹਰਿਗੋਬਿੰਦ ਦੀ ਹਾਲੇ ਛੋਟੀ ਉਮਰ ਹੈ । ਆਪ ਜੀ ਸਮੇਂ ਤੋਂ ਬਗ਼ੈਰ ਕੀ ਕਹਿ ਰਹੇ ਹੋ । ਦੁਸ਼ਮਣ ਸਾਡੇ ਮਗਰ ਲੱਗੇ ਹਨ । ਆਪ ਜੀ ਸਭ ਵਿਧੀਆਂ ਕਰ ਕੇ ਸਮਰੱਥ ਹੋ । ਆਪ ਜੀ ਤੋਂ ਬਾਅਦ ਅਸੀਂ ਕਿਸਦੇ ਆਸਰੇ ਰਹਾਂਗੇ । "

ਪ੍ਰਸ਼ਨ ੨੧੨ :ਉਦੋਂ ਸਤਿਗੁਰੂ ਜੀ ਨੇ ਅਪਣੇ ਮਹਿਲਾਂ ਨੂੰ ਕੀ ਸਿੱਖਿਆ ਦਿੱਤੀ ?

ਉੱਤਰ - ਸਤਿਗੁਰੁ ਜੀ ਨੇ ਕਿਹਾ, "ਤੂੰ ਇਹੋ ਜਿਹੀ ਚਿੰਤਾ ਕਿਉਂ ਕਰਦੀ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਦਾ ਤੇਰੇ ਸਿਰ 'ਤੇ ਹੱਥ ਹੈ । ਉਹ ਸਾਰੇ ਵਿਘਨਾਂ ਦਾ' ਨਾਸ ਕਰ ਦੇਣਗੇ । ਸਤਿਗੁਰੂ ਜੀ ਦੇ ਪ੍ਰਤਾਪ ਨਾਲ ਹਰਿਗੋਬਿੰਦ ਦਾ ਪ੍ਰਤਾਪ ਵਧਦਾ ਜਾਵੇਗਾ ।" ਉਦੋਂ ਸਤਿਗੁਰੂ ਜੀ ਨੇ ਆਪਣੇ ਮਹਿਲਾਂ ਵੱਲੋਂ ਕ੍ਰਿਪਾ ਦ੍ਰਿਸ਼ਟੀ ਨਾਲ ਵੇਖਿਆ ਤੇ ਉਨ੍ਹਾਂ ਦਾ ਮੋਹ ਨਾਸ ਕਰ ਦਿੱਤਾ ਤੇ ਗਿਆਨ ਪ੍ਰਾਪਤ ਹੋ ਗਿਆ । ਉਸ ਵਕਤ ਮਾਤਾ ਗੰਗਾ ਜੀ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ, "ਆਪ ਜੀ ਨੂੰ ਜੋ ਕੰਮ ਚੰਗਾ ਲੱਗਦਾ ਹੈ, ਉਹ ਕਰੋ ।"

ਪ੍ਰਸ਼ਨ ੨੧੩ : ਲਾਹੌਰ ਜਾਣ ਲੱਗਿਆਂ ਸਤਿਗੁਰੂ ਜੀ ਕਿਨ੍ਹਾਂ-ਕਿਨ੍ਹਾਂ ਸਿੱਖਾਂ ਨੂੰ ' ਨਾਲ ਲੈ ਕੇ ਗਏ ਸਨ ?

ਉੱਤਰ - ਲਾਹੌਰ ਜਾਣ ਲੱਗਿਆਂ ਸਤਿਗੁਰੂ ਜੀ ਨੇ ਆਪਣੇ ਨਾਲ ਪੰਜਾਂ ਸਿੱਖਾਂ ਨੂੰ ਤਿਆਰ ਕੀਤਾ । ਭਾਈ ਬਿਧੀ ਚੰਦ ਜੀ, ਭਾਈ ਜੇਠਾ ਜੀ, ਭਾਈ ਪਿਰਾਣਾ ਜੀ, ਭਾਈ ਲੰਗਾਹ ਜੀ ਤੇ ਭਾਈ ਪੈੜਾ ਜੀ ।

ਪ੍ਰਸ਼ਨ ੨੧੪ : ਲਾਹੌਰ ਸਤਿਗੁਰੂ ਜੀ ਕਿਸ ਸਿੱਖ ਦੇ ਘਰ ਗਏ ਸਨ ?

ਉੱਤਰ – ਲਾਹੌਰ ਵਿਚ ਸਤਿਗੁਰੂ ਜੀ ਦਾ ਇਕ ਸੱਧੂ ਨਾਮ ਦਾ ਸਿੱਖ ਰਹਿੰਦਾ ਸੀ । ਉਹ ਹਰ ਰੋਜ਼ ਸਤਿਗੁਰੂ ਜੀ ਨੂੰ ਚੇਤੇ ਕਰਦਾ ਸੀ ਕਿ ਸਤਿਗੁਰੂ ਜੀ ਮੇਰੇ ਘਰ ਆਉਣ, ਮੈਂ ਉਨਾਂ ਦੀ ਯਥਾ-ਸ਼ਕਤ ਸੇਵਾ ਕਰਾਂ । ਸਤਿਗੁਰੂ ਜੀ ਉਸ ਦਾ ਪ੍ਰੇਮ ਵੇਖ ਕੇ, ਪੰਜਾਂ ਸਿੱਖਾਂ ਸਮੇਤ ਉਸ ਦੇ ਘਰ ਗਏ । ਜਦੋਂ ਸੱਧੂ ਨੇ ਸਤਿਗੁਰੂ ਜੀ ਨੂੰ ਆਪਣੇ ਘਰ ਆਇਆ ਵੇਖਿਆ ਤਾਂ ਉਸ ਨੇ ਸਤਿਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ ਤੇ ਬਹੁਤ ਅਨੰਦ ਹੋਇਆ । ਆਖਣ ਲੱਗਾ, "ਸਤਿਗੁਰੂ ਜੀ ਆਪ ਘਟ-ਘਟ ਦੇ ਜਾਨਣਹਾਰ ਹੋ, ਮੇਰੇ ਗਰੀਬ ਦੀ ਇੱਛਾ ਪੂਰੀ ਕੀਤੀ ਹੈ ।

ਪ੍ਰਸ਼ਨ ੨੧੫ : ਚੰਦੂ ਨੇ ਸਤਿਗੁਰੂ ਜੀ ਬਾਰੇ ਬਾਦਸ਼ਾਹ ਨੂੰ ਕੀ ਕਿਹਾ ਸੀ ?

ਉੱਤਰ – ਚੰਦੂ ਬਾਦਸ਼ਾਹ ਪਾਸ ਗਿਆ ਅਤੇ ਸਲਾਮ ਕਰ ਕੇ ਕਹਿਣ ਲੱਗਾ,"ਹੁਣ ਸਿੱਖਾਂ ਦੇ ਪੀਰ ਇੱਥੇ ਆਏ ਹਨ । ਉਹ ਆਪਣੇ ਸਿੱਖਾਂ ਤੋਂ ਪੂਜਾ ਕਰਾ ਰਹੇ ਹਨ । ਆਪ ਜੀ ਪਾਸ ਨਹੀਂ ਆਏ । ਉਹ ਹੁਣ ਵੀ ਆਪਣੇ ਪਾਸ ਚੋਰ ਰੱਖਦੇ ਹਨ । ਆਪ ਜੀ ਉਨ੍ਹਾਂ ਨੂੰ' ਸੱਦੋਗੇ ਤਾਂ ਉਹ ਆਉਣਗੇ, ਨਹੀਂ ਤਾਂ ਸਿੱਖਾਂ ਪਾਸੋਂ ਮਾਇਆ ਲੈ ਕੇ ਚਲੇ ਜਾਣਗੇ ।

ਪ੍ਰਸ਼ਨ ੨੧੬ : ਬਾਦਸ਼ਾਹ ਨੇ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਤੇ ਪੱਛਿਆ , ਕਿ ਹਿੰਦੂ ਅਤੇ ਤੁਰਕ ਆਪਣੇ-ਆਪਣੇ ਮੱਤ ਨੂੰ ਵੱਡਾ ਦਸਦੇ ਹਨ । ਇਨ੍ਹਾਂ ਦੋਵਾਂ ਵਿੱਚੋਂ ਕੌਣ ਨਰਕਾਂ ਵਿਚ ਜਾਵੇਗਾ ਤੇ ਕੌਣ ਸੁਰਗਾਂ ਨੂੰ ਜਾਵੇਗਾ ?

ਉੱਤਰ- ਬਾਦਸ਼ਾਹ ਦਾ ਪ੍ਰਸ਼ਨ ਸੁਣ ਕੇ ਸਤਿਗੁਰੂ ਜੀ ਨੇ ਇਹ ਸ਼ਬਦ ਸੁਣਾਇਆ :-

ਰਾਮਕਲੀ ਮਹਲਾ ੫ ॥
ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧
ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥੧॥ ਰਹਾਉ ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥੨॥
ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੇਦ ॥੩॥
ਕੋਈ ਕਹੈ ਤੁਰਕ ਕੋਈ ਕਹੈ ਹਿੰਦੂ ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥

ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥੯॥ (ਅੰਗ ੮੮੫)

ਪ੍ਰਸ਼ਨ ੨੧੭ :ਚੰਦੂ ਨੇ ਆਪਣੇ ਸਿਪਾਹੀਆਂ ਨੂੰ ਗੁਰੂ ਜੀ ਨੂੰ ਕਿੱਥੇ ਲੈ ਜਾਣ ਵਾਸਤੇ ਕਿਹਾ ਸੀ ?

ਉੱਤਰ– ਚੰਦੂ ਨੇ ਸਿਪਾਹੀਆਂ ਨੂੰ ਕਿਹਾ, "ਗੁਰੂ ਜੀ ਨੂੰ ਮੇਰੇ ਪੁਰਾਣੇ ਘਰ ਲੈ ਚੱਲੋ ।"

ਪ੍ਰਸ਼ਨ ੨੧੮ : ਚੰਦੂ ਨੇ ਆ ਕੇ ਸਤਿਗੁਰੂ ਜੀ ਨੂੰ ਕੀ ਕਿਹਾ ?

ਉੱਤਰ – ਚੰਦੂ ਸਤਿਗੁਰੂ ਜੀ ਪਾਸ ਆਕੇ ਗੁੱਸੇ ਨਾਲ ਕਹਿਣ ਲੱਗਾ, "ਤੁਸੀਂ ਮੇਰੀ ਪੁੱਤ੍ਰੀ ਦਾ ਰਿਸ਼ਤਾ ਛੱਡ ਦਿੱਤਾ ਹੈ, ਮੈਂ ਬਥੇਰਾ ਕਿਹਾ ਪਰ ਸਾਕ ਲੈਣਾ ਤਾਂ ਇਕ ਪਾਸੇ ਰਿਹਾ, ਮੈਨੂੰ ਤੁਸੀਂ ਕੂਕਰ ਕਿਹਾ ਹੈ । ਹੁਣ ਮੈਂ ਤੁਹਾਡੇ ਪਿੱਛੇ ਕੁੱਤਾ ਹੋ ਕੇ ਲੱਗਾਂਗਾ , ਜਾਂ ਤੁਸੀਂ ਮੇਰੀ ਪੁੱਤ੍ਰੀ ਦਾ ਸਾਕ ਲੈ ਲਓ ਨਹੀਂ ਤਾਂ ਮੈਂ ਤੁਹਾਨੂੰ' ਮਾਰ ਦਿਆਂਗਾ ।“

ਪ੍ਰਸ਼ਨ ੨੧੯ : ਸਤਿਗੁਰੂ ਜੀ ਨੇ ਉਸ ਦਾ ਕੀ ਜਵਾਬ ਦਿੱਤਾ ਸੀ ?

ਉੱਤਰ – ਸਤਿਗੁਰੂ ਜੀ ਨੇ ਕਿਹਾ,"ਤੂੰ ਸਾਨੂੰ ਆਪਣੀ ਪੁੱਤ੍ਰੀ ਦਾ ਸਾਕ ਦੇਣ ਦੀ ਕਿਵੇਂ ਇੱਛਾ ਕਰਦਾ ਹੈਂ । ਤੂੰ ਉੱਚੀ ਕੁਲ ਚੁਬਾਰੇ ਸਮਾਨ ਹੈਂ, ਸਾਨੂੰ ਤੂੰ ਮੋਰੀ ਦੇ ਬਰਾਬਰ ਕਿਹਾ ਹੈ । ਅਸੀਂ ਆਪਣੇ ਬਰਾਬਰ ਦਿਆਂ ਨਾਲ ਮੇਲ ਕਰ ਲਿਆ ਹੈ । ਤੂੰ ਚੁਬਾਰੇ ਸਮਾਨ ਉੱਚੀ ਕੁਲ ਨੂੰ ਮਿਲ । ਅਸੀਂ ਤਾਂ ਤੈਂਨੂੰ ਕੂਕਰ ਨਹੀਂ ਕਿਹਾ । ਜੇ ਕਿਸੇ ਸਿੱਖ ਨੇ ਕਿਹਾ ਹੈ ਤਾਂ ਅਸੀਂ ਉਸ ਦੀ ਜ਼ਿੰਮੇਵਾਰੀ ਲੈਂਦੇ ਹਾਂ। ਸਿੱਖ ਸਾਡਾ ਹੀ ਰੂਪ ਹਨ ।"

ਪ੍ਰਸ਼ਨ ੨੨੦ : ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਉਬਲਦੀ ਦੇਗ ਵਿਚ ਬੈਠਣ ਲੱਗੇ ਤਾਂ ਉਸ ਸਮੇਂ ਭਾਈ ਪਿਰਾਣਾ ਤੇ ਗੁਰੂ ਜੀ ਵਿਚਕਾਰ ਕੀ ਵਾਰਤਾਲਾਪ ਹੋਇਆ ?

ਉੱਤਰ – ਉਦੋਂ ਭਾਈ ਪਿਰਾਣੇ ਤੋਂ ਆਪਣੀ ਸ਼ਕਤੀ ਜਰੀ ਨਾ ਗਈ । ਉੱਠ ਕੇ ਸਤਿਗੁਰੂ ਜੀ ਨੂੰ ਬਚਾਉਣ ਲੱਗਾ ਤਾਂ ਚੰਦੂ ਨੇ ਭਾਈ ਪਿਰਾਣੇ ਨੂੰ ਸਿਪਾਹੀਆਂ ਤੋਂ ਡੰਡੇ ਮਰਵਾ ਕੇ ਪਿਛਾਂਹ ਕਰ ਦਿੱਤਾ । ਸਤਿਗੁਰੂ ਜੀ ਨੇ ਕਿਹਾ,"ਤੂੰ ਲਾਗੇ ਨਾ ਆ । ਦੁਸ਼ਟਾਂ ਦੀਆਂ ਜੜ੍ਹਾਂ ਖਾਰੇ ਸਮੁੰਦਰ ਵਿਚ ਪੈਣਗੀਆਂ । ਅਸੀਂ ਸਰੀਰ ਤਿਆਗ ਦੇਣਾ ਹੈ ।"

ਪ੍ਰਸ਼ਨ ੨੨੧ : ਚੰਦੂ ਨੇ ਗੁਰੂ ਜੀ ਨੂੰ ਕੀ ਕੀ ਕਸ਼ਟ ਦਿੱਤੇ ਤੇ ਉਨ੍ਹਾਂ ਦਾ ਵੇਰਵਾ ਦੱਸੋ ?

ਉੱਤਰ – ਪਹਿਲੇ ਦਿਨ ਚੰਦੂ ਨੇ ਸਤਿਗੁਰੂ ਜੀ ਨੂੰ ਉਬਲਦੇ ਪਾਣੀ ਵਿਚ ਬਿਠਾਇਆ ।ਦੂਜੇ ਦਿਨ ਤੱਤੀ ਰੇਤ ਤੇ ਬਿਠਾਇਆ ,ਤੇ ਸੀਸ ਤੇ ਤੱਤੀ ਰੇਤ ਪਵਾਈ ।ਤੀਜੇ ਦਿਨ ਤੱਤੀ ਲੋਹ ਤੇ ਖੜੇ ਕੀਤਾ ।

ਪ੍ਰਸ਼ਨ ੨੨੨: ਜਦੋਂ ਚੰਦੂ ਦੀ ਨੂੰਹ ਗੁਰੂ ਜੀ ਪਾਸ ਆਈ ਤਾਂ ਉਸ ਨੇ ਆਪਣਾ ਕੀ ਦੁੱਖ ਦੱਸਿਆ ਤੇ ਸਤਿਗੁਰੂ ਜੀ ਨੇ ਉਸਨੂੰ ਕੀ ਕਿਹਾ ਸੀ ?

ਉੱਤਰ – ਚੰਦੂ ਦੀ ਨੂੰਹ ਨੇ ਸਤਿਗੁਰੂ ਜੀ ਪਾਸ ਜਾ ਕੇ ਮੱਥਾ ਟੇਕਿਆ ਅਤੇ ਰੋ-ਰੋ ਕੇ ਕਿਹਾ, "ਸਤਿਗੁਰੂ ਜੀ, ਮਿੱਠਾ ਜਲ ਤੇ ਭੋਜਨ ਛਕੋ । ਮੈਂ ਚੰਦੂ ਦੀ ਨੂੰਹ ਹਾਂ ਅਤੇ ਆਪ ਜੀ ਦੇ ਸਿੱਖ ਦੀ ਪੁੱਤ੍ਰੀ ਹਾਂ । ਮੇਰੇ ਸਹੁਰੇ ਪਾਸੋਂ ਆਪ ਜੀ ਨੂੰ ਤਸੀਹੇ ਦੇਣ ਤੋਂ ਮੈਨੂੰ ਬਹੁਤ ਦੁੱਖ ਹੋਇਆ ਹੈ ।" ਸਤਿਗੁਰੂ ਜੀ ਨੇ ਕਿਹਾ, "ਬੀਬੀ, ਤੈਨੂੰ' ਸ਼ਾਬਾਸ਼ ਹੈ, ਜਿਸ ਦੇ ਹਿਰਦੇ ਵਿਚ ਇਤਨਾ ਪ੍ਰੇਮ ਤੇ ਦੁੱਖ ਹੈ । ਪਰ ਅਸੀਂ ਚੰਦੂ ਪਾਪੀ ਦੇ ਘਰ ਦਾ ਅੰਨ ਤੇ ਜਲ ਨਹੀਂ ਛਕਣਾ । ਇਸ ਨੂੰ ਵਾਪਸ ਲੈ ਜਾਹ । ਅਸੀਂ ਦੋ ਦਿਨਾਂ ਬਾਅਦ ਸਰੀਰ ਛੱਡ ਦੇਣਾ ਹੈ । ਜੇ ਤੂੰ ਮੁਕਤੀ ਚਾਹੁੰਦੀ ਹੈਂ, ਤਾਂ ਤੂੰ ਵੀ ਸਰੀਰ ਛੱਡ ਕੇ ਸਾਡੇ ਨਾਲ ਹੀ ਸੱਚਖੰਡ ' ਚੱਲੀਂ ।" ਉਸ ਨੇ ਕਿਹਾ ਕਿ ਸਤਿਗੁਰੂ ਜੀ ਕ੍ਰਿਪਾ ਕਰ ਕੇ ਆਪ ਜੀ ਮੈਨੂੰ ਜਰੂਰ ਨਾਲ ਲੈ ਜਾਇਓ ।

ਪ੍ਰਸ਼ਨ ੨੨੩ : ਜਦੋਂ ਚੰਦੂ ਨੇ ਸਤਿਗੁਰੂ ਜੀ ਨੂੰ ਕਿਹਾ ਕਿ ਜੇ ਹੁਣ ਵੀ ਨਾਤਾ ਲੈਣਾ ਨਾ ਮੰਨੋਗੇ ਤਾਂ ਤੁਹਾਨੂੰ ਚੰਡਾਲਾਂ ਪਾਸੋਂ ਸੱਜਰੀ ਮਰੀ ਗਊ ਦੇ ਚੰਮ ਵਿਚ ਸਿਵਾ ਦਿਆਂਗਾ ਤਾਂ ਸਤਿਗੁਰੂ ਜੀ ਨੇ ਕੀ ਜਵਾਬ ਦਿੱਤਾ ਸੀ ?

ਉੱਤਰ – ਚੰਦੂ ਦੀ ਗੱਲ ਸੁਣ ਕੇ ਸਤਿਗੁਰੂ ਜੀ ਨੇ ਕਿਹਾ,"ਚੰਦੂ, ਸਾਨੂੰ ਇਸ਼ਨਾਨ ਕੀਤੇ ਨੂੰ ਬਹੁਤ ਦਿਨ ਹੋ ਗਏ ਹਨ, ਅੱਜ ਅਸੀਂ ਰਾਵੀ ਵਿਚ ਇਸ਼ਨਾਨ ਕਰਨਾ ਚਾਹੁੰਦੇ ਹਾਂ । ਸਾਡੇ ਨਾਲ ਪੰਜਾਂ ਸਿੱਖਾਂ ਨੂੰ ' ਭੇਜ ਦੇ, ਉਸ ਤੋਂ ਬਾਅਦ ਜਿਵੇਂ ਚਾਹੇਂਗਾ ਕਰ ਲਈਂ।"

ਪ੍ਰਸ਼ਨ ੨੨੪ : ਜਦੋਂ ਸਤਿਗੁਰੂ ਜੀ ਰਾਵੀ 'ਤੇ ਇਸ਼ਨਾਨ ਕਰ ਕੇ ਜਪੁਜੀ ਸਾਹਿਬ ਪੜ੍ਹ ਕੇ ਸਰੀਰ ਛੱਡਣ ਲੱਗੇ ਤਾਂ ਸਿੱਖਾਂ ਨੂੰ ਕੀ ਕਿਹਾ ਸੀ ?

ਉੱਤਰ – ਸਤਿਗੁਰੂ ਜੀ ਨੇ ਕਿਹਾ ਹੁਣ ਅਸੀਂ ਸੱਚਖੰਡ ' ਜਾਣਾ ਚਾਹੁੰਦੇ ਹਾਂ । ਅੰਮ੍ਰਿਤਸਰ ਜਾ ਕੇ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਸਾਡੇ ਵੱਲੋਂ ਬਹੁਤ ਧੀਰਜ ਦਿਉ ਤੇ ਕਹਿਣਾ ਕਿ ਪਰਮੇਸ਼ਰ ਦਾ ਸਿਮਰਨ ਕਰਨ, ਕੋਈ ਸੋਗ ਨਾ ਕਰਨ, ਸ਼ਸਤ੍ਰਾਂ ਨੂੰ ਧਾਰ ਕੇ ਤਖ਼ਤ 'ਤੇ ਬੈਠਣ, ਯਥਾ-ਸ਼ਕਤ ਫ਼ੌਜ ਰੱਖਣ, ਫਿਰ ਚੰਦੂ ਤੋਂ ਬਦਲਾ ਲੈਣ । ਬਾਬਾ ਬੁੱਢਾ ਜੀ ਆਦਿਕ ਸਿਆਣੇ ਸਿੱਖਾਂ ਦਾ ਸਤਿਕਾਰ ਕਰਨ । ਸਾਰੀ ਰੀਤੀ ਪਿਛਲੇ ਗੁਰੂਆਂ ਦੀ ਕਰਨੀ, ਸਿਰਫ਼ ਇਕ ਨਵੀਂ ਰੀਤੀ ਸੂਰਮੇ ਰੱਖਣੇ ਤੇ ਜੰਗ ਦੀ ਕਰਨੀ ਹੈ ।

ਪ੍ਰਸ਼ਨ ੨੨੫ : ਜਦੋਂ ਚੰਦੂ ਨੇ ਸਤਿਗੁਰੂ ਜੀ ਨੂੰ ਉੱਪਰ ਚਾਦਰਾ ਲੈ ਕੇ ਲੰਮੇ ਪਏ ਵੇਖਿਆ ਤਾਂ ਉਸ ਨੇ ਕੀ ਕਿਹਾ ਤੇ ਭਾਈ ਬਿਧੀ ਚੰਦੂ ਨੇ ਉਸ ਨੂੰ ਕੀ ਜਵਾਬ ਦਿੱਤਾ ਸੀ ?

ਉੱਤਰ – ਫਿਰ ਚੰਦੂ ਕਹਿਣ ਲੱਗਾ ਕਿ ਹੁਣ ਤੁਹਾਨੂੰ' ਕਿਸ ਤਰ੍ਹਾਂ ਨੀਂਦ ਆਈ ਹੈ । ਚਿੰਤਾ ਤੋਂ ਰਹਿਤ ਹੋ ਕੇ ਸੁੱਤੇ ਹੋ । ਉਦੋਂ ਬਿਧੀ ਚੰਦ ਨੇ ਬਹੁਤ ਦੁਖੀ ਹੋ ਕੇ ਕਿਹਾ,"ਦੁਸ਼ਟਾ, ਤੂੰ ਬਹੁਤ ਪਾਪ ਕਮਾਇਆ ਹੈ । ਸਤਿਗੁਰੂ ਜੀ ਸਰੀਰ ਛੱਡ ਕੇ ਸੱਚਖੰਡ ਨੂੰ ਚਲੇ ਗਏ ਹਨ । ਤੈਨੂੰ' ਅੰਤ ਨੂੰ' ਬਹੁਤ ਮਾਰ ਪਵੇਗੀ, ਭਾਵੇਂ ਕਿਤਨੇ ਹੀ ਯਤਨ ਕਰ ਲਵੇਂ, ਬਚ ਨਹੀਂ ਸਕੇਂਗਾ ।"

ਪ੍ਰਸ਼ਨ ੨੨੬ : ਸਤਿਗੁਰੂ ਜੀ ਦਾ ਇਹ ਸ਼ਹੀਦੀ ਸਾਕਾ ਕਦੋਂ ਹੋਇਆ ਤੇ ਉਨ੍ਹਾਂ ਦਾ ਸਸਕਾਰ ਕਿੱਥੇ ਕੀਤਾ ਸੀ ?

ਉੱਤਰ – ਸਤਿਗੁਰੂ ਜੀ ਦਾ ਇਹ ਸ਼ਹੀਦੀ ਸਾਕਾ ਸੰਮਤ ੧੬੬੩ ਬਿ: ਜੇਠ ਸੁਦੀ ੪, (ਚੌਥ) ੨ ਹਾੜ ਮੁਤਾਬਿਕ ੧੬੦੬ ਈ: ੩੦ ਮਈ ਨੂੰ ਰਾਵੀ ਦੇ ਕਿਨਾਰੇ ਗੁਰਦੁਆਰਾ ਡੇਹਰਾ ਸਾਹਿਬ ਵਾਲੇ ਅਸਥਾਨ 'ਤੇ ਹੋਇਆ ਸੀ । ਤੇ ਸਸਕਾਰ ਵੀ ਉੱਥੇ ਹੀ ਹੋਇਆ ।

ਪ੍ਰਸ਼ਨ ੨੨੭:ਸਿੱਖ ਧਰਮ ਦੇ ਪਹਿਲੇ ਸ਼ਹੀਦ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਸਾਏ ਦੋ ਨਗਰਾਂ ਦਾ ਨਾਮ ਦੱਸੋ ?

ਉੱਤਰ – ਸਿੱਖ ਧਰਮ ਦੇ ਪਹਿਲੇ ਸ਼ਹੀਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦੋ ਇਹ ਨਗਰ ਵਸਾਏ, ਤਰਨ ਤਾਰਨ ਸਾਹਿਬ ਤੇ ਕਰਤਾਰ ਪੁਰ ਸਾਹਿਬ (ਜਲੰਧਰ)

ਪ੍ਰਸ਼ਨ ੨੨੮:ਉਹਨਾਂ ਗੁਰੂ ਸਾਹਿਬ ਦੇ ਨਾਮ ਦੱਸੋ ,ਜਿਹਨਾਂ ਦੇ ਪਿਤਾ ਗੁਰੂ ,ਨਾਨਾ ਗੁਰੂ,ਪੋਤਰਾ ਗੁਰੂ ,ਪੜਪੋਤਰਾ ਗੁਰੂ,ਸਾਰੇ ਗੁਰੂ ਹੋਏ ਹਨ ?

ਉੱਤਰ – ਸ੍ਰੀ ਗੁਰੂ ਅਰਜਨ ਦੇਵ ਜੀ ਹਨ ।

ਪ੍ਰਸ਼ਨ ੨੨੯:ਉਸ ਸਿੱਖ ਬੀਬੀ ਦਾ ਨਾਮ ਦੱਸੋ ਜਿਹੜੀ ਇਕ ਗੁਰੂ ਦੀ ਪਤਨੀ ,ਇਕ ਗੁਰੂ ਦੀ ਪੁਤਰੀ ,ਇਕ ਗੁਰੂ ਜੀ ਦੀ ਮਾਂ ,ਇਕ ਗੁਰੂ ਦੀ ਦਾਦੀ ,ਇਕ ਗੁਰੂ ਦੀ ਪੜ ਦਾਦੀ ਹੋਵੇ ?

ਉੱਤਰ – ਇਹ ਬੀਬੀ ਭਾਨੀ ਜੀ ਹੋਏ ਹਨ ।

ਪ੍ਰਸ਼ਨ ੨੩੦:ਦੋਹਿਤਾ ਬਾਣੀ ਕਾ ਬੋਹਿਥਾ ਕਿਸ ਨੇ ਕਿਸ ਨੂੰ ਕਿਹਾ ?

ਉੱਤਰ – ਦੋਹਿਤਾ ਬਾਣੀ ਕਾ ਬੋਹਿਥਾ ਸ੍ਰੀ ਗੁਰੂ ਅਮਰ ਦਾਸ ਜੀ ਨੇ ਸ੍ਰੀ ਗੁਰੂ ਆਰਜਨ ਦੇਵ ਜੀ ਨੂੰ ਕਿਹਾ ।

ਗਿਆਨੀ ਠਾਕਰ ਸਿੰਘ ਜੀ ਦੇ ਗੁਰਦੁਆਰੇ ਦਰਸ਼ਨ ਪੋਥੀ ਵਿਚ ਪੰਨਾ ਪ੩੬ –੩੭ ਦੇ ਲਿਖਤ ਆਨੁਸਾਰ ਭਾਈ ਸਾਹਿਬ ਸ਼ਿੰਘ ਜੀ ਦਾ ਜਨਮ ੪ ਹਾੜ ਸੰਮਤ ੧੭੨੨ ਬਿ: ਨੂੰ ਮਾਤਾ ਵਿਸ਼ਨ ਦੇਵੀ ਦੀ ਕੁੱਖੋਂ ,ਪਿਤਾ ਤੁਲਸੀ ਉਰਫ ਚਮਨਾ ਰਾਮ ਨਾਈ ਦੇ ਘਰ ਪਿੰਡ ਨੰਗਲ ਸ਼ਹੀਦਾਂ ਜਿਲ੍ਹਾ ਹੁਸਿਆਰ ਪੁਰ ਵਿਖੇ ਹੋਇਆ ।

ਸੰਮਤ ੧੭੫ ੬ ਬਿ: ਨੂੰ ਭਾਈ ਸਾਹਿਬ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਸਾਹਿਬ ਉਸ ਸਮੇ ਮਿਲੇ ਜਦੋਂ ਵੈਸਾਖੀ ਦੇ ਗੁਰਪੁਰਬ ਦੀਆਂ ਤਿਆਰੀਆਂ ਕੀਤਿਆਂ ਜਾ ਰਹੀਆਂ ਸਨ । ਭਾਈ ਸਾਹਿਬ ਸਿੰਘ ਜੀ ੮ ਪੋਹ ਸੰਮਤ ੧੭੬੧ ਬਿ: ਨੂੰ ਚਮਕੌਰ ਸਾਹਿਬ ਦੇ ਧਰਮ ਯੁੱਧ ਵਿਚ ਸ਼ਹੀਦ ਹੋਏ । ਇਹਨਾਂ ਦੇ ਦੋ ਲੜਕੇ ਸਨ । ਭਾਈ ਬੁਧ ਸਿੰਘ ਅਤੇ ਵਿਨੋਦ ਸਿੰਘ । ਭਾਈ ਬੁਧ ਸਿੰਘ ਦੇ ਦੋ ਲੜਕੇ ਸਨ । ਭਾਈ ਚਤਰ ਸਿੰਘ ਤੇ ਚੜਤ ਸਿੰਘ । ਭਾਈ ਚੜਤ ਸਿੰਘ ਦੇ ਤਿੰਨ ਲੜਕੇ ਸਨ ।ਭਾਈ ਰਾਮ ਸਿੰਘ ,ਉੱਤਮ ਸਿੰਘ ਅਤੇ ਰੂੜ ਸਿੰਘ । ਭਾਈ ਰੂੜ ਸਿੰਘ ਜੀ ਦੀ ਇੱਕੋ ਲੜਕੀ ਸੀ । ਜਿਸਦਾ ਨਾਮ ਆਤਮਾ ਦੇਵੀ ਸੀ । ਜਿਸ ਦੀ ਸ਼ਾਦੀ ਪਿੰਡ ਪਥਿਆਲ ਜਿਲ੍ਹਾ ਹੁਸਿਆਰਪੁਰ ਵਿਚ ਹੋਈ ਸੀ । ਭਾਈ ਰੂੜ ਸਿੰਘ ਦੀ ਧਰਮ ਪਤਨੀ ਸਵਰਗਵਾਸ ਹੋ ਗਈ ।ਉਸਤੋਂ ਬਾਅਦ ਉਹਨਾਂ ਨੇ ਸਿਵ ਦੇਵੀ ਨਾਲ ਦੂਜੀ ਸ਼ਾਦੀ ਕਰਵਾਈ । ਜਿਸਦਾ ਪਹਿਲਾਂ ਹੀ ਇਕ ਲੜਕਾ ਸੀ । ਜਿਸਦਾ ਨਾਮ ਅਮਰ ਸਿੰਘ ਸੀ । ਭਾਈ ਰੂੜ ਸਿੰਘ ਜੀ ਨੇ ਅਮਰ ਸਿੰਘ ਨੂੰ ਸਿੱਖ ਧਰਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਰੀ ਸਿਖਿਆ ਦਿੱਤੀ । ਭਾਈ ਰੂੜ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਭਾਈ ਅਮਰ ਸਿੰਘ ਜੀ ਗੁਰਦੁਆਰਾ ਬਾਬਾ ਸਾਹਿਬ ਸਿੰਘ ਜੀ ਦੀ ਚੰਗੀ ਤਰ੍ਹਾਂ ਸਾਂਭ ਸੰਭਾਲ ਕਰਦੇ ਰਹੇ । ਉਹ ਆਪਣੀ ਸਾਰੀ ਜਾਇਦਾਦ ਗੁਰਦੁਆਰਾ ਬਾਬਾ ਸਾਹਿਬ ਸਿੰਘ ਜੀ ਦੇ ਨਾਮ ਲਵਾ ਗਏ ਸਨ। ਮਿਤੀ ੩੧-੭-੭੪ ਨੂੰ ਭਾਈ ਅਮਰ ਸਿੰਘ ਜੀ ਦੇ ਸਵਰਗ ਵਾਸ ਹੋਣ ਤੋਂ ਬਾਅਦ ਬਾਬਾ ਸਾਹਿਬ ਸਿੰਘ ਜੀ ਦੇ ਗੁਰਦੁਆਰੇ ਦੀ ਸਾਂਭ ਸੰਭਾਲ ਹੁਣ ਲੋਕਲ ਪ੍ਰਬੰਧ ਕਮੇਟੀ ਕਰ ਰਹੀ ਹੈ । ਪਹਿਲਾਂ ਗੁਰਦੁਆਰੇ ਦੀ ਛੋਟੀ ਇਮਾਰਤ ਸੀ ਹੁਣ ਲੋਕਲ ਕਮੇਟੀ ਨੇ ਗੁਰਦੁਆਰੇ ਦੀ ਵੱਡੀ ਇਮਾਰਤ ੩੦× ੩੦ ਤਿਆਰ ਕਰਵਾ ਦਿੱਤੀ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੁੱਢਲੀ ਬਾਣੀ ਜਪੁਜੀ ਸਾਹਿਬ ਹੈ ,ਉਸ ਵਿਚ ਕੋਈ ਮਹਲਾ ਨਹੀਂ ਆਇਆ । ਰਾਗ ਦੇਵਗੰਧਾਰੀ ਵਿਚ ਕਈ ਥਾਈਂ ਸਬਦ ਦੇ ਸੁਰੂ ਵਿਚ ਇਕੱਲਾ ਦੇਵਗੰਧਾਰੀ ਜਾਂ ਦੇਵਗੰਧਾਰੀ ੫ ਆਉਦਾ ਹੈ ,ਮਹਲਾ ਨਹੀਂ ਆਇਆ । ਪੁਰਾਣੇ ਸਰੂਪਾਂ ਵਿਚ, ਸੋਰਠ ਰਾਗ ਵਿਚ ੬੧੮ ਅੰਗ ਤੇ ੩੬ਵੇਂ ਸ਼ਬਦ ਵਿਚ ਸੋਰਠ ੫ ਲਿਖਿਆ ਆਉਂਦਾ ਹੈ ਮਹਲਾ ਨਹੀਂ ਲਿਖਿਆ ਹੈ ।ਪੰਗਤੀ ਇਸ ਤਰ੍ਹਾਂ ਹੈ । "ਭਏ ਕ੍ਰਿਪਾਲ ਗੁਰੂ ਗੋਵਿੰਦਾ ਸਗਲ ਮਨੋਰਥ ਪਾਏ ॥"ਹੁਣ ਨਵੇਂ ਸਰੂਪਾਂ ਵਿਚ ਇੱਥੇ ਵੀ ਮਹਲਾ ਲਿਖ ਦਿੱਤਾ ਹੈ।ਧਨਾਸਰੀ ਰਾਗ ਵਿਚ ੬੭੪ ਅੰਗ ਤੇ ੧੪ ਵੇਂ ਸ਼ਬਦ ਦੇ ਸੁਰੂ ਵਿਚ, ਪੁਰਾਣੇ ਸਰੂਪਾਂ ਵਿਚ ਮਹਲਾ ਨਹੀਂ ਲਿਖਿਆ । ਇੱਥੋਂ ਪੰਗਤੀ ਸੁਰੂ ਹੁੰਦੀ ਹੈ " ਬੰਧਨ ਤੇ ਛੁਟਕਾਵੈ ਪ੍ਰਭੂ ਮਿਲਾਵੈ ਹਰਿ ਹਰਿ ਨਾਮੁ ਸੁਨਾਵੈ ॥" ਸ੍ਰੀ ਕਰਤਾਰਪੁਰ ਵਾਲੇ ਸਰੂਪ ਵਿਚ ਵੀ ਇਸ ਸਬਦ ਦੇ ਸੁਰੂ ਵਿਚ ਮਹਲਾ ਨਹੀਂ ਲਿਖਿਆ ।ਹੁਣ ਨਵੇਂ ਸਰੂਪਾਂ ਵਿਚ ਇੱਥੇ ਵੀ ਮਹਲਾ ਲਿਖ ਦਿੱਤਾ ਹੈ।ਮਾਰੂ ਰਾਗ ਵਿਚ ਵੀ ੧੦੦੮ ਅੰਗ ਤੇ ੩੨ਵੇਂ ਸਬਦ ਦੇ ਸੁਰੂ ਵਿਚ ਪੁਰਾਣੇ ਸਰੂਪਾਂ ਵਿਚ ਮਹਲਾ ਨਹੀਂ ਲਿਖਿਆ ਪੰਗਤੀ ਇਸ ਤਰ੍ਹਾਂ ਹੈ । ਵੈਦੋ ਨ ਵਾਈ ਭੈਣੋ ਨ ਭਾਈ ਏਕੋ ਸਹਾਈ ਰਾਮੁ ਹੇ ॥੧॥ਇਸ ਸਬਦ ਵਿਚ ਰਹਾਉ ਵੀ

ਨਹੀਂ ਹੈ ।ਸ੍ਰੀ ਕਰਤਾਰਪੁਰ ਵਾਲੇ ਸਰੂਪ ਵਿਚ ਵੀ ਇਸ ਸਬਦ ਦੇ ਸੁਰੂ ਵਿਚ ਮਹਲਾ ਨਹੀਂ ਲਿਖਿਆ ।ਹੁਣ ਨਵੇਂ ਸਰੂਪਾਂ ਵਿਚ ਇੱਥੇ ਵੀ ਮਹਲਾ ਲਿਖ ਦਿੱਤਾ ਹੈ।

ਧਨਾਸਰੀ ਰਾਗ ਦਾ ਪਹਿਲਾ,ਦੂਜਾ ਤੇ ਤੀਜਾ ਸਬਦ ਪਹਿਲੇ ਪਾਤਿਸ਼ਾਹ ਜੀ ਦੇ ਹਨ, ਚੌਥਾ ਸਬਦ ਤੀਜੇ ਪਾਤਿਸ਼ਾਹ ਜੀ ਦਾ ਹੈ ।ਸਿੱਖਾਂ ਵੱਲੋਂ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਅੱਗੇ ਪ੍ਰਸ਼ਨ ਕੀਤੇ ਸਨ ।ਉਹ ਪ੍ਰਸ਼ਨ ਗੁਰੂ ਜੀ ਨੇ ਤੀਜੇ ਸਬਦ ਵਿਚ ਲਿਖੇ ਹਨ। **ਧਨਾਸਰੀ ਮਹਲਾ ੧ ਘਰ ਦੂਜਾ**

੧ੴ ਸਤਿਗੁਰ ਪ੍ਰਸਾਦਿ ॥ ਕਿਉ ਸਿਮਰੀ ਸਿਵਰਿਆ ਨਹੀ ਜਾਇ ॥ ਤਪੈ ਹਿਆਉ ਜੀਅੜਾ ਬਿਲਲਾਇ ॥

੬੬੧ ਅੰਗ ਤੇ ਚੌਥਾ ਸਬਦ ਬਹੁਤੇ ਸਰੂਪਾਂ ਵਿਚ ਮਹਲਾ ੧ ਲਿਖਿਆ ਹੈ ,ਪਰ ਕਿਸੇ-ਕਿਸੇ ਸਰੂਪ ਵਿਚ ਮਹਲਾ ੩ਵੀ ਲਿਖਿਆ ਹੈ ।ਸ੍ਰੀ ਕਰਤਾਰਪੁਰ ਵਾਲੇ ਸਰੂਪ ਵਿਚ ਵੀ ਇੱਥੇ ਮਹਲਾ ੩ ਹੀ ਲਿਖਿਆ ਹੈ ।ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਵਾਲਿਆਂ ਨੇ ਵੀ ਇੱਥੇ ਕਥਾ ਵਿਚ ਮਹਲਾ ੩ ਹੀ ਦਸਿਆ ਹੈ । ਨਿਸਚੇ ਕਰਕੇ ਇਹ ਤੀਜੇ ਪਾਤਿਸਾਹ ਜੀ ਦਾ ਸ਼ਬਦ ਹੈ । ਪਹਿਲੇ ਪਾਤਿਸ਼ਾਹ ਜੀ ਦਾ ਨਹੀਂ । ਇੱਥੇ ਪਹਿਲੇ ਪਾਤਿਸ਼ਾਹ ਜੀ ਦੀ ਬਾਣੀ ਨਾਲ ਤੀਜੇ ਪਾਤਿਸ਼ਹ ਜੀ ਦਾ ਸਿਧਾਂਤ ਰਲਦਾ ਹੈ ।ਇਸ ਕਰ ਕੇ ਪੰਜਵੇਂ ਪਾਤਿਸ਼ਾਹ ਜੀ ਨੇ ਇੱਥੇ ਤੀਜੇ ਪਾਤਿਸ਼ਾਹ ਜੀ ਦਾ ਸਬਦ ਲਿਖਿਆ ਹੈ ।

ਤੀਜੇ ਪਾਤਿਸ਼ਾਹ ਪਾਸ ਸਿੱਖਾਂ ਨੇ ਬੇਨਤੀ ਕੀਤੀ ਸੱਚੇ ਪਾਤਿਸ਼ਾਹ ਜੀ ਇਸ ਪਹਿਲੇ ਪਾਤਿਸ਼ਾਹ ਜੀ ਦੇ ਸਬਦ ਦੀ ਸਾਨੂੰ ਪੂਰੀ ਸਮਝ ਨਹੀਂ ਲੱਗੀ, ਪਰਮੇਸ਼ਰ ਨੂੰ ਕਿਸ ਤਰ੍ਹਾਂ ਸਿਮਰਿਆ ਜਾਵੇ ।ਤਾਂ ਸਤਿਗੁਰੂ ਜੀ ਸਬਦ ਉਚਾਰ ਕੇ ਉੱਤਰ ਦਿੰਦੇ ਹਨ ।ਇਹ ਸਬਦ ਇੱਥੋਂ ਸੁਰੂ ਹੁੰਦਾ ਹੈ ।

ਧਨਾਸਰੀ ਮਹਲਾ ੩॥ ਨਦਰਿ ਕਰੇ ਤਾ ਸਿਮਰਿਆ ਜਾਇ ॥ ਆਤਮਾ ਦ੍ਰਵੈ ਰਹੈ ਲਿਵ ਲਾਇ ॥"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਾਰੂ ਰਾਗ ਵਿਚ ਇਹ ਸ਼ਬਦ ੯੯੩ਅੰਗ ਤੋਂ ਸੁਰੂ ਹੁੰਦਾ ਹੈ, ਤੇ ੯੯੪ ਅੰਗ ਤੇ ਸੰਪੂਰਨ ਹੁੰਦਾ ਹੈ ।੯੯੪ ਅੰਗ ਤੇ ਇਹ ਪੰਗਤੀ ਇਸ ਤਰ੍ਹਾਂ ਆਉਂਦੀ ਹੈ, ਗੁਰ ਕੈ ਸਬਦਿ ਧਿਆਇ ਤੂ ਤਾ ਸਚਿ ਲਗੀ ਪਿਆਰੁ ॥੧॥ਬਹੁਤੇ ਸਰੂਪਾਂ ਵਿਚ "ਤਾ "ਅੱਖਰ ਨਹੀਂ ਆਇਆ ।ਸਿਰਫ ਲਾਹੌਰ ਦੇ ਰਇ ਸਾਹਿਬ ਮੁਨਸੀ ਗਲਾਬ ਸਿੰਘ ਜੀ ਦੇ ਛਪੇ ਹੋਏ ਸਰੂਪਾਂ ਵਿਚ ਇਹ ਪੰਗਤੀ ਇਸ ਤਰ੍ਹਾਂ ਆਈ ਹੈ ।ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਵਾਲਿਆਂ ਨੇ ਵੀ ਕਥਾ ਵਿਚ ਇਹ ਪੰਗਤੀ "ਤਾ"ਸਬਦ ਨਾਲ ਹੀ ਦੱਸੀ ਹੈ ।ਇਹ ਸਬਦ ਇੱਥੋਂ ਸੁਰੂ ਹੁੰਦਾ ਹੈ ।

ਮਾਰੂ ਮਹਲਾ ੩ ॥ ਆਵਣ ਜਾਣਾ ਨਾ ਥੀਐ ਨਿਜ ਘਰਿ ਵਾਸਾ ਹੋਇ ॥ ਸਚੁ ਖਜਾਨਾ ਬਖਸਿਆ ਆਪੇ ਜਾਣੈ ਸੋਇ ॥੧॥ ਏ ਮਨ ਹਰਿ ਜੀਉ ਚੇਤਿ ਤੂ ਮਨਹੁ ਤਜਿ ਵਿਕਾਰ ॥ ਗੁਰ ਕੈ ਸਬਦਿ ਧਿਆਇ ਤੂ ਤਾ ਸਚਿ ਲਗੀ ਪਿਆਰੁ ॥੧॥
ਰਹਾਉ ॥ ਐਥੈ ਨਾਵਹੁ ਭੁਲਿਆ ਫਿਰਿ ਹਥੁ ਕਿਥਾਊ ਨ ਪਾਇ ॥ ਜੋਨੀ ਸਭਿ ਭਵਾਈਅਨਿ ਬਿਸਟਾ ਮਾਹਿ ਸਮਾਇ ॥੨॥ ਵਡਭਾਗੀ ਗੁਰੁ ਪਾਇਆ ਪੂਰਬਿ ਲਿਖਿਆ ਮਾਇ ॥ ਅਨਦਿਨੁ ਸਚੀ ਭਗਤਿ ਕਰਿ ਸਚਾ ਲਏ ਮਿਲਾਇ ॥੩॥
ਆਪੇ ਸ੍ਰਿਸਟਿ ਸਭ ਸਾਜੀਅਨੁ ਆਪੇ ਨਦਰਿ ਕਰੇਇ ॥ ਨਾਨਕ ਨਾਮਿ ਵਡਿਆਈਆ ਜੈ ਭਾਵੈ ਤੈ ਦੇਇ ॥੪॥੨॥
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਹਨਾਂ ਪੁਰਾਣੇ ਸਰੂਪਾਂ ਦੇ ਪਤਰਿਆਂ ਦੀਆਂ ਫੋਟੋਆਂ ਅੱਗੇ ਦਿੱਤੀਆਂ ਹਨ ।

੧੦੫੨ ਮਾਰੂ ਸੋਲਹੇ । ਇਸ ਸਬਦ ਦੇ ਸੁਰੂ ਵਿਚ ਮਹਲਾ ਨਹੀਂ ਲੱਗਾ ।
॥੧੬॥੮॥ ਮਾਰੂ ਸੋਲਹੇ ੩ ॥ ਆਪੇ ਕਰਤਾ ਸਭੁ ਜਿਸੁ ਕਰਣਾ ॥ ਜੀਅ ਜੰਤ ਸਭਿ ਤੇਰੀ ਸਰਣਾ ॥
ਆਪੇ ਗੁਪਤੁ ਵਰਤੈ ਸਭ ਅੰਤਰਿ ਗੁਰ ਕੈ ਸਬਦਿ ਪਛਾਤਾ ਹੇ ॥੧॥ ਹਰਿ ਕੇ ਭਗਤਿ ਭਰੇ ਭੰਡਾਰਾ ॥ ਆਪੇ ਬਖਸੇ
ਸਬਦਿ ਵੀਚਾਰਾ ॥ ਜੋ ਤੁਧੁ ਭਾਵੈ ਸੋਈ ਕਰਸਹਿ ਸਚੇ ਸਿਉ ਮਨੁ ਰਾਤਾ ਹੇ ॥੨॥

ਸ੍ਰੋਮਣੀ ਗੁਰਦੁਆਰਾ ਕਮੇਟੀ ਦੀਆਂ ਚੋਣਾ ਹੋਣ ਵਾਲੀਆਂ ਸਨ ।ਸ੍ਰੋਮਣੀ ਗੁਰਦੁਆਰਾ ਕਮੇਟੀ ਵਿਚ ਮਾਂਸਟਰ ਤਾਰਾ ਸਿੰਘ ਜੀ ਦਾ ਕਬਜਾ ਸੀ । ਸੰਤ ਫਤੇ ਸਿੰਘ ਜੀ ਤੇ ਸੰਤ ਚੰਨਣ ਸਿਘ ਜੀ ਸ੍ਰੋਮਣੀ ਗੁਰਦੁਆਰਾ ਕਮੇਟੀ ਵਿਚ ਆਪਣਾ ਕਬਜਾ ਕਰਨ ਦੇ ਚਾਹਵਾਨ ਸਨ । ਇਸ ਮਨੋਰਥ ਨੂੰ ਪੂਰਾ ਕਰਨ ਵਾਸਤੇ ਉਹ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਪਾਸ ਸ੍ਰੀ ਗੰਗਾਨਗਰ ਗਏ । ਸੰਤਾਂ ਨੂੰ ਉਹਨਾਂ ਨੇ ਬੇਨਤੀ ਕੀਤੀ ਕਿ ਮਹਾਂਰਾਜ ਜੀ ਆਪ ਜੀ ਕ੍ਰਿਪਾ ਕਰੋ , ਐਤਕੀ ਸ੍ਰੋਮਣੀ ਕਮੇਟੀ ਦੇ ਚੋਣਾ ਵਿਚ ਸਾਡੀ ਜਿਤ ਹੋਵੇ ਆਪ ਜੀ ਸਾਡੀ ਅਰਦਾਸ ਕਰੋ । ਸੰਤਾਂ ਕਿਹਾ ਤੁਸੀਂ ਭਿੰਡਰੀਂ ਆਇਓ ਉੱਥੇ ਤੁਹਾਡੀ ਅਰਦਾਸ ਕਰਾਗੇ । ਜਦੋਂ ਸੰਤ ਭਿੰਡਰੀਂ ਗਏ, ਉਦੋਂ ਉਹ ਦੋਵੇਂ ਜਣੇ ਭਿੰਡਰੀਂ ਸੰਤਾਂ ਪਸ ਗਏ ਤੇ ਉਹਨਾਂ ਨੇ ਸੰਤ ਜੀ ਪਾਸ ਉਹੋ ਬੇਨਤੀ ਦੁਹਰਾਈ ।ਮਹਾਂ ਪੁਰਸ਼ਾ ਨੇ ਕਿਹਾ ! ਜੋ ਸ੍ਰੋਮਣੀ ਕਮੇਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲ ਬਦਲ ਦਿੱਤੇ ਹਨ । ਜੇ ਤੁਸੀਂ ਸ੍ਰੀ ਗੁਰੂ ਗ੍ਰੰਥ ਜੀ ਦੇ ਮੰਗਲਾਂ ਦੀ ਸੁਧਾਈ ਕਰਵਾਓਗੇ ਤਾਂ ਅਸੀਂ ਤੁਹਾਡੀ ਅਰਦਾਸ ਤਾਂ ਕਰਾਂਗੇ । ਉਹਨਾਂ ਨੇ ਕਿਹਾ ਜੀ ਅਸੀਂ ਜ਼ਰੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾਂ ਦੀ ਸੁਧਾਈ ਕਰਵਾਵਾਂਗੇ ।ਆਪ ਜੀ ਕ੍ਰਿਪਾ ਕਰਕੇ ਅਰਦਾਸ ਕਰੋ ਕਿ ਅਸੀਂ ਸ੍ਰੋਮਣੀ ਕਮੇਟੀ ਦੀਆਂ ਚੌਣਾ ਜਿਤ ਜਾਈਏ । ਉਦੋਂ ਸੰਤਾਂ ਨੇ ਕੜਾਹ ਪ੍ਰਸ਼ਦਿ ਬਣਵਾਕੇ ਸ੍ਰੀ ਗੁਰੂ ਗ੍ਰੰਥ ਜੀ ਦੀ ਹਜ਼ੂਰੀ ਮੰਗਵਾਇਆ ਤੇ ਸੰਤਾਂ ਨੇ ਆਪ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਖਲੋ ਕੇ ਅਰਦਾਸ ਕੀਤੀ ਕਿ ਸਤਿਗੁਰੂ ਜੀ ਸੰਤ ਫਤੇ ਸਿੰਘ ਜੀ ਤੇ ਸੰਤ ਚੰਨਣ ਸਿਘ ਜੀ ਸ੍ਰੋਮਣੀ ਕਮੇਟੀ ਦੀ ਚੋਣਾ ਵਿਚ ਜਿਤ ਜਾਣ ,ਜੋ ਪਿਛਲੀ ਕਮਟੀ ਨੇ ਆਪ ਜੀ ਦੇ ਮੰਗਲ ਬਦਲ ਦਿੱਤੇ ਸਨ ਉਹ ਉਹਨਾਂ ਮੰਗਲਾਂ ਦੀ ਸੁਧਾਈ ਕਰਵਾਉਣਗੇ ਤੇ ਆਪ ਜੀ ਇਹਨਾਂ ਦੀ ਅਰਦਾਸ ਮੰਜ਼ੂਰ ਕਰੋ । ਜਦੋਂ ਸ੍ਰੋਮਣੀ ਗੁਰਦੁਆਰਾ ਕਮੇਟੀ ਦੀਆਂ ਚੋਣਾ ਹੋਈਆਂ ਤਾਂ ਸੰਤ ਫਤਹ ਸਿੰਘ ਜੀ ਤੇ ਸੰਤ ਚੰਨਣ ਸਿੰਘ ਜੀ ਦੀ ਜਿਤ ਹੋਈ । ਬਹੁਤ ਖੁਸੀਆਂ ਮਨਾਈਆਂ ਗਈਆਂ । ਉਦੋਂ ਉਹ ਅਪਣੇ ਬਚਨਾਂ ਤੋਂ ਫਿਰਣ ਲੱਗੇ ਸਨ ,ਤਾਂ ਸੰਤਾਂ ਨੇ ਕਿਹਾ ! ਤੁਸੀਂ ਗੁਰੂ ਗੰਥ ਜੀ ਦੇ ਸ੍ਰੀ ਸਨਮੁਖ ਬਚਨ ਕੀਤੇ ਹਨ ਅਪਣੇ ਬਚਨਾਂ ਤੋਂ

ਕਿਉਂ ਫਿਰਦੇ ਹੋ, ਉਦੋਂ ਉਹ ਮੰਨ ਗਏ ਕਿ ਅਸੀਂ ਸ੍ਰੀ ਰੂਗੁ ਗੰਥ ਜੀ ਦੇ ਮੰਗਲਾਂ ਦੀ ਸੁਧਾਈ ਕਰਵਾਂਵਾਂਗੇ ਤੇ ਅਪਣੇ ਬਚਨ ਰੇਪੂ ਕਰਾਂਗੇ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਤਲੀ ਬਾਣੀ

ਰਾਗਮਾਲਾ ਦਾ ਸਵਾਲ

ਤੇ

ਜੋਧ ਕਵੀ ਅਤੇ ਆਲਮ

ਬਾਰੇ

ਪੁਰ ਜ਼ੋਰ ਪੁਰ ਦਲੀਲ ਖੋਜ ਪੂਰਤ ਵਾਕਫ਼ੀ

-ਲਿਖਤ-

ਡਾਕਟਰ ਬਲਬੀਰ ਸਿੰਘ ਜੀ

ਪੀਐਚ.ਡੀ.(ਲੰਡਨ)

ਖਾਲਸਾ ਸਮਾਚਰ

ਹਾਲ ਬਾਜ਼ਾਰ

ਅੰਮ੍ਰਿਤਸਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਤਲੀ ਬਾਣੀ

ਰਾਗਮਾਲਾ ਦਾ ਸਵਾਲ

ਤੇ

ਜੋਧ ਕਵੀ ਅਤੇ ਆਲਮ

ਬਾਰੇ

ਪੁਰ ਜ਼ੋਰ ਪੁਰ ਦਲੀਲ ਖੋਜ ਪੂਰਤ ਵਾਕਫ਼ੀ

-ਲਿਖਤ-

ਡਾਕਟਰ ਬਲਬੀਰ ਸਿੰਘ ਜੀ

ਪੀਐਚ.ਡੀ.(ਲੰਡਨ)

ਖਾਲਸਾ ਸਮਾਚਰ

ਹਾਲ ਬਾਜ਼ਾਰ

ਅੰਮ੍ਰਿਤਸਰ

ਕਰਤਾਰ ਪੁਰ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਕਰਤਾਰ ਪੁਰ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਵਿੱਚੋਂ
ਭਾਈ ਗੁਰਦਾਸ ਜੀ ਦੀ ਕਲਮ ਦਾ ਲਿਖਿਆ
ਜਪੁਜੀ ਸਾਹਿਬ ਦੇ ਆਰੰਭ ਤੋਂ
ਮਹਾਮੰਤ੍ਰ ਦੀ ਫੋਟੋ ਕਾਪੀ ।

ਕਰਤਾਰ ਪੁਰ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ
ਭਾਈ ਗੁਰਦਾਸ ਜੀ ਦੀ ਕਲਮ ਦੀ ਲਿਖਤ ਵਿੱਚੋਂ
ਰਾਗਮਾਲਾ ਦੀਆਂ ਅਖੀਰ-ਲੀਆਂ ਕੁਝਕੁ
ਪੰਗਤੀਆਂ ਦੀਆਂ ਫੋਟੋ ਕਾਪੀ ।